ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 11 | 16 March 2022 to 22 March 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਆਮ ਆਦਮੀ ਪਾਰਟੀ ਦੇ ਹੱਥ ਪੰਜਾਬ ਸੂਬੇ ਦੀ ਵਾਗਡੋਰ

## ਭਗਵੰਤ ਮਾਨ ਨੇ ਚੁੱਕੀ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ

ਖਟਕੜ ਕਲਾਂ : -ਪੰਜਾਬ ਦੇ 17ਵੇਂ ਮੁੱਖ ਮੰਤਰੀ ਵਜੋਂ ਭਗਵੰਤ ਮਾਨ ਨੇ ਸਹੁੰ ਚੁੱਕ ਲਈ ਹੈ। ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਉਨਾਂ ਨੂੰ ਇਸ ਅਹੁਦੇ ਦੀ ਸਹੁੰ ਚੁਕਾਈ।

ਇਸ ਮੌਕੇ ਭਗਵੰਤ ਮਾਨ ਨੇ ਸੰਬੋਧਨ ਕਰਦੇ ਹੋਏ ਜਨਤਾ ਦਾ ਧੰਨਵਾਦ ਕੀਤਾ। ਉਨਾਂ ਕਿਹਾ ਕਿ ਇਥੇ ਸਹੁੰ ਚੁੱਕਣ ਦਾ ਖਾਸ ਮਕਸਦ ਇਹ ਸੀ ਕਿ ਜੋ ਸ਼ਹੀਦ ਭਗਤ ਸਿੰਘ ਨੇ ਆਮ ਆਦਮੀ ਦੀ ਆਜ਼ਾਦੀ ਦਾ ਸੁਪਨਾ ਦੇਖਿਆ ਸੀ, ਉਸ ਨੂੰ ਪੂਰਾ ਕਰਨਾ ਹੈ। ਉਨਾਂ ਕਿਹਾ ਕਿ ਆਪਾਂ ਆਪਣਾ ਪੰਜਾਬ ਠੀਕ ਕਰਾਂਗੇ। ਉਨਾਂ ਜਨਤਾ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਅਸੀਂ ਤੁਹਾਡੇ ਵਰਗੇ ਹਾਂ, ਤੁਹਾਡੇ ਨਾਲ ਹੀ ਰਹਾਂਗੇ। ਤੁਹਾਡਾ ਹਰ ਸੁਪਨਾ ਪੂਰਾ ਕਰਾਂਗੇ। ਉਨਾਂ ਅਰਵਿੰਦ ਕੇਜਰੀਵਾਲ ਤੇ ਮਨੀਸ਼ ਸਿਸੋਦੀਆ ਦਾ ਖਾਸ ਤੌਰ ’ਤੇ ਧੰਨਵਾਦ ਵੀ ਕੀਤਾ।

ਸਟੇਜ ’ਤੇ ਬਿਰਾਜਮਾਨ ਦਿੱਲੀ ਦੇ ਮੁੱਖ ਮੰਤਰੀ ਅਤੇ ‘ਆਪ’ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ,ਆਮ ਆਦਮੀ ਪਾਰਟੀ ਦੇ ਨੇਤਾ ਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਹਰਪਾਲ ਸਿੰਘ ਚੀਮਾ, ਪ੍ਰੋ. ਬਲਜਿੰਦਰ ਕੌਰ, ਅਮਨ ਅਰੋੜਾ ਤੇ



ਸਰਵਜੀਤ ਕੌਰ ਮਾਣੂੰਕੇ ਸਣੇ ਸਾਰੇ 91 ਜੇਤੂ ਸਟੇਜ ’ਤੇ ਬਿਰਾਜਮਾਨ ਸਨ।ਭਗਵੰਤ ਮਾਨ ਨਾਲ ‘ਆਪ’ ਦੇ ਪੰਜਾਬ ਦੇ ਸਹਿ-ਇੰਚਾਰਜ ਰਾਘਵ ਚੱਢਾ ਬਸੰਤੀ ਪੱਗ ਬੰਨ ਕੇ ਪਹੁੰਚੇ ਸਨ। ਬਸੰਤੀ ਰੰਗ ’ਚ ਰੰਗੇ ਖਟਕੜ ਕਲਾਂ ਵਿਚ ਹਰ ਪਾਸੇ ਮੇਰਾ ਰੰਗ ਦਾ ਬਸੰਤੀ ਚੋਲਾ ਦੇ ਗੀਤ ਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਗੂੰਜ ਰਹੇ ਸਨ। ਸਮਾਰੋਹ ਵਿਚ ਲੋਕ ਨੱਚ ਰਹੇ ਸਨ।

ਅਮਰੀਕਾ ਤੋਂ ਆਏ ਭਗਵੰਤ ਮਾਨ ਦੇ ਧੀ ਪੁੱਤ **ਵੀ ਹੋਏ ਸਹੁੰ ਚੁੱਕ ਸਮਾਗਮ ‘ਚ ਸ਼ਾਮਿਲ**

ਸਹੁੰ ਚੁੱਕ ਸਮਾਗਮ ਦੌਰਾਨ ਭਗਵੰਤ ਮਾਨ ਦੇ ਪੁੱਤਰ ਤੇ ਧੀ ਵੀ ਮੌਜੂਦ ਸਨ। ਭਗਵੰਤ ਮਾਨ ਦਾ 2015 ਵਿੱਚ ਤਲਾਕ ਹੋ ਗਿਆ ਸੀ ਅਤੇ ਉਨਾਂ ਦੀ 21 ਸਾਲਾ ਧੀ ਸੀਰਤ ਕੌਰ ਅਤੇ 17 ਸਾਲਾ ਪੁੱਤਰ ਦਿਲਸ਼ਾਨ ਅਮਰੀਕਾ ਵਿੱਚ ਆਪਣੀ ਮਾਂ ਨਾਲ ਰਹਿੰਦੇ ਹਨ। 2014 ਵਿੱਚ ਭਗਵੰਤ ਮਾਨ ਨੇ ਲੋਕ ਸਭਾ ਚੋਣ ਲੜੀ ਅਤੇ ਫਿਰ ਉਨਾਂ ਦੀ ਪਤਨੀ ਇੰਦਰਪ੍ਰੀਤ ਨੇ ਚੋਣ ਪ੍ਰਚਾਰ ਦੀ ਕਮਾਨ ਸੰਭਾਲੀ। ਮਾਨ ਪਹਿਲੀ ਵਾਰ 2014 ਵਿਚ ਸੰਸਦ ਮੈਂਬਰ ਚੁਣੇ ਗਏ ਸਨ, ਜਦਕਿ 2015 ਵਿਚ ਦੋਹਾਂ ਦਾ ਤਲਾਕ ਹੋ ਗਿਆ ਸੀ। ਇਸ ਦੇ ਨਾਲ ਹੀ ਇੰਦਰਪ੍ਰੀਤ ਇਸ ਗੱਲ ਤੋਂ ਬਹੁਤ ਖੁਸ਼ ਹੈ ਕਿ ਭਗਵੰਤ ਮਾਨ ਪੰਜਾਬ ਦੇ ਸੀਐਮ ਬਣ ਗਏ।

ਇਸ ਦੌਰਾਨ ਸੂਫੀ ਗਾਇਕ ਗੁਰਦਾਸ ਮਾਨ ਨੇ ਕਿਹਾ, “ਇਹ (ਆਪ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ 92 ਸੀਟਾਂ ਜਿੱਤ ਕੇ) ਸਿਰਫ਼ ਸ਼ੁਰੂਆਤ ਹੈ। ਉਨਾਂ ਦੀ (ਆਪ) ਵਿਚਾਰਧਾਰਾ ਵਿਸ਼ੇਸ਼ ਹੈ।

**ਬਾਕੀ ਸਫ਼ਾ 31 ’ਤੇ**

➤ ਅੰਦਰ ਪੜ੍ਹੋ



**20** ਧਰਮ ਤੇ ਫ਼ਲਸਫ਼ਾ
‘ਕਿਹੋ ਜਿਹਾ ਹੋਵੇ ਖ਼ਾਲਸਾਈ ਅਮਲ ਦਾ ਜੀਵਨ-ਨਿਜ਼ਾਮ’



**7** ਵਿਸ਼ੇਸ਼ ਰਿਪੋਰਟ
ਕਾਂਗਰਸ ਵਿੱਚ ਬਗ਼ਾਵਤ, ਕਈ ਕਾਂਗਰਸੀਆਂ ਦਾ ਝੁਕਾਅ ‘ਆਪ’ ਵੱਲ

# ਕਿਸਾਨ ਫਿਰ ਅੰਦੋਲਨ ਕਰਨਗੇ

## 21 ਮਾਰਚ ਨੂੰ ਦੇਸ਼ ਵਿਆਪੀ ਰੋਸ ਪ੍ਰਦਰਸ਼ਨ ਦਾ ਫ਼ੈਸਲਾ

## ਚੋਣਾਂ ਲੜਨ ਵਾਲੇ ਆਗੂਆਂ ਨੂੰ ਮੀਟਿੰਗ ਵਿੱਚੋਂ ਬਾਹਰ ਜਾਣ ਲਈ ਕਿਹਾ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਕੇਂਦਰ ਸਰਕਾਰ ਵੱਲੋਂ ਐੱਮ.ਐੱਸ.ਪੀ. ਸਣੇ ਹੋਰ ਕਿਸਾਨੀ ਮੰਗਾਂ ਪ੍ਰਤੀ ਬੇਰੁਖ਼ੀ ਖ਼ਿਲਾਫ਼ ਮੁੜ ਤੋਂ ਕਿਸਾਨ ਅੰਦੋਲਨ ਦਾ ਅਗਲਾ ਪੜਾਅ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਮੋਰਚੇ ਦੀ 9 ਮੈਂਬਰੀ ਤਾਲਮੇਲ ਕਮੇਟੀ ਵਿੱਚ ਸ਼ਾਮਲ ਡਾ. ਦਰਸ਼ਨ ਪਾਲ, ਹਨਨ ਮੌਲਾ, ਜਗਜੀਤ ਸਿੰਘ ਡੱਲੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਸ਼ਿਵ ਕੁਮਾਰ ਕੱਕਾਜੀ, ਯੁੱਧਵੀਰ ਸਿੰਘ ਤੇ ਯੋਗੇਂਦਰ ਯਾਦਵ ਦੇ ਮੁਤਾਬਿਕ ਮੋਰਚੇ ਵੱਲੋਂ 11 ਤੋਂ 17 ਅਪ੍ਰੈਲ ਦਰਮਿਆਨ ਐੱਮ.ਐੱਸ.ਪੀ. ਲਈ ਕਾਨੂੰਨੀ ਗਾਰੰਟੀ ਹਫ਼ਤਾ ਦੇਸ਼ ਪੱਧਰ ’ਤੇ ਮਨਾਇਆ ਜਾਵੇਗਾ। ਸੰਯੁਕਤ ਕਿਸਾਨ ਮੋਰਚੇ ਨੇ ਲਖੀਮਪੁਰ ਖੀਰੀ ਕਾਂਡ ਵਿੱਚ ਸਰਕਾਰ ਦੀ ਭੂਮਿਕਾ ਅਤੇ ਕਿਸਾਨ ਅੰਦੋਲਨ ਨੂੰ ਦਿੱਤੇ ਭਰੋਸੇ ਨਾਲ਼ ਧੋਖਾ ਕਰਨ ਨੂੰ ਲੈ ਕੇ 21 ਮਾਰਚ ਨੂੰ ਦੇਸ਼ਵਿਆਪੀ ਰੋਸ ਪ੍ਰਦਰਸ਼ਨ ਦਾ ਫ਼ੈਸਲਾ ਕੀਤਾ ਹੈ। ਮੋਰਚੇ ਨੇ 28 ਅਤੇ 29 ਮਾਰਚ ਨੂੰ ਟਰੇਡ ਯੂਨੀਅਨਾਂ ਵੱਲੋਂ ਦਿੱਤੇ ਭਾਰਤ ਬੰਦ ਦੇ ਸੱਦੇ ਦੀ ਹਮਾਇਤ ਦਾ ਵੀ ਐਲਾਨ ਕੀਤਾ। ਮੋਰਚੇ ਨੇ ਕਿਹਾ ਕਿ ਦੇਸ਼ ਭਰ ਦੇ ਕਿਸਾਨ ਇਸ ਵਿੱਚ ਸਰਗਰਮੀ ਨਾਲ਼ ਹਿੱਸਾ ਲੈਣਗੇ। ਮੋਰਚੇ ਦੇ ਆਗੂਆਂ ਨੇ ਕਿਹਾ ਕਿ ਕਾਇਦੇ ਕਾਨੂੰਨ ਬਣਾਉਣ ਲਈ ਕਮੇਟੀ ਬਣਾਈ ਜਾਵੇਗੀ।

ਸੰਯੁਕਤ ਸਮਾਜ ਮੋਰਚਾ ਬਣਾ ਕੇ ਪੰਜਾਬ ਵਿੱਚ ਚੋਣਾਂ ਲੜਨ ਵਾਲੇ ਕਿਸਾਨ ਆਗੂਆਂ ਨੂੰ ਮੀਟਿੰਗ ਵਿੱਚੋਂ ਬਾਹਰ ਕੀਤੇ ਜਾਣ ਮਗਰੋਂ ਇੱਥੇ ਗਾਂਧੀ ਪੀਸ ਫ਼ਾਊਂਡੇਸ਼ਨ ਵਿੱਚ ਦੋ ਧਿਰਾਂ ਵੱਲੋਂ ਵੱਖ-ਵੱਖ ਬੈਠਕਾਂ ਕੀਤੀਆਂ ਗਈਆਂ ਤੇ ਅਗਲੇ ਏਜੰਡੇ ਐਲਾਨੇ ਗਏ। ਇੱਕ ਧਿਰ ਦੀ ਬੈਠਕ ਫ਼ਾਊਂਡੇਸ਼ਨ ਦੇ ਵਿਹੜੇ ਜਦੋਂਕਿ ਦੂਜੀ ਦੀ ਫ਼ਾਊਂਡੇਸ਼ਨ ਦੇ ਹਾਲ ਕਮਰੇ ਵਿੱਚ ਹੋਈ। ਇਸ ਬੈਠਕ ਵਿੱਚ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਉੱਤਰ ਪ੍ਰਦੇਸ਼, ਉੱਤਰਾਖੰਡ, ਬਿਹਾਰ, ਝਾਰਖੰਡ, ਅਸਾਮ, ਤ੍ਰਿਪੁਰਾ, ਉੜੀਸਾ, ਤੇਲੰਗਾਨਾ, ਆਂਧਰਾ ਪ੍ਰਦੇਸ਼, ਕਰਨਾਟਕ, ਤਾਮਿਲਨਾਡੂ, ਕੇਰਲਾ, ਮਹਾਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼ ਤੇ ਛੱਤੀਸਗੜ ਤੋਂ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਸੰਯੁਕਤ ਕਿਸਾਨ ਮੋਰਚਾ ਦੀ ਤਾਲਮੇਲ ਕਮੇਟੀ ਵੱਲੋਂ ਸੱਦੀ ਗਈ ਸੀ। ਪੰਜਾਬ ਦੀਆਂ ਯੂਨੀਅਨਾਂ ਦੇ ਆਗੂਆਂ, ਅਤੁਲ ਕੁਮਾਰ ਅਨਜਾਣ, ਗੁਰਨਾਮ ਸਿੰਘ ਚੜੂਨੀ ਆਦਿ ਆਗੂਆਂ ਤੋਂ ਵੱਖ ਮੋਰਚੇ ਦੇ ਯੋਗੇਂਦਰ ਯਾਦਵ ਸਮੇਤ ਡਾ. ਦਰਸ਼ਨ ਪਾਲ ਤੇ ਹੋਰ ਕਿਸਾਨ ਆਗੂਆਂ ਨੇ ਦੇਸ਼ ਭਰ ਵਿੱਚੋਂ ਆਏ ਕਿਸਾਨ ਨੁਮਾਇੰਦਿਆਂ ਨਾਲ਼ ਅਗਲੀ ਰਣਨੀਤੀ ਵਿਚਾਰੀ। ਕਿਸਾਨ ਆਗੂ ਯੋਗੇਂਦਰ ਯਾਦਵ ਨੇ ਕਿਹਾ ਕਿ 11 ਤੋਂ 17 ਅਪ੍ਰੈਲ ਦੇ ਹਫ਼ਤੇ ਦੌਰਾਨ ਸੰਯੁਕਤ ਕਿਸਾਨ ਮੋਰਚੇ ਨਾਲ਼ ਜੁੜੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਸਵਾਮੀਨਾਥਨ ਕਮਿਸ਼ਨ ਵੱਲੋਂ ਸਿਫ਼ਾਰਸ਼ ਕੀਤੇ ਗਏ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਲੈ ਕੇ ਧਰਨੇ, ਪ੍ਰਦਰਸ਼ਨ, ਸੈਮੀਨਾਰ ਆਯੋਜਿਤ ਕਰਨਗੀਆਂ। ਮੀਟਿੰਗ ਵਿੱਚ ਲਖੀਮਪੁਰ ਖੀਰੀ ਮਾਮਲੇ ਵਿੱਚ ਚੱਲ ਰਹੀ ਕਾਨੂੰਨੀ ਪ੍ਰਕਿਰਿਆ ਦਾ ਜਾਇਜ਼ਾ ਲੈਂਦਿਆਂ ਚਿੰਤਾ

# ਬਾਦਲ ਦਲ ਦੀ ਹਾਰ ’ਤੇ ਜਥੇਦਾਰ ਅਕਾਲ ਤਖ਼ਤ ਨਿਰਾਸ਼, ਕਿਹਾ-ਅਕਾਲੀ ਦਲ ਦਾ ਖ਼ਾਤਮਾ ਸਿੱਖਾਂ ਲਈ ਘਾਤਕ

✪ ਸੁਖਬੀਰ ਵੱਲੋਂ ਪ੍ਰਧਾਨਗੀ ਦਾ ਅਹੁਦਾ ਛੱਡਣ ਦੀ ਪੇਸ਼ਕਸ਼ ✪ ਕੋਰ ਕਮੇਟੀ ਦੇ ਮੈਂਬਰਾਂ ਵੱਲੋਂ ਸੁਖਬੀਰ ਦੀ ਪੇਸ਼ਕਸ਼ ਰੱਦ ✪ ਹਾਰ ਦੇ ਕਾਰਨਾਂ ਦੀ ਸਮੀਖਿਆ ਲਈ ਬਣਾਈ ਜਾਵੇਗੀ ਕਮੇਟੀ ✪ ਜਥੇਦਾਰ ਹਰਪ੍ਰੀਤ ਸਿੰਘ ਦੇ ਬਾਦਲ ਦਲ ਦੇ ਹੱਕ ਵਿੱਚ ਬਿਆਨ ਪੰਥ ਲਈ ਮਹੱਤਵਹੀਣ-ਬਾਬਾ ਬੇਦੀ ✪ ਜਥੇਦਾਰ ਅਕਾਲ ਤਖ਼ਤ ਮੁਰਦਾ ਬਾਦਲ ਦਲ ਦੀ ਵਕਾਲਤ ਨਾ ਕਰੇ -ਖ਼ਾਲਸਾ ✪ ਸੁਖਜਿੰਦਰ ਰੰਧਾਵਾ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਲਿਖੀ ਚਿੱਠੀ ਕਿ ਪੰਥ ਦੀ ਜ਼ਿੰਮੇਵਾਰੀ ਨਿਭਾਉ





**ਅੰਮ੍ਰਿਤਸਰ** - ਪੰਜਾਬ ਵਿਧਾਨ ਸਭਾ ਚੋਣਾਂ 2022 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਹੋਈ ਹਾਰ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਵੱਡੀ ਚਿੰਤਾ ਪ੍ਰਗਟ ਕਰਦਿਆਂ ਆਖਿਆ ਹੈ ਕਿ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਹਾਰ ਸਿੱਖਾਂ ਲ਼ਈ ਬਹੁਤ ਘਾਤਕ ਹੈ। ਅਕਾਲੀ ਦਲ ਦਾ ਖ਼ਤਮ ਹੋਣਾਂ ਸਿੱਖ ਪੰਥ ਤੇ ਦੇਸ਼ ਲਈ ਘਾਤਕ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੌਜੂਦਾ ਸਥਿਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਲਗਾਤਾਰ ਫ਼ੋਨ ਅਤੇ ਈ-ਮੇਲ ਵਿਦੇਸ਼ਾਂ ਤੋਂ ਆ ਰਹੇ ਹਨ। ਅਕਾਲੀ ਦਲ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਵਿੱਚ ਅਹਿਮ ਰੋਲ਼ ਅਦਾ ਕੀਤਾ ਹੈ। ਹੁਣ ਸਮਾਂ ਆ ਗਿਆ ਹੈ ਕਿ ਜਿੰਨੇ ਵੀ ਅਕਾਲੀ ਦਲ ਦੇ ਧੜੇ ਹਨ, ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਬੈਠ ਕੇ ਇਸ ਸੰਬੰਧ ਵਿੱਚ ਵਿਚਾਰ ਕਰਨ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੋਣ ਦੇ ਨਾਤੇ ਚੋਣਾਂ ਵਿੱਚ ਹੋਈ ਇਸ ਹਾਰ ਦੀ ਜ਼ਿੰਮੇਵਾਰੀ ਸੁਖਬੀਰ ਸਿੰਘ ਬਾਦਲ ਨੇ ਆਪਣੇ ਸਿਰ ਲਈ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਪਾਰਟੀ ਦੇ ਮੁਖੀ ਦਾ ਅਹੁਦਾ ਛੱਡਣ ਦੀ ਪੇਸ਼ਕਸ਼ ਕੀਤੀ, ਜਿਸ ਨੂੰ ਪਾਰਟੀ ਆਗੂਆਂ ਨੇ ਰੱਦ ਕਰ ਦਿੱਤਾ। ਮੀਟਿੰਗ ਦੌਰਾਨ ਸਾਬਕਾ ਮੁੱਖ ਮੰਤਰੀ ਤੇ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਵੀ ਉਚੇਚੇ ਤੌਰ ’ਤੇ ਸ਼ਾਮਲ ਹੋਏ।

ਸੂਤਰਾਂ ਮੁਤਾਬਿਕ ਇਸ ਮੀਟਿੰਗ ਦੌਰਾਨ ਕੋਰ ਕਮੇਟੀ ਦੇ ਕੁਝ ਮੈਂਬਰਾਂ ਨੇ ਕਿਹਾ ਕਿ ਜੇਕਰ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਮਿਲੀ ਹਾਰ ਤੋਂ ਸਬਕ ਸਿੱਖਿਆ ਹੁੰਦਾ ਤਾਂ ਅੱਜ ਇਹ ਸਿਆਸੀ ਤ੍ਰਾਸਦੀ ਨਾ ਝੱਲਣੀ ਪੈਂਦੀ। ਪਾਰਟੀ ਆਗੂਆਂ ਨੇ ਕਿਹਾ ਕਿ ਅਕਾਲੀ ਦਲ ਵਿੱਚ ਇਸ ਸਮੇਂ ਆਗੂਆਂ ਦੀ ਭਰਮਾਰ ਹੈ, ਪਰ ਕਾਡਰ ਟੁੱਟ ਚੁੱਕਾ ਹੈ। ਕੋਰ ਕਮੇਟੀ ਮੈਂਬਰਾਂ ਨੇ ਇਹ ਵੀ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਖੇਤੀ ਕਾਨੂੰਨਾਂ ਸੰਬੰਧੀ ਵੀ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਪਹਿਲਾਂ ਕਾਨੂੰਨਾਂ ਦੀ ਵਕਾਲਤ ਕਰਨਾ ਪਾਰਟੀ ਦੇ ਖ਼ਿਲਾਫ਼ ਭੁਗਤਿਆ ਹੈ। ਆਗੂਆਂ ਨੇ ਕਿਹਾ ਕਿ ਜਦੋਂ ਅਕਾਲੀ ਦਲ ਦਾ ਆਧਾਰ ਹੀ ਕਿਸਾਨੀ ਹੈ ਤਾਂ ਮੁੱਢ ਤੋਂ ਹੀ ਸਪਸ਼ਟ ਸਟੈਂਡ ਲੈਣ ਦੀ ਲੋੜ ਸੀ। ਉਨਾਂ ਵੱਲੋਂ ਨਿਘਾਰ ਸੰਬੰਧੀ ਉਠਾਏ ਨੁਕਤਿਆਂ ਦੇ ਜਵਾਬ ਵਿੱਚ ਸੁਖਬੀਰ ਸਿੰਘ ਬਾਦਲ ਨੇ ਕਿਹਾ, ‘ਜੇਕਰ ਪਾਰਟੀ ਸਮਝਦੀ ਹੈ ਕਿ ਮੇਰੇ ਤੋਂ ਕੋਈ ਕੁਤਾਹੀ ਹੋਈ ਹੈ ਤੇ ਮੇਰੇ ਕਰਕੇ ਹੀ ਨੁਕਸਾਨ ਹੋਇਆ ਹੈ ਤਾਂ ਮੈਂ ਪਿਛਾਂਹ ਹਟਣ ਲਈ ਤਿਆਰ ਹਾਂ।’ ਸੁਖਬੀਰ ਬਾਦਲ ਵੱਲੋਂ ਅਹੁਦਾ ਛੱਡਣ ਦੀ ਪੇਸ਼ਕਸ਼ ਨੂੰ ਨਾਮਨਜ਼ੂਰ ਕਰਦਿਆਂ ਕਮੇਟੀ ਮੈਂਬਰਾਂ ਨੇ ਕਿਹਾ ਕਿ ਅਹੁਦੇ ਤੋਂ ਹਟਣ ਨਾਲ਼ ਮਸਲੇ ਹੱਲ ਨਹੀਂ ਹੋਣੇ, ਸਗੋਂ ਇਸ ਸੰਬੰਧੀ ਗੰਭੀਰਤਾ ਨਾਲ਼ ਵਿਚਾਰ ਕਰਨ ਦੀ ਲੋੜ ਹੈ। ਪਾਰਟੀ ਆਗੂਆਂ ਨੇ ਕਿਹਾ ਕਿ ਲੋਕਾਂ ਵਿੱਚ ਚੱਲੀ ਬਦਲਾਅ ਦੀ ਲਹਿਰ ਨੇ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਇਆ ਹੈ ਤੇ ਪਾਰਟੀ ਵੱਲੋਂ ਬਹੁਜਨ ਸਮਾਜ ਪਾਰਟੀ ਨਾਲ਼ ਕੀਤੇ ਗੱਠਜੋੜ ਦਾ ਵੀ ਕੋਈ ਲਾਭ ਨਹੀਂ ਹੋਇਆ। ਚੋਣਾਂ ਦੌਰਾਨ ਪਾਰਟੀ ਦੇ ਵੋਟ ਬੈਂਕ ਨੂੰ ਖੋਰਾ ਲੱਗਣ ’ਤੇ ਵੀ ਚਿੰਤਾ ਪ੍ਰਗਟਾਈ ਗਈ। ਮੀਟਿੰਗ ਦੌਰਾਨ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਪਾਰਟੀ ਨੇ ਕਈ ਵਾਰੀ ਸਿਆਸੀ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ। ਇਸ ਲਈ ਸਭ ਨੂੰ ਮੋਰਚੇ ਲਾਉਣ ਅਤੇ ਜੱਦੋ-ਜਹਿਦ ਲਈ ਤਿਆਰ ਰਹਿਣਾ ਚਾਹੀਦਾ ਹੈ। ਪਾਰਟੀ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅਕਾਲੀ ਦਲ ਨੂੰ ਲੋਕਾਂ ਵਿੱਚ ਆਪਣਾ ਆਧਾਰ ਮੁੜ ਕਾਇਮ ਕਰਨ ਦੀ ਲੋੜ ਹੈ। ਪਾਰਟੀ ਨੇ ਹਾਰ ਦੇ ਕਾਰਨਾਂ ਦੀ ਸਮੀਖਿਆ ਲਈ ਉੱਚ ਪੱਧਰੀ ਕਮੇਟੀ ਬਣਾਉਣ ਦਾ ਵੀ ਫ਼ੈਸਲਾ ਲਿਆ ਹੈ।

**ਬਾਕੀ ਸਫ਼ਾ 31 ’ਤੇ**

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY





RANJIT SINGH
(Lic: 01922089)

PROPERTY ADDRESS: 27022 RIVER ROADM, NEWMAN CA 95360.

# RANJIT SINGH

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com

# ਸਿੱਖ ਐਜੂਕੇਸ਼ਨ ਕੌਂਸਲ ਯੂ.ਕੇ. ਵੱਲੋਂ ਕੌਮਾਂਤਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਕਰਵਾਈ ਗਈ ਵਿਚਾਰ ਗੋਸ਼ਟੀ

## ਵਿਦਵਾਨਾਂ ਅਤੇ ਖੋਜਾਰਥੀਆਂ ਵੱਲੋਂ ਪੜ੍ਹੇ ਗਏ ਖੋਜ ਪੱਤਰ



**ਲੰਡਨ/ਏ.ਟੀ.ਨਿਊਜ਼:-** ਲੰਘੇ ਦਿਨੀਂ ਸਿੱਖ ਐਜੂਕੇਸ਼ਨ ਕੌਂਸਲ ਯੂ.ਕੇ. ਵੱਲੋਂ ਕੌਮਾਂਤਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਇੱਕ ਵਿਸ਼ੇਸ਼ ਵਿਚਾਰ ਗੋਸ਼ਟੀ ਵੈਬੀਨਾਰ ਕਰਵਾਇਆ ਗਿਆ। ਇਸ ਵੈਬੀਨਾਰ ਵਿਚਲੀ ਵਿਚਾਰ ਗੋਸ਼ਟੀ ਦਾ ਮੁੱਖ ਮੰਤਵ ਪੰਜਾਬੀ ਮਾਂ ਬੋਲੀ ਨੂੰ ਉਤਸ਼ਾਹਿਤ ਕਰਨਾ ਸੀ ਅਤੇ ਇਸ ਦੇ ਨਾਲ਼ ਹੀ ਬਿਜਲ ਸੱਥ ਵਿੱਚ ਪੰਜਾਬੀ ਸ਼ਬਦਾਵਲੀ ਦੀ ਚੰਗੇ ਢੰਗ ਨਾਲ਼ ਵਰਤੋਂ ਕਰਨ ਲਈ ਇੱਕ ਪ੍ਰਮੁੱਖ ਹੁੰਗਾਰਾ ਵੀ ਸੀ । ਵੈਬੀਨਾਰ ਰਾਹੀਂ ਕਰਵਾਈ ਗਈ ਇਹ ਵਿਚਾਰ ਗੋਸ਼ਟੀ ਦੇਸ਼ ਵਿਦੇਸ਼ ਦੇ ਉੱਘੇ ਵਿਦਵਾਨਾਂ ਤੇ ਖੋਜਾਰਥੀਆਂ ਲਈ ਇੱਕ ਮਹੱਤਵਪੂਰਨ ਮੰਚ ਸੀ। ਜਿਸ ਵਿੱਚ ਪੰਜਾਬੀ ਬੋਲੀ ਦੇ ਉਭਾਰ ਤੇ ਨਿਘਾਰ ਬਾਰੇ ਵਿਸ਼ੇਸ਼ ਚਰਚਾ ਕੀਤੀ ਗਈ। ਪੰਜਾਬ ਦੀਆਂ ਉਚ ਪੱਧਰੀ ਵਿਦਿਅਕ ਸੰਸਥਾਵਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫ਼ਤਹਿਗੜ ਸਾਹਿਬ ਤੋਂ ਇਲਾਵਾ ਪੰਜਾਬ ਅਤੇ ਵਿਦੇਸ਼ ਦੀਆਂ ਉੱਘੀਆਂ ਸਿੱਖ ਸੰਸਥਾਵਾਂ ਦੇ ਵਿਦਵਾਨਾਂ ਅਤੇ ਖੋਜਾਰਥੀਆਂ ਨੇ ਹਿੱਸਾ ਲਿਆ ਅਤੇ ਆਪਣੇ ਖੋਜ ਪੇਪਰ ਪੜੇ। ਬਰਤਾਨੀਆ ਤੋਂ ਡਾ. ਬਲਦੇਵ ਸਿੰਘ ਕੰਦੋਲਾ ਯੂ.ਕੇ. ਜਿਨਾਂ ਨੇ ਪੰਜਾਬੀ ਭਾਸ਼ਾ ਵਿੱਚ ਵਿਗਿਆਨਕ ਅਤੇ ਤਕਨੀਕੀ ਸਾਹਿਤ ਰਚਨ ਦੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਦੇ ਵਿਸ਼ੇ ਉੱਤੇ ਵਿਚਾਰ ਚਰਚਾ ਕਰ ਕੇ ਸਰੋਤਿਆਂ ਨੂੰ ਬਹੁਮੁੱਲੀ ਜਾਣਕਾਰੀ ਦਿੱਤੀ ।

ਇਸ ਵਿਚਾਰ ਗੋਸ਼ਟੀ ਵਿੱਚ ਪੱਤਰਕਾਰੀ ਅਤੇ ਤਕਨੀਕੀ ਸ਼ਬਦਾਵਲੀ ਉੱਤੇ ਚਿੰਤਾ ਪ੍ਰਗਟ ਕਰਦੇ ਹੋਏ ਸਰਦਾਰ ਅਵਤਾਰ ਸਿੰਘ ਨੇ ਪੰਜਾਬੀ ਪੱਤਰਕਾਰੀ ਸ਼ਬਦਾਂ ਦੀ ਕਾਂਗਿਆਰੀ ਅਤੇ ਸਵੈ-ਚੇਤਨਤਾ ਦੀ ਘਾਟ ਨਾਲ਼ ਸੰਬੰਧਿਤ ਵਿਸ਼ੇ 'ਪੰਜਾਬੀ ਪੱਤਰਕਾਰੀ ਪੰਜਾਬੀ ਬੋਲੀ ਅਤੇ ਸਵੈ-ਚੇਤਨਤਾ ਦੀ ਘਾਟ' ਨੂੰ ਲੈ ਕੇ ਆਪਣੇ ਵਿਚਾਰ ਪ੍ਰਗਟ ਕੀਤੇ ਜਿਸ ਵਿੱਚ ਉਨਾਂ ਨੇ ਪੱਤਰਕਾਰੀ ਦੇ ਖੇਤਰ ਵਿੱਚ ਪੰਜਾਬੀ ਭਾਸ਼ਾ ਵਿੱਚ ਰਲ਼ਗੱਡ ਹੁੰਦੇ ਹਿੰਦੀ ਸ਼ਬਦਾਂ ਦੀ ਵਰਤੋਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਸਮੇਂ ਦੇ ਸੰਪਾਦਕੀ ਮੰਡਲ ਨੂੰ ਵੀ ਇਸ ਵੱਲ ਵਿਸ਼ੇਸ਼ ਧਿਆਨ ਦੇਣ ਲਈ ਕਿਹਾ ।

ਇਸ ਮੌਕੇ ਡਾ. ਹਰਦੇਵ ਸਿੰਘ ਸਹਾਇਕ ਪ੍ਰੋਫੈਸਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫ਼ਤਹਿਗੜ ਸਾਹਿਬ ਨੇ 'ਪੰਜਾਬੀ ਵਿੱਚ ਦਰਸ਼ਨ ਸੰਬੰਧੀ ਹੋਏ ਕਾਰਜ ਦੇ ਸਰਵੇਖਣ ਅਤੇ ਮੁਲਾਂਕਣ' ਵਿਸ਼ੇ 'ਤੇ ਖੋਜ ਪਰਚੇ ਨੂੰ ਪੇਸ਼ ਕੀਤਾ। ਉਨਾਂ ਦੱਸਿਆ ਕਿ ਪੰਜਾਬੀ ਵਿੱਚ ਪ੍ਰਾਪਤ ਹੁੰਦੇ ਦਰਸ਼ਨ ਸੰਬੰਧੀ ਕਾਰਜ ਨੂੰ ਮੂਲ ਰੂਪ ਚ ਤਿੰਨ ਹਿੱਸਿਆਂ :- ਆਲੋਚਨਾ, ਅਨੁਵਾਦ ਅਤੇ ਦਾਰਸ਼ਨਿਕਾਂ ਦੇ ਜੀਵਨ ਵਿੱਚ ਵੰਡਿਆ ਜਾ ਸਕਦਾ ਹੈ। ਪੰਜਾਬ ਦੀਆਂ ਤਿੰਨ ਪ੍ਰਮੁੱਖ ਸਰਕਾਰੀ ਯੂਨੀਵਰਸਿਟੀਆਂ ਦੇ ਅੰਤਰਗਤ ਦਰਸ਼ਨ ਦੇ ਵਿਭਾਗ ਵੱਲੋਂ ਇਸ ਵਿਸ਼ੇ ਦੀ ਮਾਸਟਰ ਡਿਗਰੀ ਅਤੇ ਪੀ-ਐਚ.ਡੀ. ਦੇ ਕਾਰਜਾਂ ਵਿੱਚ ਪੰਜਾਬੀ ਨੂੰ ਬਣਦੀ ਥਾਂ ਹਾਲੇ ਹਾਸਿਲ ਨਹੀਂ ਹੋਈ। ਪਾਠਕ੍ਰਮਾਂ ਹੇਠਾਂ ਦਿੱਤੀਆਂ ਗਈਆਂ ਹਵਾਲਾ ਪੁਸਤਕਾਂ ਵਿੱਚ ਪੰਜਾਬੀ ਪੁਸਤਕਾਂ ਦੀ ਘਾਟ ਰੜਕਦੀ ਹੈ ਅਤੇ ਖ਼ਾਸ ਕਰਕੇ ਅਨੁਵਾਦ ਕੀਤੇ ਕਾਰਜਾਂ ਵਿੱਚੋਂ ਕੁੱਝ ਹਿੱਸਾ ਗ਼ੈਰ-ਮਿਆਰੀ ਵੀ ਹੈ। ਇਸ ਪਾਸੇ ਹੋਰਨਾਂ ਯੂਨੀਵਰਸਿਟੀਆਂ ਨਾਲ਼ੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਨ ਵਿੱਚ ਮੋਹਰੀ ਰੋਲ਼ ਅਦਾ ਕੀਤਾ ਹੈ ਅਤੇ ਭਾਸ਼ਾ ਵਿਭਾਗ ਨੇ ਵੀ ਕਈ ਮੁੱਲਵਾਨ ਕਾਰਜ ਪ੍ਰਕਾਸ਼ਿਤ ਕੀਤੇ ਹਨ। ਉਨਾਂ ਨੇ ਅੱਗੇ ਦੱਸਿਆ ਪੰਜਾਬ ਅੰਦਰ ਦਰਸ਼ਨ ਦੀ ਚਰਚਾ ਵਿੱਚ ਗੁਰਮਤਿ ਦਰਸ਼ਨ ਨੇ ਮਹੱਤਵਪੂਰਣ ਸਥਾਨ ਹਾਸਿਲ ਕੀਤਾ ਹੈ। ਪੰਜਾਬੀ ਭਾਸ਼ਾ ਵਿੱਚ ਭਾਰਤੀ ਦਰਸ਼ਨ ਸੰਬੰਧੀ ਡਾ. ਆਰ. ਡੀ. ਨਿਰਾਕਾਰੀ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ।

**ਬਾਕੀ ਸਫ਼ਾ 30 'ਤੇ**

# ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦਾ ਗੈਂਗਸਟਰਾਂ ਵੱਲੋਂ ਕਤਲ

**ਮੱਲੀਆਂ ਕਲਾਂ :** ਬੀਤੇ ਦਿਨੀਂ ਪਿੰਡ ਮੱਲੀਆਂ ਖ਼ੁਰਦ ਵਿਖੇ ਚੱਲ ਰਹੇ ਕਬੱਡੀ ਟੂਰਨਾਮੈਂਟ ਦੌਰਾਨ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਵੱਲੋਂ ਤਾਬੜਤੋੜ ਗੋਲੀਆਂ ਚਲਾਈਆਂ ਗਈਆਂ ਜਿਸ ਨਾਲ਼ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਜਿਸ ਨੂੰ ਤੁਰੰਤ ਛਾਬੜਾ ਹਸਪਤਾਲ ਨਕੋਦਰ ਵਿਖੇ ਲਿਜਾਇਆ ਗਿਆ ਜਿੱਥੇ ਇਸ ਖਿਡਾਰੀ ਦੀ ਮੌਤ ਹੋ ਗਈ । ਇਸ ਕਤਲ ਪਿੱਛੇ ਬਿਸ਼ਨੋਈ ਗੈਂਗ ਦਾ ਹੱਥ ਦਸਿਆ ਜਾ ਰਿਹਾ ਹੈ।

ਜਾਣਕਾਰੀ ਅਨੁਸਾਰ ਪਿੰਡ ਮੱਲੀਆਂ ਖ਼ੁਰਦ ਵਿਖੇ ਕਬੱਡੀ ਦਾ ਟੂਰਨਾਮੈਂਟ ਚੱਲ ਰਿਹਾ ਸੀ ਇਸ ਦੌਰਾਨ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਜੋ ਆਪਣੀ ਟੀਮ ਲੈ ਕੇ ਇੱਥੇ ਪੁੱਜਾ ਹੋਇਆ ਸੀ ਅਤੇ ਆਪਣਾ ਸਟੇਜ ਤੋਂ ਸਨਮਾਨ ਲੈ ਕੇ ਜਦੋਂ ਆਪਣੇ ਸਾਥੀਆਂ ਨਾਲ਼ ਸੜਕ 'ਤੇ ਪੁੱਜਾ ਤਾਂ ਪਹਿਲਾਂ ਤੋਂ ਹੀ ਮੌਜੂਦ ਖੜੇ ਚਾਰ ਅਣਪਛਾਤੇ ਵਿਅਕਤੀਆਂ ਨੇ ਪਿਸਤੌਲਾਂ ਨਾਲ਼ ਗੋਲੀਆਂ ਦੀ ਵਾਛੜ ਕਰ ਦਿੱਤੀ ਜੋ ਕਿ ਕਬੱਡੀ ਖਿਡਾਰੀ ਸੰਦੀਪ ਦੇ ਸਿਰ ਵਿੱਚ ਲੱਗੀਆਂ ਜੋ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਇਸ ਦੇ ਨਾਲ਼ ਹੀ ਇੱਕ ਵਿਅਕਤੀ ਜਤਿਨ ਮੱਲੀਆਂ ਖ਼ੁਰਦ ਦੀ ਲੱਤ ਵਿੱਚ ਗੋਲੀ ਲੱਗੀ ਜਿਸ ਨੂੰ ਕਮਲ ਹਸਪਤਾਲ ਨਕੋਦਰ ਵਿਖੇ ਦਾਖ਼ਲ ਕਰਵਾਇਆ ਗਿਆ ਹੈ ਤੇ ਇੱਕ



ਹੋਰ ਵਿਅਕਤੀ ਪ੍ਰਤਾਪ ਸਿੰਘ ਵਾਸੀ ਹੁੰਦਲ ਢੱਡਾ ਦੇ ਵੀ ਛਾਤੀ ਦੇ ਕੋਲ਼ ਸ਼ਰਾ ਲੱਗ ਕੇ ਨਿਕਲ ਗਿਆ ਜੋ ਮਾਮੂਲੀ ਫੱਟੜ ਹੋਇਆ ।

ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਹਫੜਾ ਦਫੜੀ ਵਿੱਚ ਸਟੈਂਡ ਤੇ ਬੈਠੇ ਵਿਅਕਤੀ ਥੱਲੇ ਡਿੱਗਣ ਨਾਲ਼ ਜ਼ਖ਼ਮੀ ਹੋ ਗਏ । ਗੋਲੀਆਂ ਚਲਾਉਣ ਉਪਰੰਤ ਹਮਲਾਵਰ ਜੋ ਕਿ ਚਿੱਟੀ ਸਵਿਫਟ ਕਾਰ ਦੇ ਵਿੱਚ ਆਏ ਸਨ ਪਿੰਡ ਗਿੱਲਾਂ ਵੱਲ ਨੂੰ ਗੱਡੀ ਵਿੱਚ ਬੈਠ ਕੇ ਫ਼ਰਾਰ ਹੋ ਗਏ। ਐੱਸ.ਐੱਚ.ਓ. ਪਰਮਿੰਦਰ ਸਿੰਘ ਨੇ ਕਿਹਾ ਕਿ ਹਮਲਾਵਰਾਂ ਨੂੰ ਜਲਦੀ ਟਰੇਸ ਕਰ ਲਿਆ ਜਾਵੇਗਾ। ਘਟਨਾ ਸਥਾਨ ਤੋਂ ਪੁਲੀਸ ਨੇ ਦਸ ਬਾਰਾਂ ਦੇ ਕਰੀਬ ਰਿਵਾਲਵਰ 'ਚੋਂ ਚਲੇ ਖ਼ਾਲੀ ਰੌਂਦ ਬਰਾਮਦ ਕੀਤੇ ਹਨ । ਇਸ ਉਪਰੰਤ ਪ੍ਰਬੰਧਕਾਂ ਨੂੰ ਆਪਣਾ ਟੂਰਨਾਮੈਂਟ ਵੀ ਸਮਾਪਤ ਕਰਨਾ ਪਿਆ। ਟੂਰਨਾਮੈਂਟ ਦੇ ਪ੍ਰਬੰਧਕਾਂ ਅਤੇ ਨਗਰ ਨਿਵਾਸੀਆਂ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਹਮਲਾਵਰਾਂ ਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕੀਤਾ ਜਾਵੇ।

**ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਨੇ ਸਾਰੇ ਕਬੱਡੀ ਟੂਰਨਾਮੈਂਟ ਕੀਤੇ ਰੱਦ**

ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੀ ਮੌਤ ਤੋਂ ਬਾਅਦ ਨਾਰਥ ਇੰਡੀਆ ਕਬੱਡੀ ਫੈਡਰੇਸ਼ਨ ਨੇ ਆਉਣ ਵਾਲੇ ਦਿਨਾਂ ਲਈ ਸਾਰੇ ਕਬੱਡੀ ਟੂਰਨਾਮੈਂਟ ਰੱਦ ਕਰ ਦਿੱਤੇ ਹਨ। ਫੈਡਰੇਸ਼ਨ ਦੇ ਪ੍ਰਧਾਨ ਸੁਰਜਨ ਸਿੰਘ ਚੱਠਾ ਨੇ ਦੱਸਿਆ ਕਿ ਸੰਦੀਪ ਨੰਗਲ ਅੰਬੀਆਂ ਦੀ ਮੌਤ ਨਾਲ ਖੇਡ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨਾਂ ਮੰਗ ਕੀਤੀ ਕਿ ਸੰਦੀਪ ਦਾ ਕਤਲ ਕਰਨ ਵਾਲੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਫੜਿਆ ਜਾਵੇ।

# ਸਵਿਟਜ਼ਰਲੈਂਡ ਵਿੱਚ ਪਹਿਲਾ ਅੰਮ੍ਰਿਤਧਾਰੀ ਬੱਸ ਚਾਲਕ ਬਣਿਆ



**ਮਿਲਾਨ (ਇਟਲੀ):** ਯੂਰਪੀ ਦੇਸ਼ ਸਵਿਟਜ਼ਰਲੈਂਡ ਵਿੱਚ ਇੱਕ ਗੁਰਸਿੱਖ ਨੌਜਵਾਨ ਗੁਰਮੀਤ ਸਿੰਘ ਬੱਸ ਚਾਲਕ ਬਣਿਆ ਹੈ। ਉਹ ਵਿਨਤਰਤੂਰ ਦੇ ਸ਼ਹਿਰ ਕਨਟੋਨ ਜ਼ਿਊਰਿਖ ਵਿੱਚ ਰਹਿ ਰਿਹਾ ਹੈ। ਇਹ ਨੌਜਵਾਨ ਸਵਿਟਜ਼ਰਲੈਂਡ ਵਿੱਚ ਪਹਿਲਾ ਅੰਮ੍ਰਿਤਧਾਰੀ ਸਿੱਖ ਹੈ ਜਿਸ ਨੂੰ ਸਟੱਡਤੂਰ ਬੱਸ ਕੰਪਨੀ ਵੱਲੋਂ ਬੱਸ ਡਰਾਈਵਰ ਨਿਯੁਕਤ ਕੀਤਾ ਗਿਆ ਹੈ। ਇਸ ਅੰਮ੍ਰਿਤਧਾਰੀ ਸਿੱਖ ਨੌਜਵਾਨ ਗੁਰਮੀਤ ਸਿੰਘ ਦਾ ਪਿਛੋਕੜ ਪੰਜਾਬ ਦੇ ਜ਼ਿਲਾ ਪਟਿਆਲਾ ਦੇ ਪਿੰਡ ਸ਼ੇਰਗੜ ਦਾ ਹੈ ਅਤੇ ਹੁਣ ਇਹ ਨੌਜਵਾਨ ਪਿਛਲੇ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਯੂਰੋਪ ਵਿੱਚ ਰਹਿ ਰਿਹਾ ਹੈ।

ਗੁਰਮੀਤ ਸਿੰਘ ਨੇ ਆਪਣੀ ਇਸ ਸਫ਼ਲਤਾ ਲਈ ਗੁਰੂ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਸਮੂਹ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ, "ਭਾਵੇਂ ਅਸੀਂ ਕਿਸੇ ਵੀ ਦੇਸ਼ ਵਿੱਚ ਵੱਸਦੇ ਹੋਈਏ, ਸਾਨੂੰ ਸਿੱਖੀ ਸਰੂਪ ਵਿੱਚ ਰਹਿੰਦੇ ਹੋਏ ਕੰਮਕਾਰ ਕਰਨੇ ਚਾਹੀਦੇ ਹਨ ਤਾਂ ਜੋ ਵਿਦੇਸ਼ਾਂ ਵਿੱਚ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੀ ਇੱਕ ਵੱਖਰੀ ਪਛਾਣ ਹੈ।"

# ਮੱਲਪੁਰ ਦਾ ਦੇਵ ਚੌਹਾਨ ਬਣਿਆ ਰਿਚਮੰਡ ਦਾ ਪੁਲਿਸ ਮੁਖੀ



**ਐਬਟਸੋਰਡ-** ਰਾਇਲ ਕੈਨੇਡੀਅਨ ਮਾਂਊਟਿਡ ਪੁਲਿਸ ਦੇ ਸੀਨੀਅਰ ਪੰਜਾਬੀ ਅਧਿਕਾਰੀ ਦੇਵ ਚੌਹਾਨ ਨੂੰ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਰਿਚਮੰਡ ਦਾ ਪੁਲਿਸ ਮੁਖੀ ਨਿਯੁਕਤ ਕੀਤਾ ਗਿਆ ਹੈ, ਜੋ ਕਿ ਸਮੁੱਚੇ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਰਿਚਮੰਡ ਆਰ. ਸੀ. ਐੱਮ. ਪੀ. ਦੇ ਇਤਿਹਾਸ ਵਿੱਚ ਇਸ ਉੱਚ ਅਹੁਦੇ 'ਤੇ ਪਹੁੰਚਣ ਵਾਲਾ ਦੇਵ ਪਹਿਲਾ ਪੰਜਾਬੀ ਪੁਲਿਸ ਅਧਿਕਾਰੀ ਹੈ । ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਔੜ ਨੇੜਲੇ ਪਿੰਡ ਮੱਲਪੁਰ ਦਾ ਜੰਮਪਲ ਦੇਵ ਚੌਹਾਨ 15 ਸਾਲ ਦੀ ਉਮਰ ਵਿੱਚ ਸੰਨ 1985 ਵਿੱਚ ਕੈਨੇਡਾ ਆਇਆ ਸੀ। ਕਿਚਨਰ ਯੂਨੀਵਰਸਿਟੀ ਤੋਂ ਉੱਚ ਵਿੱਦਿਆ ਪ੍ਰਾਪਤ ਕਰਨ ਉਪਰੰਤ ਦੇਵ ਚੌਹਾਨ 31 ਮਾਰਚ 1991 ਨੂੰ ਰਾਇਲ ਕੈਨੇਡੀਅਨ ਮਾਂਊਟਿਡ ਪੁਲਿਸ 'ਚ ਭਰਤੀ ਹੋ ਗਿਆ, ਜਿੱਥੇ ਸਿਪਾਹੀ ਤੋਂ ਸਾਰਜੈਂਟ ਤੇ ਫਿਰ 27 ਜੂਨ, 2019 ਨੂੰ ਦੇਵ ਚੌਹਾਨ ਜਾਂਚ ਏਜੰਸੀ ਇੰਟਾਗ੍ਰੇਟਿਡ ਹੋਮੋਸਾਈਡ ਇਨਵੈਸਟੀਗੇਸ਼ਨ ਟੀਮ ਦਾ ਮੁਖੀ ਬਣਿਆ ਤੇ ਹੁਣ ਉਸ ਨੂੰ ਰਿਚਮੰਡ ਦਾ ਪੁਲਿਸ ਮੁਖੀ ਨਿਯੁਕਤ ਕੀਤਾ ਹੈ ।

# ਪੰਜਾਬ ਸੂਬੇ ਦੇ ਸਰਕਾਰੀ ਦਫਤਰਾਂ 'ਚੋਂ ਹਟਾਈ ਗਈ ਸ਼ੇਰ-ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫੋਟੋ







**ਚੰਡੀਗੜ :** ਪੰਜਾਬ ਸੂਬੇ ਵਿਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿੱਚ ਬਦਲਾਅ ਦਾ ਦੌਰ ਸ਼ੁਰੂ ਕਰ ਦਿੱਤਾ ਹੈ । ਆਪ ਪਾਰਟੀ ਵੱਲੋਂ ਸਭ ਤੋਂ ਪਹਿਲਾਂ ਕੀਤਾ ਬਦਲਾਅ ਜੋ ਸਿੱਖ ਚਿੰਤਕਾਂ ਵੱਲੋਂ ਚਿੰਤਾ ਦਾ ਵਿਸ਼ਾ ਬਣ ਗਿਆ ਹੈ ਉਹ ਹੈ ਸਰਕਾਰੀ ਦਫ਼ਤਰਾਂ 'ਚੋਂ ਖ਼ਾਲਸਾ ਰਾਜ ਦੇ ਬਾਨੀ ਮਹਾਰਾਜਾ ਰਣਜੀਤ ਸਿੰਘ ਦੀ ਫੋਟੋ ਹਟਾਉਣਾ । ਜਦੋਂ ਆਮ ਆਦਮੀ ਪਾਰਟੀ ਨੇ ਐਲਾਨ ਕੀਤਾ ਸੀ ਕਿ ਸਰਕਾਰੀ ਦਫ਼ਤਰਾਂ ਵਿੱਚ ਬਾਬਾ ਸਾਹਿਬ ਤੇ ਭਗਤ ਸਿੰਘ ਦੀ ਫੋਟੋ ਲਾਈ ਜਾਵੇਗੀ ਪਰ ਉਸ ਸਮੇਂ ਉਨਾਂ ਨੇ ਇਹ ਸਪਸ਼ਟ ਨਹੀਂ ਕੀਤਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੀ ਫੋਟੋ ਲਾ ਦਿੱਤੀ ਜਾਵੇਗੀ । ਇਸ ਗੱਲ ਦੀ ਸਪਸ਼ਟਤਾ ਅੱਜ ਉਸ ਸਮੇਂ ਹੋਈ ਜਦੋਂ ਨਵੇਂ ਬਣੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਫ਼ਤਰ ਵਿਚ ਬਾਬਾ ਸਾਹਿਬ ਤੇ ਭਗਤ ਸਿੰਘ ਦੀ ਫੋਟੋ ਲੱਗੀ ਹੋਈ ਸੀ ਪਰ ਮਹਾਰਾਜਾ ਰਣਜੀਤ ਸਿੰਘ ਦੀ ਫੋਟੋ ਨਹੀਂ ਸੀ । ਜੇਕਰ ਇਹ ਆਮ ਆਦਮੀ ਪਾਰਟੀ ਵੱਲੋਂ ਇਕ ਭੁੱਲ ਹੈ ਤਾਂ ਇਸ ਗੱਲ ਦਾ ਕਿਆਸ ਲਾਇਆ ਜਾ ਸਕਦਾ ਹੈ ਕਿ ਪਾਰਟੀ ਦੇ ਨੁਮਾਇੰਦੇ ਸਿੱਖ ਇਤਿਹਾਸ ਤੋਂ ਜਾਣੂ ਨਹੀਂ ਹਨ ਇਸ ਲਈ ਹੋ ਸਕਦਾ ਹੈ ਕਿ ਉਹ ਆਉਣ ਵਾਲੇ ਦਿਨਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੋਟੋ ਸਰਕਾਰੀ ਦਫਤਰਾਂ ਵਿਚ ਦੁਬਾਰਾ ਲਾ ਦੇਣ ਪਰ ਜੇਕਰ ਇੰਜ ਨਾ ਹੋਇਆ ਤਾਂ ਇਹ ਇਕ ਚਿੰਤਾ ਦਾ ਵਿਸ਼ਾ ਹੈ ਕਿ ਆਉਣ ਵਾਲਾ ਸਮਾਂ ਸਿੱਖ ਰਾਜ ਦੇ ਲਈ ਕਿਹੋ ਜਿਹਾ ਹੋਵੇਗਾ । ਇਸ ਤੋਂ ਵੀ ਵੱਧ ਚਿੰਤਾ ਦਾ ਵਿਸ਼ਾ ਇਹ ਹੈ ਕਿ ਜੇਕਰ ਪੰਜਾਬ ਦੇ ਸਕੂਲੀ ਸਿਲੇਬਸ ਵਿਚ ਵੀ ਬਦਲਾਅ ਕੀਤਾ ਗਿਆ ਤਾਂ ਸਿੱਖ ਇਤਿਹਾਸ ਨੂੰ ਕਿੰਨੀ ਕੁ ਜਗਾ ਮਿਲੇਗੀ ।

# ਬੇਅਦਬੀ ਮਾਮਲੇ 'ਤੇ 'ਆਪ' ਨੂੰ ਇਨਸਾਫ਼ ਦਿਵਾਉਣ ਦਾ ਸਮਾਂ: ਖਹਿਰਾ

## ਸੁਖਪਾਲ ਖਹਿਰਾ ਨੇ 2015 'ਚ ਬਹਿਬਲ ਕਲਾਂ 'ਚ ਪੁਲਿਸ ਗੋਲੀਬਾਰੀ 'ਚ ਮਾਰੇ ਗਏ ਪੀੜਤ ਪਰਿਵਾਰਾਂ ਨਾਲ਼ ਮੁਲਾਕਾਤ ਕੀਤੀ

**ਨਿਊਯਾਰਕ/ਰਾਜ ਗੋਗਨਾ:** ਭੁਲੱਥ ਤੋਂ ਨਵੇਂ ਚੁਣੇ ਗਏ ਕਾਂਗਰਸੀ ਵਿਧਾਇਕ ਅਤੇ ਪੰਜਾਬ ਦੀ ਵਿਰੋਧੀ ਧਿਰ ਦੇ ਸਾਬਕਾ ਆਗੂ (ਐੱਲ.ਓ.ਪੀ.) ਸ: ਸੁਖਪਾਲ ਸਿੰਘ ਖਹਿਰਾ ਨੇ ਬੀਤੇਂ ਦਿਨ ਸ਼ਨੀਵਾਰ ਨੂੰ ਸੂਬੇ 'ਚ 2015 'ਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਲਈ ਇਨਸਾਫ਼ ਦੀ ਮੰਗ ਕੀਤੀ ਹੈ। ਸੁਖਰਾਜ ਸਿੰਘ ਨਾਲ਼ ਅੱਜ ਬਹਿਬਲ ਕਲਾਂ ਵਿਖੇ ਵੀ ਉਹਨਾਂ ਮੁਲਾਕਾਤ ਕੀਤੀ, ਜਿੱਥੇ ਉਹ ਪਿਛਲੇ ਦੋ ਮਹੀਨਿਆਂ ਤੋਂ ਵੱਧ ਦੇ ਸਮੇਂ ਤੋਂ ਧਰਨੇ 'ਤੇ ਬੈਠੇ ਹਨ, ਨੇ ਕਿਹਾ ਕਿ ਭਾਵੇਂ ਵੱਡੇ ਫ਼ਤਵੇ ਨਾਲ਼ ਨਿਵਾਜੀ ਗਈ ਆਮ ਆਦਮੀ ਪਾਰਟੀ ਨੇ ਸੂਬੇ ਵਿੱਚ ਹਾਲੇ ਤੱਕ ਸਰਕਾਰ ਨਹੀਂ ਬਣਾਈ ਹੈ, ਪਰ ਬੇਅਦਬੀ ਮਾਮਲਿਆਂ 'ਤੇ ਲੋਕਾਂ ਨੂੰ ਇਨਸਾਫ਼ ਮਿਲਣ ਦਾ ਸਮਾਂ ਹੈ। ਖਹਿਰਾ ਨੇ ਕਿਹਾ ਕਿ ਵਿਰੋਧੀ ਪਾਰਟੀ ਦੇ ਵਿਧਾਇਕ ਹੋਣ ਦੇ ਨਾਤੇ ਉਨਾਂ ਦਾ ਫ਼ਰਜ਼ ਬਣਦਾ ਹੈ ਕਿ ਉਹ 'ਆਪ' ਨੂੰ ਯਾਦ ਕਰਾਉਣ ਕਿ ਕਿਸ ਤਰਾਂ ਬਹਿਬਲ ਕਲਾਂ ਅਤੇ ਕੋਟਕਪੂਰਾ ਪੁਲਿਸ ਗੋਲੀਬਾਰੀ ਦੀਆਂ ਘਟਨਾਵਾਂ ਦੇ ਪੀੜਤਾਂ ਦੇ ਪਰਿਵਾਰਕ ਮੈਂਬਰ ਪਿਛਲੇ ਲੰਬੇ ਸਮੇਂ ਤੋਂ ਇਨਸਾਫ਼ ਤੋਂ ਵਾਂਝੇ ਹਨ। ਹਾਲਾਂਕਿ ਖਹਿਰਾ ਨੇ ਇਹ ਜੋੜਨ ਲਈ ਕਾਹਲੀ ਨਾਲ਼ ਕਿਹਾ ਕਿ 'ਆਪ' ਦੇ ਮਨੋਨੀਤ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨਾਂ ਦੇ ਨਵੇਂ ਕੈਬਨਿਟ ਸਾਥੀਆਂ ਨੂੰ ਕੁਝ ਮਹੱਤਵਪੂਰਨ ਫ਼ੈਸਲੇ ਲੈਣ ਤੋਂ ਪਹਿਲਾਂ ਪ੍ਰਸ਼ਾਸਨ ਦੀਆਂ ਪੇਚੀਦਗੀਆਂ ਨੂੰ ਸਮਝਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਖਹਿਰਾ ਨੇ ਕਿਹਾ, "ਅਸੀਂ ਬਤੌਰ ਕਾਂਗਰਸੀ ਨਵੀਂ ਚੁਣੀ ਸਰਕਾਰ 'ਤੇ ਬੇਲੋੜਾ ਦਬਾਅ ਜਾਂ ਬੋਝ ਨਹੀਂ ਪਾਉਣਾ ਚਾਹੁੰਦੇ। ਉਨਾਂ ਨੂੰ ਆਪਣੇ ਫ਼ੈਸਲਿਆਂ ਨੂੰ ਤਰਜੀਹ ਦੇਣ ਤੋਂ ਪਹਿਲਾਂ ਪੰਜਾਬ ਦੇ ਭਖਦੇ ਮੁੱਦਿਆਂ ਤੋਂ ਜਾਣੂ ਕਰਵਾਉਣ ਲਈ ਤਿੰਨ ਤੋਂ ਛੇ ਮਹੀਨੇ ਲੱਗ ਸਕਦੇ ਹਨ।" ਇੱਥੇ ਦੱਸ ਦੇਈਏ ਕਿ 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿੱਚ ਹੋਈ ਪੁਲਿਸ ਗੋਲੀਬਾਰੀ ਵਿੱਚ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਬਿੱਟੂ ਦੋਵਾਂ ਦੀ ਮੌਤ ਹੋ ਗਈ ਸੀ। ਇਸੇ ਤਰਾਂ ਦੀ ਪੁਲਿਸ ਗੋਲੀਬਾਰੀ ਕੋਟਕਪੂਰਾ ਵਿਖੇ ਵੀ ਹੋਈ ਸੀ ਜਿਸ ਵਿੱਚ ਕਈ ਪ੍ਰਦਰਸ਼ਨਕਾਰੀ ਜ਼ਖ਼ਮੀ ਹੋ ਗਏ ਸਨ। ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨੇ ਕਿਹਾ ਕਿ ਭਾਵੇਂ ਕੈਪਟਨ ਅਮਰਿੰਦਰ ਸਿੰਘ ਅਤੇ ਚਰਨਜੀਤ ਸਿੰਘ ਚੰਨੀ ਵਰਗੇ ਕਈ ਸੀਨੀਅਰ ਆਗੂਆਂ ਨੇ ਉਨਾਂ ਨੂੰ ਜਲਦੀ ਇਨਸਾਫ਼ ਦਾ ਭਰੋਸਾ ਦਿੱਤਾ ਸੀ ਪਰ ਇਸ ਦੌਰਾਨ ਜ਼ਮੀਨ ਤੇ ਕੁਝ ਨਹੀਂ ਹੋਇਆ। ਇੱਥੋਂ ਤੱਕ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੀ ਉਨਾਂ ਨੂੰ ਮਿਲਣ ਆਏ ਸਨ ਅਤੇ ਜਲਦੀ ਇਨਸਾਫ਼ ਨੂੰ ਯਕੀਨੀ ਬਣਾਇਆ ਸੀ। ਖਹਿਰਾ ਨੇ ਕਿਹਾ ਕਿ ਉਹ 'ਆਪ' ਨੂੰ ਕਹਿਣਗੇ ਕਿ ਬਹਿਬਲ ਕਲਾਂ ਪੁਲਿਸ ਗੋਲੀ ਕਾਂਡ ਦੀ ਜਾਂਚ ਕਰਨ ਵਾਲੇ ਸਾਬਕਾ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਪੁਲਿਸ ਅਧਿਕਾਰੀ ਵਜੋਂ ਅਤੇ ਹੁਣ 'ਆਪ' ਵਿਧਾਇਕ ਚੁਣਿਆ ਜਾਵੇ। ਖਹਿਰਾ ਨੇ ਕਿਹਾ ਕਿ ਬੇਅਦਬੀ ਕਾਂਡ ਦੀ ਤਹਿ ਤੱਕ ਜਾ ਕੇ ਇਨਾਂ ਘਟਨਾਵਾਂ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦਿਵਾਈ ਜਾਵੇ। ਖਹਿਰਾ ਨੇ ਕਿਹਾ ਕਿ ਕੁੰਵਰ ਵਿਜੇ ਪ੍ਰਤਾਪ ਨੂੰ ਬੇਅਦਬੀ ਦਾ ਸ਼ਾਂਤਮਈ ਢੰਗ ਨਾਲ਼ ਵਿਰੋਧ ਕਰ ਰਹੇ ਲੋਕਾਂ 'ਤੇ ਗੋਲੀ ਚਲਾਉਣ ਦੇ ਹੁਕਮ ਦੇਣ ਵਾਲੇ ਪੁਲਿਸ ਅਧਿਕਾਰੀਆਂ ਨੂੰ ਵੀ ਬੇਨਕਾਬ ਕਰਨਾ ਚਾਹੀਦਾ ਹੈ।



# ਸੰਯੁਕਤ ਕਿਸਾਨ ਮੋਰਚੇ ਨੇ ਐੱਮ.ਐੱਸ.ਪੀ. ਦੀ ਗਾਰੰਟੀ ਦੀ ਮੰਗ ਨੂੰ ਲੈ ਕੇ ਅਗਲੇ ਪੜਾਅ ਦੇ ਅੰਦੋਲਨ ਦਾ ਕੀਤਾ ਐਲਾਨ

## ਕਿਸਾਨ 11 ਤੋਂ 17 ਅਪ੍ਰੈਲ ਤੱਕ ਐਮ.ਐਸ.ਪੀ. ਗਾਰੰਟੀ ਹਫ਼ਤਾ ਮਨਾਉਣਗੇ

**ਵੀਂ ਦਿੱਲੀ/ਮਨਪ੍ਰੀਤ ਸਿੰਘ ਖ਼ਾਲਸਾ:-** ਸੰਯੁਕਤ ਕਿਸਾਨ ਮੋਰਚੇ ਨੇ ਆਪਣੀ ਦੇਸ਼ਵਿਆਪੀ ਮੁਹਿੰਮ ਦਾ ਅਗਲਾ ਦੌਰ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਦਿੱਲੀ ਦੇ ਗਾਂਧੀ ਸ਼ਾਂਤੀ ਪ੍ਰਤਿਸ਼ਠਾਨ ਵਿਖੇ ਸੰਯੁਕਤ ਕਿਸਾਨ ਮੋਰਚੇ ਨਾਲ਼ ਜੁੜੀਆਂ ਸਾਰੀਆਂ ਜਥੇਬੰਦੀਆਂ ਦੀ ਹੋਈ ਮੀਟਿੰਗ ਵਿੱਚ ਸਰਬਸੰਮਤੀ ਨਾਲ਼ ਫੈਸਲਾ ਕੀਤਾ ਗਿਆ ਕਿ ਅਗਲੇ ਮਹੀਨੇ 11 ਤੋਂ 17 ਅਪ੍ਰੈਲ ਤੱਕ ਐੱਮ.ਐੱਸ.ਪੀ. ਦਾ ਕਾਨੂੰਨੀ ਗਰੰਟੀ ਹਫ਼ਤਾ ਮਨਾ ਕੇ ਦੇਸ਼ਵਿਆਪੀ ਮੁਹਿੰਮ ਚਲਾਈ ਜਾਵੇਗੀ। ਇਸ ਹਫ਼ਤੇ ਦੌਰਾਨ, ਸੰਯੁਕਤ ਕਿਸਾਨ ਮੋਰਚਾ ਨਾਲ਼ ਜੁੜੀਆਂ ਸਾਰੀਆਂ ਸੰਵਿਧਾਨਕ ਜਥੇਬੰਦੀਆਂ ਧਰਨੇ, ਪ੍ਰਦਰਸ਼ਨ, ਸੈਮੀਨਾਰ, ਸਵਾਮੀਨਾਥਨ ਕਮਿਸ਼ਨ ਦੁਆਰਾ ਨਿਰਧਾਰਤ ਘੱਟੋ-ਘੱਟ ਸਮਰਥਨ ਮੁੱਲ (32+50%) ਦੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਲੈ ਕੇ ਧਰਨੇ, ਪ੍ਰਦਰਸ਼ਨ, ਸੈਮੀਨਾਰ ਆਯੋਜਿਤ ਕਰਨਗੀਆਂ।

ਕਿਸਾਨ ਆਗੂ ਡਾ. ਦਰਸ਼ਨ ਪਾਲ, ਹਨਨ ਮੋਲਾ, ਜਗਜੀਤ ਸਿੰਘ ਡੱਲੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਸ਼ਿਵ ਕੁਮਾਰ ਸ਼ਰਮਾ (ਕੱਕਾ ਜੀ), ਯੁੱਧਵੀਰ ਸਿੰਘ, ਯੋਗਿੰਦਰ ਯਾਦਵ ਨੇ ਦੱਸਿਆ ਕਿ ਮੀਟਿੰਗ ਵਿੱਚ ਲਖੀਮਪੁਰ ਖੀਰੀ ਮਾਮਲੇ ਵਿੱਚ ਚੱਲ ਰਹੀ ਕਾਨੂੰਨੀ ਪ੍ਰਕਿਰਿਆ ਦਾ ਜਾਇਜ਼ਾ ਲੈਂਦਿਆਂ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਗਈ ਕਿ ਪੁਲੀਸ ਪ੍ਰਸ਼ਾਸਨ ਅਤੇ ਸਰਕਾਰੀ ਵਕੀਲ ਮਿਲ ਕੇ ਦੋਸ਼ੀਆਂ ਨੂੰ ਬਚਾਉਣ ਅਤੇ ਬੇਕਸੂਰ ਕਿਸਾਨਾਂ ਨੂੰ ਫਸਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਅਜਿਹੇ ਗੰਭੀਰ ਮਾਮਲੇ ਵਿੱਚ ਕੇਂਦਰੀ ਮੰਤਰੀ ਦੇ ਪੁੱਤਰ ਨੂੰ ਇੰਨੀ ਜਲਦੀ ਜ਼ਮਾਨਤ ਮਿਲ ਗਈ, ਜਦਕਿ



ਉਕਤ ਮਾਮਲੇ 'ਚ ਫਸੇ ਕਿਸਾਨ ਅਜੇ ਤੱਕ ਜੇਲ ਵਿੱਚ ਹਨ। ਸੰਯੁਕਤ ਕਿਸਾਨ ਮੋਰਚਾ ਇਸ ਖ਼ਬਰ ਤੋਂ ਨਾਰਾਜ਼ ਹੈ ਕਿ ਮੋਨੂੰ ਮਿਸ਼ਰਾ ਦੇ ਬਾਹਰ ਹੋਣ ਤੋਂ ਬਾਅਦ ਮਾਮਲੇ ਦੇ ਇੱਕ ਮੁੱਖ ਗਵਾਹ 'ਤੇ ਹਮਲਾ ਕੀਤਾ ਗਿਆ ਹੈ। ਫ਼ਰੰਟ ਨੇ ਫ਼ੈਸਲਾ ਕੀਤਾ ਕਿ ਇਸ ਮਾਮਲੇ ਵਿੱਚ ਕਾਨੂੰਨੀ ਲੜਾਈ ਵਿੱਚ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ ਅਤੇ ਫ਼ਰੰਟ ਵੱਲੋਂ ਕਿਸਾਨਾਂ ਦੇ ਪਰਿਵਾਰਾਂ ਦੀ ਪੂਰੀ ਕਾਨੂੰਨੀ ਮਦਦ ਕੀਤੀ ਜਾਵੇਗੀ। ਮੋਰਚੇ ਨੇ 9 ਦਸੰਬਰ ਨੂੰ ਕਿਸਾਨ ਮੋਰਚਾ ਨੂੰ ਭਾਰਤ ਸਰਕਾਰ ਵੱਲੋਂ ਦਿੱਤੇ ਗਏ ਲਿਖਤੀ ਭਰੋਸੇ ਦੀ ਸਮੀਖਿਆ ਕੀਤੀ ਅਤੇ ਪਾਇਆ ਕਿ ਤਿੰਨ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਸਰਕਾਰ ਨੇ ਆਪਣੇ ਮੁੱਖ ਭਰੋਸੇ 'ਤੇ ਅਮਲ ਨਹੀਂ ਕੀਤਾ। ਘੱਟੋ-ਘੱਟ ਸਮਰਥਨ ਮੁੱਲ 'ਤੇ ਕਮੇਟੀ ਬਣਾਉਣ ਦਾ ਭਰੋਸਾ ਵੀ ਰੁਕਣ ਦਾ ਨਾਂ ਨਹੀਂ ਲੈ ਰਿਹਾ। ਹਰਿਆਣਾ ਨੂੰ ਛੱਡ ਕੇ ਬਾਕੀ ਰਾਜਾਂ ਵਿੱਚ ਕਿਸਾਨਾਂ ਖ਼ਿਲਾਫ਼ ਅੰਦੋਲਨ ਦੌਰਾਨ ਬਣੇ ਕੇਸ ਵਾਪਸ ਨਹੀਂ ਲਏ ਗਏ। ਦਿੱਲੀ ਪੁਲਿਸ ਨੇ ਕੁਝ ਮਾਮਲਿਆਂ ਨੂੰ ਅੰਸ਼ਕ ਤੌਰ 'ਤੇ ਵਾਪਸ ਲੈਣ ਦੀ ਗੱਲ ਕਹੀ ਹੈ ਪਰ ਉਸ ਬਾਰੇ ਵੀ ਕੋਈ ਠੋਸ ਜਾਣਕਾਰੀ ਨਹੀਂ ਹੈ। ਦੇਸ਼ ਭਰ ਵਿੱਚ ਹੋਏ ਰੇਲ ਰੋਕੋ ਦੇ ਮਾਮਲਿਆਂ ਬਾਰੇ ਕੁਝ ਨਹੀਂ ਹੋਇਆ।

ਕਿਸਾਨ ਮੋਰਚਾ ਨੇ ਲਖੀਮਪੁਰ ਖੀਰੀ ਕਾਂਡ 'ਤੇ ਸਰਕਾਰ ਦੀ ਭੂਮਿਕਾ ਅਤੇ ਕਿਸਾਨ ਅੰਦੋਲਨ ਨੂੰ ਦਿੱਤੇ ਭਰੋਸੇ ਨਾ ਮੰਨਣ ਦੇ ਮੁੱਦੇ 'ਤੇ 21 ਮਾਰਚ ਨੂੰ ਦੇਸ਼ ਵਿਆਪੀ ਰੋਸ ਪ੍ਰਦਰਸ਼ਨ ਕਰਨ ਦਾ ਫ਼ੈਸਲਾ ਕੀਤਾ ਹੈ। ਫ਼ਰੰਟ ਨੇ ਦੁਹਰਾਇਆ ਕਿ ਕਿਸਾਨ ਮੋਰਚਾ 28 ਅਤੇ 29 ਮਾਰਚ ਨੂੰ ਟਰੇਡ ਯੂਨੀਅਨਾਂ ਦੇ ਭਾਰਤ ਬੰਦ ਦੇ ਸੱਦੇ ਦਾ ਸਮਰਥਨ ਕਰਦਾ ਹੈ ਅਤੇ ਦੇਸ਼ ਭਰ ਦੇ ਕਿਸਾਨ ਇਸ ਵਿੱਚ ਸਰਗਰਮੀ ਨਾਲ਼ ਹਿੱਸਾ ਲੈਣਗੇ।

ਸੰਯੁਕਤ ਕਿਸਾਨ ਮੋਰਚੇ ਦੀ ਤਾਲਮੇਲ ਕਮੇਟੀ ਵੱਲੋਂ ਬੁਲਾਈ ਗਈ ਇਸ ਕੌਮੀ ਮੀਟਿੰਗ ਵਿੱਚ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਉੱਤਰ ਪ੍ਰਦੇਸ਼, ਉੱਤਰਾਖੰਡ, ਬਿਹਾਰ, ਝਾਰਖੰਡ, ਅਸਾਮ, ਤ੍ਰਿਪੁਰਾ, ਉੜੀਸਾ, ਤੇਲੰਗਾਨਾ, ਆਂਧਰਾ ਪ੍ਰਦੇਸ਼, ਕਰਨਾਟਕ, ਤਾਮਿਲਨਾਡੂ, ਕੇਰਲ, ਮਹਾਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼ ਅਤੇ ਛੱਤੀਸਗੜ ਦੀਆਂ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।

# 'ਆਸਰਾ ਫ਼ਾਊਂਡੇਸ਼ਨ' ਅਮਰੀਕਾ ਵੱਲੋਂ ਈਸ਼ਰਵਾਲ ਪਿੰਡ ਵਿਖੇ ਲਗਾਇਆ ਅੱਖਾਂ ਦਾ ਮੁਫ਼ਤ ਜਾਂਚ ਕੈਂਪ

## ਡਾ. ਪਰਮਿੰਦਰ ਸਿੰਘ ਨੇ ਆਪਣੀ ਟੀਮ ਸਮੇਤ 250 ਦੇ ਕਰੀਬ




## ਲੋਕਾਂ ਦੀਆਂ ਅੱਖਾਂ ਕੀਤੀ ਜਾਂਚ

**ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ** :- ਮਾਨਵਤਾ ਦੀ ਸੇਵਾ ਲਈ ਵਿਸ਼ੇਸ਼ ਯੋਗਦਾਨ ਦੇ ਰਹੀ ਸਮਾਜ ਸੇਵੀ 'ਆਸਰਾ ਫਾਊਂਡੇਸ਼ਨ' ਅਮਰੀਕਾ ਵੱਲੋਂ ਈਸ਼ਰਵਾਲ ਪਿੰਡ ਵਿਖੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਇਸ ਦੌਰਾਨ ਕਰੀਬ 200-250 ਲੋਕਾਂ ਨੇ ਕੈਂਪ ਦਾ ਲਾਭ ਲਿਆ। ਇਸ ਸੰਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਸੰਸਥਾਪਕ ਅਰਵਿੰਦਰ ਸਿੰਘ ਨੇ ਦੱਸਿਆ ਕਿ ਥਿੰਦ ਅੱਖਾਂ ਦੇ ਹਸਪਤਾਲ ਅਤੇ ਆਸਰਾ ਸੰਸਥਾ ਵੱਲੋਂ ਪਿੰਡ ਈਸ਼ਰਵਾਲ ਵਿਖੇ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਇਸ ਮੌਕੇ 'ਤੇ ਪਰਵਾਸੀ ਪੰਜਾਬੀਆਂ ਅਤੇ ਸਮੂਹ ਨਗਰ ਨਿਵਾਸੀ (ਸੰਸਥਾ) ਅਤੇ ਪਿੰਡ ਦੀ ਸਰਪੰਚ ਆਸ਼ਾ ਕੁਮਾਰੀ ਵੱਲੋਂ ਆਸਰਾ ਫ਼ਾਊਂਡੇਸ਼ਨ ਇੰਟਰਨੈਸ਼ਨਲ ਸੰਸਥਾ ਦੀ ਸਮੂਹ ਕਾਰਜਕਾਰਨੀ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਸੰਸਥਾ ਦੇ ਨਿਰਦੇਸ਼ਕ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ। ਇਸ ਕੈਂਪ ਵਿੱਚ ਥਿੰਦ ਅੱਖਾਂ ਦੇ ਹਸਪਤਾਲ ਤੋਂ ਅੱਖਾਂ ਦੇ ਮਾਹਿਰ ਡਾ. ਪਰਮਿੰਦਰ ਸਿੰਘ ਨੇ ਆਪਣੀ ਟੀਮ ਨਾਲ ਮਰੀਜ਼ਾਂ ਦੀ ਜਾਂਚ ਕੀਤੀ। ਸੰਸਥਾ ਵੱਲੋਂ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ। ਇਸ ਮੌਕੇ ਸੰਸਥਾ ਦੇ ਅਮਰੀਕਾ ਦੇ ਮੁੱਖ ਪ੍ਰਬੰਧਕ ਤੇ ਮੁੱਖ ਸੇਵਾਦਾਰ ਅਰਵਿੰਦਰ ਸਿੰਘ ਲਾਖਨ ਅਤੇ ਪ੍ਰਬੰਧਕ ਨਿਰਦੇਸ਼ਕ ਜੋਗਿੰਦਰ ਸਿੰਘ, ਸੁਰਿੰਦਰ ਖੁਰਾਣਾ, ਰਵਿੰਦਰ ਕੌਰ, ਜਤਿੰਦਰ ਸਿੰਘ, ਰਸ਼ਮਿੰਦਰ ਸਿੰਘ, ਵਰਿੰਦਰ ਸਿੰਘ ਨਰਵਾਲ, ਸ਼ਵਿੰਦਰ ਕੌਰ ਪਰਮਾਰ ਨੇ ਵਿਸ਼ੇਸ਼ ਸਹਿਯੋਗ ਦਿੱਤਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਸ਼੍ਰੋਮਣੀ ਅਕਾਲੀ ਦਲ ਦੀ ਵੱਡੀ ਹਾਰ ਨੂੰ ਦੇਖਦਿਆਂ ਸਿੱਖ ਭਾਵਨਾਵਾਂ ਦੀ ਤਰਜਮਾਨੀ ਬਰਕਰਾਰ ਰੱਖਣ ਲਈ ਦਿੱਲੀ ਵਿਖੇ ਪੰਥਕ ਫ਼ੈਡਰੇਸ਼ਨ ਦੀ ਹੋਵੇਗੀ ਕਾਇਮੀ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖ਼ਾਲਸਾ:-** ਪੰਜਾਬ ਵਿਧਾਨਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਵੱਡੀ ਲੀਡਰਸ਼ਿਪ ਸਣੇ 96 ਫ਼ੀਸਦੀ ਉਮੀਦਵਾਰਾਂ ਦੀ ਹੋਈ ਹਾਰ ਤੋਂ ਬਾਅਦ ਪੰਥਕ ਸਫ਼ਿਆਂ ਵਿੱਚ ਮਾਯੂਸੀ ਪਾਈ ਜਾ ਰਹੀ ਹੈ। ਜਾਗੋ ਪਾਰਟੀ ਨੇ ਪੰਥਕ ਸਫ਼ਿਆਂ ਵਿੱਚ ਪਾਈ ਜਾ ਰਹੀ ਇਸ ਬੇਚੈਨੀ ਨੂੰ ਮਹਿਸੂਸ ਕਰਦਿਆਂ ਆਪਣੇ ਅਹੁਦੇਦਾਰਾਂ ਤੇ ਕਾਰਕੁੰਨਾ ਦੀ ਹੰਗਾਮੀ ਮੀਟਿੰਗ ਸੱਦ ਕੇ ਦਿੱਲੀ ਵਿੱਚ ਸਮੂਹ ਪੰਥਕ ਪਾਰਟੀਆਂ ਦੀ 'ਪੰਥਕ ਫ਼ੈਡਰੇਸ਼ਨ' ਬਨਾਉਣ ਦਾ ਐਲਾਨ ਕੀਤਾ ਹੈ। ਜਾਗੋ ਪਾਰਟੀ ਦੇ ਮੋਢੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਬਾਦਲਾਂ ਕਰਕੇ ਅਕਾਲੀ ਦਲ ਦੀ ਹੋਈ ਦੁਰਗਤੀ ਬਾਰੇ ਬੋਲਦਿਆਂ ਕਿਹਾ ਕਿ ਸਾਡਾ ਬਾਦਲ ਨਾਲ਼ ਕੋਈ ਲੈਣ-ਦੇਣ ਨਹੀਂ ਹੈ, ਲੇਕਿਨ ਅਕਾਲੀ ਦਲ ਨਹੀਂ ਮਰਨ ਨਹੀਂ ਦੇਣਾ ਚਾਹੀਦਾ, ਸਾਡੀ ਇਹ ਸੋਚ ਹੈ। ਸਿੱਖ ਭਾਵਨਾਵਾਂ ਦੀ ਤਰਜਮਾਨੀ ਬਰਕਰਾਰ ਰੱਖਣ ਵਾਸਤੇ ਸਮੂਹ ਪੰਥਕ ਪਾਰਟੀਆਂ ਦੀ ਵਿਚਾਰਕ ਸ਼ਮੂਲੀਅਤ ਲਈ ਜਾਗੋ ਪਾਰਟੀ ਇਹ ਪਹਿਲ ਕਰਨ ਜਾ ਰਹੀ ਹੈ। ਰੂਸ ਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਦਾ ਹਵਾਲਾ ਦਿੰਦੇ ਹੋਏ ਜੀ.ਕੇ. ਨੇ ਕਿਹਾ ਕਿ ਤਾਕਤਵਰ ਦੇਸ਼ ਰੂਸ ਨੂੰ ਯੂਕਰੇਨ ਦਾ 'ਨਾਟੋ' ਮੁਲਕਾਂ ਦੀ ਸੂਚੀ ਵਿੱਚ ਸ਼ਾਮਲ ਹੋਣਾ ਮਨਜ਼ੂਰ ਨਹੀਂ ਹੈ। ਕਿਉਂਕਿ 'ਨਾਟੋ' ਮੁਲਕਾਂ ਦੀ ਏਕਤਾ ਦੇ ਸਾਹਮਣੇ ਰੂਸ ਦਾ ਕੱਦ ਛੋਟਾ ਪੈ ਜਾਂਦਾ ਹੈ। ਇਸ ਲਈ ਸਾਨੂੰ ਵੀ ਸਿੱਖਾਂ ਦਾ ਅੱਜ ਆਪਣਾ 'ਨਾਟੋ' ਬਣਾਉਣ ਦੀ ਲੋੜ ਹੈ। ਕਿਉਂਕਿ ਦਿੱਲੀ ਵਿੱਚ ਅਕਾਲੀ ਦਲ ਦੇ ਨਾਮ ਉੱਤੇ 2021 ਵਿੱਚ ਦਿੱਲੀ ਕਮੇਟੀ ਚੋਣਾਂ ਵਿੱਚ ਵੋਟਾਂ ਮੰਗਣ ਵਾਲੀ ਲੀਡਰਸ਼ਿਪ ਹੁਣ ਆਪਣੀਆਂ ਪਤਨੀਆਂ ਨੂੰ ਕੌਂਸਲਰ ਦੀਆਂ ਟਿਕਟਾਂ ਦਿਵਾਉਣ ਲਈ ਭਾਜਪਾ ਦੀ ਝੋਲੀ ਚੁੱਕ ਬਣ ਗਈ ਹੈਂ। ਇਹ ਆਪਣੇ ਨਿੱਜੀ ਮੁਫ਼ਾਦਾਂ ਦੇ ਨਾਲ਼ ਪੰਥ ਦੇ ਮਾਮਲੇ ਸਰਕਾਰਾਂ ਪਾਸੋਂ ਕਿਵੇਂ ਹੱਲ ਕਰਵਾ ਸਕਦੇ ਹਨ ?

ਜੀ.ਕੇ. ਨੇ ਮਾਸਟਰ ਤਾਰਾ ਸਿੰਘ ਵੱਲੋਂ ਜਥੇਦਾਰ ਸੰਤੋਖ ਸਿੰਘ ਦੇ ਨਾਲ਼ ਰਲ਼ ਕੇ ਦਿੱਲੀ ਵਿੱਚ 1950 ਵਿੱਚ ਅਕਾਲੀ ਜੱਥੇ ਦੀ ਕੀਤੀ ਗਈ ਕਾਇਮੀ ਨੂੰ ਚੇਤੇ ਕਰਦਿਆਂ ਕਿਹਾ ਕਿ ਅਸੀਂ ਸੁਪਨਾ ਨਹੀਂ ਲੈ ਸਕਦੇ, ਜਿਨਾਂ ਕੰਮ ਦਿੱਲੀ ਵਿੱਚ ਅਕਾਲੀ ਦਲ ਦੀ ਹੋਂਦ ਤੋਂ ਬਾਅਦ ਗੁਰਦੁਆਰਾ ਸਾਹਿਬਾਨਾਂ, ਸਕੂਲਾਂ, ਕਾਲਜਾਂ ਦੀ ਸਥਾਪਤੀ ਤੋਂ ਲੈਕੇ ਕੌਮੀ ਸੁਧਾਰਾਂ ਦਾ ਹੋਇਆ ਹੈ। ਪਰ ਅਕਾਲੀ ਦਲ ਦਾ ਇਸ ਤਰੀਕੇ ਨਾਲ਼ ਹਾਸ਼ੀਏ 'ਤੇ ਆਉਣਾ ਸਿੱਖ ਇਤਿਹਾਸ ਦਾ ਕਾਲ਼ਾ ਅਧਿਆਇ ਹੈ। ਅਸੀਂ ਸਾਰੇ ਅਕਾਲੀ ਹਾਂ, ਇਸ ਲਈ ਅਕਾਲੀ ਦਲ ਨੂੰ ਬਚਾਉਣ ਵਾਸਤੇ ਮੈਂ ਹਰ ਕੁਰਬਾਨੀ



ਦੇਣ ਲਈ ਤਿਆਰ ਹਾਂ। ਇਸ ਲਈ ਮੈਂ ਦਿੱਲੀ ਵਿੱਚ ਸਾਰੀਆਂ ਪੰਥਕ ਪਾਰਟੀਆਂ ਨੂੰ ਇੱਕਜੁੱਟ ਕਰਕੇ 'ਪੰਥਕ ਫ਼ੈਡਰੇਸ਼ਨ' ਬਣਾਉਣ ਦਾ ਫ਼ੈਸਲਾ ਕੀਤਾ ਹੈ। ਮੈਂ ਖ਼ੁਦ ਚੱਲ ਕੇ ਉਨਾਂ ਸਾਰੇ ਪਾਰਟੀ ਪ੍ਰਧਾਨਾਂ ਕੋਲ਼ ਜਾਵਾਂਗਾ ਜਿਨਾਂ ਖ਼ਿਲਾਫ਼ ਅਸੀਂ ਸ਼ਰੇਆਮ ਚੋਣਾਂ ਲੜਦੇ ਹਾਂ, ਤਾਂਕਿ ਅਸੀਂ ਵਿਚਾਰਧਾਰਕ ਪਰਿਪੇਖ ਨੂੰ ਲੈਕੇ ਪੰਥ ਨੂੰ ਦਿਸ਼ਾ ਤੇ ਦਸ਼ਾ ਲੈਣ ਲਈ 'ਪੰਥਕ ਫ਼ੈਡਰੇਸ਼ਨ' ਦੇ ਬੈਨਰ ਹੇਠ ਉਸਾਰੂ ਫ਼ੈਸਲੇ ਲੈਣ ਵਾਸਤੇ ਸਰਕਾਰਾਂ ਨੂੰ ਮਜ਼ਬੂਰ ਕਰ ਸਕੀਏ। ਜੀ.ਕੇ. ਨੇ ਫ਼ੈਡਰੇਸ਼ਨ ਵਿੱਚ ਸ਼ਾਮਲ ਹੋਣ ਲਈ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਬਾਦਲ ਦਲ ਦੇ ਵੱਡੇ ਆਗੂ ਅਵਤਾਰ ਸਿੰਘ ਹਿੱਤ, ਕੇਂਦਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਤਰਵਿੰਦਰ ਸਿੰਘ ਮਰਵਾਹਾ, ਪੰਥਕ ਅਕਾਲੀ ਲਹਿਰ ਦੇ ਮੋਢੀ ਭਾਈ ਰਣਜੀਤ ਸਿੰਘ, ਸਿੱਖ ਸਦਭਾਵਨਾ ਦਲ ਦੇ ਮੁਖੀ ਭਾਈ ਬਲਦੇਵ ਸਿੰਘ ਵਡਾਲਾ ਦੇ ਨਾਲ਼ ਹੀ ਅਕਾਲੀ ਦਲ ਮਾਸਟਰ ਤਾਰਾ ਸਿੰਘ, ਅਕਾਲੀ ਦਲ ਅੰਮ੍ਰਿਤਸਰ, ਨੈਸ਼ਨਲ ਅਕਾਲੀ ਦਲ, ਆਮ ਅਕਾਲੀ ਦਲ, ਪੰਥਕ ਸੇਵਾ ਦਲ ਆਦਿਕ ਦੇ ਆਗੂਆਂ ਨੂੰ ਵੀ ਮਿਲਣ ਦਾ ਐਲਾਨ ਕੀਤਾ। ਜਾਗੋ ਪਾਰਟੀ ਦੇ ਸਕੱਤਰ ਜਨਰਲ ਡਾਕਟਰ ਪਰਮਿੰਦਰ ਪਾਲ ਸਿੰਘ ਨੇ ਇਸ ਮੌਕੇ ਸਟੇਜ ਦੀ ਸੇਵਾ ਸੰਭਾਲਦੇ ਹੋਏ ਫ਼ੈਡਰੇਸ਼ਨ ਬਣਾਉਣ ਦੇ ਮਤੇ ਬਾਰੇ ਇੱਕਠ ਤੋਂ ਪ੍ਰਵਾਨਗੀ ਲਈ। ਇਸ ਮੌਕੇ ਦਿੱਲੀ ਕਮੇਟੀ ਮੈਂਬਰ ਮਹਿੰਦਰ ਸਿੰਘ, ਸਤਨਾਮ ਸਿੰਘ, ਜਾਗੋ ਪਾਰਟੀ ਆਗੂ ਬੀਬੀ ਮਨਦੀਪ ਕੌਰ ਬਖ਼ਸ਼ੀ, ਡਾਕਟਰ ਅਵਨੀਤ ਕੌਰ ਭਾਟੀਆ, ਪਰਮਜੀਤ ਸਿੰਘ ਮਕੜ, ਮੋਹਨ ਸਿੰਘ, ਕੁਲਵਿੰਦਰ ਸਿੰਘ, ਰਵਿੰਦਰ ਸਿੰਘ ਤੇ ਸਮਾਜਿਕ ਕਾਰਕੁੰਨ ਜਗਜੀਤ ਸਿੰਘ ਮੁਦੜ ਨੇ ਆਪਣੇ ਵਿਚਾਰ ਰੱਖੇ।

## ਆਪ ਪਾਰਟੀ ਦੇ 8 ਮੈਂਬਰ ਰਾਜ ਸਭਾ ਵਿੱਚ ਜਾਣਗੇ

**ਚੰਡੀਗੜ/ਏ.ਟੀ.ਨਿਊਜ਼:-** ਪੰਜਾਬ ਵਿਧਾਨ ਸਭਾ ਚੋਣਾਂ ਦੀ ਜਿੱਤ ਨਾਲ਼ ਆਪ ਪਾਰਟੀ ਦੀ ਰਾਜ ਸਭਾ ਵਿੱਚ ਵੀ ਤਾਕਤ ਵਧੇਗੀ। ਮੰਨਿਆ ਜਾ ਰਿਹਾ ਹੈ ਕਿ ਪਾਰਟੀ ਦੇ ਸੱਤ ਮੈਂਬਰ ਰਾਜ ਸਭਾ ਵਿੱਚ ਜਾ ਸਕਦੇ ਹਨ। ਚੋਣ ਕਮਿਸ਼ਨ ਨੇ ਪੰਜਾਬ ਦੀਆਂ ਪੰਜ ਰਾਜ ਸਭਾ ਸੀਟਾਂ ਲਈ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਦੱਸ ਦਈਏ ਕਿ ਪੰਜਾਬ ਤੋਂ ਚੁਣੇ ਗਏ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ, ਪ੍ਰਤਾਪ ਸਿੰਘ ਬਾਜਵਾ, ਸ਼ਵੇਤ ਮਲਿਕ, ਨਰੇਸ਼ ਗੁਜਰਾਲ ਤੇ ਸ਼ਮਸ਼ੇਰ ਸਿੰਘ ਦੂਲੋ ਦੇ ਕਾਰਜਕਾਲ ਦੀ ਮਿਆਦ 9 ਅਪ੍ਰੈਲ ਨੂੰ ਖ਼ਤਮ ਹੋਣ ਜਾ ਰਹੀ ਹੈ। ਦੋ ਮੈਂਬਰਾਂ ਦਾ ਕਾਰਜਕਾਲ ਜੁਲਾਈ ਵਿੱਚ ਖ਼ਤਮ ਹੋਣ ਜਾ ਰਿਹਾ ਹੈ। ਬਹੁਮਤ ਮੁਤਾਬਕ ਇਸ ਵੇਲੇ 'ਆਪ' ਸੱਤ ਸੀਟਾਂ 'ਤੇ ਚੋਣ ਜਿੱਤਣ ਦੀ ਗੁੰਜਾਇਸ਼ ਰੱਖਦੀ ਹੈ, ਜਦਕਿ ਇਸ ਵੇਲੇ ਵਿਧਾਨ ਸਭਾ ਵਿੱਚ ਕਾਂਗਰਸ ਕੋਲ਼ 18, ਸ਼੍ਰੋਮਣੀ ਅਕਾਲੀ ਦਲ ਕੋਲ਼ ਤਿੰਨ, ਭਾਜਪਾ ਕੋਲ਼ ਦੋ ਤੇ ਬਸਪਾ ਕੋਲ਼ ਸਿਰਫ਼ ਇੱਕ ਮੈਂਬਰ ਹੈ। ਉੱਧਰ, ਸ਼੍ਰੋਮਣੀ ਅਕਾਲੀ ਦਲ ਨੂੰ ਵਿਧਾਨ ਸਭਾ ਚੋਣਾਂ 'ਚ ਮਿਲੀ ਕਰਾਰੀ ਹਾਰ ਦੇ ਨਾਲ਼-ਨਾਲ਼ ਹੁਣ ਰਾਜ ਸਭਾ ਵਿੱਚੋਂ ਵੀ ਪਾਰਟੀ ਦੇ ਤਿੰਨ ਮੈਂਬਰਾਂ ਦੀ ਮਿਆਦ ਅਪ੍ਰੈਲ ਤੇ ਜੁਲਾਈ ਵਿੱਚ ਖ਼ਤਮ ਹੋਣ ਜਾ ਰਹੀ ਹੈ। ਇਨਾਂ ਦੇ ਮੁੜ ਚੁਣੇ ਜਾਣ ਦੀ ਵੀ ਕੋਈ ਆਸ ਨਹੀਂ। ਇਹੀ ਹਾਲ ਕਾਂਗਰਸ ਪਾਰਟੀ ਦਾ ਹੈ, ਕਾਂਗਰਸ ਦੇ ਤਿੰਨ ਮੈਂਬਰਾਂ ਤੇ ਭਾਜਪਾ ਦੇ ਇੱਕ ਮੈਂਬਰ ਦੀ ਮਿਆਦ ਵੀ ਪੁੱਗਣ ਵਾਲੀ ਹੈ। ਸੂਬੇ ਵਿੱਚ ਅੱਜ ਤੱਕ ਸਭ ਤੋਂ ਵੱਧ ਸੀਟਾਂ ਜਿੱਤਣ ਵਾਲੀ 'ਆਪ' ਨੂੰ ਹੁਣ ਰਾਜ ਸਭਾ ਵਿੱਚ ਵੀ ਵੱਡੀ ਤਾਕਤ ਮਿਲਣ ਦੀ ਆਸ ਬੱਝੀ ਹੈ।

**ਕਦੋਂ ਹੋਏਗੀ ਚੋਣ**

14 ਮਾਰਚ ਨੂੰ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਹੋਣ ਦੇ ਨਾਲ਼ ਹੀ ਨਾਮਜ਼ਦਗੀਆਂ ਭਰਨ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ। ਨਾਮਜ਼ਦਗੀਆਂ ਭਰਨ ਦੀ ਆਖ਼ਰੀ ਮਿਤੀ 21 ਮਾਰਚ ਹੈ। ਨਾਮਜ਼ਦਗੀਆਂ ਦੀ ਪੜਤਾਲ 22 ਮਾਰਚ ਨੂੰ ਕੀਤੀ ਜਾਵੇਗੀ ਤੇ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਆਖ਼ਰੀ ਮਿਤੀ 24 ਮਾਰਚ ਹੈ। ਵੋਟਾਂ 31 ਮਾਰਚ ਨੂੰ ਪੈਣਗੀਆਂ । ਉਨਾਂ ਕਿਹਾ ਕਿ ਚੋਣਾਂ ਦਾ ਅਮਲ 2 ਅਪ੍ਰੈਲ ਤੋਂ ਪਹਿਲਾਂ ਮੁਕੰਮਲ ਕੀਤਾ ਜਾਵੇਗਾ।

## ਸਾਬਕਾ ਮੰਤਰੀਆਂ ਤੇ ਵਿਧਾਇਕਾਂ ਦੀ ਸੁਰੱਖਿਆ ਵਾਪਸ ਹੋਵੇਗੀ

### ਆਪ ਪਾਰਟੀ ਨੇ ਸੱਤਾ ਵਿੱਚ ਆਉਂਦੇ ਕੀਤਾ ਫ਼ੈਸਲਾ

**ਚੰਡੀਗੜ-**ਪੰਜਾਬ ਵਿੱਚ ਆਪ ਪਾਰਟੀ ਦੇ ਸੱਤਾ ਵਿੱਚ ਆਉਂਦੇ ਹੀ ਸਾਬਕਾ ਮੰਤਰੀਆਂ ਤੇ ਵਿਧਾਇਕਾਂ ਦੀ ਸੁਰੱਖਿਆ ਵਾਪਸ ਲੈਣ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਇਸ ਸੰਬੰਧੀ ਪੰਜਾਬ ਦੇ ਏ.ਡੀ.ਜੀ.ਪੀ. (ਸੁਰੱਖਿਆ) ਵੱਲੋਂ ਸੂਬੇ ਦੇ ਸਮੂਹ ਪੁਲਿਸ ਅਧਿਕਾਰੀਆਂ ਨੂੰ ਲਿਖਤੀ ਹੁਕਮ ਜਾਰੀ ਕੀਤੇ ਗਏ ਹਨ। ਜਾਰੀ ਸੂਚੀ ਅਨੁਸਾਰ ਸਾਬਕਾ ਕੈਬਨਿਟ ਮੰਤਰੀ ਮਨਪ੍ਰੀਤ ਬਾਦਲ, ਰਾਜ ਕੁਮਾਰ ਵੇਰਕਾ, ਭਾਰਤ ਭੂਸ਼ਣ ਆਸ਼ੂ, ਬ੍ਰਹਮ ਮਹਿੰਦਰਾ, ਸੰਗਤ ਸਿੰਘ ਗਿਲਜੀਆਂ, ਰਣਦੀਪ ਸਿੰਘ ਨਾਭਾ, ਰਜ਼ੀਆ ਸੁਲਤਾਨਾ, ਗੁਰਪ੍ਰੀਤ ਸਿੰਘ ਕਾਂਗੜ, ਪਰਗਟ ਸਿੰਘ, ਅਮਰਿੰਦਰ ਸਿੰਘ, ਰਾਜਾ ਵੜਿੰਗ, ਅਰੁਨਾ ਚੌਧਰੀ, ਰਾਣਾ ਗੁਰਜੀਤ ਸਿੰਘ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁਖਬਿੰਦਰ ਸਿੰਘ ਸਰਕਾਰੀਆ (ਸਾਰੇ ਸਾਬਕਾ ਮੰਤਰੀ), ਸਾਬਕਾ ਡਿਪਟੀ ਸਪੀਕਰ ਵਿਧਾਨ ਸਭਾ ਅਜਾਇਬ ਸਿੰਘ ਭੱਟੀ, ਸਾਬਕਾ ਵਿਧਾਨ ਸਭਾ ਸਪੀਕਰ ਰਾਣਾ ਕੇ.ਪੀ ਸਿੰਘ, ਇਸੇ ਤਰਾਂ ਬਰਿੰਦਰਮੀਤ ਸਿੰਘ ਪਾਹੜਾ, ਸੁਖਪਾਲ ਸਿੰਘ ਭੁੱਲਰ, ਕੁਲਜੀਤ ਸਿੰਘ ਨਾਗਰਾ, ਕੁਸ਼ਲਦੀਪ ਸਿੰਘ (ਕਿੱਕੀ ਢਿੱਲੋਂ), ਸੁਨੀਲ ਦੱਤੀ, ਕੁਲਦੀਪ ਸਿੰਘ ਵੈਦ, ਸੰਜੇ ਤਲਵਾੜ, ਸੁਖਵਿੰਦਰ ਸਿੰਘ ਡੈਨੀ, ਹਰਪ੍ਰਤਾਪ ਸਿੰਘ ਅਜਨਾਲ਼ਾ, ਸੰਤੋਖ ਸਿੰਘ, ਜਗਦੇਵ ਸਿੰਘ ਕਮਾਲੂ, ਪਿਰਮਲ ਸਿੰਘ, ਰਜਿੰਦਰ ਬੇਰੀ, ਅਮਿਤ ਵਿੱਜ, ਹਰਜੋਤ ਕਮਲ ਸਿੰਘ, ਹਰਮਿੰਦਰ ਸਿੰਘ ਗਿੱਲ, ਮਦਨ ਲਾਲ ਜਲਾਲਪੁਰ, ਨੱਥੂ ਰਾਮ, ਸਤਿਕਾਰ ਕੌਰ ਗਹਿਰੀ, ਦਲਵੀਰ ਸਿੰਘ ਗੋਲਡੀ, ਦਰਸ਼ਨ ਲਾਲ, ਦਵਿੰਦਰ ਸਿੰਘ ਘੁਬਾਇਆ, ਹਰਦਿਆਲ ਸਿੰਘ ਕੰਬੋਜ, ਇੰਦੂਬਾਲਾ, ਨਾਜਰ ਸਿੰਘ ਮਾਨਸ਼ਾਹੀਆ, ਰਾਜਿੰਦਰ ਸਿੰਘ, ਰਾਕੇਸ਼ ਪਾਂਡੇ, ਰਮਨਜੀਤ ਸਿੰਘ ਸਿੱਕੀ, ਸੁਖਜੀਤ ਸਿੰਘ ਕਾਕਾ, ਸੁਰਿੰਦਰ ਕੁਮਾਰ ਡਾਵਰ, ਸੁਸ਼ੀਲ ਕੁਮਾਰ ਰਿੰਕੂ, ਤਰਸੇਮ ਸਿੰਘ (ਡੀ.ਸੀ.), ਬਲਵਿੰਦਰ ਸਿੰਘ ਲਾਡੀ, ਜੋਗਿੰਦਰਪਾਲ, ਇੰਦਰਬੀਰ ਸਿੰਘ ਬੁਲਾਰੀਆ, ਰਮਿੰਦਰ ਸਿੰਘ ਆਵਲਾ, ਅਮਰੀਕ ਸਿੰਘ ਢਿੱਲੋਂ, ਅਰੁਣ ਕੁਮਾਰ ਡੋਗਰਾ, ਚੌਧਰੀ ਸੁਰਿੰਦਰ ਸਿੰਘ, ਧਰਮਬੀਰ ਅਗਨੀਹੋਤਰੀ, ਨਿਰਮਲ ਸਿੰਘ ਸ਼ਤਰਾਣਾ, ਪਵਨ ਕੁਮਾਰ ਟੀਨੂੰ, ਪ੍ਰੀਤਮ ਸਿੰਘ ਕੋਟਭਾਈ, ਰੁਪਿੰਦਰ ਕੌਰ ਰੂਬੀ, ਅੰਗਦ ਸਿੰਘ, ਅਰੁਣ ਨਾਰੰਗ, ਦਿਨੇਸ਼ ਸਿੰਘ, ਜਗਤਾਰ ਸਿੰਘ ਜੱਗਾ, ਕੰਵਰ ਸੰਧੂ, ਅਮਰਜੀਤ ਸਿੰਘ ਸੰਦੋਆ, ਹਰਵਿੰਦਰ ਸਿੰਘ ਫੂਲਕਾ, ਗੁਰਪ੍ਰਤਾਪ ਸਿੰਘ ਵਡਾਲਾ, ਬਲਦੇਵ ਸਿੰਘ ਖਹਿਰਾ, ਦਿਲਰਾਜ ਸਿੰਘ, ਕੰਵਰਜੀਤ ਸਿੰਘ, ਤਰਲੋਚਨ ਸਿੰਘ, ਵੀਰ ਸਿੰਘ ਲੋਪੋਕੇ, ਜਗਬੀਰ ਸਿੰਘ ਬਰਾੜ, ਅਜੀਤ ਇੰਦਰ ਸਿੰਘ ਮੋਫਰ, ਚਰਨਜੀਤ ਕੌਰ ਬਾਜਵਾ, ਗੁਰਚਰਨ ਸਿੰਘ ਬੋਪਾਰਾਏ, ਹਰਚੰਦ ਕੌਰ, ਕਰਨ ਕੌਰ ਬਰਾੜ, ਮਹੇਸ਼ਇੰਦਰ ਸਿੰਘ ਗਰੇਵਾਲ, ਰਾਜਵਿੰਦਰ ਕੌਰ, ਸਵਰਨ ਸਿੰਘ ਫਿਲੌਰ, ਸੀਮਾ ਦੇਵੀ, ਅਮਰਪਾਲ ਸਿੰਘ ਅਜਨਾਲ਼ਾ, ਅਵਿਨਾਸ਼ ਚੰਦਰ, ਦੀਪ ਮਲਹੋਤਰਾ, ਦੇਸ ਰਾਜ ਧੁੱਗਾ, ਹਰਪ੍ਰੀਤ ਸਿੰਘ ਕੋਟਭਾਈ, ਇਕਬਾਲ ਸਿੰਘ ਝੂੰਦਾਂ, ਜੋਗਿੰਦਰਪਾਲ ਜੈਨ, ਮਨਤਾਰ ਸਿੰਘ ਬਰਾੜ, ਪ੍ਰੇਮ ਮਿੱਤਲ, ਵਰਿੰਦਰ ਕੌਰ, ਵਿਰਸਾ ਸਿੰਘ ਵਲਟੋਹਾ, ਗੋਬਿੰਦ ਸਿੰਘ ਲੌਂਗੋਵਾਲ, ਸੁਰਿੰਦਰ ਸਿੰਘ, ਲਖਵੀਰ ਸਿੰਘ ਰੰਧਾਵਾ ਤੇ ਜਸਬੀਰ ਸਿੰਘ (ਸਾਰੇ ਸਾਬਕਾ ਵਿਧਾਇਕ) ਦੇ ਨਾਂਅ ਸ਼ਾਮਿਲ ਹਨ । ਹੁਕਮਾਂ ਅਨੁਸਾਰ ਕੁੱਲ 122 ਸਾਬਕਾ ਮੰਤਰੀਆਂ ਤੇ ਵਿਧਾਇਕਾਂ ਦੀ ਸੁਰੱਖਿਆ ਵਾਪਸ ਲੈਣ ਦੇ ਹੁਕਮ ਜਾਰੀ ਕੀਤੇ ਗਏ ਹਨ । ਹੁਕਮਾਂ 'ਚ ਕਿਹਾ ਗਿਆ ਹੈ ਕਿ ਇਨਾਂ ਮੰਤਰੀਆਂ ਅਤੇ ਵਿਧਾਇਕਾਂ ਦੀ ਸੁਰੱਖਿਆ ਵਾਪਸ ਲੈ ਕੇ ਸੰਬੰਧਿਤ ਯੂਨਿਟ ਨੂੰ ਤੁਰੰਤ ਸੂਚਿਤ ਕੀਤਾ ਜਾਵੇ । ਇਸ ਦੇ ਨਾਲ਼ ਹੀ ਕਿਹਾ ਗਿਆ ਹੈ ਕਿ ਜਿਨਾਂ ਮੰਤਰੀਆਂ ਅਤੇ ਵਿਧਾਇਕਾਂ ਨੂੰ ਅਦਾਲਤ ਦੇ ਹੁਕਮਾਂ 'ਤੇ ਸੁਰੱਖਿਆ ਦਿੱਤੀ ਗਈ ਸੀ, ਉਸ ਨੂੰ ਵਾਪਸ ਨਾ ਲਿਆ ਜਾਵੇ। ਦੂਜੇ ਪਾਸੇ ਜੇਕਰ ਕਿਸੇ ਸਾਬਕਾ ਮੰਤਰੀ ਜਾਂ ਵਿਧਾਇਕ ਨੂੰ ਸੁਰੱਖਿਆ ਦੇ ਖ਼ਤਰੇ ਬਾਰੇ ਪਤਾ ਲੱਗਦਾ ਹੈ ਤਾਂ ਉਸ ਦੀ ਸੁਰੱਖਿਆ ਵਾਪਸ ਲੈਣ ਤੋਂ ਪਹਿਲਾਂ ਏ.ਡੀ.ਜੀ.ਪੀ. (ਸੁਰੱਖਿਆ) ਤੋਂ ਕਲੀਅਰੈਂਸ ਲੈ ਲਈ ਜਾਵੇ ।

## 'ਚੋਰ ਕੀ ਹਾਮਾ ਭਰੇ ਨ ਕੋਇ' ਦੀ ਰੋਸ਼ਨੀ ਵਿੱਚ

### ਬਾਦਲ-ਹਮਾਇਤੀ ਬਾਬਿਆਂ ਦਾ ਵੀ ਬਾਈਕਾਟ ਕਰੀਏ- ਦੁਪਾਲਪੁਰ



**ਸੈਨਹੋਜ਼ੇ:** ਪੰਜਾਬ ਦੇ ਵੋਟਰਾਂ ਵੱਲੋਂ, ਦੁਨੀਆ ਭਰ ਵਿੱਚ ਸਿੱਖ ਜਥੇਬੰਦੀ ਅਕਾਲੀ ਦਲ ਨੂੰ ਨਮੋਸ਼ੀ ਦਿਵਾਉਣ ਵਾਲ਼ੇ ਬਾਦਲ ਦਲੀਆਂ ਨੂੰ ਝਾੜੂ ਲਾ ਕੇ ਕੂੜੇ-ਕਰਕਟ ਵਾਂਗ ਹੂੰਝ ਸੁੱਟਣ ਉੱਤੇ ਪ੍ਰਤੀਕਿਰਿਆ ਦਿੰਦਿਆਂ ਪਰਵਾਸੀ ਲੇਖਕ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਤਰਲੋਚਨ ਸਿੰਘ ਦੁਪਾਲਪੁਰ ਨੇ ਇੱਕ ਲਿਖਤ ਰਾਹੀਂ ਵੋਟਾਂ ਤੋਂ ਪਹਿਲਾਂ ਚੋਣ ਪ੍ਰਚਾਰ ਦੌਰਾਨ ਪੰਜਾਬ ਦੇ ਕਈ ਡੇਰੇਦਾਰ ਬਾਬਿਆਂ ਵੱਲੋਂ ਅਕਾਲੀ ਦਲ (ਅਸਲ 'ਚ ਬਾਦਲ ਦਲ)

ਨੂੰ ਹਮਾਇਤ ਦੇਣ ਦੇ ਮੰਦਭਾਗੀ ਵਰਤਾਰੇ ਉੱਤੇ ਟਿੱਪਣੀ ਕੀਤੀ ਹੈ। 'ਚੋਰ ਕੀ ਹਾਮਾ ਭਰੇ ਨ ਕੋਇ। ਚੋਰ ਕੀਆ ਚੰਗਾ ਕਿਉ ਹੋਇ।' ਵਾਲੇ ਗੁਰਵਾਕ ਦਾ ਹਵਾਲਾ ਦਿੰਦਿਆਂ ਉਨਾਂ ਲਿਖਿਆ ਹੈ ਕਿ ਪੰਜਾਬ ਦੀ ਰੱਬ ਰੂਪ ਸੰਗਤ ਨੇ ਤਾਂ ਜਿਨਾਂ ਸਿਆਸਤਦਾਨਾਂ ਨੂੰ ਗੋਲਕਾਂ ਦੇ ਲੁਟੇਰੇ ਸਮਝ ਕੇ ਬਹੁਤ ਬੁਰੀ ਤਰਾਂ ਨਕਾਰਿਆ ਹੈ, ਉਨਾਂ ਨੂੰ ਜੇਤੂ ਬਣਾਉਣ ਦਾ ਹਾਮਾਂ

ਭਰਦਿਆਂ ਸੰਤ ਬਾਬਿਆਂ ਨੇ ਆਪਣਾ ਧਾਰਮਿਕ ਅਸਰ ਰਸੂਖ਼ ਵਰਤਿਆ ਸੀ, ਹੁਣ ਸਿੱਖ ਸੰਗਤ ਨੂੰ ਵੀ ਉਨਾਂ ਦਾ ਮੁਕੰਮਲ ਬਾਈਕਾਟ ਕਰਨਾ ਚਾਹੀਦਾ ਹੈ। ਕੌਮ ਦੇ ਧਰਮ ਪ੍ਰਚਾਰਕ ਹੁੰਦਿਆਂ ਹੋਇਆਂ ਜਿਨਾਂ ਡੇਰੇਦਾਰਾਂ ਨੇ ਗੁਰਬਾਣੀ ਨੂੰ ਵੀ ਅਣਗੌਲ਼ਿਆ ਕਰਿਆ ਹੋਵੇ, ਸਿੱਖ ਰਵਾਇਤਾਂ ਮੁਤਾਬਿਕ ਉਹ ਵੀ ਬਰਾਬਰ ਸਜ਼ਾ ਦੇ ਹੱਕਦਾਰ ਹੋਣੇ ਚਾਹੀਦੇ ਹਨ।

ਭਾਈ ਦੁਪਾਲਪੁਰ ਨੇ ਇਸ ਗੱਲੋਂ ਵੱਡੀ ਤਸੱਲੀ ਜ਼ਾਹਰ ਕੀਤੀ ਕਿ ਜਿਵੇਂ ਵੋਟ-ਭੁੱਖ ਕਾਰਨ ਫ਼ਰਲੋ ਤੇ ਲਿਆਂਦੇ ਗਏ ਰਾਮ ਰਹੀਮ ਸਾਧ ਦੇ ਕੁੜਮ ਦੀ ਮਾਲਵੇ ਵਿੱਚ ਜ਼ਮਾਨਤ ਜ਼ਬਤ ਹੋਈ ਹੈ ਇਸੇ ਤਰਾਂ ਕੁਝ ਸਿੱਖ ਡੇਰੇਦਾਰਾਂ ਵੱਲੋਂ ਬਾਦਲਾਂ ਨੂੰ ਵੋਟਾਂ ਪਾਉਣ ਦੀ ਅਪੀਲ ਨੂੰ ਵੀ ਸ਼ਰਧਾਲੂ ਵੋਟਰਾਂ ਨੇ ਵੀ ਪੂਰੀ ਤਰਾਂ ਅਣਗੌਲ਼ਿਆ ਕਰ ਦਿੱਤਾ। ਜਿਸ ਦੇ ਨਤੀਜੇ ਵਜੋਂ ਸਿੱਖ ਸਿਆਸਤ ਦੇ ਵਿਹੜਿਆਂ ਵਿੱਚ ਵੀ ਅਜ਼ਾਦ ਹਵਾਵਾਂ ਰੁਮਕਣ ਦੀ ਆਸ ਬੱਝੀ ਹੈ।

## ਦਿਲਜੀਤ ਵਿਸ਼ਵ ਪੱਧਰ 'ਤੇ ਗਾਇਕੀ ਦਾ ਮੁਜ਼ਾਹਰਾ ਕਰੇਗਾ




**ਮੁੰਬਈ:** ਅਦਾਕਾਰ-ਗਾਇਕ ਤੇ ਗੀਤਕਾਰ ਦਿਲਜੀਤ ਦੋਸਾਂਝ ਨੇ ਹਾਲ ਹੀ ਵਿੱਚ ਇੱਕ ਵਿਸ਼ਵ ਪੱਧਰ ਦੀ ਰਿਕਾਰਡ ਕੰਪਨੀ ਨਾਲ਼ ਕਰਾਰ ਕੀਤਾ ਹੈ, ਜਿਸ ਤਹਿਤ ਦਿਲਜੀਤ ਕੈਨੇਡੀਅਨ ਰੈਪਰ ਟੋਰੀ ਲੇਨਜ਼ ਅਤੇ ਤੰਜ਼ਾਨੀਆ ਦੇ ਕਲਾਕਾਰ ਡਾਇਮੰਡ ਪਲੈਟਨਮਜ਼ ਨਾਲ਼ ਚਾਰ ਗੀਤਾਂ ਵਿੱਚ ਕੰਮ ਕਰੇਗਾ। ਇਹ ਪਹਿਲਾ ਮੌਕਾ ਹੈ ਜਦੋਂ ਦਿਲਜੀਤ ਵਿਸ਼ਵ ਪੱਧਰ 'ਤੇ ਆਪਣੀ ਹਾਜ਼ਰੀ ਲਵਾਏਗਾ। ਦਿਲਜੀਤ ਨੇ ਕਿਹਾ, 'ਮੈਂ ਵਾਰਨਰ ਮਿਊਜ਼ਿਕ ਨਾਲ਼ ਇਹ ਕਰਾਰ ਕਰਕੇ ਬਹੁਤ ਖ਼ੁਸ਼ ਹਾਂ। ਅਸੀਂ ਰਲ਼ ਕੇ ਭਾਰਤੀ ਸੰਗੀਤ ਨੂੰ ਵਿਸ਼ਵ ਪੱਧਰ 'ਤੇ ਨਵੀਆਂ ਬੁਲੰਦੀਆਂ ਤੱਕ ਲਿਜਾਵਾਂਗੇ।' ਇਸ ਕਰਾਰ ਤਹਿਤ ਦਿਲਜੀਤ ਨੇ ਵਿਸ਼ਵ ਪੱਧਰ ਦੇ ਕਲਾਕਾਰਾਂ ਨਾਲ਼ ਰਲ਼ ਕੇ ਕੰਮ ਕਰਨਾ ਵੀ ਸ਼ੁਰੂ ਕਰ ਦਿੱਤਾ ਹੈ। ਦਿਲਜੀਤ ਨੇ ਕਿਹਾ, 'ਮੈਂ ਵਾਰਨਰ ਮਿਊਜ਼ਿਕ ਦੇ ਕੁਝ ਕਲਾਕਾਰਾਂ ਨਾਲ਼ ਕੰਮ ਕਰ ਰਿਹਾ ਹਾਂ, ਜੋ ਵਿਸ਼ਵ ਪੱਧਰ 'ਤੇ ਪਹਿਲਾਂ ਹੀ ਬਾਕਮਾਲ ਕੰਮ ਕਰ ਰਹੇ ਹਨ। ਮੈਂ ਦੁਨੀਆ ਭਰ ਵਿੱਚ ਭਾਰਤੀ ਸੰਗੀਤ ਦੀ ਪਛਾਣ ਕਾਇਮ ਕਰਨ 'ਚ ਆਪਣਾ ਯੋਗਦਾਨ ਪਾ ਕੇ ਬਹੁਤ ਖ਼ੁਸ਼ ਹਾਂ।' ਜ਼ਿਕਰਯੋਗ ਹੈ ਕਿ ਦਿਲਜੀਤ ਨੇ ਹੁਣ ਤੱਕ 13 ਸਟੂਡੀਓ ਐਲਬਮ ਤਿਆਰ ਕੀਤੀਆਂ ਹਨ। ਦਿਲਜੀਤ ਦੀ 2020 ਵਿੱਚ ਆਈ ਐਲਬਮ 'ਜੀ.ਓ.ਏ.ਟੀ' ਨੂੰ ਬਿਲਬੋਰਡ ਦੇ ਗਲੋਬਲ ਚਾਰਟ 'ਤੇ ਵੀ ਦਿਖਾਇਆ ਗਿਆ ਸੀ।

# ਮਾਨ ਦਲ ਚੋਣ ਨਤੀਜਿਆਂ ’ਤੇ ਸੰਤੁਸ਼ਟ ਨਹੀਂ,

## ਕਿਹਾ - ਮੋਦੀ ਨੇ ਈ.ਵੀ.ਐੱਮ. ਰਾਹੀਂ ਆਪਣੀ ਬੀ ਟੀਮ ਨੂੰ ਪੰਜਾਬ ’ਤੇ ਕੀਤਾ ਕਾਬਜ਼

ਮਹਿਲ ਕਲਾਂ : ਵਿਧਾਨ ਸਭਾ ਹਲਕਾ ਮਹਿਲ ਕਲਾਂ ਨਾਲ਼ ਸੰਬੰਧਿਤ ਅਕਾਲੀ ਦਲ (ਅ) ਦੇ ਵਰਕਰਾਂ ਤੇ ਆਗੂਆਂ ਦੀ ਮੀਟਿੰਗ ਗੁਰਜੰਟ ਸਿੰਘ ਕੱਟੂ ਦੀ ਅਗਵਾਈ ਹੇਠ ਗੁਰਦੁਆਰਾ ਪਾਤਸ਼ਾਹੀ ਛੇਵੀਂ ਕਸਬਾ ਮਹਿਲ ਕਲਾਂ ਵਿਖੇ ਹੋਈ। ਇਸ ਮੀਟਿੰਗ ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਹੋਈ ਹਾਰ ਦੇ ਕਾਰਨਾਂ ਦੀ ਸਮੀਖਿਆ ਕੀਤੀ ਗਈ।

ਇਸ ਮੌਕੇ ਗੁਰਜੰਟ ਸਿੰਘ ਕੱਟੂ ਨੇ ਚੋਣ ਨਤੀਜਿਆਂ ਸੰਬੰਧੀ ਸਵਾਲ ਖੜੇ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਾਂਗਰਸ ਤੇ ਖੇਤਰੀ ਪਾਰਟੀਆਂ ਨੂੰ ਖ਼ਤਮ ਕਰਨ ਦੇ ਏਜੰਡੇ ਤਹਿਤ ਈ.ਵੀ.ਐੱਮ. ਦੀ ਮਦਦ ਨਾਲ਼ ਪੰਜਾਬ ਨੂੰ ਆਪਣੀ ਬੀ ਟੀਮ ‘ਆਪ’ ਪਾਰਟੀ ਹਵਾਲੇ ਕਰ ਦਿੱਤਾ ਹੈ। ਮੋਦੀ ਸਰਕਾਰ ਪੰਜਾਬ ਵਿੱਚ ਹਿੰਦੂ ਏਜੰਡੇ ਨੂੰ ਲਾਗੂ ਕਰਕੇ ਪੰਥਕ ਏਜੰਡੇ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਆਪ ਪਾਰਟੀ



ਲੋਕਾਂ ਦੇ ਫ਼ਤਵੇ ਨਾਲ਼ ਨਹੀਂ ਬਲਕਿ ਮੋਦੀ ਦੀ ਰਹਿਮਤ ਤੇ ਈ.ਵੀ.ਐੱਮ. ਮਸ਼ੀਨਾਂ ਦੀ ਮਦਦ ਨਾਲ਼ ਪੰਜਾਬ ’ਤੇ ਕਾਬਜ਼ ਹੋਈ ਹੈ। ‘ਆਪ’ ਸਰਕਾਰ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ, ਨਸ਼ੇ ਖ਼ਤਮ, ਮਾਈਨਿੰਗ ਮਾਫ਼ੀਏ ਤੇ ਬੇਰੁਜ਼ਗਾਰੀ ਵਰਗੀਆਂ ਸਮੱਸਿਆਵਾਂ ਦੇ ਹੱਲ ਲਈ ਨਹੀਂ ਕਰੇਗੀ।

ਕੱਟੂ ਨੇ ਕਿਹਾ ਕਿ ਮੋਦੀ ਸਰਕਾਰ ਨੇ ਪਹਿਲਾ ਐਗਜ਼ਿਟ ਪੋਲ ਰਾਹੀ ਲੋਕਾਂ ਦੇ ਮਨਾਂ ਿ☆3ਵੱਚ ‘ਆਪ’ ਨੂੰ ਵਾੜ ਦਿੱਤਾ ਤੇ ਫਿਰ ਈ.ਵੀ.ਐੱਮ. ਦੀ ਮਦਦ ਨਾਲ਼ ਸਰਵੇ ਅਨੁਸਾਰ ਚੋਣ ਨਤੀਜੇ ਸਾਹਮਣੇ ਲਿਆਂਦੇ। ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਮੋਦੀ ਦੀ ਸ਼ਹਿ ’ਤੇ ਹੀ ਮੁੱਖ ਮੰਤਰੀ ਚਰਨਜੀਤ ਸਿੰਘ ਨੂੰ ਦੋਵੇਂ ਸੀਟਾਂ ਤੇ ਬਾਦਲ ਪਰਿਵਾਰ ਨੂੰ ਸਾਰੀਆਂ ਸੀਟਾਂ ’ਤੇ ਹਾਰ ਦੇ ਲਿਖਤੀ ਦਾਅਵੇ ਕੀਤੇ ਗਏ ਜੋ ਬਾਅਦ ਵਿੱਚ ਸਹੀ ਵੀ ਸਾਬਤ ਹੋਏ। ਉਨਾਂ ਕਿਹਾ ਕਿ ਮਾਨ ਦਲ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਕੇਂਦਰ ਸਰਕਾਰ ਦੀ ਇਸ ਧੱਕੇਸ਼ਾਹੀ ਸੰਬੰਧੀ ਜਾਣੂ ਕਰਵਾਏਗਾ।

# ਵਿਧਾਨ ਸਭਾ ਚੋਣਾਂ ਵਿੱਚ ਬਸਪਾ ਦਾ ਫ਼ਲਾਪ ਸ਼ੋਅ

## ✪ ਆਪਣਿਆਂ ਨੇ ਹੀ ‘ਹਾਥੀ’ ਜਾਮ ਕੀਤਾ ✪ ਵਿਧਾਨ ਸਭਾ ਚੋਣ ਲੜੇ ਬਸਪਾ ਦੇ 20 ਵਿੱਚੋਂ 14 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ

**ਬੰਗਾ:** ਪੰਜਾਬ ਅੰਦਰ ਬਹੁਜਨ ਸਮਾਜ ਪਾਰਟੀ ਨੂੰ ਮਰਹੂਮ ਬਾਬੂ ਕਾਂਸੀ ਰਾਮ ਨੇ ਜਿੰਨੇ ਉਦਮ ਨਾਲ਼ ਸਥਾਪਤ ਕੀਤਾ ਸੀ, ਇਸ ਦੇ ਆਗੂਆਂ ਦੀ ਖਿੱਚੋਤਾਣ ਨੇ ਇਸ ਦੀ ਸਥਿਤੀ ਓਨੀ ਹੀ ਮੰਦੀ ਬਣਾ ਦਿੱਤੀ ਹੈ। ਇਸ ਦਾ ਸਿੱਟਾ ਇਸ ਵਾਰ ਚੋਣ ਲੜੇ ਮਹਿਜ਼ 20 ਵਿੱਚੋਂ 14 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਣ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਇਨਾਂ ਹਲਕਿਆਂ ਵਿੱਚ ਜਲੰਧਰ ਉੱਤਰੀ, ਕਪੂਰਥਲਾ, ਆਨੰਦਪੁਰ ਸਾਹਿਬ, ਚਮਕੌਰ ਸਾਹਿਬ, ਰਾਏਕੋਟ, ਮਾਹਿਲ ਕਲਾਂ, ਜਲੰਧਰ ਪੱਛਮੀ, ਹੁਸ਼ਿਆਰਪੁਰ, ਸ਼ਾਮ ਚੁਰਾਸੀ, ਪਠਾਨਕੋਟ, ਦੀਨਾਨਗਰ, ਬੱਸੀ ਪਠਾਣਾ, ਭੋਆ, ਅੰਮ੍ਰਿਤਸਰ ਕੇਂਦਰੀ ਸ਼ਾਮਲ ਹਨ। ਇਨਾਂ ਚੋਣਾਂ ਵਿੱਚ ਪਿਛਲੀਆਂ ਚੋਣਾਂ ਦੇ ਮੁਕਾਬਲੇ ਵੋਟਾਂ ਦਾ ਅਨੁਪਾਤ ਘਟ ਕੇ ਪੌਣੇ ਦੋ ਫ਼ੀਸਦ ਰਹਿ ਜਾਣਾ ਬਸਪਾ ਦੀ ਹੋਂਦ ਨੂੰ ਹੋਰ ਖ਼ਤਰੇ ਵਿੱਚ ਪਾ ਗਿਆ ਹੈ।

ਇਸ ਵਾਰ ਬਸਪਾ ਦਾ ਸ਼੍ਰੋਮਣੀ ਅਕਾਲੀ ਦਲ ਨਾਲ਼ ਗੱਠਜੋੜ ਹੋਣ ਤੋਂ ਬਾਅਦ ਵੀ ਪਾਰ ਉਤਾਰਾ ਨਹੀਂ ਹੋ ਸਕਿਆ। ਇੱਥੋਂ ਤੱਕ ਬਸਪਾ



ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਖ਼ੁਦ ਤੀਜੇ ਸਥਾਨ ਉੱਤੇ ਰਹੇ। ਉਨਾਂ ਨੂੰ ਆਪਣਾ ਜੱਦੀ ਹਲਕਾ ਬਲਾਚੌਰ ਬਦਲ ਕੇ ਫ਼ਗਵਾੜਾ ਤੋਂ ਚੋਣ ਲੜਨਾ ਮਹਿੰਗਾ ਪਿਆ। ਪਿਛਲੀਆਂ ਚੋਣਾਂ ਦੌਰਾਨ ਵੀ ਬਸਪਾ ਦੇ ਮੁਖੀ ਹੁੰਦਿਆਂ ਅਵਤਾਰ ਸਿੰਘ ਕਰੀਮਪੁਰੀ ਨੇ ਆਪਣਾ ਜੱਦੀ ਹਲਕਾ ਮਾਹਿਲਪੁਰ ਬਦਲ ਕੇ ਫ਼ਿਲੌਰ ਤੋਂ ਚੋਣ ਲੜੀ ਸੀ ਤੇ ਉਹ ਵੀ ਹਾਰ ਗਏ ਸ23ਨ। ਇਸੇ ਤਰਾਂ ਬਸਪਾ ਦੇ ਦੋ ਸਾਬਕਾ ਸੂਬਾਈ ਪ੍ਰਧਾਨ ਮੋਹਣ ਸਿੰਘ ਫ਼ਲੀਆਂਵਾਲਾ ਅਤੇ ਰਸ਼ਪਾਲ ਰਾਜੂ ਜੋ ਕਿ ਪਾਰਟੀ ਛੱਡ ਕੇ ਕ੍ਰਮਵਾਰ ਕਾਂਗਰਸ ਅਤੇ ਸੰਯੁਕਤ ਕਿਸਾਨ ਮੋਰਚਾ ’ਚ ਰਲ਼ ਗਏ ਸਨ, ਨੂੰ ਵੀ ਇਨਾਂ ਚੋਣਾਂ ਵਿੱਚ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ।

ਇਨਾਂ ਚੋਣਾਂ ਵਿੱਚ ਬਸਪਾ ਨੂੰ ਗੱਠਜੋੜ ਤਹਿਤ ਉੱਪ ਮੁੱਖ ਮੰਤਰੀ ਬਣਨ ਦੀ ਪੂਰੀ ਆਸ ਸੀ ਪਰ ਉਨਾਂ ਦੀ ਰਵਾਇਤੀ ਪ੍ਰਚਾਰ ਵਿਧੀ ਕਾਰਨ ਸਾਰਾ ਕੁਝ ਧਰਿਆ ਧਰਾਇਆ ਰਹਿ ਗਿਆ। ਬਸਪਾ ਦੀ ਕਰਾਰੀ ਹਾਰ ਲਈ ਚਿੰਤਾ ਦਾ ਇਜ਼ਹਾਰ ਕਰਦਿਆਂ ਇਸ ਦੇ ਨਵਾਂ ਸ਼ਹਿਰ ਤੋਂ ਇੱਕਲੌਤੇ ਵਿਧਾਇਕ ਬਣੇ ਨਛੱਤਰ ਪਾਲ ਨੇ ਕਿਹਾ ਕਿ ਉਹ ਹਾਰ ਦੇ ਕਾਰਨਾਂ ਦਾ ਮੰਥਨ ਕਰਨਗੇ ਅਤੇ ਰਹਿ ਗਈਆਂ ਕਮੀਆਂ ਨੂੰ ਦੂਰ ਕਰਨ ਲਈ ਬੂਥ ਪੱਧਰ ’ਤੇ ਵਰਕਰਾਂ ਨਾਲ਼ ਸੰਪਰਕ ਮੁਹਿੰਮ ਚਲਾਉਣਗੇ।

# ਜਥੇਦਾਰ ਜੀ, ਪੰਜਾਬ ਵਾਸੀਆਂ ਨੇ ਅਕਾਲੀ ਦਲ ਨੂੰ ਨਹੀਂ ਬਾਦਲ ਦਲ ਨੂੰ ਨਕਾਰਿਆ ਹੈ : ਰਮਨਦੀਪ ਸਿੰਘ ਸੋਨੂੰ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖ਼ਾਲਸਾ:-** ਅੱਜ ਜਥੇਦਾਰ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤੇ ਬਿਆਨ ਕਿ ਸ਼੍ਰੋਮਣੀ ਅਕਾਲੀ ਦਲ ਦਾ ਖ਼ਤਮ ਹੋਣਾ ਦੇਸ਼ ਅਤੇ ਸਿੱਖਾਂ ਲਈ ਬਹੁਤ ਘਾਤਕ ਹੈ, ਇਸ ਤੇ ਆਪਣਾ ਪ੍ਰਤੀਕਰਮ ਕਰਦਿਆਂ ਰਮਨਦੀਪ ਸਿੰਘ ਸੋਨੂੰ ਅਤੇ ਭੁਪਿੰਦਰ ਸਿੰਘ ਨੇ ਕਿਹਾ ਕਿ ਆਪ ਜੀ ਦੀ ਜਾਣਕਾਰੀ ਲਈ ਦੱਸ ਰਹੇ ਹਾਂ ਕਿ ਖ਼ਾਤਮਾ ਅਕਾਲੀ ਦਲ ਦਾ ਨਹੀਂ ਬਾਦਲ ਦਲ ਦਾ ਸਿਆਸੀ ਹੋਇਆ ਹੈ, ਜਿਹੜਾ ਸਿੱਖ ਕੌਮ ਵਾਸਤੇ ਪਹਿਲਾਂ ਹੀ ਬੜਾ ਘਾਤਕ ਸਿੱਧ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਮੁਖੀ ਰਮਨਦੀਪ ਸਿੰਘ ਸੋਨੂੰ ਅਤੇ ਪੀ.ਆਰ.ਓ. ਭੁਪਿੰਦਰ ਸਿੰਘ ਨੇ ਪ੍ਰੈੱਸ ਨਾਲ਼ ਗੱਲਬਾਤ ਕਰਦਿਆਂ ਕਿਹਾ ਕਿ ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਬਾਦਲਾਂ ਨੇ ਕੌਮ ਦਾ ਘਾਣ ਕਰਨ ’ਚ ਕੋਈ ਕਸਰ ਨਹੀਂ ਸੀ ਛੱਡੀ।

ਸਿੱਖ ਕੌਮ ਵਿਰੁੱਧ ਹਰ ਓਹ ਕੰਮ ਉਨਾਂ ਨੇ ਕੀਤਾ ਕਿ ਜਨਤਾ ਉਨਾਂ ਕੋਲ਼ੋਂ ਆਪ ਮੁਹਾਰੇ ਪਿੱਛੇ ਹਟਣੀ ਸ਼ੁਰੂ ਹੋ ਗਈ ਸੀ ।



**ਬਾਦਲਾਂ ਵੱਲੋਂ ਕੀਤੀ ਗਏ ਪੰਥ ਵਿਰੋਧੀ ਕਾਰਵਾਈ ਦੀ ਕੁਝ ਝਾਤ:**

ਸਿੱਖ ਨੌਜਵਾਨੀ ਦਾ ਘਾਣ ਕਰਨ ਵਾਲੇ ਬੁੱਚੜ ਸੁਮੇਧ ਸੈਣੀ ਨੂੰ ਡੀ.ਜੀ.ਪੀ. ਲਾਇਆ, ਆਲਮ ਸੈਨਾ ਬਣਾ ਕੇ ਸਿੱਖ ਨੌਜਵਾਨੀ ਦਾ ਸ਼ਿਕਾਰ ਖੇਡਣ ਵਾਲੇ ਬੁੱਚੜ ਇਜ਼ਹਾਰ ਆਲਮ ਨੂੰ ਅਕਾਲੀ ਦਲ ਬਾਦਲ ਦਾ ਮੀਤ ਪ੍ਰਧਾਨ ਬਣਾਇਆ ਤੇ ਉਸਦੀ ਪਤਨੀ ਫ਼ਰਜਾਨਾ ਆਲਮ ਨੂੰ ਟਿਕਟ ਦੇ ਕੇ ਐੱਮ.ਐੱਲ.ਏ. ਦੀ ਕੁਰਸੀ ਨਾਲ਼ ਨਿਵਾਜਿਆ, ਨੂਰਮਹਿਲੀਏ ਆਸ਼ੂਤੋਸ਼ ਦਾ ਸ਼ਾਂਤਮਈ ਵਿਰੋਧ ਕਰ ਰਹੇ ਸਿੱਖਾਂ ਉੱਤੇ ਗੋਲੀ ਚਲਵਾ ਕੇ ਕਈ ਜਣਿਆ ਨੂੰ ਸ਼ਹੀਦ ਕੀਤਾ, ਗੁਰਦਾਸਪੁਰ ’ਚ ਸਿੱਖ ਨੌਜਵਾਨ ਜਸਪਾਲ ਸਿੰਘ ਚੌੜ ਸਿੱਧਵਾਂ ਨੂੰ ਪੁਲਿਸ ਕੋਲ਼ੋਂ ਸ਼ਹੀਦ ਕਰਵਾਇਆ, ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਦਾ ਇਨਸਾਫ਼ ਮੰਗ ਰਹੀ ਸੰਗਤ ਉੱਤੇ ਗੋਲੀ ਚਲਵਾ ਕੇ ਭਾਈ ਗੁਰਜੀਤ ਸਿੰਘ ਤੇ ਕ੍ਰਿਸ਼ਨ ਭਗਵਾਨ ਸਿੰਘ ਨੂੰ ਸ਼ਹੀਦ ਕਰਵਾਇਆ । ਉਨਾਂ ਕਿਹਾ ਕਿ ਆਪਣੇ ਨਿੱਜੀ ਸਿਆਸੀ ਮੁਫ਼ਾਦਾਂ ਖ਼ਾਤਿਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਪੰਥ ਵਿਰੋਧੀ ਸੌਦਾ ਸਾਧ ਨੂੰ ਸ੍ਰੀ ਅਕਾਲ ਤਖ਼ਤ ਤੋਂ ਮੁਆਫ਼ੀ ਦਿਵਾਈ। ਉਨਾਂ ਕਿਹਾ ਕਿ ਬਾਦਲਾਂ ਦੀਆਂ ਇਹ ਕੁਝ ਕੁ ਪ੍ਰਾਪਤੀਆਂ ਦੱਸੀਆਂ ਹਨ, ਤੇ ਇਨਾਂ ਵੱਲੋਂ ਕੀਤੇ ਗਏ ਵਿਸਾਹਘਾਤ ਦੀ ਲਿਸਟ ਤਾਂ ਬਹੁਤ ਲੰਮੀ ਹੈ । ਉਨਾਂ ਕਿਹਾ ਕਿ ਇਹ ਦੇਖਦਿਆਂ ਤੁਸੀਂ ਕਿਸ ਆਧਾਰ ’ਤੇ ਕਹਿ ਰਹੇ ਹੋ ਕਿ ਅਕਾਲੀ ਦਲ ਖ਼ਤਮ ਹੋ ਗਿਆ ਹੈ ਜਦਕਿ ਅਕਾਲੀ ਦਲ ਦੀ ਨਹੀਂ ਬਾਦਲਾਂ ਨੂੰ ਸਿਆਸੀ ਤੌਰ ਤੇ ਖ਼ਤਮ ਕਰਦਿਆਂ ਪੰਜਾਬ ਦੀ ਆਵਾਮ ਵੱਲੋਂ ਉਨਾਂ ਨੂੰ ਨਕਾਰਿਆ ਗਿਆ ਹੈ । ਅੰਤ ਵਿੱਚ ਉਨਾਂ ਕਿਹਾ ਅਕਾਲੀ ਦਲ ਸਿੱਖ ਪੰਥ ਦੀ ਸ਼ਾਨ ਸੀ, ਹੈ, ਤੇ ਰਹੇਗੀ ।

# ਪੰਜਾਬ ਵਿੱਚ ਬਦਲਾਅ ਦੀ ਰਾਜਨੀਤੀ , ਮੀਡੀਆ ਬਨਾਮ ਪੰਜਾਬੀ

**ਕੁਲਬੀਰ ਸਿੰਘ**

ਬਦਲਾਅ ਲਈ ਜ਼ਮੀਨ ਕਿਸਾਨ ਸੰਘਰਸ਼ ਸਮੇਂ ਹੀ ਤਿਆਰ ਹੋ ਗਈ ਸੀ। ਉਸ ਨੂੰ ਹਵਾ ਕਾਂਗਰਸ ਦੇ ਅੰਦਰੂਨੀ ਕਲੇਸ਼ ਨੇ ਦਿੱਤੀ। ਕੈਪਟਨ ਅਮਰਿੰਦਰ ਸਿੰਘ ਨੂੰ ਲਾਂਭੇ ਕਰਨਾ, ਕੈਪਟਨ ਦਾ ਪਾਰਟੀ ਛੱਡਣਾ, ਸਿੱਧੂ ਦੀ ਕੈਪਟਨ-ਚੰਨੀ ਨਾਲ਼ ਤੂੰ-ਤੂੰ, ਮੈਂ-ਮੈਂ ਅਤੇ ਹਰੇਕ ਨਾਲ਼ ਟਕਰਾਅ ਵਾਲਾ ਵਤੀਰਾ ਕਾਂਗਰਸ ਨੂੰ ਲੈ ਡੁੱਬਾ। ਰਹਿੰਦੀ ਕਸਰ ਸੁਨੀਲ ਜਾਖੜ ਨੇ ਕੱਢ ਦਿੱਤੀ। ਉਸ ਦੇ ਤਿੱਖੇ ਤੇਵਰਾਂ ਨੇ ਵਾਹਵਾ ਵੋਟ ਲਾਂਭੇ ਕਰ ਦਿੱਤੀ। ਸ਼੍ਰੋਮਣੀ ਅਕਾਲੀ ਦਲ (ਬ) ਤੋਂ ਬਦਲਾ ਲੈਣ ਬਾਰੇ ਲੋਕਾਂ ਨੇ ਪਹਿਲਾਂ ਹੀ ਸੋਚ ਰੱਖਿਆ ਸੀ, ਪ੍ਰੰਤੂ ਉਸ ਦੀ ਧਾਰ ਉਦੋਂ ਹੋਰ ਤਿੱਖੀ ਹੋ ਗਈ ਜਦੋਂ ਬਦਲ ਦੇ ਰੂਪ ਵਿੱਚ ‘ਆਪ’ ਦਾ ‘ਦਿੱਲੀ ਮਾਡਲ’ ਸਾਹਮਣੇ ਆਇਆ।

ਜਿਵੇਂ ਕਿਸਾਨ ਸੰਘਰਸ਼ ਸਮੇਂ ਪਿੰਡਾਂ ਦੇ ਲੋਕ ਇੱਕ ਹੋ ਗਏ ਸਨ, ਉਵੇਂ ਚੋਣਾਂ ਸਮੇਂ ਧੜੇਬੰਦੀਆਂ ਤੋਂ ਉੱਪਰ ਉੱਠ ਕੇ ਸਾਰੇ ‘ਆਪ’ ਨਾਲ਼ ਖੜੇ ਹੋ ਗਏ। ਬਦਲਾਅ ਲਈ, ਬਦਲੇ ਲਈ। ਗ਼ੁੱਸਾ ਏਨਾ ਕਿ ਕੇਵਲ ਚੋਣ ਚਿੰਨ ਵੇਖਿਆ, ਹੋਰ ਕੁਝ ਨਹੀਂ। ਪੰਜਾਬ ਵਿੱਚ ਪਹਿਲਾਂ ਕਦੇ ਇੰਜ ਨਹੀਂ ਹੋਇਆ, ਸਭ ਸਿਆਸੀ ਮਾਹਿਰਾਂ ਦੀਆਂ ਕਿਆਸ ਅਰਾਈਆਂ ਫੇਲ ਹੋ ਗਈਆਂ। ਟੈਲੀਵਿਜ਼ਨ ਚੈਨਲਾਂ ਅਤੇ ਅਖ਼ਬਾਰਾਂ ਨੇ ‘ਆਪ’ ਦੀ ਵੱਡੀ ਜਿੱਤ ਦੇ ਕੁਝ ਕਾਰਨ ਦੱਸੇ ਹਨ। ਪੰਜਾਬ ਵਾਸੀਆਂ ਨੇ ਕੇਜਰੀਵਾਲ ਦੀਆਂ ਗਾਰੰਟੀਆਂ ਅਤੇ ਦਿੱਲੀ ਮਾਡਲ ’ਤੇ ਭਰੋਸਾ ਜਤਾਇਆ। ਮੁੱਖ ਮੰਤਰੀ ਚਿਹਰੇ ਨੂੰ ਪਸੰਦ ਕੀਤਾ। ਭਗਵੰਤ ਮਾਨ ਦੀ ਪੰਜਾਬ ਪ੍ਰਤੀ ਪ੍ਰਤੀਬੱਧਤਾ ਅਤੇ ਇਮਾਨਦਾਰ ਅਕਸ ਨੇ ਪੰਜਾਬੀਆਂ ਦਾ ਮਨ ਜਿੱਤ ਲਿਆ। ਜਿਵੇਂ ਬਿਖਰਦੇ ਕਿਸਾਨ ਸੰਘਰਸ਼ ਵਿੱਚ ਰਾਕੇਸ਼ ਟਿਕੈਤ ਦੇ ਹੰਝੂ ਨਵੀਂ ਰੂਹ ਫੂਕ ਗਏ ਸਨ, ਐਨ ਇਹੀ ਭੂਮਿਕਾ ਮੁੱਖ ਮੰਤਰੀ ਦਾ ਚਿਹਰਾ ਐਲਾਨ ਕਰਨ ਸਮੇਂ ਭਗਵੰਤ ਮਾਨ ਦੀਆਂ ਅੱਖਾਂ ’ਚੋਂ ਵਗੇ ਅੱਥਰੂਆਂ ਨੇ ਨਿਭਾਈ। ਸਾਰੇ ਵਰਗਾਂ ਨੇ, ਪੇਂਡੂ ਤੇ ਸ਼ਹਿਰੀ ਵੋਟਰਾਂ ਨੇ, ਜਾਤਾਂ, ਧਰਮਾਂ, ਧੜੇਬੰਦੀਆਂ ਤੋਂ ਉੱਪਰ ਉੱਠ ਕੇ, ਖੁੱਲ ਕੇ ਵੋਟਾਂ ਪਾਈਆਂ। ਦਿੱਲੀ ਮਾਡਲ ਅਤੇ ਅਰਵਿੰਦ ਕੇਜਰੀਵਾਲ ਦੀ ਕੰਮ ਕਰਨ ਦੀ ਸਮਰੱਥਾ ਨੇ ਪ੍ਰਭਾਵਿਤ ਕੀਤਾ। ਆਪਣੀ ਗੱਲ ਇਸ ਵਾਰ ਮਾਝੇ ਤੇ ਦੁਆਬੇ ਵਿੱਚ ਵੀ ਪਹੁੰਚਾਈ। ਜਦ ਕਿਸਾਨ ਸੰਘਰਸ਼ ਸਿਖ਼ਰ ’ਤੇ ਸੀ ਤਾਂ ਕਾਂਗਰਸ ਆਪਣੀ ਲੜਾਈ ਵਿੱਚ ਉਲਝੀ ਰਹੀ। ਉਸ ਦੇ ਖ਼ਾਲੀਪਨ ਨੂੰ ਅਰਵਿੰਦ ਕੇਜਰੀਵਾਲ ਧਰਨੇ ਵਿੱਚ ਜਾ ਕੇ ਭਰਦੇ ਰਹੇ।

ਪ੍ਰਚਾਰ ਦੇ ਐਨ ਆਖ਼ਰੀ ਦਿਨਾਂ ਵਿੱਚ ਮੁੱਖ ਮੰਤਰੀ ਚੰਨੀ ਦੇ ਯੂ.ਪੀ. ਤੇ ਬਿਹਾਰ ਦੇ ਪਰਵਾਸੀਆਂ ਬਾਰੇ ਬਿਆਨ ਨੇ ਬਲਦੀ ’ਤੇ ਤੇਲ ਦਾ ਕੰਮ ਕੀਤਾ। ਗ਼ੈਰ-ਕਾਨੂੰਨੀ ਮਾਈਨਿੰਗ ਮਾਮਲੇ ’ਚ ਚੰਨੀ ਦੇ ਰਿਸ਼ਤੇਦਾਰ ਪਾਸੋਂ ਵੱਡੀਆਂ ਰਕਮਾਂ ਦਾ ਫੜੇ ਜਾਣਾ ਉਸ ਦੇ ਅਕਸ ਨੂੰ ਧੁੰਦਲਾ ਕਰ ਗਿਆ। ਅਕਾਲੀ ਦਲ ਪ੍ਰਤੀ ਗ਼ੁੱਸੇ ਤੇ ਨਰਾਜ਼ਗੀ ਦੀਆਂ ਕਈ ਪਰਤਾਂ ਸਨ। ਖੇਤੀ ਕਾਨੂੰਨਾਂ ਸੰਬੰਧੀ ਵੱਡੀ ਨਾਰਾਜ਼ਗੀ, ਬਰਗਾੜੀ ਬੇਅਦਬੀ ਬਾਰੇ ਨਾਰਾਜ਼ਗੀ, ਨਸ਼ੇ ਦਾ ਮੁੱਦਾ, ਰਵਾਇਤੀ ਪਾਰਟੀਆਂ ਤੋਂ ਮੋਹ ਭੰਗ ਹੋਣਾ, ਵੱਡੇ ਨੇਤਾਵਾਂ ਦਾ ਪਾਰਟੀ ਤੋਂ ਵੱਖ ਹੋ ਕੇ ਨਵੀਆਂ ਪਾਰਟੀਆਂ ਬਣਾਉਣਾ, ਅਕਾਲੀ-ਭਾਜਪਾ ਗੱਠਜੋੜ ਦਾ ਟੁੱਟਣਾ ਅਤੇ ਪੇਂਡੂ ਇਲਾਕਿਆਂ ਵਿੱਚ ‘ਆਪ’ ਦੇ ਪ੍ਰਭਾਵ ਨੇ ਅਕਾਲੀ ਦਲ ਦਾ ਸਫ਼ਾਇਆ ਕਰ ਦਿੱਤਾ। ਇਸ ਵਾਰ ਅਰਵਿੰਦ ਕੇਜਰੀਵਾਲ ਨੇ ਕੁਝ ਐਲਾਨ ਕੀਤੇ, ਮੁੱਦਿਆਂ ਦੀ ਗੱਲ ਕੀਤੀ, ਪਾਰਟੀ ਬਿਹਤਰ ਯੋਜਨਾਬੰਦੀ ਨਾਲ਼ ਚੱਲੀ। ਵਿਰੋਧ ਦੀ, ਟਕਰਾਅ ਦੀ, ਬੋਲ-ਕਬੋਲ ਦੀ ਰਾਜਨੀਤੀ ਨਹੀਂ ਕੀਤੀ। ਪੰਜਾਬ ਨੂੰ ਇਸ ਸਮੇਂ ਅਜਿਹੀ ਹਾਂ-ਪੱਖੀ ਤੇ ਸਾਕਾਰਾਤਮਿਕ ਸਿਆਸਤ ਦੀ ਲੋੜ ਹੈ। ਮੁੱਖ ਮੰਤਰੀ ਬਣਨ ਜਾ ਰਹੇ ਭਗਵੰਤ ਮਾਨ ਨੇ ਠੀਕ ਹੀ ਕਿਹਾ ਹੈ ਕਿ ਉਹ ਬਦਲੇ ਦੀ ਰਾਜਨੀਤੀ ਨਹੀਂ ਕਰਨਗੇ।

ਸ਼ਹੀਦ ਭਗਤ ਸਿੰਘ, ਬਾਬਾ ਸਾਹਿਬ ਅੰਬੇਡਕਰ ਨੂੰ ਯਾਦ ਕਰਦਿਆਂ, ਮਹੱਤਵ ਦਿੰਦਿਆਂ ਅੱਗੇ ਵਧਣਾ ਚੰਗੀ ਸੋਚ, ਚੰਗੀ ਸਮਝ ਦਾ ਸੰਕੇਤ ਹੈ। ਪੰਜਾਬ ਵਿੱਚ ਲੰਮੇ ਸਮੇਂ ਤੋਂ ਦੌਲਤ ਕਮਾਓ ਤੇ ਸੱਤਾ ਵਿੱਚ ਬਣੇ ਰਹੋ ਦੀ ਰਾਜਨੀਤੀ ਚੱਲਦੀ ਰਹੀ ਹੈ। ਪੰਜਾਬ ਦੀਆਂ, ਲੋਕਾਂ ਦੀਆਂ ਸਮੱਸਿਆਵਾਂ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ। ਪੰਜਾਬ ਨਿੱਘਰਦਾ-ਨਿੱਘਰਦਾ ਖੋਖਲਾ ਹੋ ਗਿਆ। ਸੱਚ ਹੀ ਕਹਿੰਦੇ ਹਨ ਅੱਤ ਤੇ ਖ਼ੁਦਾ ਦਾ ਵੈਰ ਹੁੰਦਾ ਹੈ। ਦਰਅਸਲ ਹੁਣ ਅੱਤ ਹੀ ਹੋ ਗਈ ਸੀ। ਛੋਟੇ-ਛੋਟੇ ਕੰਮ ਕਰਵਾਉਣ ਲਈ ਵੀ ਸਿਆਸੀ ਲੋਕਾਂ ਦੇ ਮਗਰ-ਮਗਰ ਫ਼ਿਰਨਾ ਪੈਂਦਾ ਹੈ। ਧਨਾਢ ਤੇ ਸਰਮਾਏਦਾਰ ਸਿਆਸਤਦਾਨ ਵੋਟਾਂ ਖ਼ਰੀਦਣ ਲੱਗ ਗਏ ਸਨ। ਕੋਈ ਅਹੁਰ ਨਹੀਂ ਜਿਹੜੀ ਪੰਜਾਬ ਨੂੰ ਨਾ ਚਿੰਬੜੀ ਹੋਵੇ। ਇਸੇ ਲਈ ਰਵਾਇਤੀ ਰਾਜਨੀਤੀ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੈ। ਨਵੀਂ ਸਰਕਾਰ ਸਾਹਮਣੇ, ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਅੱਗੇ ਅਨੇਕਾਂ ਚੁਣੌਤੀਆਂ ਹਨ। ਆਰਥਿਕ ਸੰਕਟ ਨਾਲ਼ ਨਜਿੱਠਣਾ ਪੈਣਾ ਹੈ, ਬੇਰੁਜ਼ਗਾਰੀ ਦੂਰ ਕਰਨੀ ਪੈਣੀ ਹੈ, ਕਰਜ਼ੇ ਦੀ ਪੰਡ ਉਤਾਰਨ ਵਾਲੀ ਹੈ। ਨਸ਼ੇ ਦਾ ਖ਼ਾਤਮਾ ਕਰਨਾ ਪੈਣਾ ਹੈ। ਅਮਨ ਕਾਨੂੰਨ ਲਈ ਕੰਮ ਕਰਨ ਦੀ ਲੋੜ ਹੈ। ਕਿਸਾਨੀ ਸੰਕਟ ਸੁਲਝਾਉਣ ਲਈ ਸਿਰਤੋੜ ਯਤਨਾਂ ਦੀ ਜ਼ਰੂਰਤ ਹੈ। ਹੁਣ ਤੱਕ ਆਪਣੇ ਅਤੇ ਆਪਣੇ ਇਰਦ-ਗਿਰਦ ਦੇ ਲੋਕਾਂ ਦੇ ਘਰ ਭਰਨ ਦੀ ਰਾਜਨੀਤੀ ਭਾਰੂ ਰਹੀ ਹੈ। ਇਸ ਘੁੰਮਣਘੇਰੀ ’ਚੋਂ ਪੰਜਾਬ ਨੂੰ, ਪੰਜਾਬ ਦੇ ਲੋਕਾਂ ਨੂੰ ਕੱਢਣ ਦੀ ਜ਼ਰੂਰਤ ਹੈ।

ਮੀਡੀਆ ਦੀ ਸਾਂਝੀ ਰਾਇ ਹੈ ਕਿ ਕਿਸੇ ਸਿਆਸੀ ਪੰਡਤ ਨੇ, ਕਿਸੇ ਸਿਆਸੀ ਪਾਰਟੀ ਨੇ, ਕਿਸੇ ਸਿਆਸੀ ਨੇਤਾ ਨੇ, ਇੱਥੋਂ ਤੱਕ ਕਿ ਆਮ ਆਦਮੀ ਪਾਰਟੀ, ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਵੀ ਐਡੇ ਵੱਡੇ ਬਹੁਮਤ ਦੀ ਕਲਪਨਾ ਨਹੀਂ ਕੀਤੀ ਸੀ। ਬਹੁਮਤ ਜਾਂ ਬਹੁਮਤ ਦੇ ਨੇੜ-ਤੇੜ ਦੀ ਉਮੀਦ ਜ਼ਰੂਰ ਸੀ। ਐਗਜ਼ਿਟ ਪੋਲ ਆਏ ਤਾਂ ਇਹ ਉਮੀਦ ਇਹ ਦੁਬਿਧਾ ਹੋਰ ਵਧ ਗਈ। ਪਹਿਲੀ ਵਾਰ ਹੈ ਜਦੋਂ ਐਗਜ਼ਿਟ ਪੋਲ ਕਾਫ਼ੀ ਹੱਦ ਤੱਕ ਸਹੀ ਨਿਕਲੇ ਹਨ। ਵਧੇਰੇ ਐਗਜ਼ਿਟ ਪੋਲ ਆਮ ਆਦਮੀ ਪਾਰਟੀ ਨੂੰ 50 ਤੋਂ 70 ਸੀਟਾਂ ਦੇ ਰਹੇ ਸਨ। ਨਿਊਜ਼ 24 ਚਾਣਕਿਆ ਨੇ 100 ਸੀਟਾਂ ਮਿਲਦੀਆਂ ਵਿਖਾਈਆਂ ਸਨ। ਪੰਜਾਬ ਵਾਸੀਆਂ ਨੇ ਉਮੀਦਵਾਰ ਨੂੰ ਨਹੀਂ, ਚੋਣ ਚਿੰਨ ਨੂੰ ਵੋਟ ਪਾਈ ਹੈ। ਜਿਹੜਾ ਵੀ ਝਾੜੂ ਚੋਣ-ਚਿੰਨ ਵੱਲੋਂ ਖੜਾ ਹੋਇਆ, ਉਸ ਨੂੰ ਜਿਤਾਇਆ ਹੈ। ਅਸਲੀ ਲੋਕਤੰਤਰ, ਅਸਲੀ ਬਦਲਾਅ, ਅਸਲੀ ਬਦਲਾ। ਹੋਰ ਕੁਝ ਨਹੀਂ ਵੇਖਿਆ ਨਾ ਧਰਮ, ਨਾ ਜਾਤ, ਨਾ ਕੱਦ, ਨਾ ਸ਼ੁਹਰਤ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਦੀ ਇਮਾਨਦਾਰੀ ਅਤੇ ਸਧਾਰਨਤਾ ਨੂੰ ਵੋਟ ਪਈ ਹੈ ਅਤੇ ਇਹ ਵੋਟ ਪੰਜਾਬ ਦੇ ਬਿਹਤਰ ਭਵਿੱਖ ਲਈ ਪਾਈ ਗਈ ਹੈ। ਕਾਂਗਰਸ ਅਤੇ ਅਕਾਲੀ ਦਲ ਨੇ ਪੰਜਾਬ ਨੂੰ ਆਪੋ-ਆਪਣੀ ਮਨਮਰਜ਼ੀ ਮੁਤਾਬਿਕ ਚਲਾਇਆ। ਪੰਜਾਬੀ ਗ਼ੁੱਸੇ ਨਾਲ਼ ਨੱਕੋ-ਨੱਕ ਭਰੇ ਪਏ ਸਨ। ਅਖ਼ੀਰ ਦਹਾਕਿਆਂ ਦਾ ਉਹ ਗ਼ੁੱਸਾ ਮਸ਼ੀਨ ਦੇ ਬਟਨ ਰਾਹੀਂ ਫੁੱਟ ਨਿਕਲਿਆ। ਜੋ ਬਿਹਤਰ ਬਦਲ ਹੈ, ਉਸ ਨੂੰ ਚੁਣਿਆ। ਉਸ ਨੂੰ ਇੱਕ ਮੌਕਾ ਦਿੱਤਾ।

ਅੱਗੇ ਤੋਂ ਪੰਜਾਬ ਵਿੱਚ ਉਹੀ ਜਿੱਤੇਗਾ, ਜਿਹੜਾ ਪੰਜਾਬ ਦੀ, ਪੰਜਾਬੀਆਂ ਦੀ ਬਿਹਤਰੀ ਲਈ ਕੰਮ ਕਰੇਗਾ। ਘਰਾਣਿਆਂ ਦੀ ਸਿਆਸਤ ਨੂੰ ਲੋਕਾਂ ਨੇ ਨਕਾਰ ਦਿੱਤਾ ਹੈ। ਪੰਜਾਬ ਵਿੱਚ ‘ਆਪ’ ਦੀ ਇਹ ਜਿੱਤ ਨਵੇਂ ਰਾਹ ਖੋਲੇਗੀ।

ਆਮ ਆਦਮੀ ਪਾਰਟੀ ਨੂੰ ਰਾਸ਼ਟਰੀ ਪੱਧਰ ’ਤੇ ਉਭਾਰੇਗੀ। ਜੇਕਰ ਉਹ ਪੰਜਾਬ ਵਿੱਚ ਚੰਗੇ ਨਤੀਜੇ ਦੇਵੇਗੀ ਤਾਂ ਪੰਜਾਬ ਮਾਡਲ ਹੋਰਨਾਂ ਰਾਜਾਂ ਨੂੰ ਵੀ ਆਕਰਸ਼ਿਤ ਕਰੇਗਾ। ਪਰ ਯਾਦ ਰੱਖਿਓ, ਹਕੂਮਤ ਬਦਲੀ ਹੈ, ਸਿਸਟਮ ਉਹੀ ਹੈ।

# ਕਾਂਗਰਸ ਵਿੱਚ ਬ਼ਗਾਵਤ, ਕਈ ਕਾਂਗਰਸੀਆਂ ਦਾ ਝੁਕਾਅ 'ਆਪ' ਵੱਲ

**✪ ਜਾਖੜ ਨੇ ਅੰਬਿਕਾ ਸੋਨੀ ਖ਼ਿਲਾਫ਼ ਮੋਰਚਾ ਖੋਲਿਆ ✪ ਸਿਧੂ ਵਲੋਂ ਅਸਤੀਫਾ ਤੇ ਚੰਨੀ ਕਾਂਗਰਸੀ ਲੀਡਰਾਂ ਦੇ ਨਿਸ਼ਾਨੇ ਉਪਰ ✪ ਅੰਮ੍ਰਿਤਸਰ ਨਿਗਮ ਦੇ 13 ਕਾਂਗਰਸੀ ਕੌਂਸਲਰ 'ਆਪ' ਵਿੱਚ ਸ਼ਾਮਲ ✪ ਕਾਂਗਰਸ ਪ੍ਰਧਾਨ ਨੇ ਹਾਰ ਦਾ ਜਾਇਜ਼ਾ ਲੈਣ ਲਈ ਪੰਜਾਬ ਦੇ ਸੰਸਦ ਮੈਂਬਰਾਂ ਨਾਲ ਕੀਤੀ ਮੀਟਿੰਗ, ਸੂਬਾ ਇੰਚਾਰਜ ਹਰੀਸ਼ ਚੌਧਰੀ ਤੇ ਅਜੇ ਮਾਕਨ 'ਤੇ ਟਿਕਟਾਂ ਦੇ ਬਦਲੇ ਪੈਸੇ ਲੈਣ ਦੇ ਦੋਸ਼**

ਪੰਜਾਬ ਕਾਂਗਰਸ ਜਿਹੜੀ ਰਾਜ ਭਾਗ 'ਤੇ ਕਾਬਜ਼ ਸੀ, ਉਹ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿਚ ਅਸਫਲ ਰਹੀ। ਉਸ ਨੂੰ ਆਪਣੇ ਨੇਤਾਵਾਂ ਦੀ ਲੜਾਈ ਦਾ ਖਮਿਆਜ਼ਾ ਭੁਗਤਣਾ ਪਿਆ ਹੈ। ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾਵਾਂ ਦੀ ਧੜੇਬੰਦੀ ਨੇ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਹੈ। ਕਾਂਗਰਸ ਦੇ ਵਰਕਰ ਨਹੀਂ ਸਗੋਂ ਨੇਤਾ ਹਾਰੇ ਹਨ ਕਿਉਂਕਿ ਨੇਤਾਵਾਂ ਦੀਆਂ ਆਪਹੁਦਰੀਆਂ ਦਾ ਨੁਕਸਾਨ ਵਰਕਰਾਂ ਨੂੰ ਭੁਗਤਣਾ ਪਿਆ ਹੈ। ਪੰਜਾਬ ਵਿਚ ਕਾਂਗਰਸ ਪਾਰਟੀ ਦੀ ਨਮੋਸ਼ੀਜਨਕ ਹਾਰ ਦਾ ਮੁੱਖ ਕਾਰਨ ਉਸ ਦੇ ਲੀਡਰਾਂ ਦੀ ਆਪਸੀ ਪਾਟੋਧਾੜ ਬਣੀ ਹੈ। ਪੰਜਾਬ ਕਾਂਗਰਸ ਦੇ ਸੀਨੀਅਰ ਲੀਡਰਾਂ ਦੀ ਧੜੇਬੰਦੀ ਜਗ ਜ਼ਾਹਰ ਸੀ ਪਰ ਕੇਂਦਰੀ ਕਾਂਗਰਸ ਦੀ ਕਮਜ਼ੋਰ ਲੀਡਰਸ਼ਿਪ ਕੋਈ ਵੀ ਠੋਸ ਫ਼ੈਸਲੇ ਕਰਨ ਦੇ ਸਮਰੱਥ ਨਾ ਹੋਣ ਕਰਕੇ ਨਿਰਾਸ਼ਾ ਹੀ ਪੱਲੇ ਪਈ ਹੈ। ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾ ਅਤੇ ਕਾਂਗਰਸ ਪਾਰਟੀ ਦੀ ਹਾਈ ਕਮਾਨ, ਪਾਰਟੀ ਦੀ ਹਾਰ ਦੇ ਦੋਵੇਂ ਇੱਕੋ ਜਿੰਨੇ ਜ਼ਿੰਮੇਵਾਰ ਹਨ।ਸਿੱਧੂ ਦਾ ਆਪਣੇ-ਆਪ ਨੂੰ ਸਭ ਤੋਂ ਸਰਬੋਤਮ ਨੇਤਾ ਸਮਝਣਾ ਅਤੇ ਬਾਕੀ ਨੇਤਾਵਾਂ ਨੂੰ ਟਿੱਚ ਸਮਝਣਾ ਕਾਂਗਰਸ ਦੀਆਂ ਜੜਾਂ ਵਿਚ ਤੇਲ ਦੇ ਗਿਆ। ਚਰਨਜੀਤ ਸਿੰਘ ਚੰਨੀ ਨੂੰ ਨਵਜੋਤ ਸਿੰਘ ਸਿੱਧੂ ਨੇ ਕਦੇ ਵੀ ਮੁੱਖ ਮੰਤਰੀ ਸਵੀਕਾਰ ਹੀ ਨਹੀਂ ਕੀਤਾ। ਫਿਰ ਮੰਤਰੀ ਬਣਾਉਣ ਲਈ ਆਢਾ ਡਾਹ ਕੇ ਬੈਠ ਗਿਆ। ਉਨਾਂ ਵੱਲੋਂ ਮੁੱਖ ਮੰਤਰੀ ਦੇ ਫ਼ੈਸਲਿਆਂ 'ਤੇ ਜਨਤਕ ਤੌਰ 'ਤੇ ਕਿੰਤੂ-ਪ੍ਰੰਤੂ ਕਰਨਾ ਵੀ ਪਾਰਟੀ ਨੂੰ ਮਹਿੰਗਾ ਪਿਆ ਹੈ। ਕਾਂਗਰਸ ਹਾਈ ਕਮਾਨ ਬੇਵੱਸ ਹੋ ਕੇ ਵੇਖਦੀ ਰਹੀ। ਇਸੇ ਤਰਾਂ ਸੁਲਤਾਨਪੁਰ ਲੋਧੀ ਹਲਕੇ ਤੋਂ ਰਾਣਾ ਗੁਰਜੀਤ ਸਿੰਘ ਮੰਤਰੀ ਦਾ ਸਪੁੱਤਰ ਕਾਂਗਰਸ ਦੇ ਵਰਤਮਾਨ ਵਿਧਾਨਕਾਰ ਨਵਤੇਜ ਸਿੰਘ ਚੀਮਾ ਵਿਰੁੱਧ ਆਜ਼ਾਦ ਚੋਣ ਲੜਿਆ। ਰਾਣਾ ਗੁਰਜੀਤ ਨੇ ਉਸ ਨੂੰ ਚੋਣ ਲੜਨ ਤੋਂ ਰੋਕਣ ਦੀ ਥਾਂ ਜਨਤਕ ਤੌਰ 'ਤੇ ਬਿਆਨ ਦੇ ਕੇ ਕਾਂਗਰਸ ਦੀ ਪੁਜ਼ੀਸ਼ਨ ਖ਼ਰਾਬ ਕੀਤੀ। ਕਾਂਗਰਸ ਹਾਈ ਕਮਾਨ ਫਿਰ ਚੁੱਪ ਕਰਕੇ ਬੈਠੀ ਰਹੀ।

ਇਸ ਨਾਲ ਪਾਰਟੀ ਹਾਈ ਕਮਾਨ ਦੇ ਅਕਸ ਨੂੰ ਲਗਾਤਾਰ ਢਾਅ ਲੱਗਦੀ ਰਹੀ। ਇਸ ਦਾ ਭਾਵ ਤਾਂ ਇਹ ਬਣਦਾ ਹੈ ਕਿ ਕਾਂਗਰਸ ਹਾਈ ਕਮਾਨ ਵੀ ਪੰਜਾਬ ਦੀ ਜਿੱਤ ਲਈ ਸੰਜੀਦਾ ਨਹੀਂ ਸੀ। ਕਾਂਗਰਸ ਪਾਰਟੀ ਨੂੰ ਆਪਣੀ ਰਣਨੀਤੀ ਬਦਲਣੀ ਪਵੇਗੀ। ਅਜੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਕਿਉਂਕਿ 2024 ਵਿਚ ਲੋਕ ਸਭਾ ਦੀਆਂ ਚੋਣਾਂ ਆ ਰਹੀਆਂ ਹਨ।

**ਚੰਡੀਗੜ**: ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੱਡੀ ਹਾਰ ਮਗਰੋਂ ਕਾਂਗਰਸ ਵਿਚ ਸਿਆਸੀ ਘਮਸਾਣ ਵਧ ਗਿਆ ਹੈ। ਪਾਰਟੀ ਆਗੂਆਂ ਵੱਲੋਂ ਇੱਕ-ਦੂਜੇ 'ਤੇ ਇਲਜ਼ਾਮਬਾਜ਼ੀ ਸ਼ੁਰੂ ਹੋ ਗਈ ਹੈ। ਸਾਬਕਾ ਵਜ਼ੀਰਾਂ ਨੇ ਨਵਜੋਤ ਸਿੱਧੂ ਖ਼ਿਲਾਫ਼ ਮੋਰਚਾ ਖੋਲਣ ਦੇ ਨਾਲ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵੀ ਕਟਹਿਰੇ ਵਿਚ ਖੜਾ ਕਰਨਾ ਸ਼ੁਰੂ ਕਰ ਦਿੱਤਾ ਹੈ।ਦੂਜੇ ਪਾਸੇ ਕਾਂਗਰਸ ਦੇ ਲੀਡਰ ਆਪ ਵਿਚ ਜਾਣੇ ਸ਼ੁਰੂ ਹੋ ਗਏ ਹਨ।

'ਆਪ' ਦੀ ਸਰਕਾਰ ਆਉਣ ਮਗਰੋਂ ਸਥਾਨਕ ਨਗਰ ਨਿਗਮ ਦੇ 13 ਕਾਂਗਰਸੀ ਕੌਂਸਲਰ ਪਾਰਟੀ ਨੂੰ ਅਲਵਿਦਾ ਆਖ ਕੇ 'ਆਪ' ਵਿੱਚ ਸ਼ਾਮਲ ਹੋ ਗਏ ਹਨ। ਇਸ ਮੌਕੇ ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਨੇ ਇਨਾਂ ਕੌਂਸਲਰਾਂ ਨੂੰ ਪਾਰਟੀ ਵਿੱਚ 'ਜੀ ਆਇਆਂ' ਕਿਹਾ।

ਇਨਾਂ ਕੌਂਸਲਰਾਂ ਦੀ 'ਆਪ' ਵਿੱਚ ਆਮਦ ਨਾਲ ਕੁਝ ਦਿਨ ਪਹਿਲਾਂ ਹੀ ਖ਼ੁਦ ਕਾਂਗਰਸ ਤੋਂ 'ਆਪ' ਵਿੱਚ ਆਏ ਨਿਗਮ ਦੇ ਮੇਅਰ ਕਰਮਜੀਤ ਸਿੰਘ ਰਿੰਟੂ ਦੇ ਹੁਣ ਆਪਣੇ ਅਹੁਦੇ 'ਤੇ ਬਣੇ ਰਹਿਣ ਦੀ ਸੰਭਾਵਨਾ ਬਣ ਗਈ ਹੈ। ਇਸ ਤੋਂ ਪਹਿਲਾਂ ਮੇਅਰ ਦੇ ਸਮਰਥਕ ਤਿੰਨ ਕਾਂਗਰਸੀ ਕੌਂਸਲਰ ਮੋਨਿਕਾ ਸ਼ਰਮਾ, ਗੁਰਜੀਤ ਕੌਰ ਤੇ ਮਨਦੀਪ ਅਹੂਜਾ ਵੀ ਕਾਂਗਰਸ ਛੱਡ ਕੇ 'ਆਪ' ਵਿੱਚ ਸ਼ਾਮਲ ਹੋ ਚੁੱਕੇ ਹਨ। ਇਸ ਤਰਾਂ ਹੁਣ ਤੱਕ ਕੁਲ 16 ਕਾਂਗਰਸੀ ਕੌਂਸਲਰ 'ਆਪ' ਵਿੱਚ ਆ ਚੁੱਕੇ ਹਨ। ਹੁਣੇ ਜਿਹੇ ਸ਼ਾਮਲ ਹੋਏ ਕੌਂਸਲਰਾਂ ਵਿੱਚ ਜਗਦੀਸ਼ ਕਾਲੀਆ, ਨੀਤੂ ਟਾਂਗਰੀ, ਪ੍ਰਮੋਦ ਬਬਲਾ, ਡਿੰਪਲ ਅਰੋੜਾ, ਊਸ਼ਾ ਰਾਣੀ, ਜਤਿੰਦਰ ਸੋਨੀਆ, ਰਣਜੀਤ ਕੌਰ, ਸੁਖਬੀਰ ਸਿੰਘ, ਭੁਪਿੰਦਰ ਸਿੰਘ, ਰਾਜੇਸ਼ ਮਦਾਨ ਤੇ ਹੋਰ ਸ਼ਾਮਲ ਹਨ।

ਚੋਣਾਂ ਵਿਚ ਹਾਰ ਮਗਰੋਂ ਚੰਨੀ ਕਾਂਗਰਸ ਪਾਰਟੀ ਵਿਚ ਇਕੱਲੇ ਪੈਂਦੇ ਨਜ਼ਰ ਆ ਰਹੇ ਹਨ ਤੇ ਹਾਲੇ ਤੱਕ ਕਿਸੇ ਸੀਨੀਅਰ ਆਗੂ ਨੇ ਉਨਾਂ ਦੀ ਹਮਾਇਤ ਵਿਚ ਮੂੰਹ ਨਹੀਂ ਖੋਲਿਆ ਹੈ। ਨਵਜੋਤ ਸਿੰਘ ਸਿੱਧੂ ਚੋਣਾਂ ਵਿਚ ਹਾਰ ਦਾ ਠੀਕਰਾ ਪਹਿਲਾਂ ਹੀ ਉਨਾਂ ਸਿਰ ਭੰਨ ਚੁੱਕੇ ਹਨ। ਪੰਜਾਬ ਕਾਂਗਰਸ ਦੀ ਪ੍ਰਧਾਨਗੀ ਬਦਲਣ ਨੂੰ ਲੈ ਕੇ ਵੀ ਪਾਰਟੀ ਅੰਦਰ ਹਿਲਜੁਲ ਸ਼ੁਰੂ ਹੋ ਗਈ ਹੈ। ਸਿੱਧੂ ਨੇ ਕਾਂਗਰਸ ਸੁਪਰੀਮੋ ਸੋਨੀਆ ਗਾਂਧੀ ਦੇ ਹੁਕਮ ਉਪਰ ਅਸਤੀਫ਼ਾ ਦੇ ਦਿਤਾ ਹੈ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਨੇਤਾ ਬਣਾਏ ਜਾਣ ਨੂੰ ਲੈ ਕੇ ਵੀ ਨਵੇਂ ਚੁਣੇ ਵਿਧਾਇਕਾਂ ਵਿਚ ਪਾਲਾਬੰਦੀ ਹੋ ਰਹੀ ਹੈ। ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਰਾਜਾ ਵੜਿੰਗ ਤੋਂ ਇਲਾਵਾ ਸੁਖਜਿੰਦਰ ਸਿੰਘ ਰੰਧਾਵਾ ਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਵੀ ਇਸ ਅਹੁਦੇ ਦੀ ਦੌੜ ਵਿਚ ਹਨ।

ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਸੀਨੀਅਰ ਕਾਂਗਰਸੀ ਨੇਤਾ ਅੰਬਿਕਾ ਸੋਨੀ ਦਾ ਨਾਮ ਲਏ ਬਿਨਾਂ ਉਨਾਂ 'ਤੇ ਤਿੱਖਾ ਹਮਲਾ ਬੋਲਿਆ ਹੈ। ਉਨਾਂ ਸਾਬਕਾ ਮੁੱਖ ਮੰਤਰੀ ਚੰਨੀ ਨੂੰ ਵੀ ਨਿਸ਼ਾਨੇ 'ਤੇ ਲਿਆ ਹੈ। ਜਾਖੜ ਨੇ ਕਿਹਾ ਕਿ ਉਨਾਂ (ਅੰਬਿਕਾ ਸੋਨੀ) ਲਈ ਚੰਨੀ ਖ਼ਜ਼ਾਨਾ ਹੋ ਸਕਦਾ



ਹੈ ਪਰ ਕਾਂਗਰਸ ਲਈ ਨਹੀਂ ਹੈ। ਚੰਨੀ 'ਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਹਨ ਜਿਸ ਕਰਕੇ ਅਜਿਹੇ ਵਿਅਕਤੀ ਨੂੰ ਮੁੜ ਪ੍ਰਮੋਟ ਕਰਨਾ ਪਾਰਟੀ ਲਈ ਠੀਕ ਨਹੀਂ ਹੋਵੇਗਾ। ਜਾਖੜ ਨੇ ਕਿਹਾ ਕਿ ਪੰਜਾਬ ਕਾਂਗਰਸ ਨੂੰ ਹੁਣ ਸੰਗਰੂਰ ਵਿਚ ਡੇਰੇ ਲਾਉਣੇ ਚਾਹੀਦੇ ਹਨ ਜਿੱਥੇ ਜ਼ਿਮਨੀ ਚੋਣ ਹੋਵੇਗੀ। ਉਨਾਂ ਕਿਹਾ ਕਿ ਪਾਰਟੀ ਹਾਈ ਕਮਾਨ ਵੱਲੋਂ ਫ਼ੈਸਲੇ ਲੈਣ ਵਿਚ ਦਿਖਾਈ ਦੇਰੀ ਮਹਿੰਗੀ ਪਈ ਹੈ। ਉਨਾਂ ਸਿੱਧੂ ਦੇ ਅਸਤੀਫੇ ਦਾ ਸਵਾਗਤ ਕੀਤਾ ਹੈ।

ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਵਿਧਾਨ ਸਭਾ ਚੋਣਾਂ ਵਿਚ ਹਾਰ ਲਈ ਸਿੱਧੇ ਤੌਰ 'ਤੇ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੂੰ ਜ਼ਿੰਮੇਵਾਰ ਦੱਸਿਆ ਹੈ। ਉਨਾਂ ਕਿਹਾ ਕਿ ਸਿੱਧੂ ਵਰਗੇ ਆਗੂ ਪਾਰਟੀ ਲਈ ਆਤਮਘਾਤੀ ਹਮਲਾਵਰ ਸਾਬਤ ਹੋਏ ਹਨ।

ਸਾਬਕਾ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਪਾਰਟੀ ਦੇ ਦਿਨ ਤਾਂ ਉਦੋਂ ਹੀ ਪੁੱਗਣੇ ਸ਼ੁਰੂ ਹੋ ਗਏ ਸਨ ਜਦੋਂ ਪੁਰਾਣੇ ਕਾਂਗਰਸੀ ਆਗੂ ਸੁਨੀਲ ਜਾਖੜ ਦੀ ਥਾਂ ਚਾਰ ਸਾਲ ਪਹਿਲਾਂ ਪਾਰਟੀ 'ਚ ਸ਼ਾਮਲ ਹੋਣ ਵਾਲੇ ਨਵਜੋਤ ਸਿੱਧੂ ਨੂੰ ਪਾਰਟੀ ਦਾ ਪ੍ਰਧਾਨ ਬਣਾ ਦਿੱਤਾ ਗਿਆ। ਉਸ ਮਗਰੋਂ ਕੈਪਟਨ ਅਮਰਿੰਦਰ ਸਿੰਘ ਨੂੰ ਹਟਾ ਕੇ ਨਵਾਂ ਵਿਵਾਦ ਖੜਾ ਕਰ ਲਿਆ। ਸਾਬਕਾ ਮੰਤਰੀ ਨੇ ਕਿਹਾ ਕਿ ਤੀਜੀ ਗ਼ਲਤੀ ਉਸ ਵਕਤ ਹੋਈ ਜਦੋਂ ਵਿਧਾਇਕਾਂ ਦੀ ਪੂਰੀ ਹਮਾਇਤ ਦੇ ਬਾਵਜੂਦ ਸੁਨੀਲ ਜਾਖੜ ਨੂੰ ਮੁੱਖ ਮੰਤਰੀ ਬਣਾਉਣ ਤੋਂ ਇਨਕਾਰ ਕਰ ਦਿੱਤਾ ਗਿਆ ।ਉਨਾਂ ਕਿਹਾ ਕਿ ਚੰਨੀ ਅਤੇ ਸਿੱਧੂ ਦੀ ਇੱਕ-ਦੂਜੇ ਖ਼ਿਲਾਫ਼ ਬਿਆਨਬਾਜ਼ੀ ਕਰਕੇ ਪਾਰਟੀ ਅੰਦਰ ਜੰਗ ਸ਼ੁਰੂ ਹੋ ਗਈ ਜਿਸ ਦਾ ਵਿਰੋਧੀਆਂ ਨੇ ਫ਼ਾਇਦਾ ਲਿਆ।

ਇਸੇ ਤਰਾਂ ਸਾਬਕਾ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਹਾਈ ਕਮਾਨ ਨੂੰ ਨਵਜੋਤ ਸਿੰਘ ਸਿੱਧੂ ਨੇ ਕਾਂਗਰਸ ਦੀ ਕਿਸ਼ਤੀ ਡੋਬ ਕੇ ਰੱਖ ਦਿੱਤੀ ਹੈ। ਉਨਾਂ ਕਿਹਾ ਕਿ ਦਲ ਬਦਲੂਆਂ ਨੂੰ ਕਦੇ ਵੀ ਪਾਰਟੀ ਦੀ ਪ੍ਰਧਾਨਗੀ ਨਹੀਂ ਦੇਣੀ ਚਾਹੀਦੀ ।

# ਦਲ ਖ਼ਾਲਸਾ ਨੇ ਮੂਲ ਨਾਨਕਸ਼ਾਹੀ ਕੈਲੰਡਰ ਸਿੱਖ ਪ੍ਰਭੂਸੱਤਾ ਅਤੇ ਬਾਦਸ਼ਾਹਤ ਲਈ ਡਟਣ ਅਤੇ ਲੜਨ ਵਾਲੇ ਕੌਮੀ ਨਾਇਕਾਂ ਨੂੰ ਕੀਤਾ ਸਮਰਪਿਤ

**ਅੰਮ੍ਰਿਤਸਰ**: ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਸਿੱਖ ਜਥੇਬੰਦੀ ਦਲ ਖ਼ਾਲਸਾ ਵੱਲੋਂ ਪੰਥ ਪ੍ਰਵਾਨਿਤ ਮੂਲ ਨਾਨਕਸ਼ਾਹੀ ਕੈਲੰਡਰ ਸੰਮਤ 554 ਜਾਰੀ ਕੀਤਾ ਗਿਆ। ਪਾਰਟੀ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਬੁਲਾਰੇ ਪਰਮਜੀਤ ਸਿੰਘ ਮੰਡ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਵੱਲੋਂ ਜਾਰੀ ਕੀਤਾ ਗਿਆ ਕੈਲੰਡਰ ਮੂਲ ਨਾਨਕਸ਼ਾਹੀ ਕੈਲੰਡਰ ਹੈ ਜੋ 2003 ਵਿੱਚ ਸ਼੍ਰੋਮਣੀ ਕਮੇਟੀ ਦੇ ਇਜਲਾਸ ਦੀ ਪ੍ਰਵਾਨਗੀ ਨਾਲ਼ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤਾ ਸੀ ਅਤੇ ਜਿਸਨੂੰ 2010 ਵਿੱਚ ਅਕਾਲੀ ਬਾਦਲ ਦਲ ਨੇ ਸੰਤ ਸਮਾਜ ਦੇ ਪ੍ਰਭਾਵ ਹੇਠ ਚਲਾਕੀ ਨਾਲ਼ ਮੁੜ ਬਿਕਰਮੀ ਕੈਲੰਡਰ ਵਿੱਚ ਬਦਲ ਦਿੱਤਾ ਸੀ।

ਉਹਨਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਬੀਤੇ ਦਿਨੀ ਸ਼੍ਰੋਮਣੀ ਗੁ. ਪ੍ਰ. ਕਮੇਟੀ ਵੱਲੋਂ ਛਾਪੇ ਜਿਸ ਕੈਲੰਡਰ ਨੂੰ ਜਾਰੀ ਕੀਤਾ ਗਿਆ ਹੈ ਉਹ ਅਸਲ ਵਿੱਚ ਬਿਕਰਮੀ ਹੈ, ਨਾਨਕਸ਼ਾਹੀ ਤਾਂ ਕੇਵਲ ਨਾਮ ਦਾ ਹੀ ਹੈ। 2003 ਵਿੱਚ ਜਾਰੀ ਮੂਲ ਨਾਨਾਕਸ਼ਾਹੀ ਕੈਲੰਡਰ ਨੂੰ 2010 ਵਿੱਚ 'ਸੋਧਾਂ' ਦੇ ਨਾਂ ਹੇਠ ਮਿਲਗੋਭਾ ਬਣਾਇਆ ਗਿਆ ਅਤੇ 2015 ਵਿੱਚ ਮੁੜ ਬਿਕਰਮੀ ਬਣਾ ਦਿੱਤਾ ਗਿਆ। ਉਹਨਾਂ ਕਿਹਾ ਕਿ ਪਿਛਲ਼ੇ ਸੱਤ ਸਾਲਾਂ ਤੋਂ ਸ਼੍ਰੋਮਣੀ ਕਮੇਟੀ ਬਿਕਰਮੀ ਕੈਲੰਡਰ 'ਨਾਨਕਸ਼ਾਹੀ' ਦੇ ਨਾਂ ਹੇਠ ਛਾਪ ਕੇ ਵੰਡ ਰਹੀ ਹੈ, ਜੋ ਸਿੱਖ ਸੰਗਤਾਂ ਨਾਲ਼ ਧੋਖਾ ਹੈ।

ਪਾਰਟੀ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਸਿੱਖ ਕੌਮ ਦੀ ਅੱਡਰੀ ਪਛਾਣ ਦਾ ਪ੍ਰਤੀਕ ਹੈ ਅਤੇ ਬਿਕਰਮੀ ਵੱਲ ਮੁੜਣ ਨਾਲ਼ ਕੌਮ ਵਿੱਚ ਭੰਬਲਭੂਸਾ ਅਤੇ ਦੁਬਿਧਾ ਪੈਦਾ ਹੋਈ ਹੈ। ਉਨਾਂ ਕੈਲੰਡਰ ਵਿਵਾਦ ਨੂੰ ਸੁਲਝਾਉਣ ਅਤੇ ਕੈਲੰਡਰ ਕਾਰਨ ਕੌਮ ਅੰਦਰ ਪਈਆਂ ਵੰਡੀਆਂ ਨੂੰ ਖ਼ਤਮ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਦੇ ਨਾਮ ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੂੰ ਮੈਮੋਰੰਡਮ ਅਤੇ ਕੈਲੰਡਰ ਦੀ ਕਾਪੀ ਸੌਂਪੀ।

ਕਮੇਟੀ ਪ੍ਰਧਾਨ ਨੂੰ ਲਿਖੇ ਤਿੰਨ ਸਫ਼ਿਆਂ ਦੇ ਖ਼ਤ ਵਿੱਚ ਜਥੇਬੰਦੀ ਨੇ ਨਾਨਕਸ਼ਾਹੀ ਕੈਲੰਡਰ ਦੇ ਪਿਛੋਕੜ ਅਤੇ ਵਿਵਾਦ ਉੱਤੇ ਵਿਸਥਾਰਿਤ ਜਾਣਕਾਰੀ ਦਿੰਦਿਆਂ ਇਸ ਲਮਕਦੇ ਕੌਮੀ ਮਸਲੇ ਨੂੰ ਸੁਲਝਾਉਣ ਲਈ ਸ.ਧਾਮੀ ਨੂੰ ਪਾਰਟੀ-ਪੱਧਰ ਤੋਂ ਉੱਪਰ ਉੱਠਕੇ ਪਹਿਲਕਦਮੀ ਕਰਨ ਲਈ ਕਿਹਾ ਹੈ।



ਉਨਾਂ ਕਿਹਾ ਕਿ ਸਾਰੇ ਧਰਮਾਂ ਅਤੇ ਭਾਈਚਾਰਿਆਂ ਦਾ ਆਪਣੀ ਵੱਖਰੀ ਸੱਭਿਆਚਾਰਕ ਪਛਾਣ ਦੇ ਚਿੰਨ ਵਜੋਂ ਆਪਣਾ ਕੈਲੰਡਰ ਹੁੰਦਾ ਹੈ ਏਸੇ ਤਰਾਂ ਮੂਲ ਨਾਨਕਸ਼ਾਹੀ ਕੈਲੰਡਰ ਸਿੱਖ ਕੌਮ ਦੀ ਅੱਡਰੀ ਪਹਿਚਾਣ ਦਾ ਪ੍ਰਤੀਕ ਹੈ।

ਪਾਰਟੀ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ ਨੇ ਦੱਸਿਆ ਕਿ ਮੌਜੂਦਾ ਵਰੇ ਦਾ ਮੂਲ ਨਾਨਕਸ਼ਾਹੀ ਕੈਲੰਡਰ ਸਿੱਖ ਪ੍ਰਭੂਸੱਤਾ ਅਤੇ ਬਾਦਸ਼ਾਹਤ ਲਈ ਡਟਣ ਅਤੇ ਲੜਨ ਵਾਲੇ ਕੌਮੀ ਨਾਇਕਾਂ ਨੂੰ ਸਮਰਪਿਤ ਕੀਤਾ ਗਿਆ ਹੈ। ਇਸ ਕੈਲੰਡਰ ਵਿੱਚ ਜਿੱਥੇ ਸਿੱਖ ਬਾਦਸ਼ਾਹਤ ਦੇ ਪ੍ਰਤੀਕ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਅਤੇ ਬਾਬਾ ਬਘੇਲ ਸਿੰਘ ਦੀ ਤਸਵੀਰ ਲਗਾਈ ਗਈ ਹੈ ਉੱਥੇ ਹੀ ਸੰਤ ਜਰਨੈਲ ਸਿੰਘ ਭਿੰਡਰਾਵਾਲੇ ਅਤੇ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ ਕਰਦਿਆਂ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਨਾਲ਼ ਸਿੱਖ ਸੰਘਰਸ਼ ਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਪਹੁੰਚਾਉਣ ਵਾਲੇ ਡਾ. ਜਗਜੀਤ ਸਿੰਘ ਚੌਹਾਨ, ਅਤੇ ਡਾ. ਗੁਰਮੀਤ ਸਿੰਘ ਔਲਖ ਦੀਆਂ ਤਸਵੀਰਾਂ ਵੀ ਮੌਜੂਦ ਹਨ। ਸਿੱਖ ਜੁਝਾਰੂ ਸੰਘਰਸ਼ ਦੀ ਸਿਧਾਂਤਿਕ ਅਗਵਾਈ ਕਰਨ ਵਾਲੀਆਂ ਦੋਨੋਂ ਪੰਥਕ ਕਮੇਟੀਆਂ ਦੇ ਮੁਖੀਆਂ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਅਤੇ ਡਾ. ਸੋਹਣ ਸਿੰਘ ਦੀਆਂ ਤਸਵੀਰਾਂ ਵੀ ਲਾਈਆ ਗਈਆਂ ਹਨ। ਖ਼ਾਲਿਸਤਾਨ ਦੇ ਨਾਮ ਹੇਠ 1984 ਤੋਂ ਬਾਅਦ ਹੋਂਦ ਵਿੱਚ ਆਈਆਂ ਜੁਝਾਰੂ ਜਥੇਬੰਦੀਆਂ ਦੇ ਜਰਨੈਲਾਂ ਦੀਆਂ ਤਸਵੀਰਾਂ ਵੀ ਸ਼ੁਸ਼ੋਬਿਤ ਹਨ।

ਸੰਘਰਸ਼ ਦੀ ਲਗਾਤਾਰਤਾ ਨੂੰ ਦਰਸਾਉਂਦਿਆਂ ਜਿੱਥੇ ਜਲਾਵਤਨੀ ਕੱਟ ਰਹੇ ਸਿੱਖਾਂ ਵਿੱਚੋਂ ਪਰਮਜੀਤ ਸਿੰਘ ਪੰਜਵੜ, ਚਾਚਾ ਵਧਾਵਾ ਸਿੰਘ ਬੱਬਰ, ਅਤੇ ਭਾਈ ਗਜਿੰਦਰ ਸਿੰਘ ਦੀ ਤਸਵੀਰ ਲਗਾਈ ਗਈ ਹੈ ਉੱਥੇ ਹੀ ਪੰਜਾਬ ਵਿੱਚ ਜਮਹੂਰੀ ਢੰਗ ਨਾਲ਼ ਖ਼ਾਲਿਸਤਾਨ ਦੀ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰਦਿਆਂ ਭਾਈ ਦਲਜੀਤ ਸਿੰਘ ਬਿੱਟੂ ਅਤੇ ਸਿਮਰਨਜੀਤ ਸਿੰਘ ਮਾਨ ਦੀ ਤਸਵੀਰ ਵੀ ਲਗਾਈ ਗਈ ਹੈ। ਲੰਬੇ ਸਮੇਂ ਤੋਂ ਭਾਰਤੀ ਜੇਲਾਂ ਵਿੱਚ ਨਜ਼ਰਬੰਦ ਕੈਦੀਆਂ ਵਿੱਚੋਂ ਭਾਈ ਜਗਤਾਰ ਸਿੰਘ ਹਵਾਰਾ, ਪ੍ਰੋਫ਼ੈਸਰ ਦਵਿੰਦਰ ਪਾਲ ਸਿੰਘ ਭੁੱਲਰ ਅਤੇ ਜੱਗੀ ਜੌਹਲ ਦੀ ਤਸਵੀਰ ਵੀ ਲਗਾਈ ਗਈ ਹੈ। ਕੈਲੰਡਰ ਦੇ ਹੇਠਲੇ ਭਾਗ ਵਿੱਚ 26 ਜਨਵਰੀ 2021 ਨੂੰ ਲਾਲ ਕਿਲੇ ਉੱਤੇ ਖ਼ਾਲਸਾਈ ਪਰਚਮ ਲਹਿਰਾਉਣ ਵਾਲੇ ਪਿੰਡ ਵਾਂ ਦੇ ਭਾਈ ਜੁਗਰਾਜ ਸਿੰਘ ਨੂੰ ਵੀ ਥਾਂ ਦਿੱਤੀ ਗਈ ਹੈ।

ਪੰਜਾਬ ਦੀ ਅਜ਼ਾਦੀ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਪਾਰਟੀ ਦੇ ਆਗੂਆਂ ਨੇ ਕਿਹਾ ਕਿ ਸਿੱਖ ਪ੍ਰਭੂਸੱਤਾ ਦੀ ਪ੍ਰਾਪਤੀ ਲਈ ਖ਼ਾਲਿਸਤਾਨ ਦਾ ਸੰਘਰਸ਼ ਜਾਰੀ ਹੈ।

ਮੌਜੂਦਾ ਹਾਲਾਤਾਂ ਦੀ ਗੱਲ ਕਰਦਿਆਂ ਦਲ ਖ਼ਾਲਸਾ ਲੀਡਰਸ਼ਿਪ ਨੇ ਕਿਹਾ ਹੈ ਕਿ ਅਕਾਲੀ ਦਲ ਬਾਦਲ ਨੂੰ ਉਹਨਾਂ ਦੀਆਂ ਸਮਝੌਤਾਵਾਦੀ ਨੀਤੀਆਂ ਤੇ ਲੀਡਰਸ਼ਿਪ ਦੀਆਂ ਨਲਾਇਕੀਆਂ ਅਤੇ 'ਮੈਂ ਨਾ ਮਾਨੂੰ' ਹੰਕਾਰੀ ਰਵੱਈਏ ਕਾਰਨ ਲੋਕਾਂ ਨੇ ਨਕਾਰ ਦਿੱਤਾ ਹੈ। ਪੰਜਾਬ ਅੰਦਰ ਰਾਜਨੀਤਿਕ ਪਿੜ ਵਿੱਚ ਜਿੱਥੇ ਵੱਡਾ ਬਦਲਾਅ ਆਇਆ ਹੈ ਓਥੇ ਪੰਥਕ ਰਾਜਨੀਤੀ ਵੀ ਵੱਡੇ ਬਦਲਾਅ ਦੀ ਉਡੀਕ ਵਿੱਚ ਹੈ। ਰਵਾਇਤੀ ਪਾਰਟੀਆਂ ਤੇ ਰਵਾਇਤੀ ਆਗੂ ਹਾਸ਼ੀਏ 'ਤੇ ਜਾ ਚੁੱਕੇ ਹਨ।

ਇਸ ਮੌਕੇ ਹੋਰਨਾ ਤੋਂ ਇਲਾਵਾ ਰਣਵੀਰ ਸਿੰਘ, ਲਖਵੀਰ ਸਿੰਘ ਪੱਟੀ, ਗੁਰਪ੍ਰੀਤ ਸਿੰਘ ਖੁੱਡਾ, ਸਿੱਖ ਯੂਥ ਆਫ਼ ਪੰਜਾਬ ਦੇ ਪ੍ਰਧਾਨ ਗੁਰਨਾਮ ਸਿੰਘ ਮੂਨਕਾਂ, ਜਸਵਿੰਦਰ ਸਿੰਘ ਕਾਹਨੂੰਵਾਨ, ਪ੍ਰਭਜੀਤ ਸਿੰਘ ਹਸਨਪੁਰ, ਸੁਖਜਿੰਦਰ ਸਿੰਘ ਟੇਰਕੇਅਣਾ, ਜਸਵੀਰ ਸਿੰਘ ਆਦਿ ਹਾਜ਼ਰ ਸਨ।

# ਕੈਪਟਨ ਦੀ ਪਾਰਟੀ ਦੇ 28 ਵਿੱਚੋਂ 27 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ

## ✪ 15 ਨੂੰ ਮਿਲੀ 1% ਤੋਂ ਘੱਟ ਵੋਟ ✪ ਕੈਪਟਨ ਅਨੁਸਾਰ ਗਾਂਧੀ ਪਰਿਵਾਰ ਪੰਜਾਬ ਵਿੱਚ ਕਾਂਗਰਸ ਦੀ ਹਾਰ ਲਈ ਜ਼ਿੰਮੇਵਾਰ

**ਚੰਡੀਗੜ੍ਹ/ਏ.ਟੀ.ਨਿਊਜ਼ :-** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਜੋ ਕਾਂਗਰਸ ਤੋਂ ਵੱਖ ਹੋ ਕੇ ਚੋਣ ਮੈਦਾਨ ਵਿੱਚ ਉੱਤਰੇ ਸਨ, ਨੇ ਪੰਜਾਬ ਲੋਕ ਕਾਂਗਰਸ ਦੀ ਟਿਕਟ 'ਤੇ ਚੋਣ ਲੜਨ ਵਾਲੇ 28 ਉਮੀਦਵਾਰਾਂ ਵਿੱਚੋਂ 27 ਦੀ ਜ਼ਮਾਨਤ ਜ਼ਬਤ ਕਰ ਲਈ ਹੈ। 27 ਵਿੱਚੋਂ 15 ਅਜਿਹੇ ਉਮੀਦਵਾਰ ਹਨ ਜਿਨ੍ਹਾਂ ਨੂੰ ਇੱਕ ਫ਼ੀਸਦੀ ਤੋਂ ਵੀ ਘੱਟ ਵੋਟ ਮਿਲੇ ਹਨ। ਕੈਪਟਨ ਦੀ ਪਾਰਟੀ ਨੇ ਭਾਜਪਾ ਨਾਲ ਗਠਜੋੜ ਕਰਕੇ ਚੋਣਾਂ ਲੜੀਆਂ ਸਨ। ਇਸ ਮੋਰਚੇ ਵਿੱਚ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਵੀ ਸ਼ਾਮਲ ਸੀ। ਗਠਜੋੜ ਵਿੱਚ ਭਾਜਪਾ ਨੂੰ 65, ਪੀ.ਐੱਲ.ਸੀ. ਨੂੰ 37 ਅਤੇ ਸ਼੍ਰੋਮਣੀ ਅਕਾਲੀ ਦਲ ਯੂਨਾਈਟਿਡ ਨੂੰ 15 ਸੀਟਾਂ ਮਿਲੀਆਂ, ਪਰ ਬਾਅਦ ਵਿੱਚ ਨੌਂ ਉਮੀਦਵਾਰਾਂ ਨੇ ਪੀ.ਐੱਲ.ਸੀ ਦੀ ਟਿਕਟ 'ਤੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ।

ਚੋਣ ਨਤੀਜਿਆਂ ਤੋਂ ਬਾਅਦ, ਪੀ.ਐੱਲ.ਸੀ ਦੇ ਅੱਠ ਉਮੀਦਵਾਰ ਅਜਿਹੇ ਹਨ ਜਿਨ੍ਹਾਂ ਨੂੰ ਇੱਕ ਤੋਂ ਦੋ ਪ੍ਰਤੀਸ਼ਤ ਵੋਟਾਂ ਮਿਲਦੀਆਂ ਹਨ, ਪੰਜ ਉਮੀਦਵਾਰ ਜੋ ਦੋ ਪ੍ਰਤੀਸ਼ਤ ਤੋਂ ਵੱਧ ਵੋਟਾਂ ਪ੍ਰਾਪਤ ਕਰਦੇ ਹਨ। ਪਾਰਟੀ ਦੇ ਛੇ ਉਮੀਦਵਾਰਾਂ ਨੂੰ 500 ਤੋਂ ਘੱਟ ਵੋਟਾਂ, ਪੰਜ ਉਮੀਦਵਾਰਾਂ ਨੂੰ 500 ਤੋਂ ਵੱਧ ਵੋਟਾਂ, ਸੱਤ ਉਮੀਦਵਾਰਾਂ ਨੂੰ 1000 ਤੋਂ 1500 ਵੋਟਾਂ, ਚਾਰ ਉਮੀਦਵਾਰਾਂ ਨੂੰ 2000 ਦੇ ਕਰੀਬ ਅਤੇ ਛੇ ਉਮੀਦਵਾਰਾਂ ਨੂੰ 2000 ਤੋਂ ਵੱਧ ਵੋਟਾਂ ਮਿਲੀਆਂ। ਚਾਰ ਉਮੀਦਵਾਰ ਹਨ ਜੋ 5000 ਅੰਕਾਂ ਨਾਲ ਪਾਸ ਹੋਏ ਹਨ। ਪਟਿਆਲਾ ਸ਼ਹਿਰੀ ਤੋਂ ਕੈਪਟਨ ਅਮਰਿੰਦਰ ਨੂੰ 27.28 ਫ਼ੀਸਦੀ, ਮਲੋਟ ਤੋਂ ਕਰਨਵੀਰ ਸਿੰਘ ਨੂੰ 0.84, ਨਿਹਾਲ ਸਿੰਘ ਵਾਲਾ ਤੋਂ ਮੁਖ਼ਤਿਆਰ ਸਿੰਘ ਨੂੰ 0.81, ਕੋਟਕਪੂਰਾ ਤੋਂ ਦਰਗੇਸ਼ ਕੁਮਾਰ ਨੂੰ 0.85, ਰਾਮਪੁਰਾ ਫੂਲ ਤੋਂ ਅਮਰਜੀਤ ਸ਼ਰਮਾ ਨੂੰ 0.76 ਫ਼ੀਸਦੀ ਅੰਕ ਮਿਲੇ ਹਨ।

ਦਾਖਾ ਤੋਂ ਦਮਨਜੀਤ ਸਿੰਘ ਮੋਹੀ ਨੂੰ 0.59, ਫ਼ਿਰੋਜ਼ਪੁਰ ਦਿਹਾਤੀ ਤੋਂ ਜਸਵਿੰਦਰ ਸਿੰਘ ਨੂੰ 0.51, ਧਰਮਕੋਟ ਤੋਂ ਰਵਿੰਦਰ ਸਿੰਘ ਗਰੇਵਾਲ ਨੂੰ 0.53, ਭਦੌੜ ਤੋਂ ਧਰਮ ਸਿੰਘ ਫ਼ੌਜੀ ਨੂੰ 0.5, ਬਠਿੰਡਾ ਦਿਹਾਤੀ ਤੋਂ ਸਵੇਰਾ ਸਿੰਘ ਨੂੰ 0.48, ਬਠਿੰਡਾ ਦਿਹਾਤੀ ਤੋਂ ਜਸਕਰਨ ਭੂਤ ਗਿੱਲ ਨੂੰ 0.32 ਫ਼ੀਸਦੀ ਵੋਟਾਂ ਮਿਲੀਆਂ। ਅਜਨਾਲਾ ਤੋਂ ਸੁਰਜੀਤ ਸਿੰਘ ਨੂੰ 0.37, ਜੰਡਿਆਲਾ ਤੋਂ ਗਗਨਦੀਪ ਸਿੰਘ ਏ.ਆਰ. ਨੂੰ 0.4, ਫ਼ਤਹਿਗੜ੍ਹ ਚੂੜੀਆਂ ਤੋਂ ਤਜਿੰਦਰ ਸਿੰਘ ਰੰਧਾਵਾ ਨੂੰ 9.32, ਗਿੱਦੜਬਾਹਾ ਤੋਂ



ਓਮ ਪ੍ਰਕਾਸ਼ ਨੂੰ 0.27, ਮਲੇਰਕੋਟਲਾ ਤੋਂ ਫ਼ਰਜ਼ਾਨਾ ਆਲਮ ਖ਼ਾਨ ਨੂੰ 0.17, ਪਟਿਆਲਾ ਦਿਹਾਤੀ ਤੋਂ ਸੰਜੀਵ ਸ਼ਰਮਾ ਨੂੰ 0.28 ਫ਼ੀਸਦੀ ਵੋਟਾਂ ਮਿਲੀਆਂ।

ਸਨੌਰ ਤੋਂ ਬਿਕਰਮਜੀਤ ਇੰਦਰ ਸਿੰਘ ਚਾਹਲ ਨੇ 5.59, ਸਮਾਣਾ ਤੋਂ ਸੁਰਿੰਦਰ ਸਿੰਘ ਖੇੜਕੀ ਨੇ 3.53, ਸ਼ੁਤਰਾਣਾ ਤੋਂ ਨਰਾਇਣ ਸਿੰਘ ਨੇ 2.6, ਨਕੋਦਰ ਤੋਂ ਅਜੀਤਪਾਲ ਸਿੰਘ ਨੇ 1.52, ਬੁਢਲਾਡਾ ਤੋਂ ਸੂਬੇਦਾਰ ਭੋਲਾ ਸਿੰਘ ਨੇ 1.2, ਮਾਨਸਾ ਤੋਂ ਜੀਵਨਦਾਸ ਬਾਵਾ ਨੇ 1, ਬੱਸੀ ਪਠਾਣਾਂ ਨੇ ਦੀਪਕ ਨੇ 7.4 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ।

ਅੰਮ੍ਰਿਤਸਰ ਦੱਖਣੀ ਤੋਂ ਹਰਜਿੰਦਰ ਸਿੰਘ ਠੇਕੇਦਾਰ ਨੂੰ 1.48, ਆਦਮਪੁਰ ਤੋਂ ਜਗਦੀਸ਼ ਕੁਮਾਰ ਜਸਵਾਲ ਨੂੰ 1.13, ਅਮਰਗੜ੍ਹ ਤੋਂ ਸਰਦਾਰ ਅਲੀ ਨੂੰ 1.03 ਅਤੇ ਭੁਲੱਥ ਤੋਂ ਅਮਨਦੀਪ ਸਿੰਘ ਗੋਰਾ ਗਿੱਲ ਨੂੰ 1.32 ਫ਼ੀਸਦੀ ਵੋਟਾਂ ਮਿਲੀਆਂ।

### ਪੰਜਾਬ ਵਿੱਚ ਕਾਂਗਰਸ ਦੀ ਹਾਰ ਲਈ ਗਾਂਧੀ ਪਰਿਵਾਰ ਜ਼ਿੰਮੇਵਾਰ : ਕੈਪਟਨ

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪਾਰਟੀ ਦੀ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਹੋਈ ਹਾਰ ਲਈ ਸਿੱਧੇ ਤੌਰ 'ਤੇ ਗਾਂਧੀ ਪਰਿਵਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਪੰਜ ਸੂਬਿਆਂ ਵਿੱਚ ਕਾਂਗਰਸ ਪਾਰਟੀ ਚੋਣਾਂ ਹਾਰੀ ਹੈ ਅਤੇ ਇਸ ਸ਼ਰਮਨਾਕ ਹਾਰ ਲਈ ਗਾਂਧੀ ਪਰਿਵਾਰ ਹੀ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹਾਰ ਲਈ ਵੀ ਕਾਂਗਰਸ ਹਾਈਕਮਾਨ ਹੀ ਕਸੂਰਵਾਰ ਹੈ ਅਤੇ ਉਸ ਨੂੰ ਕਿਸੇ 'ਤੇ ਦੋਸ਼ ਮੜ੍ਹਨ ਦੀ ਥਾਂ ਆਪਣੀ ਗਲਤੀ ਮੰਨ ਲੈਣੀ ਚਾਹੀਦੀ ਹੈ। ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬੇ ਵਿੱਚ ਚੋਣਾਂ ਹਾਰਨ ਦਾ ਕਾਰਨ ਨਵਜੋਤ ਸਿੱਧੂ ਵਰਗੇ ਅਸਥਿਰ ਅਤੇ ਹੰਕਾਰੀ ਵਿਅਕਤੀ ਨੂੰ ਕਾਂਗਰਸ ਦੀ ਵਾਗਡੋਰ ਦੇਣਾ ਹੈ। ਮੈਨੂੰ ਬਦਨਾਮ ਕਰਨ ਲਈ ਕਾਂਗਰਸ ਹਾਈਕਮਾਨ ਨੇ ਸਿੱਧੂ ਅਤੇ ਹੋਰਾਂ ਨਾਲ ਹੱਥ ਮਿਲਾਇਆ ਸੀ। ਉਨ੍ਹਾਂ ਕਿਹਾ ਕਿ ਚੋਣ ਨਤੀਜਿਆਂ ਤੋਂ ਸਾਬਿਤ ਹੋ ਗਿਆ ਹੈ ਕਿ ਲੋਕਾਂ ਦਾ ਗਾਂਧੀ ਪਰਿਵਾਰ ਚੋਂ ਹੁਣ ਭਰੋਸਾ ਉੱਠ ਗਿਆ ਹੈ। ਕੈਪਟਨ ਨੇ ਕਿਹਾ, ਜਿਸ ਦਿਨ ਕਾਂਗਰਸ ਨੇ ਚਰਨਜੀਤ ਸਿੰਘ ਚੰਨੀ ਵਰਗੇ ਭ੍ਰਿਸ਼ਟ ਵਿਅਕਤੀ ਨੂੰ ਮੁੱਖ ਮੰਤਰੀ ਵਜੋਂ ਨਾਮਜ਼ਦ ਕਰਨ ਦਾ ਫ਼ੈਸਲਾ ਕੀਤਾ ਸੀ, ਉਸ ਦਿਨ ਹੀ ਪਾਰਟੀ ਨੇ ਆਪਣੀ ਕਬਰ ਪੁੱਟ ਲਈ ਸੀ। ਰਹਿੰਦੀ ਕਸਰ ਸਿੱਧੂ ਦੀ ਲਗਾਤਾਰ ਬਿਆਨਬਾਜ਼ੀ ਨੇ ਕੱਢ ਦਿੱਤੀ।

# ਚੋਣਾਂ ਵਿੱਚ ਵੱਡੀ ਹਾਰ ਮਿਲਣ ਤੋਂ ਬਾਅਦ ਢੀਂਡਸਾ ਪਿਓ-ਪੁੱਤ ਦਾ ਸਿਆਸੀ ਭਵਿੱਖ ਖ਼ਤਰੇ 'ਚ

**ਸ਼ੇਰਪੁਰ :** ਪੰਜਾਬ ਵਿਧਾਨ ਸਭਾ ਦੇ ਆਏ ਚੋਣ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਦੀ ਚੱਲੀ ਹਨੇਰੀ ਦੌਰਾਨ ਸੁਖਦੇਵ ਸਿੰਘ ਢੀਂਡਸਾ ਅਤੇ ਉਨ੍ਹਾਂ ਦੇ ਸਪੁੱਤਰ ਪਰਮਿੰਦਰ ਸਿੰਘ ਢੀਂਡਸਾ ਦੇ ਸਿਆਸੀ ਭਵਿੱਖ ਨੂੰ ਵੀ ਗ੍ਰਹਿਣ ਲੱਗ ਗਿਆ ਹੈ। ਢੀਂਡਸਾ ਨੇ ਆਪਣਾ ਰਾਜਸੀ ਸਫ਼ਰ 1972 ਤੋਂ ਹਲਕਾ ਧਨੌਲਾ ਤੋਂ ਆਜ਼ਾਦ ਚੋਣ ਜਿੱਤ ਕੇ ਸ਼ੁਰੂ ਕੀਤਾ ਅਤੇ ਲਗਾਤਾਰ 1977, 1980 ਅਤੇ 1985 ਵਿੱਚ ਚਾਰ ਵਾਰ ਵਿਧਾਇਕ ਰਹੇ। 1997 ਦੀਆਂ ਚੋਣਾਂ ਵਿੱਚ ਸੁਨਾਮ ਤੋਂ ਬਾਬੂ ਭਗਵਾਨ ਦਾਸ ਅਰੋੜਾ ਤੋਂ ਪਹਿਲੀ ਵਾਰ ਚੋਣ ਹਾਰੇ ਤੇ ਬਾਦਲ ਸਰਕਾਰ ਨੇ ਚੋਣ ਹਾਰਨ ਤੋਂ ਬਾਅਦ ਵੀ ਉਨ੍ਹਾਂ ਨੂੰ ਪੰਜਾਬ ਰਾਜ ਬਿਜਲੀ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ। 2004 ਦੀਆਂ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਨੇ ਜਿੱਤ ਪ੍ਰਾਪਤ ਕੀਤੀ ਅਤੇ 2009 ਦੀਆਂ ਚੋਣਾਂ ਵਿੱਚ ਹਾਰ ਪ੍ਰਾਪਤ ਹੋਈ। ਹਾਰ ਮਿਲਣ ਦੇ ਬਾਵਜੂਦ ਇੱਕ ਵਾਰ ਫਿਰ ਪ੍ਰਕਾਸ਼ ਸਿੰਘ ਬਾਦਲ ਨੇ ਢੀਂਡਸਾ 'ਤੇ ਮਿਹਰਬਾਨ ਹੁੰਦਿਆਂ ਰਾਜ ਸਭਾ ਵਿੱਚ ਭੇਜਿਆ ਪ੍ਰੰਤੂ ਹੁਣ ਬਦਲੇ ਸਮੀਕਰਨਾਂ ਤਹਿਤ ਉਹ ਆਪਣੀ ਵੱਖ ਪਾਰਟੀ ਬਣਾ ਚੁੱਕੇ ਹਨ ਤੇ ਉਨ੍ਹਾਂ ਦਾ ਰਾਜ ਸਭਾ ਮੈਂਬਰ ਦਾ ਕਾਰਜਕਾਲ ਅਪ੍ਰੈਲ ਵਿੱਚ ਪੂਰਾ ਹੋ ਰਿਹਾ ਹੈ, ਜਿਸ ਕਰਕੇ



ਉਹ ਆਪਣੇ ਦਮ 'ਤੇ ਜਾਂ ਗਠਜੋੜ ਤਹਿਤ ਰਾਜ ਸਭਾ ਵਿੱਚ ਨਹੀਂ ਜਾ ਸਕਦੇ। ਹੁਣ ਉਨ੍ਹਾਂ ਦੇ ਸਿਆਸੀ ਭਵਿੱਖ ਦਾ ਦਾਰੋ-ਮਦਾਰ ਮੋਦੀ ਸਰਕਾਰ 'ਤੇ ਨਿਰਭਰ ਹੈ। ਜੇਕਰ ਗੱਲ ਉਨ੍ਹਾਂ ਦੇ ਸਪੁੱਤਰ ਪਰਮਿੰਦਰ ਸਿੰਘ ਢੀਂਡਸਾ ਦੀ ਕੀਤੀ ਜਾਵੇ ਤਾਂ ਉਨ੍ਹਾਂ ਨੇ ਆਪਣੇ ਸਿਆਸੀ ਕੈਰੀਅਰ ਦੀ ਸ਼ੁਰੂਆਤ 2000 ਵਿੱਚ ਸੁਨਾਮ ਜ਼ਿਮਨੀ ਚੋਣ ਜਿੱਤ ਕੇ ਕੀਤੀ ਅਤੇ ਇਸ ਤੋਂ ਬਾਅਦ 2002, 2007 ਅਤੇ 2012 ਦੀਆਂ ਚੋਣਾਂ ਵਿੱਚ ਸੁਨਾਮ ਤੋਂ ਜਿੱਤ ਕੇ ਅਕਾਲੀ ਭਾਜਪਾ ਗਠਜੋੜ ਦੀ ਸਰਕਾਰ ਵਿੱਚ ਮੰਤਰੀ ਰਹੇ। ਪ੍ਰੰਤੂ 2017 ਦੀਆਂ ਚੋਣਾਂ ਵਿੱਚ ਉਨ੍ਹਾਂ ਸੁਨਾਮ ਹਲਕਾ ਬਦਲ ਕੇ ਵਿਧਾਨ ਸਭਾ ਹਲਕਾ ਲਹਿਰਾਗਾਗਾ ਤੋਂ ਚੋਣ ਲੜੀ ਤੇ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੂੰ ਹਰਾ ਕੇ ਚੋਣ ਜਿੱਤੀ, ਪ੍ਰੰਤੂ ਸ਼੍ਰੋਮਣੀ ਅਕਾਲੀ ਦਲ 15 ਸੀਟਾਂ 'ਤੇ ਸਿਮਟ ਕੇ ਰਹਿ ਗਿਆ। ਇਸ ਵਾਰ ਉਨ੍ਹਾਂ ਵੱਲੋਂ ਹਲਕਾ ਲਹਿਰਾਗਾਗਾ ਤੋਂ ਆਪਣੀ ਵੱਖਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਸੰਯੁਕਤ-ਭਾਜਪਾ, ਕੈਪਟਨ ਗਠਜੋੜ ਨਾਲ ਚੋਣ ਲੜੀ, ਪ੍ਰੰਤੂ ਆਪ ਪਾਰਟੀ ਦੀ ਹਨੇਰੀ ਵਿੱਚ ਆਪ ਪਾਰਟੀ ਦੇ ਉਮੀਦਵਾਰ ਐਡਵੋਕੇਟ ਬਰਿੰਦਰ ਗੋਇਲ ਨੇ ਵੱਡੀ ਲੀਡ ਨਾਲ ਚੋਣ ਜਿੱਤੀ ਅਤੇ ਢੀਂਡਸਾ ਦਾ ਸਿਆਸੀ ਭਵਿੱਖ ਖ਼ਤਰੇ ਵਿੱਚ ਪਾ ਦਿੱਤਾ, ਜਿਸ ਕਰਕੇ ਬਦਲੇ ਹੋਏ ਸਿਆਸੀ ਸਮੀਕਰਨਾਂ ਤਹਿਤ ਇਕ ਵਾਰ ਦੋਵਾਂ ਪਿਓ-ਪੁੱਤਾਂ ਦੇ ਸਿਆਸੀ ਭਵਿੱਖ 'ਤੇ ਬੱਦਲ ਛਾ ਗਏ ਹਨ।

# ਚੰਨੀ ਨੇ 5 ਮਿੰਟ ਦੀ ਹੈਲੀਕਾਪਟਰ ਦੀ ਸਵਾਰੀ 'ਤੇ ਉਡਾਏ ਲੱਖਾਂ

## 4 ਮਹੀਨਿਆਂ ਵਿੱਚ 1.83 ਕਰੋੜ ਦਾ ਹਵਾਈ ਸਫ਼ਰ ਦਾ ਬਿੱਲ

**ਬਠਿੰਡਾ :** ਆਪਣੇ ਆਪ ਨੂੰ ਆਮ ਆਦਮੀ ਦੱਸਣ ਵਾਲੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਕਰੀਬ 5 ਮਹੀਨਿਆਂ ਦੇ ਕਾਰਜਕਾਲ ਦੌਰਾਨ ਹਵਾਈ ਸਫ਼ਰ 'ਤੇ ਕਰੋੜਾਂ ਰੁਪਏ ਖ਼ਰਚ ਕੀਤੇ। ਚੰਨੀ ਨੇ ਚਾਰ ਮਹੀਨਿਆਂ ਵਿੱਚ ਹੈਲੀਕਾਪਟਰ ਲਈ 32,27,890 ਰੁਪਏ ਅਦਾ ਕੀਤੇ। ਹੈਲੀਕਾਪਟਰ ਦਾ ਤੇਲ ਤੇ ਹੋਰ ਖ਼ਰਚੇ ਇਸ ਤੋਂ ਵੱਖਰੇ ਹਨ। ਇਸ ਤੋਂ ਇਲਾਵਾ ਮੁੱਖ ਮੰਤਰੀ ਵੱਲੋਂ ਕਿਰਾਏ 'ਤੇ ਵਰਤੇ ਗਏ ਚਾਰਟਰਡ ਜਹਾਜ਼ 'ਤੇ ਵੀ ਕਰੋੜਾਂ ਰੁਪਏ ਖ਼ਰਚ ਕੀਤੇ ਗਏ ਹਨ। ਸਾਬਕਾ ਮੁੱਖ ਮੰਤਰੀ ਚੰਨੀ ਨੇ ਆਪਣੇ ਕਾਰਜਕਾਲ ਦੌਰਾਨ ਕਰੀਬ 27 ਵਾਰ ਹਵਾਈ ਯਾਤਰਾ ਕੀਤੀ ਹੈ। ਉਸ ਨੇ ਉਸੇ ਸ਼ਹਿਰ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਕਾਰ ਦੀ ਬਜਾਏ ਹੈਲੀਕਾਪਟਰ ਦੀ ਵਰਤੋਂ ਵੀ ਕੀਤੀ।




ਸਿਰਫ਼ 5-5 ਮਿੰਟ ਦੇ ਸਫ਼ਰ ਲਈ ਵੀ ਕਈ ਵਾਰ ਹੈਲੀਕਾਪਟਰ ਦੀ ਵਰਤੋਂ ਕੀਤੀ ਗਈ। ਇਹ ਖੁਲਾਸਾ ਬਠਿੰਡਾ ਦੇ ਆਰ.ਟੀ.ਆਈ. ਕਾਰਕੁੰਨ ਅਤੇ ਗ੍ਰਹਿ ਜਾਗੋ ਦੇ ਸਕੱਤਰ ਸੰਜੀਵ ਗੋਇਲ ਵੱਲੋਂ ਆਰ.ਟੀ.ਆਈ. ਤਹਿਤ ਮੰਗੀ ਗਈ ਜਾਣਕਾਰੀ ਵਿੱਚ ਹੋਇਆ ਹੈ। ਚਰਨਜੀਤ ਸਿੰਘ ਚੰਨੀ ਨੇ 20 ਸਤੰਬਰ 2021 ਨੂੰ ਪੰਜਾਬ ਦੇ 16ਵੇਂ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਿਆ ਸੀ ਅਤੇ ਉਨ੍ਹਾਂ ਦੇ ਕਾਰਜਕਾਲ ਨੂੰ 6 ਮਹੀਨੇ ਤੋਂ ਵੀ ਘੱਟ ਸਮਾਂ ਹੋਇਆ ਹੈ। ਚੰਨੀ ਨੇ ਹੈਲੀਕਾਪਟਰ ਅਤੇ ਹਵਾਈ ਯਾਤਰਾ 'ਤੇ ਕਰੋੜਾਂ ਰੁਪਏ ਖ਼ਰਚ ਕੀਤੇ। ਦੂਜੇ ਪਾਸੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਹਰ ਸਮੇਂ ਖ਼ਜ਼ਾਨਾ ਖ਼ਾਲੀ ਹੋਣ ਦੀ ਗੱਲ ਕਰਦੇ ਰਹੇ।

20 ਸਤੰਬਰ, 2021 ਤੋਂ 3 ਜਨਵਰੀ, 2022 ਤੱਕ ਚਾਰਟਰਡ ਜਹਾਜ਼ਾਂ 'ਤੇ 1,51,34,818 ਰੁਪਏ ਖ਼ਰਚ ਕੀਤੇ ਗਏ ਹਨ। 32,27,890 ਸਿਰਫ਼ ਹੈਲੀਕਾਪਟਰ ਕਿਰਾਏ ਲਈ. ਇਸ ਤਰ੍ਹਾਂ ਕਰੀਬ ਚਾਰ ਮਹੀਨਿਆਂ ਵਿੱਚ ਹਵਾਈ ਯਾਤਰਾ 'ਤੇ 1,83,62,708 ਰੁਪਏ ਖ਼ਰਚ ਕੀਤੇ ਗਏ ਹਨ। ਜਾਣਕਾਰੀ ਅਨੁਸਾਰ, ਪੰਜਾਬ ਸਰਕਾਰ ਨੇ ਮੁੱਖ ਮੰਤਰੀ ਦੀ ਹੈਲੀਕਾਪਟਰ ਯਾਤਰਾ ਅਤੇ ਹਵਾਈ ਯਾਤਰਾ 'ਤੇ ਹੀ ਇੱਕ ਦਿਨ 'ਚ 23 ਲੱਖ ਰੁਪਏ ਤੋਂ ਵੱਧ ਖ਼ਰਚ ਕੀਤੇ ਹਨ। ਬਿੱਲ ਮੁਤਾਬਕ, ਪ੍ਰਤੀ ਘੰਟਾ ਹਵਾਈ ਯਾਤਰਾ 'ਤੇ 3.50 ਲੱਖ ਰੁਪਏ ਖ਼ਰਚ ਕੀਤੇ ਗਏ। ਬਾਕੀ ਖ਼ਰਚੇ ਵੱਖਰੇ ਹਨ

ਪੰਜਾਬ ਸਰਕਾਰ ਵੱਲੋਂ ਹੈਲੀਕਾਪਟਰ ਪਾਇਲਟਾਂ ਵੱਲੋਂ ਰੇਲ ਗੱਡੀਆਂ ਦੇ ਏਅਰ ਕੰਡੀਸ਼ਨਰ ਡੱਬਿਆਂ ਦੀ ਬੁਕਿੰਗ, ਟੈਕਸੀ ਦੇ ਕਿਰਾਏ ਅਤੇ ਪਾਇਲਟਾਂ ਦੇ ਦਿੱਲੀ ਤੋਂ ਚੰਡੀਗੜ੍ਹ ਤੱਕ ਹਵਾਈ ਜਹਾਜ਼ ਦੀਆਂ ਟਿਕਟਾਂ ਦੀ ਬੁਕਿੰਗ 'ਤੇ ਹਜ਼ਾਰਾਂ ਰੁਪਏ ਖ਼ਰਚ ਕੀਤੇ ਗਏ।

ਪਾਇਲਟਾਂ ਦੇ ਹੋਟਲਾਂ ਵਿੱਚ ਠਹਿਰਨ ਦੇ ਹਜ਼ਾਰਾਂ ਰੁਪਏ ਦੇ ਬਿੱਲਾਂ ਤੋਂ ਇਲਾਵਾ ਸੈਨੇਟਾਈਜ਼ਰ, ਚਾਹ-ਪਾਣੀ, ਡੋਸਾ, ਭੋਜਨ, ਪਾਇਲਟਾਂ ਦੀ ਸਿਖਲਾਈ, ਪਾਇਲਟਾਂ ਦੇ ਲਾਇਸੰਸ ਨਵਿਆਉਣ ਦਾ ਖ਼ਰਚਾ, ਕੰਰੀਅਰ ਕਰਵਾਉਣ ਦਾ ਖ਼ਰਚਾ ਅਤੇ ਹੋਰ ਖ਼ਰਚੇ ਸ਼ਾਮਲ ਹਨ। ਪੰਜਾਬ ਸਰਕਾਰ ਤੋਂ ਵੀ ਸਰਕਾਰ ਨੇ ਖ਼ਜ਼ਾਨੇ ਵਿੱਚੋਂ ਖ਼ਰਚ ਕੀਤਾ। ਇੱਥੇ ਹੀ ਬੱਸ ਨਹੀਂ ਪੰਜਾਬ ਸਰਕਾਰ ਦੇ ਸਰਕਾਰੀ ਖ਼ਜ਼ਾਨੇ ਵਿੱਚੋਂ ਹੈਲੀਕਾਪਟਰ ਦੇ ਪੁਰਜ਼ਿਆਂ ਦੀ ਮੁਰੰਮਤ ਅਤੇ ਇਸ ਦੀ ਜਾਂਚ 'ਤੇ ਵੀ ਲੱਖਾਂ ਰੁਪਏ ਖ਼ਰਚ ਕੀਤੇ ਗਏ।

ਹਵਾਈ ਸਫ਼ਰ ਦੌਰਾਨ ਪੰਜਾਬ ਸਰਕਾਰ ਵੱਲੋਂ ਦਿੱਲੀ, ਸ਼ਿਮਲਾ, ਅੰਮ੍ਰਿਤਸਰ, ਲੁਧਿਆਣਾ, ਚੰਡੀਗੜ੍ਹ ਆਦਿ ਵਿੱਚ ਲੈਂਡਿੰਗ, ਹੈਂਡਲਿੰਗ, ਕੇਅਰਿੰਗ, ਟੈਕਸ ਆਦਿ ਦੇ ਰੂਪ ਵਿੱਚ ਲੱਖਾਂ ਰੁਪਏ ਦਾ ਭੁਗਤਾਨ ਵੀ ਕੀਤਾ ਗਿਆ ਹੈ, ਜਦੋਂ ਕਿ ਹੈਲੀਕਾਪਟਰਾਂ ਵਿੱਚ ਲੱਖਾਂ ਰੁਪਏ ਦਾ ਤੇਲ ਹੈ ਅਲੱਗ ਤੋਂ ਖ਼ਰਚ ਕੀਤਾ ਗਿਆ ਹੈ।

ਬਾਕੀ ਸਫ਼ਾ 31 'ਤੇ

# ਜੰਮੂ ਕਸ਼ਮੀਰ ਵਿੱਚ ਪ੍ਰੈੱਸ ਦੀ ਅਜ਼ਾਦੀ ਖ਼ਤਰੇ ਵਿੱਚ

## ਪ੍ਰੈੱਸ ਕੌਂਸਲ ਆਫ਼ ਇੰਡੀਆ ਵਾਲੀ ਤੱਥ ਖੋਜ ਕਮੇਟੀ ਨੇ ਕੀਤੀਆਂ ਸਖ਼ਤ ਟਿੱਪਣੀਆਂ

**ਦਿੱਲੀ:** ਜੰਮੂ-ਕਸ਼ਮੀਰ ਵਿੱਚ ਧਾਰਾ 370 ਖ਼ਤਮ ਕਰਨ ਤੋਂ ਬਾਅਦ ਪ੍ਰੈੱਸ ਦੀ ਅਜ਼ਾਦੀ ਵੀ ਸਵਾਲਾਂ ਦੇ ਘੇਰੇ ਵਿੱਚ ਹੈ। ਸਰਕਾਰੀ ਨਜ਼ਰੀਏ ਤੋਂ ਅਲੱਗ ਸੋਚਣ ਅਤੇ ਲਿਖਣ ਵਾਲੇ ਪੱਤਰਕਾਰਾਂ ਉੱਤੇ ਲਗਾਤਾਰ ਦਬਾਅ ਬਣਾਉਣ ਦਾ ਰੁਝਾਨ ਚੱਲ ਰਿਹਾ ਹੈ। ਇਹ ਟਿੱਪਣੀਆਂ ਪ੍ਰੈੱਸ ਕੌਂਸਲ ਆਫ਼ ਇੰਡੀਆ ਦੇ ਚੇਅਰਮੈਨ ਜਸਟਿਸ ਸੀ.ਕੇ. ਪ੍ਰਸਾਦ ਦੀ ਅਗਵਾਈ ਵਾਲੀ ਤੱਥ ਖੋਜ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਕੀਤੀਆਂ ਹਨ। ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਅਤੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀ.ਡੀ.ਪੀ.) ਦੀ ਪ੍ਰਧਾਨ ਮਹਿਬੂਬਾ ਮੁਫ਼ਤੀ ਦੀ ਸ਼ਿਕਾਇਤ ਪਿੱਛੋਂ ਕੀਤੀ ਜਾਂਚ ਬਾਰੇ ਜਾਰੀ ਰਿਪੋਰਟ ਅਨੁਸਾਰ ਜੰਮੂ ਵਿੱਚ 259 ਅਤੇ ਕਸ਼ਮੀਰ ਵਿੱਚ 166 ਪ੍ਰਕਾਸ਼ਨਾਵਾਂ ਹਨ। ਇਸ ਤੋਂ ਇਲਾਵਾ ਸਥਾਨਕ ਟੀ.ਵੀ. ਚੈਨਲ ਵੀ ਹਨ। ਇਨ੍ਹਾਂ ਵਿੱਚੋਂ 40 ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ ਸਰਕਾਰ ਵੱਲੋਂ ਅਲਾਟ ਕੀਤੇ ਮਕਾਨ ਖ਼ਾਲੀ ਕਰਨ ਦੇ ਨੋਟਿਸ ਦਿੱਤੇ ਗਏ ਹਨ। ਨੋਟਿਸਾਂ ਸਮੇਂ ਖ਼ਿਆਲ ਰੱਖਿਆ ਗਿਆ ਕਿ ਕਿਹੜੇ ਪੱਤਰਕਾਰ ਸਰਕਾਰੀ ਨਜ਼ਰੀਏ ਨੂੰ ਅਪਣਾਉਣ ਤੋਂ ਇਨਕਾਰੀ ਹਨ। ਬਹੁਤ ਸਾਰੇ ਮੀਡੀਆ ਸੰਸਥਾਵਾਂ ਵੱਲੋਂ ਘੱਟ ਤਨਖ਼ਾਹਾਂ ਹੋਣ ਕਰਕੇ ਪਹਿਲਿਆਂ ਸਰਕਾਰਾਂ ਨੇ ਨਿਯਮਾਂ ਦੇ ਮੁਤਾਬਿਕ ਪੱਤਰਕਾਰਾਂ ਨੂੰ ਘਰਾਂ ਦੀ ਅਲਾਟਮੈਂਟ ਕੀਤੀ ਹੋਈ ਸੀ। ਮਹਿਬੂਬਾ ਦੀ ਸ਼ਿਕਾਇਤ ਮੁਤਾਬਿਕ ਪੱਤਰਕਾਰਾਂ ਨੂੰ ਸੁਰੱਖਿਆ ਬਲਾਂ ਤੇ ਸਰਕਾਰੀ ਅਧਿਕਾਰੀਆਂ ਵੱਲੋਂ ਧਮਕਾਇਆ ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਬਹੁਤ ਸਾਰੇ ਪੱਤਰਕਾਰਾਂ ਦੇ ਘਰ ਛਾਪੇ ਮਾਰ ਕੇ ਲੈਪਟਾਪ ਅਤੇ ਹੋਰ ਦਸਤਾਵੇਜ਼ ਸੁਰੱਖਿਆ ਬਲਾਂ ਨੇ ਕਬਜ਼ੇ ਵਿੱਚ ਲਏ ਹੋਏ ਹਨ। ਕਈਆਂ ਨੂੰ ਥਾਣੇ ਬੁਲਾ ਕੇ ਪੁੱਛ-ਗਿੱਛ ਕਰਨ ਦਾ ਸਿਲਸਲਾ ਚਲਾਇਆ ਜਾ ਰਿਹਾ ਹੈ। ਪੁਲਿਸ ਅਧਿਕਾਰੀਆਂ ਨੇ ਮੰਨਿਆ ਹੈ ਕਿ 49 ਪੱਤਰਕਾਰਾਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮੇ ਦਰਜ ਕੀਤੇ ਗਏ ਹਨ। ਪ੍ਰੈੱਸ ਕੌਂਸਲ ਦੀ ਟੀਮ ਨੇ ਅਕਤੂਬਰ 2021 ਵਿੱਚ ਕਸ਼ਮੀਰ ਅਤੇ ਨਵੰਬਰ ਵਿੱਚ ਜੰਮੂ ਦਾ ਦੌਰਾ ਕੀਤਾ ਸੀ। ਉਸ ਨੇ ਪੱਤਰਕਾਰਾਂ, ਮੀਡੀਆ ਮਾਲਕਾਂ, ਗ਼ੈਰ-ਸਰਕਾਰੀ ਜਥੇਬੰਦੀਆਂ ਸਮੇਤ ਬਹੁਤ ਸਾਰੇ ਲੋਕਾਂ ਦੇ ਬਿਆਨ ਰਿਕਾਰਡ ਕੀਤੇ ਸਨ। ਸਰਕਾਰੀ ਪੱਖ ਜਾਨਣ ਵਾਸਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਲੈਫਟੀਨੈਂਟ ਗਵਰਨਰ ਅਤੇ ਪੁਲਿਸ ਇੰਸਪੈਕਟਰ ਜਨਰਲ ਨੂੰ ਮਿਲ ਕੇ ਗੱਲਬਾਤ ਕੀਤੀ ਸੀ। ਟੀਮ ਦਾ ਮੰਨਣਾ ਹੈ ਕਿ ਦੋਵੇਂ ਦੌਰਿਆਂ ਦੌਰਾਨ ਦੁਸ਼ਮਣੀ ਅਤੇ ਟਕਰਾਅ ਵਾਲਾ ਮਾਹੌਲ ਦੇਖਿਆ ਗਿਆ।

ਬਾਕੀ ਸਫ਼ਾ 31 'ਤੇ

# ਬਾਦਲਕਿਆਂ ਦੀ ਹਾਰ

ਪੰਜਾਬ ਵਿਧਾਨ ਸਭਾ ਦੇ ਚੋਣ ਨਤੀਜੇ ਸੌ ਸਾਲ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਭਵਿੱਖ ਬਾਰੇ ਸਵਾਲ ਖੜ੍ਹੇ ਕਰਨ ਵਾਲੇ ਹਨ। 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਨੂੰ ਆਪਣੇ ਚੋਣ ਇਤਿਹਾਸ ਦੀਆਂ ਸਭ ਤੋਂ ਘੱਟ, ਭਾਵ 15 ਸੀਟਾਂ ਤੱਕ ਸੀਮਤ ਹੋਣਾ ਪਿਆ ਸੀ। ਉਸ ਵਕਤ ਦਲੀਲ ਦਿੱਤੀ ਗਈ ਕਿ ਪਾਰਟੀ ਨੂੰ 25.3% ਵੋਟਾਂ ਮਿਲੀਆਂ ਹਨ ਜੋ ਆਪ ਪਾਰਟੀ (23.9%) ਤੋਂ ਵੱਧ ਹਨ। ਮੌਜੂਦਾ ਚੋਣਾਂ ਦੌਰਾਨ ਪਾਰਟੀ ਦੇ ਸਿਰਫ਼ ਤਿੰਨ ਉਮੀਦਵਾਰ ਜਿੱਤੇ ਤੇ ਵੋਟ ਪ੍ਰਤੀਸ਼ਤ ਘਟ ਕੇ 18.38 ਤੱਕ ਸਿਮਟ ਗਈ। ਪਾਰਟੀ ਦੇ ਸਰਪ੍ਰਸਤ ਅਤੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਆਪਣੀਆਂ ਸੀਟਾਂ ਨਹੀਂ ਬਚਾ ਸਕੇ। ਇਹ ਸਥਾਪਿਤ ਸਿਆਸੀ ਧਿਰਾਂ, ਭਾਵ ਕਾਂਗਰਸ ਅਤੇ ਅਕਾਲੀ ਦਲ ਵਿਰੁੱਧ ਪੰਜਾਬ ਦੇ ਲੋਕਾਂ ਅੰਦਰ ਪੈਦਾ ਹੋਈ ਨਾਰਾਜ਼ਗੀ ਦਾ ਪ੍ਰਤੱਖ ਪ੍ਰਮਾਣ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਗੋਲੀ ਕਾਂਡ, ਨਸ਼ਾ, ਰੇਤ-ਬੱਜਰੀ, ਕੇਬਲ ਅਤੇ ਵੱਖ ਵੱਖ ਤਰਾਂ ਦੇ ਹੋਰ ਮਾਫ਼ੀਆ ਦੇ ਮੁੱਦੇ ਅਤੇ ਸ਼੍ਰੋਮਣੀ ਕਮੇਟੀ ਤੇ ਪੰਥਕ ਪਦਵੀਆਂ ਉੱਤੇ ਮਨਪਸੰਦ ਦੇ ਵਿਅਕਤੀ ਲਗਾਉਣਾ ਇਸ ਨਾਰਾਜ਼ਗੀ ਦਾ ਆਧਾਰ ਮੰਨੇ ਜਾ ਰਹੇ ਹਨ।

ਪੰਥਕ ਸਿਆਸਤ ਵਿੱਚ ਆਪਣੇ ਪੈਰ ਜਮਾਉਣ ਤੋਂ ਪਹਿਲਾਂ ਕੁਰਬਾਨੀਆਂ ਦੇ ਇਤਿਹਾਸ ਵਾਲੀ ਇਹ ਪਾਰਟੀ ਪਰਿਵਾਰਵਾਦ ਦੀ ਪਾਰਟੀ ਬਣ ਚੁੱਕੀ ਹੈ।

ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਵਿਧਾਨ ਸਭਾ ਦੀ 1998 ਦੀ ਆਦਮਪੁਰ ਜ਼ਿਮਨੀ ਚੋਣ ਵਿੱਚ ਸਰਕਾਰ ਹੋਣ ਦੇ ਬਾਵਜੂਦ ਪਾਰਟੀ ਦੀ ਹਾਰ ਸਮੇਂ ਪਾਰਟੀ ਵਿੱਚ ਤਾਕਤਾਂ ਦੇ ਕੇਂਦਰੀਕਰਨ ਉੱਤੇ ਉਂਗਲ ਧਰੀ ਸੀ। ਉਨਾਂ ਕਿਹਾ ਸੀ ਕਿ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਦੇ ਅਹੁਦੇ ਅਲੱਗ-ਅਲੱਗ ਵਿਅਕਤੀਆਂ ਕੋਲ਼ ਹੋਣੇ ਚਾਹੀਦੇ ਹਨ, ਕਿਉਂਕਿ ਮੁੱਖ ਮੰਤਰੀ ਦੇ ਅਹੁਦੇ 'ਤੇ ਹੋਣ ਕਾਰਨ ਮੁੱਖ ਮੰਤਰੀ ਅਹੁਦੇ ਦੀਆਂ ਸੀਮਾਵਾਂ ਵਿੱਚ ਬੱਝਾ ਹੁੰਦਾ ਹੈ ਪਰ ਪਾਰਟੀ ਪ੍ਰਧਾਨ ਸਪਸ਼ਟ ਸਟੈਂਡ ਲੈ ਸਕਦਾ ਹੈ। ਇਸ ਨੂੰ ਬਗ਼ਾਵਤ ਸਮਝਦਿਆਂ ਟੌਹੜਾ ਅਤੇ ਉਨਾਂ ਦੇ ਹਮਾਇਤੀਆਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ। ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਪਾਰਟੀ ਦੀ ਅਗਵਾਈ ਸੁਖਬੀਰ ਸਿੰਘ ਬਾਦਲ ਦੇ ਹੱਥ ਵਿੱਚ ਆਉਣ ਨਾਲ਼ ਸੀਨੀਅਰ ਆਗੂ ਘੁਟਣ ਮਹਿਸੂਸ ਕਰਦੇ ਆ ਰਹੇ ਹਨ। ਪਾਰਟੀ ਦੇ ਜਮਹੂਰੀ ਕਿਰਦਾਰ ਨੂੰ ਖ਼ੋਰਾ ਲੱਗਾ ਹੈ ਅਤੇ ਪਾਰਟੀ ਫ਼ੈਡਰਲਿਜ਼ਮ ਤੇ ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਵਿੱਚ ਵੀ ਵਿਰੋਧੀ ਭੂਮਿਕਾ ਨਿਭਾਉਂਦੀ ਰਹੀ ਹੈ। ਵੱਡਾ ਸਵਾਲ ਇਹ ਹੈ ਕਿ ਕੀ ਅਕਾਲੀ ਦਲ ਦਾ ਪੁਨਰ ਜਨਮ ਹੋ ਸਕੇਗਾ।

## ਵੱਡੇ ਬਾਦਲ ਨੂੰ ਹਰਾਉਣ ਵਾਲੇ ਗੁਰਪ੍ਰੀਤ ਸਿੰਘ ਖੁੱਡੀਆਂ

ਆਮ ਆਦਮੀ ਪਾਰਟੀ ਦੇ 59 ਸਾਲਾ ਗੁਰਮੀਤ ਸਿੰਘ ਖੁੱਡੀਆਂ ਨੇ ਉਹ ਕਰ ਦਿਖਾਇਆ ਜਿਸ ਦਾ ਸੁਪਨਾ ਵੀ ਕਿਸੇ ਨੇ ਨਹੀਂ ਦੇਖਿਆ ਸੀ। ਉਨਾਂ ਨੇ ਪੰਜਾਬ ਦੇ ਮਜ਼ਬੂਤ ਨੇਤਾ ਅਕਾਲੀ ਦਲ ਦੇ ਹਮਾਇਤੀ ਅਤੇ ਪੰਜ ਵਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਉਨਾਂ ਦੇ ਗੜ੍ਹ ਲੰਬੀ ਵਿੱਚ ਹਰਾਇਆ ਹੈ। ਗੁਰਮੀਤ ਸਾਬਕਾ ਸੰਸਦ ਮੈਂਬਰ ਸਵਰਗੀ ਜਗਦੇਵ ਸਿੰਘ ਖੁੱਡੀਆਂ ਦਾ ਪੁੱਤਰ ਹੈ। ਚੋਣਾਂ ਤੋਂ ਪਹਿਲਾਂ ਹੀ ਲੰਬੀ ਸੀਟ ਨੂੰ ਹਾਟ ਸਮਝਿਆ ਜਾ ਰਿਹਾ ਸੀ। ਇੱਥੋਂ 1997 ਤੋਂ 2017 ਤੱਕ ਲਗਾਤਾਰ ਪੰਜ ਵਾਰ ਸੂਬੇ ਦੇ ਮੁੱਖ ਮੰਤਰੀ ਰਹਿ ਚੁੱਕੇ ਅਕਾਲੀ ਦਲ ਦੇ ਪੁਰਾਣੇ ਸਿਆਸਤਦਾਨ ਪ੍ਰਕਾਸ਼ ਸਿੰਘ ਬਾਦਲ ਦੀ ਜਿੱਤ ਪੱਕੀ ਮੰਨੀ ਜਾ ਰਹੀ ਹੈ। ਗੁਰਮੀਤ ਸਿੰਘ ਖੁੱਡੀਆਂ ਨੇ ਉਨਾਂ ਨੂੰ 11 ਹਜ਼ਾਰ ਤੋਂ ਵੱਧ ਵੋਟਾਂ ਨਾਲ਼ ਹਰਾਇਆ ਹੈ।

ਖੁੱਡੀਆਂ ਲੰਮੇ ਸਮੇਂ ਤੋਂ ਸਿਆਸਤ ਨਾਲ਼ ਜੁੜੇ ਹੋਏ ਹਨ। ਪਹਿਲਾਂ ਅਕਾਲੀ ਦਲ (ਮਾਨ) ਨਾਲ਼ ਸੀ ਤੇ ਫਿਰ ਕਾਂਗਰਸ ਨਾਲ਼ ਜੁੜ ਗਏ। ਉਨਾਂ ਲੰਮਾ ਸਮਾਂ ਕਾਂਗਰਸ ਵਿੱਚ ਕੰਮ ਕੀਤਾ ਤੇ ਸ੍ਰੀ ਮੁਕਤਸਰ ਸਾਹਿਬ ਦੇ ਜ਼ਿਲਾ ਪ੍ਰਧਾਨ ਵੀ ਰਹੇ। ਉਹ ਕੈਪਟਨ ਅਮਰਿੰਦਰ ਸਿੰਘ ਦੇ ਕਵਰਿੰਗ ਉਮੀਦਵਾਰ ਵੀ ਸਨ, ਜਿਨਾਂ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੰਬਾ ਸਮਾਂ ਚੋਣ ਲੜੀ ਸੀ। ਪਰ ਕੈਪਟਨ ਅਮਰਿੰਦਰ ਸਿੰਘ ਦੀ ਤਰਫ਼ੋਂ ਮੁੱਖ ਮੰਤਰੀ ਹੋਣ ਦੇ ਬਾਵਜੂਦ ਲੰਬੀ ਸੀਟ ਨੂੰ ਨਜ਼ਰਅੰਦਾਜ਼ ਕਰਨ ਕਾਰਨ ਉਹ ਕਾਂਗਰਸ ਛੱਡ ਕੇ ਬੀਤੀ ਜੁਲਾਈ ਵਿੱਚ 'ਆਪ' ਵਿੱਚ ਸ਼ਾਮਲ ਹੋ ਗਏ ਸਨ। ਲੰਬੀ ਹਲਕੇ ਦੀ ਕਾਂਗਰਸ ਟੀਮ ਦੇ ਬਹੁਤੇ ਮੈਂਬਰ ਵੀ ਉਨਾਂ ਨਾਲ਼ 'ਆਪ' ਵਿੱਚ ਸ਼ਾਮਲ ਹੋ ਗਏ ਸਨ। 'ਆਪ' ਵੱਲੋਂ



ਐਲਾਨੀ ਗਈ ਚੋਣ ਉਮੀਦਵਾਰਾਂ ਦੀ ਪਹਿਲੀ ਸੂਚੀ ਵਿੱਚ ਉਨਾਂ ਨੂੰ ਲੰਬੀ ਤੋਂ ਉਮੀਦਵਾਰ ਐਲਾਨਿਆ ਗਿਆ। ਕਿਸੇ ਨੂੰ ਇਹ ਉਮੀਦ ਨਹੀਂ ਸੀ ਕਿ ਪਹਿਲੀ ਵਾਰ ਚੋਣ ਮੈਦਾਨ ਵਿੱਚ ਉੱਤਰੇ ਗੁਰਮੀਤ ਖੁੱਡੀਆਂ ਬਾਬਾ ਬੋਹੜ ਪ੍ਰਕਾਸ਼ ਸਿੰਘ ਬਾਦਲ ਨੂੰ ਹਰਾ ਸਕਣਗੇ। ਪਰ ਖੁੱਡੀਆਂ ਨੇ ਬਾਦਲ ਨੂੰ 11396 ਵੋਟਾਂ ਨਾਲ਼ ਹਰਾ ਕੇ ਇਤਿਹਾਸ ਰਚ ਦਿੱਤਾ ਹੈ। ਇਲਾਕੇ ਦੇ ਲੋਕ ਵੀ ਬਾਦਲ ਦੀ ਹਾਰ ਤੋਂ ਹੈਰਾਨ ਹਨ। ਲੰਬੀ ਖੇਤਰ ਦੇ ਪਿੰਡ ਖੁੱਡੀਆਂ ਦਾ ਰਹਿਣ ਵਾਲਾ ਗੁਰਮੀਤ ਸਿੰਘ ਜ਼ਮੀਨੀ ਤੌਰ 'ਤੇ ਇਸ ਹਲਕੇ ਨਾਲ਼ ਸੰਬੰਧਿਤ ਹੈ। ਇੱਕ ਸਾਧਾਰਨ ਕਿਸਾਨ ਪਰਿਵਾਰ ਨਾਲ਼ ਸੰਬੰਧਿਤ ਖੁੱਡੀਆਂ ਕਰੀਬ 15 ਏਕੜ ਜ਼ਮੀਨ ਦੇ ਮਾਲਕ ਹਨ। ਉਸ ਦਾ ਪਿਤਾ ਜਗਦੇਵ ਸਿੰਘ ਖੁੱਡੀਆਂ ਕੁਝ ਸਮਾਂ ਪਹਿਲਾਂ ਸ਼ੱਕੀ ਹਾਲਾਤਾਂ ਵਿੱਚ ਲਾਪਤਾ ਹੋ ਗਏ ਸੀ। ਉਸ ਦੀ ਲਾਸ਼ ਛੇ



ਦਿਨਾਂ ਬਾਅਦ ਸਰਹਿੰਦ ਨਹਿਰ ਵਿੱਚੋਂ ਬਰਾਮਦ ਹੋਈ ਸੀ।

**ਸੱਚੋ ਸੱਚ ਦਸ ਵੇ ਜੋਗੀਆ**

## ਸੰਸਦੀ ਚੋਣਾਂ ਦੌਰਾਨ ਵੀ 'ਆਪ' ਰਵਾਇਤੀ ਪਾਰਟੀਆਂ ਲਈ ਬਣੇਗੀ ਚੈਲੰਜ

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ 'ਆਪ' ਦੇ ਹੋਏ ਜ਼ਬਰਦਸਤ ਉਭਾਰ ਤੋਂ ਬਾਅਦ ਸੰਸਦ ਚੋਣਾਂ ਦੌਰਾਨ ਵੀ 'ਆਪ' ਰਵਾਇਤੀ ਪਾਰਟੀਆਂ ਲਈ ਖ਼ਤਰਾ ਬਣ ਸਕਦੀ ਹੈ। ਜਿਸ ਤਰਾਂ ਇਨਾਂ ਚੋਣਾਂ ਵਿੱਚ 'ਆਪ' ਦੀ ਵੋਟ ਫ਼ੀਸਦ ਵਧੀ ਹੈ, ਉਸ ਲਿਹਾਜ਼ ਨਾਲ਼ 2024 ਦੀਆਂ ਚੋਣਾਂ ਦੌਰਾਨ 'ਆਪ' ਅਕਾਲੀਆਂ ਅਤੇ ਕਾਂਗਰਸੀਆਂ ਨੂੰ ਵੱਡੀ ਚੁਣੌਤੀ ਦੇ ਸਕਦੀ ਹੈ। ਹੁਣ ਤੱਕ ਸੰਸਦ ਚੋਣਾਂ ਦੌਰਾਨ ਮੁੱਖ ਮੁਕਾਬਲਾ ਅਕਾਲੀ-ਭਾਜਪਾ ਗੱਠਜੋੜ ਤੇ ਕਾਂਗਰਸੀ ਉਮੀਦਵਾਰਾਂ ਦਰਮਿਆਨ ਰਿਹਾ ਹੈ। 2014 ਵਿੱਚ 'ਆਪ' ਨੇ ਸੰਸਦ ਚੋਣਾਂ ਦੌਰਾਨ ਵੱਡਾ ਮਾਅਰਕਾ ਮਾਰਦਿਆਂ ਚਾਰ ਸੀਟਾਂ ਹਾਸਲ ਕੀਤੀਆਂ ਸਨ। 2019 ਦੀਆਂ ਚੋਣਾਂ ਦੌਰਾਨ ਵੀ 'ਆਪ' ਕੋਈ ਖ਼ਾਸ ਮਾਅਰਕਾ ਨਹੀਂ ਸੀ ਮਾਰ ਸਕੀ। ਇਸ ਵਾਰ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ 42 ਫ਼ੀਸਦ ਤੋਂ ਵੱਧ ਵੋਟਾਂ ਹਾਸਲ ਕਰਨ ਦਾ ਰਿਕਾਰਡ ਕਾਇਮ ਹੋਣ ਨਾਲ਼ ਹੁਣ ਪਾਰਟੀ ਆਗੂਆਂ ਦੇ ਹੌਸਲੇ ਬੁਲੰਦ ਹੋ ਗਏ ਹਨ। ਜ਼ਿਕਰਯੋਗ ਹੈ ਕਿ 2019 ਦੀਆਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਵੱਡੀ ਗਿਣਤੀ ਆਗੂਆਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ, ਪਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਨਾਂ ਦੀ ਪਤਨੀ ਨੇ ਪਾਰਟੀ ਦੀ ਲਾਜ ਰੱਖ ਲਈ ਸੀ। 1999 ਤੋਂ ਜੇਕਰ ਲੋਕ ਸਭਾ ਚੋਣਾਂ ਦੀ ਸਮੀਖਿਆ ਕੀਤੀ ਜਾਵੇ ਤਾਂ ਕਾਂਗਰਸ ਪਾਰਟੀ 23.13 ਫ਼ੀਸਦ ਵੋਟਾਂ ਹਾਸਲ ਕਰਕੇ 8 ਸੀਟਾਂ 'ਤੇ ਜੇਤੂ ਰਹੀ। ਇਸੇ ਤਰਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ 25 ਫ਼ੀਸਦ ਤੋਂ ਵੱਧ ਵੋਟਾਂ ਹਾਸਲ ਕਰਕੇ 3 ਸੀਟਾਂ 'ਤੇ ਜੇਤੂ ਰਹੇ ਜਦੋਂ ਇਨਾਂ ਚੋਣਾਂ ਵਿੱਚ ਦੋ ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ। 2004 ਦੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ 34.24 ਫ਼ੀਸਦ ਵੋਟਾਂ ਦੇ ਨਾਲ਼ 8 ਸੀਟਾਂ ਤੇ ਅਤੇ ਭਾਜਪਾ 10.48 ਫ਼ੀਸਦ ਵੋਟਾਂ ਦੇ ਨਾਲ਼ 3 ਸੀਟਾਂ 'ਤੇ ਜੇਤੂ ਰਹੇ। ਜਦਕਿ ਕਾਂਗਰਸ ਪਾਰਟੀ ਨੂੰ 34.17 ਫ਼ੀਸਦ ਵੋਟਾਂ ਦੇ ਨਾਲ਼ 2 ਸੀਟਾਂ 'ਤੇ ਹੀ ਜਿੱਤ ਮਿਲ ਸਕੀ ਹੈ। 2009 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੂੰ 45.23 ਫ਼ੀਸਦ, ਸ਼੍ਰੋਮਣੀ ਅਕਾਲੀ ਦਲ ਨੂੰ 33.85 ਫ਼ੀਸਦ ਤੇ ਭਾਜਪਾ ਨੂੰ 10.06 ਫ਼ੀਸਦ ਵੋਟਾਂ ਪਈਆਂ ਸਨ। 2014 ਦੀ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ 33.10 ਫ਼ੀਸਦ ਵੋਟਾਂ ਨਾਲ਼ 4 ਸੀਟਾਂ 'ਤੇ ਜਿੱਤ ਹਾਸਲ ਕੀਤੀ। ਸ਼੍ਰੋਮਣੀ ਅਕਾਲੀ ਦਲ ਨੇ 26.30 ਫ਼ੀਸਦ ਵੋਟਾਂ ਨਾਲ਼ 4, 'ਆਪ' ਨੇ ਚਾਰ ਅਤੇ ਭਾਜਪਾ ਨੇ 8.70 ਫ਼ੀਸਦ ਵੋਟਾਂ ਨਾਲ਼ ਇੱਕ ਸੀਟ 'ਤੇ ਜਿੱਤ ਹਾਸਲ ਕੀਤੀ ਹੈ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੇ 40.12 ਫ਼ੀਸਦ ਵੋਟਾਂ ਦੇ ਨਾਲ਼ 8, ਸ਼੍ਰੋਮਣੀ ਅਕਾਲੀ ਦਲ ਨੇ 27.76 ਫ਼ੀਸਦ ਵੋਟਾਂ ਨਾਲ਼ 2, ਭਾਜਪਾ ਨੇ 9.63 ਫ਼ੀਸਦ ਵੋਟਾਂ ਨਾਲ਼ 2 ਅਤੇ 'ਆਪ' ਨੇ 7.38 ਫ਼ੀਸਦ ਵੋਟਾਂ ਨਾਲ਼ ਇੱਕ ਸੀਟ ਜਿੱਤੀ। ਲੋਕ ਇਨਸਾਫ਼ ਪਾਰਟੀ ਨੂੰ 3.43, ਬੀ.ਐੱਸ.ਪੀ. ਨੂੰ 3.52, ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਾਲੀ ਪੰਜਾਬ ਏਕਤਾ ਪਾਰਟੀ ਨੂੰ 2.16, ਸੀ.ਪੀ.ਆਈ. ਨੂੰ 0.30 ਫ਼ੀਸਦ ਅਤੇ ਨਵਾਂ ਪੰਜਾਬ ਪਾਰਟੀ ਨੂੰ 1.17 ਫ਼ੀਸਦ ਵੋਟਾਂ ਪਈਆਂ ਸਨ। ਇਨਾਂ ਚੋਣਾਂ ਦੌਰਾਨ ਨੋਟਾ ਨੂੰ 1.12 ਫ਼ੀਸਦ ਵੋਟਾ ਪਈਆਂ ਸਨ।

## ਯੂਕਰੇਨ ਵਿੱਚ ਭੁਖਮਰੀ ਕਾਰਨ ਲੋਕ ਖਾਣੇ ਪਿੱਛੇ ਲੜਨ ਲੱਗੇ

ਯੂਕਰੇਨ 'ਤੇ ਰੂਸ ਵੱਲੋਂ ਕੀਤੇ ਜਾ ਰਹੇ ਹਮਲੇ ਦੌਰਾਨ ਹੁਣ ਹਾਲਾਤ ਹੋਰ ਜ਼ਿਆਦਾ ਖ਼ੌਫ਼ਨਾਕ ਬਣਦੇ ਜਾ ਰਹੇ ਹਨ । ਹਾਲਾਤ ਇਹ ਬਣ ਗਏ ਹਨ ਕਿ ਲੋਕ ਖਾਣੇ ਪਿੱਛੇ ਇੱਕ-ਦੂਜੇ 'ਤੇ ਹਮਲੇ ਕਰ ਰਹੇ ਹਨ ਅਤੇ ਚੀਜ਼ਾਂ ਦੀ ਕਾਲਾਬਾਜ਼ਾਰੀ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਮਾਰੀਓਪੋਲ ਸ਼ਹਿਰ ਵਿੱਚ ਜਿੱਥੇ ਰੂਸੀ ਸੈਨਾ ਲਗਾਤਾਰ ਬੰਬਾਰੀ ਕਰ ਰਹੀ ਹੈ, ਉੱਥੇ ਆਮ ਲੋਕ ਹੁਣ ਖਾਣੇ ਪਿੱਛੇ ਆਪਸ ਵਿੱਚ ਲੜ ਰਹੇ ਹਨ । ਕਰਿਆਨੇ ਅਤੇ ਦਵਾਈਆਂ ਦੀਆਂ ਦੁਕਾਨਾਂ ਕੁਝ ਦਿਨਾਂ ਪਹਿਲਾਂ ਹੀ ਖ਼ਾਲੀ ਹੋ ਚੁੱਕੀਆਂ ਹਨ। ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹੁਣ ਸਬਜ਼ੀਆਂ ਲਈ ਕਾਲਾਬਾਜ਼ਾਰੀ ਸ਼ੁਰੂ ਹੋ ਗਈ ਹੈ ਤੇ ਲੋਕ ਕਾਰਾਂ ਵਿੱਚੋਂ ਤੇਲ ਚੋਰੀ ਕਰ ਰਹੇ ਹਨ। ਦੱਸਣਯੋਗ ਹੈ ਕਿ ਰੂਸੀ ਹਮਲੇ ਵਿੱਚ ਮਾਰੀਓਪੋਲ ਸ਼ਹਿਰ ਦਾ ਬੁਨਿਆਦੀ ਢਾਂਚਾ ਤਬਾਹ ਹੋ ਗਿਆ ਹੈ ਤੇ ਹਾਲਾਤ ਬਦਤਰ ਬਣਦੇ ਜਾ ਰਹੇ ਹਨ । ਯੂਕਰੇਨ ਦੇ ਉਪ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਹੁਣ ਤੱਕ 1300 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਦੌਰਾਨ ਰੂਸ ਵੱਲੋਂ ਹੁਣ ਦੋ ਨਵੇਂ ਸ਼ਹਿਰਾਂ ਲੁਤਸਕ ਤੇ ਨਿਪਰੋ 'ਤੇ ਵੀ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਗਏ ਹਨ।




## ਮੋਦੀ ਸਰਕਾਰ ਨੇ ਘਰੇਲੂ ਉਡਾਣਾਂ ਵਿੱਚ ਕਿਰਪਾਨ ਪਹਿਨਣ 'ਤੇ ਲੱਗੀ ਪਾਬੰਦੀ ਹਟਾਈ



**ਨਵੀਂ ਦਿੱਲੀ :** ਸਿੱਖ ਸਮਾਜ ਲਈ ਵੱਡੀ ਖ਼ਬਰ ਹੈ। ਕੇਂਦਰ ਸਰਕਾਰ ਨੇ ਘਰੇਲੂ ਉਡਾਣਾਂ ਵਿੱਚ ਕਿਰਪਾਨ ਪਹਿਨਣ 'ਤੇ ਲੱਗੀ ਪਾਬੰਦੀ ਹਟਾਉਣ ਦਾ ਫ਼ੈਸਲਾ ਲਿਆ ਹੈ। ਇਸ ਫ਼ੈਸਲੇ ਤੋਂ ਬਾਅਦ ਕਰਮਚਾਰੀ ਤੇ ਮੁਸਾਫ਼ਰ ਸਫ਼ਰ ਦੌਰਾਨ ਕਿਰਪਾਨ ਧਾਰਨ ਕਰ ਸਕਣਗੇ ਹਾਲਾਂਕਿ ਇਹ ਸ਼ਰਤ ਵੀ ਰੱਖੀ ਗਈ ਹੈ ਕਿ ਕਿਰਪਾਨ ਦਾ ਸਾਈਜ਼ 9 ਇੰਚ ਤੱਕ ਹੀ ਹੋਣਾ ਚਾਹੀਦਾ ਹੈ ਤੇ ਉਸ ਦਾ ਬਲੇਡ 6 ਇੰਚ ਤੋਂ ਵੱਡਾ ਨਹੀਂ ਹੋਣਾ ਚਾਹੀਦਾ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਦੇ ਹਵਾਈ ਅੱਡਿਆਂ 'ਤੇ ਕੰਮ ਕਰਦੇ ਅੰਮ੍ਰਿਤਧਾਰੀ ਸਿੱਖ ਮੁਲਾਜ਼ਮਾਂ ਨੂੰ ਕਿਰਪਾਨ ਪਹਿਨਣ 'ਤੇ ਪਾਬੰਦੀ ਲਾਉਣ ਦਾ ਸਖ਼ਤ ਨੋਟਿਸ ਲਿਆ ਸੀ।

# ਪੰਜਾਬ ਦੀ ਸਿਆਸਤ, ਆਪ ਪਾਰਟੀ ਬਨਾਮ ਜੱਟ ਸਿੱਖ

**ਰਾਜੇਸ਼ ਰਾਮਚੰਦਰਨ**

ਜਦੋਂ ਕਿਤੇ ਉਮੀਦ ਦੀ ਗੱਲ ਛਿੜਦੀ ਹੈ ਤਾਂ ਹਮੇਸ਼ਾ ਧੀਰਜ ਬੰਨਾਉਂਦੀ ਹੈ। ਪੰਜਾਬ ਦੇ ਲੋਕ ਰੋਸ, ਹੌਸਲੇ ਤੇ ਰੌਣਕ ਮੇਲੇ ਦੇ ਧਾਰਨੀ ਹਨ ਤੇ ਉਨਾਂ ਦਾ ਵਿਸ਼ਵਾਸ ਰਿਹਾ ਹੈ ਕਿ ਹਾਲਾਤ ਬਦਲ ਸਕਦੇ ਹਨ ਤੇ ਬਦਲਣਗੇ। ਇਹੀ ਉਹ ਗੱਲ ਹੈ ਜੋ ਉਸ ਸਿਆਸੀ ਹੜ ਦਾ ਖ਼ੁਲਾਸਾ ਕਰਦੀ ਹੈ ਜੋ ਮੌਜੂਦਾ ਮੁੱਖ ਮੰਤਰੀ, ਤਿੰਨ ਸਾਬਕਾ ਮੁੱਖ ਮੰਤਰੀਆਂ, ਦੋ ਪਾਰਟੀ ਪ੍ਰਧਾਨਾਂ ਅਤੇ ਸੂਬੇ ਦੇ ਸਭ ਤੋਂ ਵਿਵਾਦਪੂਰਨ ਸਿਆਸਤਦਾਨ ਨੂੰ ਵਹਾ ਕੇ ਲੈ ਗਿਆ। ਇਹ ਸਿਆਸੀ ਸੁਨਾਮੀ ਲੈ ਕੇ ਆਉਣ ਦਾ ਸਿਹਰਾ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਸਿਰ ਬੰਨਿਆ ਜਾਣਾ ਬਣਦਾ ਹੈ ਜਿਸ ਨੇ ਸੁਚੱਜੀ ਯੋਜਨਾਬੰਦੀ, ਠਰੰਮੇ ਅਤੇ ਲੋਕਾਂ ਨਾਲ਼ ਰਾਬਤਾ ਬਣਾ ਕੇ ਇਹ ਕੰਮ ਨੇਪਰੇ ਚਾੜਿਆ ਹੈ। ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ ਹੀ ਭਗਵੰਤ ਮਾਨ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨਿਆ ਗਿਆ ਸੀ ਤੇ ਉਦੋਂ ਤੱਕ ਕੇਜਰੀਵਾਲ ਹੀ ਸ਼ਾਸਨ ਦੇ 'ਦਿੱਲੀ ਮਾਡਲ' ਦੀ ਨੁਮਾਇੰਦਗੀ ਕਰਦੇ ਹੋਏ ਤਬਦੀਲੀ ਦਾ ਹੋਕਾ ਦੇ ਰਹੇ ਸਨ। ਇਸ ਮੁਹਿੰਮ ਦੀ ਕਾਰਕਰਦਗੀ ਦਾ ਪਹਿਲਾ ਸੰਕੇਤ ਉਦੋਂ ਮਿਲਿਆ ਸੀ ਜਦੋਂ ਦਸੰਬਰ ਮਹੀਨੇ ਕੇਂਦਰ ਸ਼ਾਸਿਤ ਚੰਡੀਗੜ ਵਿੱਚ ਹੋਈਆਂ ਨਗਰ ਨਿਗਮ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਪਛਾੜ ਕੇ ਸਭ ਤੋਂ ਵੱਡੀ ਧਿਰ ਬਣ ਕੇ ਉੱਭਰੀ ਸੀ।

ਇਨਾਂ ਚੋਣ ਨਤੀਜਿਆਂ ਦਾ ਸਭ ਤੋਂ ਖੜਕਵਾਂ ਪਹਿਲੂ ਇਹ ਹੈ ਕਿ ਕਿਵੇਂ ਡਾਢਿਆਂ ਨੂੰ ਧੂੜ ਚਟਾਈਦੀ ਹੈ ਤੇ ਇੰਝ ਵੋਟਰਾਂ ਨੇ ਪੰਜਾਬ ਦੀ ਜਗੀਰੂ, ਦਾਗੀ ਅਤੇ ਦਲਾਲੀਖ਼ੋਰ ਲੀਡਰਸ਼ਿੱਪ ਨੂੰ ਸਬਕ ਸਿਖਾਇਆ ਹੈ। ਇਸ ਦੀ ਲਪੇਟ ਵਿੱਚ ਆਉਣ ਵਾਲੇ ਵੱਡੇ ਸਿਆਸੀ ਮਹੰਤਾਂ ਵਿੱਚ ਪੰਜ ਵਾਰ ਮੁੱਖ ਮੰਤਰੀ ਰਹਿ ਚੁੱਕਿਆ ਬਾਬਾ ਬੋਹੜ ਪ੍ਰਕਾਸ਼ ਸਿੰਘ ਬਾਦਲ, ਪਟਿਆਲਵੀ 'ਮਹਾਰਾਜਾ' ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ, ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਕਾਂਗਰਸ ਦਾ ਸੈਲੇਬ੍ਰਿਟੀ ਪ੍ਰਧਾਨ ਨਵਜੋਤ ਸਿੰਘ ਸਿੱਧੂ, ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਸ ਦਾ ਵਿਵਾਦਗ੍ਰਸਤ ਲਫਟੈਣ ਤੇ ਸਾਲਾ ਬਿਕਰਮ ਸਿੰਘ ਮਜੀਠੀਆ ਅਤੇ ਚਚੇਰਾ ਭਰਾ ਤੇ ਦੋ ਵਾਰ ਦਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਸ਼ਾਮਲ ਹਨ। ਵੱਡੀ ਗੱਲ ਇਹ ਹੈ ਕਿ ਚੁਣਾਵੀ ਪਰੇ ਵਿੱਚ ਇਨਾਂ ਖੱਬੀਖ਼ਾਨਾਂ ਨੂੰ ਧੋਬੀ ਪਟਕਾ ਮਾਰਨ ਵਾਲਿਆਂ ਵਿੱਚੋਂ ਕੋਈ ਮੋਬਾਈਲ ਫ਼ੋਨ ਦੀ ਰਿਪੇਅਰ ਕਰਨ ਵਾਲਾ ਤੇ ਕੋਈ ਸਾਧਾਰਨ ਵਲੰਟੀਅਰ ਹੈ ਜਿਨਾਂ ਨੂੰ ਬਹੁਤੇ ਲੋਕ ਜਾਣਦੇ ਵੀ ਨਹੀਂ ਸਨ।

ਬਹਰਹਾਲ, ਸਿਰਫ਼ ਲੋਕਾਂ ਦੇ ਮਨਾਂ ਵਿੱਚ ਭਰਿਆ ਪਿਆ ਗ਼ੁੱਸਾ ਹੀ ਕਿਸੇ ਪਾਰਟੀ ਨੂੰ ਇੰਨੀ ਵੱਡੀ ਜਿੱਤ ਦਿਵਾਉਣ ਲਈ ਕਾਫ਼ੀ ਨਹੀਂ ਹੁੰਦਾ; ਤੇ ਇਹ ਗ਼ੁੱਸਾ ਮਹਿਜ਼ ਮੌਜੂਦਾ ਸੱਤਾਧਾਰੀ ਧਿਰ ਤੱਕ ਸੀਮਤ ਨਹੀਂ ਸੀ ਸਗੋਂ ਇਹ ਸਮੁੱਚੀ ਵਿਸ਼ੇਸ਼ ਅਧਿਕਾਰ ਪ੍ਰਾਪਤ ਸਿਆਸੀ ਜਮਾਤ ਖ਼ਿਲਾਫ਼ ਸੁਲਗ਼ਦੀ ਵਿਰੋਧ ਦੀ ਭਾਵਨਾ ਦੀ ਸੁਨਾਮੀ ਸੀ। ਰੋਹ ਦੇ ਜਿਸ ਹੜ ਨੂੰ 2017 ਵਿੱਚ ਬੰਨ ਮਾਰ ਲਿਆ ਗਿਆ ਸੀ, ਉਹ ਐਤਕੀਂ ਟੁੱਟ ਗਿਆ ਤੇ ਇਹ ਸਿਆਸੀ ਜਮੂਦ ਨੂੰ ਹੂੰਝ ਕੇ ਲੈ ਗਿਆ। 'ਆਪ' ਦੇ ਹੱਕ ਵਿੱਚ ਭੁਗਤਣ ਵਾਲਾ ਇੱਕ ਹੋਰ ਕਾਰਕ ਇਹ ਸੀ ਕਿ ਇਹ ਪਾਰਟੀ ਨਵੇਂ ਖੇਤੀ ਕਾਨੂੰਨਾਂ ਖ਼ਿਲਾਫ਼ ਉੱਠੇ ਰੋਹ ਦੀ ਇਕਲੌਤੀ ਲਾਭਪਾਤਰ ਸੀ। ਇਸ ਲਈ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੂੰ ਨਾ ਕੇਵਲ ਚੁਣਾਵੀ ਹਾਰ ਦਾ ਸਾਹਮਣਾ ਕਰਨਾ ਪਿਆ ਸਗੋਂ ਇਸ ਦੌਰਾਨ ਉਨਾਂ ਆਪਣੀ ਭਰੋਸੇਯੋਗਤਾ ਵੀ ਗੁਆ ਲਈ। ਕਿਸਾਨ ਅੰਦੋਲਨ ਦੇ ਸਿੱਟੇ ਵਜੋਂ ਇੱਕਜੁੱਟ ਹੋਈ ਨਿਜ਼ਾਮ ਵਿਰੋਧੀ ਵੋਟ ਵੱਡੇ ਪੱਧਰ ਉੱਤੇ ਆਪ ਦੇ ਹੱਕ ਵਿੱਚ ਭੁਗਤ ਗਈ।

ਨਤੀਜਿਆਂ ਤੋਂ ਸਾਬਿਤ ਹੁੰਦਾ ਹੈ ਕਿ ਜੱਟ ਸਿੱਖ ਕਿਸਾਨੀ ਨੇ ਦਿਲ ਖੋਲ ਕੇ 'ਆਪ' ਨੂੰ ਵੋਟਾਂ ਪਾਈਆਂ ਹਨ ਤੇ ਅਕਾਲੀ ਦਲ ਦੀ ਜੋ ਦੁਰਗ਼ਤ ਹੋਈ ਹੈ, ਉਸ ਤੋਂ ਵੀ ਇਹ ਤੱਥ ਸਿੱਧ ਹੁੰਦਾ ਹੈ। ਪਾਰਟੀ ਦੀਆਂ ਸੀਟਾਂ ਦੀ ਸੰਖਿਆ 15 ਤੋਂ ਘਟ ਕੇ ਤਿੰਨ ਰਹਿ ਗਈ ਹੈ। ਭਾਜਪਾ ਨਾਲ਼ ਵੀ ਇਹੋ ਜਿਹੀ ਹੀ ਹੋਈ ਹੈ ਜਿਸ ਨੇ ਅਖ਼ੀਰਲੇ ਦਿਨੀਂ ਕੁਮਾਰ ਵਿਸ਼ਵਾਸ ਵਾਲੀ ਛੁਰੀ ਸਮੇਤ ਹਰ ਹਰਬਾ ਅਜ਼ਮਾਇਆ ਪਰ ਤਾਂ ਵੀ ਪੰਜਾਬ ਦੇ ਹਿੰਦੂ ਵੀ ਵੱਡੀ ਤਾਦਾਦ ਵਿੱਚ 'ਆਪ' ਦੇ ਹੱਕ ਵਿੱਚ ਹੀ ਭੁਗਤੇ ਜਿਸ ਸਦਕਾ ਹੀ ਪਾਰਟੀ ਸ਼ਹਿਰੀ ਖੇਤਰਾਂ ਵਿੱਚ ਵੱਡੀ ਗਿਣਤੀ ਸੀਟਾਂ ਜਿੱਤਣ ਵਿੱਚ ਕਾਮਯਾਬ ਹੋ ਸਕੀ ਹੈ। ਇਸ ਲਈ ਜੇ 2017 ਵਿੱਚ ਖ਼ਾਲਿਸਤਾਨੀਆਂ ਨਾਲ਼ ਸੰਬੰਧਾਂ ਦੇ ਡਰ ਕਰ ਕੇ 'ਆਪ' ਨੂੰ ਹਰਾਉਣ ਅਤੇ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਨੂੰ 77 ਸੀਟਾਂ ਜਿਤਾਉਣ ਵਿੱਚ ਮੁੱਖ ਭੂਮਿਕਾ ਨਿਭਾਈ ਸੀ ਤਾਂ ਐਤਕੀਂ ਕੇਜਰੀਵਾਲ ਨੇ ਤਿਰੰਗਾ ਯਾਤਰਾ ਰਾਹੀਂ ਆਪਣੇ ਰਾਸ਼ਟਰਵਾਦੀ ਕਿਰਦਾਰ ਨੂੰ ਚਮਕਾ ਕੇ ਉਨਾਂ ਸਾਰੇ ਪੁਰਾਣੇ ਤੌਖ਼ਲੇ ਦੂਰ ਕਰਨ ਲਈ ਸਖ਼ਤ ਮਿਹਨਤ ਕੀਤੀ ਤੇ ਇਸ ਦਾ ਉਨਾਂ ਨੂੰ ਲਾਹਾ ਵੀ ਮਿਲਿਆ। ਕੱਟੜ ਹਿੰਦੂ ਵੋਟ ਨੇ



ਕਾਂਗਰਸ ਤੇ ਭਾਜਪਾ ਤੋਂ ਪਿੱਠ ਭੁਆਂ ਕੇ ਖੁੱਲੇ ਦਿਲ ਨਾਲ਼ 'ਆਪ' ਦੀ ਹਮਾਇਤ ਕੀਤੀ; ਜਾਂ ਇਹ ਕਹਿ ਲਓ ਕਿ ਹਿੰਦੂਆਂ ਨੇ ਆਪਣੇ ਸੰਕੀਰਨ ਹਿੱਤਾਂ ਅਤੇ ਘੱਟਗਿਣਤੀ ਅਸੁਰੱਖਿਆ ਦੀ ਭਾਵਨਾ ਨੂੰ ਲਾਂਭੇ ਰੱਖ ਕੇ ਹੋਰਨਾਂ ਭਾਈਚਾਰਿਆਂ ਨਾਲ਼ ਮਿਲ ਕੇ ਉਮੀਦ ਅਤੇ ਤਬਦੀਲੀ ਦਾ ਰਾਹ ਚੁਣਿਆ ਹੈ।

ਹੁਣ ਬਾਕੀ ਰਹਿ ਗਿਆ ਪੰਜਾਬ ਦਾ ਉਹ ਵੋਟਰ ਜਿਸ ਦੀਆਂ ਕੌਮੀ ਪੱਧਰ ਉੱਤੇ ਬਾਤਾਂ ਪਾਈਆਂ ਜਾਂਦੀਆਂ ਹਨ ਜਿਨਾਂ ਦੀ ਸੰਖਿਆ 32 ਫ਼ੀਸਦ ਬਣਦੀ ਹੈ। ਆਰਾਮ ਪ੍ਰਸਤ 'ਮਹਾਰਾਜੇ' ਦੀ ਥਾਂ ਉਤਸ਼ਾਹੀ ਦਲਿਤ ਨੂੰ ਮੁੱਖ ਮੰਤਰੀ ਦੀ ਕੁਰਸੀ ਉੱਤੇ ਬਿਠਾ ਕੇ ਕਾਂਗਰਸ ਲੀਡਰਸ਼ਿੱਪ ਨੇ ਮਾਸਟਰ ਸਟਰੋਕ ਵਰਤਣ ਦੀ ਸੋਚੀ ਸੀ ਪਰ ਪੰਜਾਬ ਦੇ ਦਲਿਤ ਵੋਟਰਾਂ ਨੇ ਹਾਈ ਕਮਾਂਡ ਦੇ ਇਸ ਹੁਕਮ ਦੇ ਯੱਕੇ ਨੂੰ ਜੋਕਰ ਬਣਾ ਕੇ ਧਰ ਦਿੱਤਾ। ਸਿੱਖਾਂ, ਹਿੰਦੂਆਂ ਦੀ ਤਰਾਂ ਦਲਿਤਾਂ ਨੇ ਵੀ ਸਿਆਸੀ ਨਿਜ਼ਾਮ ਨੂੰ ਰਗੜ ਸੁੱਟਿਆ ਤੇ ਇੰਝ ਇੱਕ ਵਾਰ ਫਿਰ ਸਾਬਿਤ ਕੀਤਾ ਕਿ ਅਖੌਤੀ ਨੀਵੀਆਂ ਜਾਤੀਆਂ ਦੀਆਂ ਵੋਟਾਂ ਭਾਜਪਾ ਅਤੇ ਅਕਾਲੀ ਦਲ ਦੇ ਹੱਕ ਵਿੱਚ ਭੁਗਤਾਉਣ ਦੀ ਸਾਰੀ ਚਾਰਾਜੋਈ ਦੇ ਬਾਵਜੂਦ ਭਾਰਤੀ ਸਿਆਸਤ ਵਿੱਚ ਰੋਹ ਦਾ ਪੁੰਜ ਸਾਰੀਆਂ ਪਛਾਣਾਂ ਉੱਤੇ ਭਾਰੂ ਪੈ ਜਾਂਦਾ ਹੈ। ਨਾ ਚੰਨੀ ਦੀ ਪਛਾਣ ਤੇ ਨਾ ਹੀ ਰਾਮ ਰਹੀਮ ਦੀ ਫ਼ਰਲੋ ਦਲਿਤਾਂ ਨੂੰ ਭ੍ਰਿਸ਼ਟ ਨਿਜ਼ਾਮ ਖ਼ਿਲਾਫ਼ ਆਪਣਾ ਗ਼ੁੱਸਾ ਕੱਢਣ ਤੋਂ ਰੋਕ ਸਕੀ। ਐਨਫ਼ੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਛਾਪੇ ਦੌਰਾਨ ਚੰਨੀ ਦੇ ਭਤੀਜੇ ਦੇ ਘਰੋਂ ਕਰੋੜਾਂ ਰੁਪਏ ਮਿਲਣ ਨਾਲ਼ ਚੰਨੀ ਦੀ ਗ਼ਰੀਬ ਦਲਿਤ ਵਜੋਂ ਬਣਾਈ ਗਈ ਪਛਾਣ ਦੀ ਸਾਰੀ ਚਮਕ ਲੱਥ ਗਈ ਅਤੇ ਨਾਲ਼ ਹੀ ਉਸ ਦੀ ਸਰਕਾਰ ਖ਼ਿਲਾਫ਼ ਨਿੱਤ ਦਿਨ ਚਲਾਏ ਜਾਂਦੇ ਸਿੱਧੂ ਦੇ ਤੀਰਾਂ ਕਰ ਕੇ ਕਾਂਗਰਸ ਦੀ ਹਾਲਤ ਹੋਰ ਵੀ ਪਤਲੀ ਹੋ ਗਈ।

ਜੇ ਇਨਾਂ ਚੋਣਾਂ ਨੇ ਕੇਜਰੀਵਾਲ ਨੂੰ ਸਿਖ਼ਰਲੇ ਅਹੁਦੇ ਲਈ ਕੌਮੀ ਦਾਅਵੇਦਾਰ ਵਜੋਂ ਦਿੱਲੀ ਤੋਂ ਬਾਹਰ ਭਰੋਸੇਮੰਦ ਬਦਲ ਦੇ ਰੂਪ ਵਿੱਚ ਉਭਾਰਿਆ ਹੈ ਤਾਂ ਇਸ ਦਾ ਕਾਰਨ ਇਹ ਹੈ ਕਿ ਵੋਟਰ ਆਪਣੀਆਂ ਸੀਮਤ ਪਛਾਣਾਂ ਤੋਂ ਪਰੇ ਜਾ ਕੇ ਆਪਣੀ ਜ਼ਿੰਦਗੀ ਸੁਧਾਰਨ ਲਈ ਇਕਜੁੱਟ ਹੋ ਰਹੇ ਹਨ। ਹਾਲਾਂਕਿ ਭਗਵੇਂਧਾਰੀ ਯੋਗੀ ਆਦਿੱਤਿਆਨਾਥ ਉਦਾਰਵਾਦੀਆਂ ਦੀ ਕਦੇ ਵੀ ਪਹਿਲੀ ਪਸੰਦ ਨਹੀਂ ਬਣਦੇ ਪਰ ਉਸ ਦੀ ਜਿੱਤ ਲਈ ਵੀ ਇਹ ਤਰਕ ਲਾਗੂ ਹੁੰਦਾ ਹੈ। ਕੁਝ ਕੁ ਹੋਰਨਾਂ ਪੱਛੜੀਆਂ ਜਾਤੀਆਂ ਦੇ ਨਾਲ਼ ਮਿਲ ਕੇ ਮੁਸਲਿਮ-ਯਾਦਵ ਫ਼ਾਰਮੂਲਾ ਭਾਵੇਂ ਕਿੰਨਾ ਵੀ ਜੇਤੂ ਮੁਹਾਜ਼ ਨਜ਼ਰ ਆਉਂਦਾ ਸੀ ਪਰ ਆਮ ਲੋਕਾਂ ਨੇ ਡੈਲਟਾ ਦੀ ਲਹਿਰ ਵੇਲੇ ਹੋਈਆਂ ਮੌਤਾਂ, ਗੰਗਾ ਵਿੱਚ ਤੈਰਦੀਆਂ ਲਾਸ਼ਾਂ, ਖੇਤੀ ਕਾਨੂੰਨਾਂ ਤੇ ਇੱਥੋਂ ਤੱਕ ਕਿ ਲਖੀਮਪੁਰ ਖੀਰੀ ਕਤਲ ਕਾਂਡ ਲਈ ਯੋਗੀ ਤੇ ਭਾਜਪਾ ਨੂੰ ਮੁਆਫ਼ ਕਰ ਦਿੱਤਾ। ਅਮਨ ਕਾਨੂੰਨ ਦੀ ਸਥਿਤੀ, ਮੁਫ਼ਤ ਰਾਸ਼ਨ, ਲਾਭਪਾਤਰੀਆਂ ਨੂੰ ਸਿੱਧੀ ਨਕਦ ਅਦਾਇਗੀ ਅਤੇ ਲੋਕਾਂ ਦੀ ਦਸ਼ਾ ਸੁਧਾਰਨ ਲਈ ਕਈ ਟੀਚਾਬੱਧ ਯੋਜਨਾਵਾਂ ਵੋਟਰਾਂ ਦੇ ਮਨਮਸਤਕ ਉੱਤੇ ਹਾਵੀ ਹੋ ਗਈਆਂ। ਤਾਂ ਵੀ ਸਮਾਜਵਾਦੀ ਪਾਰਟੀ ਦੀ ਕਾਰਗ਼ੁਜ਼ਾਰੀ ਤੋਂ ਸਾਫ਼ ਜ਼ਾਹਰ ਹੈ ਕਿ ਵਰਤਮਾਨ ਸਰਕਾਰ ਖਿਲਾਫ਼ ਗੁੱਸਾ ਤਾਂ ਸੀ ਪਰ ਇਹ ਅਜੇ ਉਬਾਲੇ ਦੇ ਮੁਕਾਮ ਉੱਤੇ ਨਹੀਂ ਅੱਪੜ ਸਕਿਆ। ਸਮਾਜਵਾਦੀ ਪਾਰਟੀ ਦੇ ਆਗੂ ਅਖਿਲੇਸ਼ ਯਾਦਵ ਨੂੰ ਵੀ ਆਪਣੀ ਜਾਤੀ ਪਹਿਰਾਵੇ ਤੋਂ ਬਾਹਰ ਆ ਕੇ ਬਦਲ ਰਹੇ ਭਾਰਤ ਦੀਆਂ ਨਵੀਆਂ ਹਕੀਕਤਾਂ ਨਾਲ਼ ਅੱਖਾਂ ਮਿਲਾਉਣੀਆਂ ਪੈਣਗੀਆਂ ਜਿਸ ਵਿੱਚ ਪਛਾਣ ਦੀ ਸਿਆਸਤ ਦੇ ਧਨ ਆਸਰੇ ਚੋਣਾਂ ਜਿੱਤਣੀਆਂ ਹੁਣ ਸ਼ਾਇਦ ਸੰਭਵ ਨਹੀਂ ਰਹਿ ਗਈਆਂ।

ਉਤਰਾਖੰਡ, ਗੋਆ ਤੇ ਮਨੀਪੁਰ ਦੇ ਚੋਣ ਨਤੀਜੇ ਭਾਜਪਾ ਦੇ ਬਦਲ ਦੇ ਰੂਪ ਵਿੱਚ ਕਾਂਗਰਸ ਦੀ ਨਾਕਾਮੀ ਦੀ ਕਹਾਣੀ ਭਲੀਭਾਂਤ ਬਿਆਨ ਕਰਦੇ ਹਨ।

**ਬਾਕੀ ਸਫ਼ਾ 30 'ਤੇ**

# ਪੰਜਾਬ ਵਿੱਚ ਆਪ ਪਾਰਟੀ ਦੀ ਜਿੱਤ ਦੇ ਅਰਥ

**ਦਰਬਾਰਾ ਸਿੰਘ ਕਾਹਲੋਂ**

ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਗੁਜ਼ਾਰਿਸ਼ 'ਇੱਕ ਮੌਕਾ ਦਿਓ' ਉੱਤੇ ਭਰੋਸਾ ਪ੍ਰਗਟਾਉਂਦੇ ਹੋਏ ਪੰਜਾਬ ਨੂੰ ਪਿਛਲੇ 75 ਸਾਲਾਂ ਤੋਂ ਲੁੱਟਣ ਤੇ ਕੁੱਟਣ ਵਾਲੀਆਂ ਰਵਾਇਤੀ ਰਾਜਨੀਤਕ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਜਮੂਦ ਤੋੜਦਿਆਂ ਉਸ ਨੂੰ ਰਾਜਨੀਤਕ ਸੁਨਾਮੀ ਰਾਹੀਂ ਹਮਾਇਤ ਦਿੰਦੇ ਹੋਏ ਇੱਕ ਨਵਾਂ ਇਤਿਹਾਸ ਸਿਰਜ ਕੇ ਰੱਖ ਦਿੱਤਾ। ਰਾਜਨੀਤਕ ਚੱਕਰਵਿਊ ਦੇ ਬੁਰੀ ਤਰਾਂ ਪਰਖੱਚੇ ਉਡਾਉਂਦੇ ਹੋਏ ਆਮ ਆਦਮੀ ਪਾਰਟੀ ਨੂੰ ਪੰਜਾਬੀਆਂ ਨੇ 117 ਮੈਂਬਰੀ ਵਿਧਾਨ ਸਭਾ ਵਿੱਚ 92 ਸੀਟਾਂ 'ਤੇ ਜਿਤਾਇਆ ਹੈ। ਸੱਤਾਧਾਰੀ ਕਾਂਗਰਸ 18, ਸ਼੍ਰੋਮਣੀ ਅਕਾਲੀ ਦਲ 3, ਇਸ ਦੀ ਭਾਈਵਾਲੀ ਬਸਪਾ 1, ਭਾਜਪਾ 2 ਜਦਕਿ ਇਸ ਦੇ ਭਾਈਵਾਲ ਪੰਜਾਬ ਲੋਕ ਕਾਂਗਰਸ, ਸੰਯੁਕਤ ਅਕਾਲੀ ਖ਼ਾਤਾ ਵੀ ਨਾ ਖੋਲ ਸਕੇ ਅਤੇ ਇੱਕ ਸੀਟ ਆਜ਼ਾਦ ਉਮੀਦਵਾਰ ਰਾਣਾ ਇੰਦਰਪ੍ਰਤਾਪ ਸਿੰਘ ਜਿੱਤੇ ਹਨ। ਇਸ ਵਾਰ ਜਿੱਥੇ ਬਾਕੀ ਚਾਰ ਰਾਜਾਂ ਉੱਤਰ ਪ੍ਰਦੇਸ਼, ਗੋਆ, ਮਣੀਪੁਰ, ਉੱਤਰਾਖੰਡ ਵਿੱਚ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਦਾ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਡੰਕਾ ਵੱਜਿਆ ਓਥੇ ਉਸ ਦੇ ਜੇਤੂ ਅਸ਼ਵਮੇਧ ਰੱਥ ਨੂੰ ਪੰਜਾਬ ਵਿੱਚ ਘੁਸਣ ਨਹੀਂ ਦਿੱਤਾ।

ਰਵਾਇਤੀ ਪਾਰਟੀਆਂ ਨੇ ਪੰਜਾਬ ਅੰਦਰ ਆਪਣੇ ਕੁਸ਼ਾਸਨ ਰਾਹੀਂ ਇਸ ਦੀਆਂ ਤਿੰਨ ਪੀੜੀਆਂ ਗਾਲ ਕੇ ਰੱਖ ਦਿੱਤੀਆਂ। ਪਹਿਲੀ ਪੀੜੀ 1982 ਤੋਂ ਚੱਲੇ 10-12 ਸਾਲਾ ਪੰਜਾਬ ਸੰਤਾਪ, ਝੂਠੇ ਪੁਲਿਸ ਮੁਕਾਬਲਿਆਂ ਦੀ ਭੇਟ ਚੜ ਗਈ। ਦੂਸਰੀ ਪੀੜੀ ਬੇਰੁਜ਼ਗਾਰੀ ਅਤੇ ਬੇਜ਼ਾਰੀ ਦੀ ਭੇਟ ਚੜਦੀ ਵਿਦੇਸ਼ਾਂ ਵੱਲ ਪਲਾਇਨ ਕਰਦੀ ਚਲੀ ਜਾ ਰਹੀ ਹੈ। ਪੰਜ ਤੋਂ ਸੱਤ ਲੱਖ ਕਰੋੜ ਕਰਜ਼ੇ, ਜਿਸ ਵਿੱਚ ਰਾਜ, ਕਿਸਾਨ, ਮਜ਼ਦੂਰ ਅਤੇ ਵਪਾਰਕ ਜਮਾਤ ਦਾ ਕਰਜ਼ਾ ਸ਼ਾਮਲ ਹੈ, ਥੱਲੇ ਦੱਬਿਆ ਪਿਆ ਪੰਜਾਬ ਜੋ ਕਦੇ ਦੇਸ਼ ਅੰਦਰ ਪ੍ਰਤੀ ਜੀਅ ਆਮਦਨ ਪੱਖੋਂ ਨੰਬਰ ਇੱਕ ਸੂਬਾ ਸੀ ਅੱਜ 17ਵੇਂ ਸਥਾਨ 'ਤੇ ਮੂਧੇ ਮੂੰਹ ਡਿੱਗਿਆ ਪਿਆ ਹੈ। ਕਿਸਾਨੀ ਦੀ ਹਾਲਤ ਏਨੀ ਮਾੜੀ ਹੈ ਕਿ ਆਏ ਦਿਨ ਉਹ ਗਲ ਵਿੱਚ ਰੱਸਾ ਪਾ ਕੇ ਜਾਂ ਕੀੜੇਮਾਰ ਦਵਾਈਆਂ ਪੀ ਕੇ ਖ਼ੁਦਕੁਸ਼ੀਆਂ ਲਈ ਮਜਬੂਰ ਹਨ। ਹੈਰਾਨੀ ਇਸ ਗੱਲ ਦੀ ਰਹੀ ਕਿ ਰਵਾਇਤੀ ਪਾਰਟੀਆਂ ਦੇ ਆਗੂ, ਵਿਧਾਇਕ, ਐੱਮ.ਪੀ., ਮੰਤਰੀ ਅਰਬਾਂ ਰੁਪਏ, ਜ਼ਮੀਨਾਂ-ਜਾਇਦਾਦਾਂ, ਨਾਜ਼ਾਇਜ਼ ਕਾਰੋਬਾਰਾਂ ਦੇ ਮਾਲਕ ਬਣਦੇ ਚਲੇ ਗਏ। ਰਾਜਨੀਤੀ ਅਤੇ ਪ੍ਰਸ਼ਾਸਨ, ਅਫ਼ਸਰਸ਼ਾਹ ਅਤੇ ਮਾਫ਼ੀਆ ਗਿਰੋਹ ਭ੍ਰਿਸ਼ਟਾਚਾਰ, ਧੋਖਾਧੜੀ, ਜਾਬਰਸ਼ਾਹੀ ਰਾਹੀਂ ਵਧਦੇ-ਫੁੱਲਦੇ ਰਹੇ। ਕਾਂਗਰਸ ਨਾਲ਼ ਸੰਬੰਧਿਤ ਰਾਜਨੀਤੀਵਾਨਾਂ, ਸਰਕਾਰਾਂ ਵੱਲੋਂ ਪੰਜਾਬ ਵਿੱਚ ਜੂਨ 1984 ਵਿੱਚ ਆਪ੍ਰੇਸ਼ਨ ਬਲੂ ਸਟਾਰ, ਝੂਠੇ ਪੁਲਿਸ ਮੁਕਾਬਲਿਆਂ ਵਿੱਚ ਨੌਜਵਾਨ ਅਤੇ ਬੁੱਧੀਜੀਵੀ ਵਰਗ ਮਾਰ ਮੁਕਾਉਣ, ਨਵੰਬਰ '84 ਵਿੱਚ ਸਿੱਖ ਘੱਟ ਗਿਣਤੀ ਦਾ ਦਿੱਲੀ ਅਤੇ ਹੋਰ ਥਾਵਾਂ 'ਤੇ ਨਸਲਘਾਤ ਕਰਨ, ਮਾਫ਼ੀਆਵਾਂ ਅਤੇ ਭ੍ਰਿਸ਼ਟ ਅਫ਼ਸਰਸ਼ਾਹੀ ਨਾਲ਼ ਮਿਲੀਭੁਗਤ ਰਾਹੀਂ ਲੁੱਟਣ ਅਤੇ ਬੇਇਨਸਾਫ਼ੀ ਦੇ ਬਾਵਜੂਦ ਪੰਜਾਬੀ ਉਸ ਦੇ ਰਾਜਨੀਤਕ ਚੱਕਰਵਿਊ ਵਿੱਚੋਂ ਬਾਹਰ ਨਹੀਂ ਨਿਕਲ ਪਾ ਰਹੇ ਸਨ।

ਸੰਨ 2017 ਵਿੱਚ ਆਪ ਪਾਰਟੀ ਨੇ ਇਸ ਨੂੰ ਰਵਾਇਤੀ ਪਾਰਟੀਆਂ ਦੇ ਜਮੂਦ ਵਿੱਚੋਂ ਬਾਹਰ ਕੱਢਣ ਦਾ ਵੱਡਾ ਉਪਰਾਲਾ ਵਿਧਾਨ ਸਭਾ ਚੋਣਾਂ ਵੇਲੇ ਕੀਤਾ ਪਰ ਇਨਾਂ ਵੱਲੋਂ ਆਪਸ ਵਿੱਚ ਅੰਦਰੂਨੀ ਸਮਝੌਤੇ ਕਰ ਕੇ ਉਨਾਂ ਦੀ ਪੇਸ਼ ਨਹੀਂ ਗਈ ਪਰ ਇਸ ਵਾਰ 378 ਰੋਜ਼ਾ ਕਿਸਾਨ ਅੰਦੋਲਨ ਨੇ ਉਨਾਂ ਦੇ ਹੌਂਸਲੇ ਅਤੇ ਇਰਾਦੇ ਬੁਲੰਦ ਕਰ ਦਿੱਤੇ। ਸੋ, ਇਨਾਂ ਵਿਧਾਨ ਸਭਾ ਚੋਣਾਂ ਵਿੱਚ ਉਨਾਂ ਨੇ ਸਮਝ ਲਿਆ ਅਤੇ ਪਰਖ ਲਿਆ ਅਲਬਰਟ ਆਈਨਸਟਾਈਨ ਦੇ ਇਨਾਂ ਬੋਲਾਂ ਨੂੰ ਕਿ ਤੁਸੀਂ ਉਨਾਂ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਲੱਭ ਸਕਦੇ ਜੋ ਉਨਾਂ ਨੂੰ ਪੈਦਾ ਕਰਨ ਵਾਲੇ ਹੁੰਦੇ ਹਨ। ਸੋ ਇਨਾਂ ਸਭ ਦਾ ਉਨਾਂ ਸੂਪੜਾ ਸਾਫ਼ ਕਰ ਦਿੱਤਾ। ਸੰਨ 1957 ਤੋਂ ਵਿਧਾਨ ਸਭਾ ਚੋਣਾਂ ਲੜਦੇ ਆ ਰਹੇ, 5 ਵਾਰ ਮੁੱਖ ਮੰਤਰੀ ਰਹੇ 95 ਸਾਲਾ ਪ੍ਰਕਾਸ਼ ਸਿੰਘ ਬਾਦਲ ਜੋ ਪੁੱਤਰ ਦੀ ਅਗਵਾਈ ਕਾਰਨ ਇਨਾਂ ਚੋਣਾਂ ਵਿੱਚ ਕੁੱਦੇ, ਏਕਾਧਿਕਾਰਵਾਦੀ ਤੇ ਡਿਕਟੇਟਰਾਨਾ ਢੰਗ ਨਾਲ਼ 117 ਅਕਾਲੀ-ਬਸਪਾ ਉਮੀਦਵਾਰਾਂ ਦਾ ਐਲਾਨ ਕਰਤਾ। ਮਾਝੇ ਦਾ ਜਰਨੈਲ ਉਨਾਂ ਦਾ ਕਰੀਬੀ ਰਿਸ਼ਤੇਦਾਰ ਬਿਕਰਮ ਮਜੀਠੀਆ ਜੋ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਹੇਠ ਜੁਡੀਸ਼ੀਅਲ ਰਿਮਾਂਡ 'ਤੇ ਪਟਿਆਲਾ ਜੇਲ ਵਿੱਚ ਹੈ, ਪ੍ਰਤਾਪ ਸਿੰਘ ਕੈਰੋਂ ਦਾ ਪੋਤਾ ਅਤੇ ਸ. ਬਾਦਲ ਦਾ ਰਿਸ਼ਤੇਦਾਰ ਆਦੇਸ਼ ਪ੍ਰਤਾਪ ਕੈਰੋਂ ਅਤੇ ਸਮੁੱਚਾ ਬਾਦਲ ਪਰਿਵਾਰ ਦਾ ਲਾਣਾ ਪੰਜਾਬੀਆਂ ਨੇ ਧੋਬੀ ਪਟਕਾ ਦੇ ਕੇ ਹਰਾਇਆ।

ਕਾਂਗਰਸ ਪਾਰਟੀ ਨਾਲ਼ ਸੰਬੰਧਿਤ ਦੋ ਹਲਕਿਆਂ ਤੋਂ ਲੜ ਰਿਹਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਮੂੰਹ-ਫੱਟ ਅਤੇ ਕਾਂਗਰਸ ਦੀ ਫੁੱਟ ਦਾ ਖ਼ਲਨਾਇਕ ਪ੍ਰਧਾਨ ਨਵਜੋਤ ਸਿੱਧੂ ਸਮੇਤ ਕਾਂਗਰਸ ਦੇ ਦਿੱਗਜਾਂ, ਦੋ ਵਾਰ ਮੁੱਖ ਮੰਤਰੀ ਰਿਹਾ ਪੰਜਾਬ ਲੋਕ ਕਾਂਗਰਸ ਦਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ, ਕਥਿਤ ਛੇੜਖਾਨੀ ਦੇ ਕੇਸ ਵਿੱਚ ਘਿਰਿਆ ਲੋਕ ਇਨਸਾਫ਼ ਪਾਰਟੀ ਦਾ ਆਗੂ ਸਿਮਰਜੀਤ ਸਿੰਘ ਬੈਂਸ ਆਪਣੇ ਸਭ ਉਮੀਦਵਾਰਾਂ ਸਮੇਤ ਬੁਰੀ ਤਰਾਂ ਹਰਾਏ। ਇੱਕ ਬਦਨਾਮ ਡੇਰੇਦਾਰ ਦਾ ਪੈਰੋਲ, ਕੁਝ ਡੇਰੇਦਾਰਾਂ ਦੀਆਂ ਵਾਇਰਲ ਹੋਈਆਂ ਫ਼ੋਟੋਆਂ ਭਾਜਪਾ ਨੂੰ ਦੁਰਦਸ਼ਾ ਤੋਂ ਨਾ ਬਚਾ ਸਕੀਆਂ। ਸੰਯੁਕਤ ਸਮਾਜ ਮੋਰਚਾ ਦੇ ਮੁਖੀ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਜ਼ਮਾਨਤ ਵੀ ਨਾ ਬਚਾ ਸਕੇ। ਦੀਪ ਸਿੱਧੂ ਦਾ ਰੌਲਾ-ਰੱਪਾ ਸਿਮਰਨਜੀਤ ਸਿੰਘ ਮਾਨ ਦੀ ਬੇੜੀ ਨਾ ਪਾਰ ਲਗਾ ਸਕਿਆ 'ਆਪ' ਦੀ ਸੁਨਾਮੀ ਕਰਕੇ। ਪੰਜਾਬੀਆਂ ਨੇ 75 ਸਾਲਾਂ ਦਾ ਰਾਜਨੀਤਕ ਗੰਦ ਇੱਕ ਦਲੇਰਾਨਾ ਝਟਕੇ ਨਾਲ਼ ਸਾਫ਼ ਕਰ ਦਿੱਤਾ ਹੈ। ਹੁਣ ਤੋਂ ਬਾਅਦ ਜੇ ਫਿਰ ਐਸਾ ਗੰਦ ਪਵੇਗਾ ਤਾਂ ਉਸ ਲਈ ਅਰਵਿੰਦ ਕੇਜਰੀਵਾਲ ਤੇ ਭਗਵੰਤ ਸਿੰਘ ਮਾਨ ਜ਼ਿੰਮੇਵਾਰ ਹੋਣਗੇ। ਭਗਵੰਤ ਮਾਨ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਲਈ ਲੋਕਾਂ ਦਾ ਧੰਨਵਾਦ ਆਪਣੀ ਮਾਤਾ ਤੇ ਭੈਣ ਤੋਂ ਕਰਾ ਕੇ ਇਤਿਹਾਸ ਸਿਰਜਿਆ ਹੈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਖੇ ਸਹੁੰ ਚੁੱਕ ਸਮਾਗਮ, ਮੁੱਖ ਮੰਤਰੀ ਦੀ ਥਾਂ ਸ. ਭਗਤ ਸਿੰਘ ਅਤੇ ਡਾ. ਭੀਮ ਰਾਓ ਅੰਬੇਡਕਰ ਦੀਆਂ ਫ਼ੋਟੋਆਂ ਸਰਕਾਰੀ ਦਫ਼ਤਰਾਂ ਵਿੱਚ ਲਗਾਉਣਾ, 30 ਦਿਨ 'ਚ ਪੰਜਾਬ ਦੀ ਤਸਵੀਰ ਬਦਲਣ ਦਾ ਟ੍ਰੇਲਰ ਸ਼ੁਰੂ ਕਰਨਾ, ਅਫ਼ਸਰਸ਼ਾਹੀ ਨੂੰ ਲੋਕਾਂ ਦੇ ਦੁਆਰ ਭੇਜਣਾ ਵਧੀਆ ਐਲਾਨ ਹਨ।

ਅਰਵਿੰਦ ਕੇਜਰੀਵਾਲ ਨੇ ਸਿਸਟਮ ਬਦਲਣ ਦੀ ਗੱਲ ਕੀਤੀ ਹੈ। ਪੰਜਾਬ ਦਿੱਲੀ ਦੇ ਫ਼ੁਰਮਾਨ ਸੁਣਨ ਤੋਂ ਨਾਬਰ ਹੈ, ਕੇਜਰੀਵਾਲ ਨੂੰ ਇਹ ਸਮਝਣਾ ਪਵੇਗਾ। ਪੰਜਾਬ ਰਾਜਨੀਤੀਵਾਨਾਂ, ਅਫ਼ਸਰਸ਼ਾਹਾਂ, ਡੇਰੇਦਾਰਾਂ ਤੋਂ ਤੁਰੰਤ ਪੁਲਿਸ ਬਾਡੀਗਾਰਡਾਂ ਦੀ ਫ਼ੌਜ ਦੀ ਵਾਪਸੀ ਦੀ ਮੰਗ ਕਰਦਾ ਹੈ। ਜੇ ਕਿਸੇ ਨੂੰ ਚਾਹੀਦੇ ਹਨ, ਉਨਾਂ ਦੀਆਂ ਤਨਖ਼ਾਹਾਂ, ਭੱਤਿਆਂ, ਖ਼ਰਚਿਆਂ, ਗੱਡੀਆਂ ਦੀ ਅਦਾਇਗੀ ਕਰੇ। ਪੰਜਾਬ ਦਾ ਵੋਟਰ ਅਫ਼ਸਰਸ਼ਾਹੀ ਨੂੰ ਨੱਥ ਪੈਂਦੀ ਦੇਖਣਾ ਚਾਹੁੰਦਾ ਹੈ। ਭ੍ਰਿਸ਼ਟਾਚਾਰ, ਨਸ਼ੀਲੇ ਪਦਾਰਥਾਂ ਦੀ ਵਿਕਰੀ, ਰੇਤ-ਬੱਜਰੀ, ਕੇਬਲ, ਲੈਂਡ, ਟਰਾਂਸਪੋਰਟ ਮਾਫ਼ੀਆ ਦਾ ਕਾਨੂੰਨ ਦੇ ਲੋਹੇ ਦੇ ਹੱਥਾਂ ਨਾਲ਼ ਖ਼ਾਤਮਾ, ਡੇਢ ਲੱਖ ਸਰਕਾਰੀ ਖ਼ਾਲੀ ਅਸਾਮੀਆਂ 'ਤੇ ਨਿਯੁਕਤੀ, ਸਨਅਤਾਂ ਦੀ ਪੰਜਾਬ ਵਾਪਸੀ, ਪਾਰਦਰਸ਼ੀ ਜਵਾਬਦੇਹ ਸ਼ਾਸਨ ਦਾ ਅਮਲ ਚਾਹੁੰਦਾ ਹੈ। ਪੰਜਾਬ ਵਿੱਚ ਆਪਣੀ ਰਾਜਧਾਨੀ, ਪਾਣੀਆਂ, ਹੈੱਡ ਵਰਕਸਾਂ ਦੀ ਤੁਰੰਤ ਵਾਪਸੀ ਚਾਹੁੰਦਾ ਹੈ। ਵਿਕਾਸ ਦੇ ਨਵੇਂ ਯੁੱਗ ਦੀ ਸ਼ੁਰੂਆਤ ਚਾਹੁੰਦਾ ਹੈ। ਆਪਣੇ ਨੌਜਵਾਨ ਮਨੁੱਖੀ ਸੋਮਿਆਂ ਦੇ ਪਲਾਇਨ 'ਤੇ ਰੋਕ ਚਾਹੁੰਦਾ ਹੈ। ਪੰਜਾਬ ਵਿੱਚ ਮੁਫ਼ਤਖ਼ੋਰੀ ਨਹੀਂ, ਨਾਨਕ ਦਾ ਕਿਰਤ ਵਾਲਾ ਮਾਡਲ ਚਾਹੁੰਦਾ ਹੈ। ਵਧੀਆ ਸਿੱਖਿਆ, ਸਿਹਤ, ਸਾਫ਼ ਪਾਣੀ, ਫ਼ਸਲੀ ਵਿਭਿੰਨਤਾ ਚਾਹੁੰਦਾ ਹੈ, ਕੇਂਦਰ ਨਾਲ਼ ਸਹਿਯੋਗ ਚਾਹੁੰਦਾ ਹੈ। ਕੀ 'ਆਪ' ਭਗਵੰਤ ਮਾਨ ਅਤੇ ਉਸ ਦੀ 17 ਮੈਂਬਰੀ ਕੈਬਨਿਟ ਪੰਜਾਬ ਸਿੰਘ ਦੇ ਵਿਸ਼ਵਾਸ 'ਤੇ ਪੂਰਾ ਉਤਰਨਗੇ ?

# ਪੰਜਾਬੀ ਮਨ ਵਿੱਚ ਉੱਠੇ ਰੋਹ ਨੇ ਰਵਾਇਤੀ ਪਾਰਟੀਆਂ ਨੂੰ ਨਕਾਰਿਆ




**ਬਘੇਲ ਸਿੰਘ ਪੱਤਰਕਾਰ**

**99142-58142**


ਪੰਜਾਬ ਅੰਦਰ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਆਏ ਚੋਣ ਨਤੀਜੇ ਸਪਸ਼ਟ ਕਰਦੇ ਹਨ ਕਿ ਲੋਕ ਰਵਾਇਤੀ ਪਾਰਟੀਆਂ ਦੇ ਪਿਛਲੇ 75 ਸਾਲਾਂ ਦੀ ਕਾਰਗੁਜ਼ਾਰੀ ਤੋਂ ਕਿਸ ਕਦਰ ਦੁਖੀ ਹੋ ਚੁੱਕੇ ਸਨ। ਪੰਜਾਬ ਦੇ ਲੋਕਾਂ ਵੱਲੋਂ ਰਵਾਇਤੀ ਪਾਰਟੀਆਂ ਨੂੰ ਦਿੱਤੀ ਅਜਿਹੀ ਸ਼ਰਮਨਾਕ ਹਾਰ ਨੂੰ ਉਹਨਾਂ ਦੇ ਦਹਾਕਿਆਂ ਬੱਧੀ ਕੀਤੇ ਪੰਜਾਬ ਨੂੰ ਬਰਬਾਦ ਕਰਨ ਵਾਲੇ ਕਾਰਨਾਮਿਆਂ ਦੇ ਲੇਖੇ ਜੋਖੇ ਵਜੋਂ ਦੇਖਿਆ ਜਾ ਰਿਹਾ ਹੈ। ਇਹ ਪਹਿਲਾ ਮੌਕਾ ਹੈ ਜਦੋਂ ਪੰਜਾਬ ਵਿੱਚ ਕਿਸੇ ਨਵੀਂ ਪਾਰਟੀ ਨੂੰ ਰਿਕਾਰਡਤੋੜ ਬਹੁਮਤ ਮਿਲਿਆ ਹੋਵੇ। ਭਾਂਵੇ ਕੁਝ ਚੋਣ ਸਰਵੇਖਣ ਆਮ ਆਦਮੀ ਪਾਰਟੀ ਨੂੰ ਅਜਿਹਾ ਹੁੰਗਾਰਾ ਮਿਲਣ ਸੰਬੰਧੀ ਪਹਿਲਾਂ ਹੀ ਇਸ਼ਾਰਾ ਕਰ ਚੁੱਕੇ ਸਨ, ਪਰ ਸੱਚਾਈ ਇਹ ਹੈ ਕਿ ਖੁਦ ਆਮ ਆਦਮੀ ਪਾਰਟੀ ਵੀ ਪਹਿਲਾਂ ਪੰਜਾਹ ਸੀਟਾਂ ਜਿੱਤਣ ਦਾ ਦਾਅਵਾ ਕਰਦੀ ਰਹੀ ਹੈ ਅਤੇ ਚੋਣਾਂ ਤੋਂ ਕੁਝ ਕੁ ਦਿਨ ਪਹਿਲਾਂ ਉਹਨਾਂ ਨੇ 80 ਤੋਂ ਵੱਧ ਸੀਟਾਂ ਜਿੱਤਣ ਦਾ ਦਾਅਵਾ ਕੀਤਾ ਸੀ, ਜਦੋਂ ਕਿ ਨਤੀਜੇ ਉਹਨਾਂ ਦੀਆਂ ਕਿਆਸ-ਅਰਾਈਆਂ ਨੂੰ ਵੀ ਮਾਤ ਦੇ ਗਏ ਹਨ। ਕਿਸੇ ਨੂੰ ਵੀ ਉਮੀਦ ਨਹੀਂ ਸੀ ਕਿ ਨਤੀਜੇ ਇਸ ਕਦਰ ਇੱਕ ਤਰਫ਼ਾ ਹੋਣਗੇ। ਜੇਕਰ ਚੋਣ ਨਤੀਜਿਆਂ ਨੂੰ ਪੰਜਾਬ ਦੀ ਸਿਆਸਤ ਵਿੱਚ ਆਏ ਨਿਘਾਰ ਕਾਰਨ ਲੋਕ ਮਨਾਂ ਵਿੱਚ ਆਈ ਨਿਰਾਸ਼ਤਾ ਦੇ ਪਰਿਪੇਖ ਵਿੱਚ ਦੇਖਿਆ ਜਾਵੇ,ਤਾਂ ਇਹ ਨਤੀਜੇ ਹੈਰਾਨੀਜਨਕ ਨਹੀਂ ਜਾਪਦੇ, ਬਲਕਿ ਲੋਕ ਮਨਾਂ ਵਿੱਚ ਉੱਠੇ ਰੋਹ ਨੇ ਪੁਰਾਣੀਆਂ ਰਵਾਇਤੀ ਪਾਰਟੀਆਂ ਨੂੰ ਨਕਾਰ ਕੇ ਆਮ ਆਦਮੀ ਪਾਰਟੀ ਨੂੰ ਜਿਸ ਸ਼ਿੱਦਤ ਨਾਲ਼ ਚੁਣਿਆ ਹੈ, ਉਹਨਾਂ ਭਾਵਨਾਵਾਂ, ਉਹਨਾਂ ਜਜ਼ਬਿਆਂ ਦੀ ਕਦਰ ਕਰਨ ਦੀ ਜ਼ਿੰਮੇਵਾਰੀ ਹੁਣ ਭਗਵੰਤ ਮਾਨ ਦੀ ਅਗਵਾਈ ਵਿੱਚ ਬਣਨ ਵਾਲੀ ਸਰਕਾਰ ਦੀ ਬਣਦੀ ਹੈ। ਭਗਵੰਤ ਮਾਨ ਦੇ ਸਾਹਮਣੇ ਬਹੁਤ ਸਾਰੀਆਂ ਚਣੌਤੀਆਂ ਵੀ ਦਰਪੇਸ਼ ਹਨ, ਜਿੰਨਾਂ ਨੂੰ ਸਵੀਕਾਰ ਕਰਨਾ ਜਾਂ ਨਾ ਕਰਨਾ ਹੀ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਭਵਿੱਖ ਨੂੰ ਤਹਿ ਕਰੇਗਾ। ਵੋਟਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਲੋਕਾਂ ਨਾਲ਼ ਬਹੁਤ ਸਾਰੇ ਦਾਅਵੇ ਤੇ ਵਾਅਦੇ ਕਰਦੀਆਂ ਹਨ, ਪਰ ਜਦੋਂ ਉਹਨਾਂ ਤੇ ਖ਼ਰਾ ਉੱਤਰਨ ਦਾ ਸਮਾਂ ਆਉਂਦਾ ਹੈ ਤਾਂ ਕਦੇ ਵੀ ਕੋਈ ਸਿਆਸੀ ਧਿਰ ਪੂਰਾ ਨਹੀਂ ਉੱਤਰਦੀ। ਕਾਂਗਰਸ ਅਤੇ ਅਕਾਲੀਆਂ ਦੇ ਹੋਏ ਮਾੜੇ ਹਸ਼ਰ ਦਾ ਇੱਕ ਵੱਡਾ ਕਾਰਨ ਇਹ ਵੀ ਹੈ। ਆਮ ਆਦਮੀ ਪਾਰਟੀ ਨੇ ਵੀ ਪੰਜਾਬ ਨਾਲ਼ ਬਹੁਤ ਸਾਰੇ ਦਾਅਵੇ-ਵਾਅਦੇ ਕੀਤੇ ਹਨ, ਜਿੰਨਾਂ ਤੇ ਪੂਰਾ ਉੱਤਰਨ ਲਈ ਆਪ ਦੀ ਸਰਕਾਰ ਕਿਹੋ ਜਿਹੀਆਂ ਨੀਤੀਆਂ ਘੜੇਗੀ, ਇਹ ਅਜੇ ਕਹਿਣਾ ਮੁਸ਼ਕਿਲ ਹੈ,ਪਰ ਇਸ ਤੋਂ ਇਲਾਵਾ ਵੀ ਹੋਰ ਪੰਜਾਬ ਦੇ ਬਹੁਤ ਸਾਰੇ ਮਸਲੇ ਹਨ, ਜਿੰਨਾਂ ਤੇ ਪਹਿਰਾ ਦੇਣਾ ਪੰਜਾਬ ਦੇ ਰਾਜਨੀਤਕਾਂ ਦਾ ਮੁੱਢਲਾ ਫ਼ਰਜ ਹੋਣਾ ਚਾਹੀਦਾ ਹੈ, ਪਰ ਇੱਥੇ ਵੀ ਭਗਵੰਤ ਮਾਨ ਸਾਹਮਣੇ ਬਹੁਤ ਚਣੌਤੀਆਂ ਹਨ। ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ, ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦਾ ਮਾਮਲਾ, ਬੇਅਦਬੀ ਦਾ ਮਾਮਲਾ, ਨਸ਼ਿਆਂ ਦੀ ਰੋਕਥਾਮ ਦਾ ਮਾਮਲਾ ਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਪੇਚੀਦਾ ਮਾਮਲੇ ਸਮੇਤ ਹੋਰ ਵੀ ਅਨੇਕਾਂ ਮਸਲੇ ਹਨ, ਜਿੰਨਾਂ ਨੂੰ ਹੱਲ ਕਰਵਾਉਣ ਦੀ ਪੰਜਾਬ ਦੇ ਲੋਕਾਂ ਨੇ ਆਪ ਪਾਰਟੀ ਤੋਂ ਆਸ ਰੱਖੀ ਹੈ, ਇਸ ਲਈ ਉਪਰੋਕਤ ਮਸਲੇ ਹੱਲ ਕਰਵਾਉਣ ਲਈ ਭਗਵੰਤ ਮਾਨ ਦੀ ਸਰਕਾਰ ਨੂੰ ਕੇਂਦਰ ਨਾਲ਼ ਲੜਾਈ ਲੜਨੀ ਪੈ ਸਕਦੀ ਹੈ, ਪ੍ਰੰਤੂ ਇੱਥੇ ਵਿਚਾਰਨਯੋਗ ਇਹ ਵੀ ਹੈ ਕਿ, ਕੀ ਉਪਰੋਕਤ ਮਸਲਿਆਂ ਦੇ ਹੱਲ ਲਈ ਭਗਵੰਤ ਮਾਨ ਨੂੰ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੋਂ ਇਜਾਜ਼ਤ ਮਿਲ ਸਕੇਗੀ ? ਇਹ ਵੀ ਵੱਡਾ ਸਵਾਲ ਹੈ। ਸੂਬੇ ਦੇ ਲੋਕਾਂ ਲਈ ਚੰਗੀ ਸਿਹਤ ਅਤੇ ਸਿੱਖਿਆ ਦੇ ਪ੍ਰਬੰਧ ਕਰਨੇ ਭਾਂਵੇ ਸਰਕਾਰਾਂ ਦੇ ਮੁੱਢਲੇ ਫ਼ਰਜ਼ਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ,ਪਰ ਪੰਜਾਬ ਇਹਨਾਂ ਮੁੱਢਲੀਆਂ ਜ਼ਰੂਰਤਾਂ ਤੋਂ ਵੀ ਵਾਂਝਾ ਰਿਹਾ ਹੈ, ਇਸ ਲਈ ਵੀ ਆਮ ਆਦਮੀ ਪਾਰਟੀ ਨੂੰ ਪੰਜਾਬ ਦੇ ਲੋਕਾਂ ਨਾਲ਼ ਵਾਅਦਾ ਕਰਨਾ ਪਿਆ ਹੈ, ਜੋ ਇਹ ਵਾਅਦੇ ਸੂਬਾ ਸਰਕਾਰ ਜੇ ਚਾਹੇ ਤਾਂ ਪੂਰੇ ਕਰ ਵੀ ਸਕਦੀ, ਪਰ 300 ਯੂਨਿਟ ਬਿਜਲੀ ਮੁਫ਼ਤ ਅਤੇ ਹਜ਼ਾਰ ਰੁਪਏ ਮਹੀਨਾ 18 ਸਾਲ ਤੋਂ ਉੱਪਰ ਦੀ ਹਰ ਔਰਤ ਨੂੰ ਦੇਣ ਵਰਗੇ ਵਾਅਦੇ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠਾਂ ਦੱਬੀ ਪੰਜਾਬ ਸਰਕਾਰ ਲਈ ਬੇਹੱਦ ਮੁਸ਼ਕਿਲ ਹੋਣਗੇ, ਪ੍ਰੰਤੂ ਜੇਕਰ ਅਜਿਹੇ ਵਾਅਦੇ ਪੂਰੇ ਕੀਤੇ ਵੀ ਜਾਂਦੇ ਹਨ, ਤਾਂ ਵੀ ਅਜਿਹਾ ਕਰਨ ਨਾਲ਼ ਪੰਜਾਬ ਸਰਕਾਰ



ਦੀ ਜ਼ਿੰਮੇਵਾਰੀ ਖ਼ਤਮ ਨਹੀਂ ਹੋ ਜਾਂਦੀ, ਬਲਕਿ ਅਸਲ ਮੁੱਦੇ ਤਾਂ ਉਹ ਹਨ, ਜਿੰਨਾਂ ਨੂੰ ਹੱਲ ਕਰਵਾਉਣ ਖ਼ਾਤਰ ਪੰਜਾਬ ਸਰਕਾਰ ਨੂੰ ਕੇਂਦਰ ਨਾਲ਼ ਵੀ ਆਢਾ ਲਾਉਣਾ ਪੈ ਸਕਦਾ ਹੈ, ਜਦੋਂਕਿ ਇਸ ਤੋਂ ਵੀ ਪਹਿਲਾਂ ਉਹਨਾਂ ਨੂੰ ਆਪਣੀ ਆਹਲਾਕਮਾਨ ਤੋਂ ਇਜਾਜ਼ਤ ਮਿਲਣੀ ਵੀ ਅਸੰਭਵ ਜਾਪਦੀ ਹੈ, ਕਿਉਂਕਿ ਪੰਜਾਬ ਦੇ ਬਿਜਲੀ, ਪਾਣੀਆਂ ਅਤੇ ਬੰਦੀ ਸਿੱਖਾਂ ਦੀ ਰਿਹਾਈ ਦਾ ਮਸਲਾ ਅਰਵਿੰਦ ਕੇਜਰੀਵਾਲ ਨਾਲ਼ ਸੰਬੰਧ ਰੱਖਦਾ ਹੈ, ਇਸ ਲਈ ਉਹ ਕਦੇ ਵੀ ਉਪਰੋਕਤ ਮਾਮਲਿਆਂ ਵਿੱਚ ਪੰਜਾਬ ਨੂੰ ਨਿਆਂ ਨਹੀਂ ਦਵਾ ਸਕਣਗੇ। ਇਸ ਤੋਂ ਇਲਾਵਾ ਅਰਵਿੰਦ ਕੇਜਰੀਵਾਲ ਦਾ ਨਿਸ਼ਾਨਾ ਮਹਿਜ਼ ਦਿੱਲੀ ਵਰਗੇ ਅਰਧ-ਸੂਬੇ ਤੇ ਰਾਜ ਕਰਨਾ ਨਹੀਂ ਹੈ, ਉਹਨਾਂ ਦਾ ਨਿਸ਼ਾਨਾ ਦਿੱਲੀ ਦੀ ਕੇਂਦਰੀ ਸੱਤਾ ਉੱਪਰ ਕਾਬਜ਼ ਹੋਣਾ ਹੈ, ਇਸ ਲਈ ਅਰਵਿੰਦ ਕੇਜਰੀਵਾਲ ਅਜਿਹਾ ਕੋਈ ਵੀ ਕਦਮ ਪੁੱਟਣ ਤੋਂ ਭਗਵੰਤ ਮਾਨ ਨੂੰ ਸਖ਼ਤੀ ਨਾਲ਼ ਵਰਜ ਸਕਦੇ ਹਨ। ਕੇਂਦਰ ਸਰਕਾਰ ਨਾਲ਼ ਸੰਬੰਧਿਤ ਮੁੱਦਿਆਂ 'ਤੇ ਵੀ ਸ਼ਾਇਦ ਅਰਵਿੰਦ ਕੇਜਰੀਵਾਲ ਦੀ ਸਹਿਮਤੀ ਭਗਵੰਤ ਮਾਨ ਨਾਲ਼ ਨਾ ਬਣ ਸਕੇ, ਕਿਉਂਕਿ ਅਰਵਿੰਦ ਕੇਜਰੀਵਾਲ ਪਹਿਲਾਂ ਵੀ ਸਮੇਂ-ਸਮੇਂ ਪੰਜਾਬ ਨੂੰ ਕਟਿਹਰੇ ਵਿੱਚ ਖੜ੍ਹਾ ਕਰਦੇ ਰਹੇ ਹਨ, ਮਸਲਨ ਕਿਸਾਨੀ ਕਨੂੰਨਾਂ ਤੇ ਵੀ ਪਹਿਲਾਂ ਉਹਨਾਂ ਦਾ ਸਟੈਂਡ ਕਿਸਾਨ ਵਿਰੋਧੀ ਸੀ, ਪਰ ਕਿਸਾਨੀ ਅੰਦੋਲਨ ਦੇ ਵਧੇ ਪ੍ਰਭਾਵ ਕਾਰਨ ਅਕਾਲੀਆਂ ਵਾਂਗ ਆਮ ਆਦਮੀ ਪਾਰਟੀ ਨੇ ਵੀ ਕਿਸਾਨੀ ਕਨੂੰਨਾਂ ਦੇ ਮੁੱਦੇ ਤੋਂ ਦੂਰੀ ਬਣਾ ਲਈ। ਇਸੇ ਤਰਾਂ ਕੇਂਦਰ ਸਰਕਾਰ ਵੱਲੋਂ ਝੋਨੇ ਦੀ ਪਰਾਲੀ ਸੜਨ ਦੇ ਮੁੱਦੇ ਤੇ ਵੀ ਅਰਵਿੰਦ ਕੇਜਰੀਵਾਲ ਕੇਂਦਰ ਨਾਲ਼ ਸਹਿਮਤ ਰਿਹਾ ਹੈ, ਤੇ ਪੰਜਾਬ ਦੇ ਕਿਸਾਨਾਂ 'ਤੇ ਪਰਾਲੀ ਦੇ ਧੂੰਏ ਨਾਲ਼ ਦਿੱਲੀ ਨੂੰ ਪ੍ਰਦੂਸ਼ਿਤ ਕਰਨ ਦੇ ਦੋਸ਼ ਵੀ ਲਗਾਤਾਰ ਲਾਉਂਦਾ ਰਿਹਾ ਹੈ, ਹੁਣ ਪੰਜਾਬ ਅੰਦਰ ਆਪ ਦੀ ਸਰਕਾਰ ਬਨਣ ਤੇ ਉਹ ਭਗਵੰਤ ਮਾਨ ਨੂੰ ਪਰਾਲੀ ਸਾੜਨ ਤੇ ਪਾਬੰਦੀ ਲਾਉਣ ਸੰਬੰਧੀ ਵੀ ਹਦਾਇਤ ਕਰ ਸਕਦਾ ਹੈ। ਅਜਿਹੇ ਮੌਕੇ ਭਗਵੰਤ ਮਾਨ ਬਹੁਤ ਕਸੂਤੀ ਸਥਿਤੀ ਵਿੱਚ ਫਸ ਸਕਦੇ ਹਨ। ਜੇਕਰ ਉਹ ਹਾਈਕਮਾਂਡ ਦੇ ਹੁਕਮਾਂ ਦੀ ਪਹਿਰੇਦਾਰੀ ਕਰਨਗੇ, ਤਾਂ ਉਹਨਾਂ ਨੂੰ ਪਰਾਲੀ ਸਾੜਨ ਵਾਲੇ ਕਿਸਾਨਾਂ ਤੇ ਸਖ਼ਤੀ ਵਰਤਣੀ ਪਵੇਗੀ, ਪਰਚੇ ਦਰਜ ਕਰਨੇ ਪੈਣਗੇ, ਜਿਸ ਦਾ ਕਿਸਾਨ ਵੀ ਵਿਰੋਧ ਕਰਨਗੇ ਅਤੇ ਜੇਕਰ ਉਹ ਹਾਈਕਮਾਂਡ ਨੂੰ ਅਣਗੌਲ਼ਿਆ ਕਰਨਗੇ, ਤਾਂ ਇਹਦੇ ਲਈ ਵਿਧਾਇਕਾਂ ਦੇ ਸਾਥ ਅਤੇ ਵੱਡੇ ਜਿਗਰੇ ਦੀ ਲੋੜ ਰਹੇਗੀ। ਇਹਦੇ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਅੰਦਰ ਆਪ ਦੀ ਹਨੇਰੀ ਚੱਲਣ ਪਿੱਛੇ ਭਗਵੰਤ ਮਾਨ ਦਾ ਵੱਡਾ ਯੋਗਦਾਨ ਰਿਹਾ ਹੈ, ਇਹ ਵੀ ਸੱਚ ਹੈ ਕਿ ਜੇਕਰ ਕੇਜਰੀਵਾਲ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਚਿਹਰਾ ਨਾ ਬਣਾਉਂਦੇ ਤਾਂ ਪੰਜਾਬ ਵਿੱਚ ਜੋ ਲਹਿਰ ਹੁਣ ਆਪ ਦੇ ਹੱਕ ਵਿੱਚ ਚੱਲੀ ਹੈ, ਉਹ ਨਹੀਂ ਸੀ ਬਣ ਸਕਦੀ, ਲਿਹਾਜ਼ਾ ਪਾਰਟੀ ਸੱਤਾ ਤੋਂ ਵਾਂਝੀ ਰਹਿ ਸਕਦੀ ਸੀ। ਸੋ ਭਗਵੰਤ ਮਾਨ ਲਈ ਇਹ ਵੱਡੀਆਂ ਚੁਣੌਤੀਆਂ ਪਾਰਟੀ ਦੇ ਅੰਦਰ ਅਤੇ ਬਾਹਰ ਬਰਾਬਰ ਬਣੀਆਂ ਰਹਿਣਗੀਆਂ, ਪ੍ਰੰਤੂ ਉਪਰੋਕਤ ਚੁਣੌਤੀਆਂ ਦੇ ਮੱਦੇਨਜ਼ਰ ਭਗਵੰਤ ਮਾਨ ਪੰਜਾਬ ਦੇ ਲੋਕਾਂ ਦੀਆਂ ਆਸਾਂ ਤੇ ਖ਼ਰਾ ਉੱਤਰਨ ਖ਼ਾਤਰ ਲੰਮੇ ਸਮੇਂ ਤੋਂ ਲਟਕਦੇ ਮਸਲਿਆਂ ਨੂੰ ਹੱਲ ਕਰਵਾਉਣ ਵੱਲ ਦਲੇਰਾਨਾ ਕਦਮ ਪੁੱਟ ਸਕਣਗੇ, ਇਹਦੇ ਬਾਰੇ ਅਜੇ ਕੁਝ ਵੀ ਕਹਿਣਾ ਵਾਜਬ ਨਹੀਂ ਹੋਵੇਗਾ। ਫਿਰ ਵੀ ਆਸ ਅਤੇ ਅਰਦਾਸ ਕਰਨੀ ਬਣਦੀ ਹੈ ਕਿ ਪੰਜਾਬ ਦੇ ਲੋਕਾਂ ਨੇ ਜਿੰਨਾਂ ਆਸਾਂ ਨਾਲ਼ ਆਮ ਆਦਮੀ ਪਾਰਟੀ ਨੂੰ ਸਨਮਾਨਯੋਗ ਜਿੱਤ ਬਖ਼ਸ਼ੀ ਹੈ, ਭਗਵੰਤ ਮਾਨ ਦੀ ਸਰਕਾਰ ਉਹਨਾਂ ਆਸਾਂ ਉਪਰ ਖ਼ਰਾ ਉੱਤਰ ਸਕੇ।

---

# ਆਖ਼ਰ 'ਕੱਖ ਨਾ ਰਹੇ' ਦੀ ਅਰਦਾਸ ਇੰਨ ਬਿੰਨ ਪ੍ਰਵਾਨ ਹੋਈ

## ✪ 'ਜਰਨੈਲੀ ਚੇਤਨਾ' ਨੇ ਹੇਠਲੀ-ਉੱਤੇ ਕੀਤੀ ✪ ਵੱਡੇ-ਵੱਡੇ ਬੰਦੇ ਵੀ ਜ਼ਮੀਰਾਂ ਦੇ ਸਾਹਮਣੇ ਹੁਣ ਸ਼ਰਮਸਾਰ ਹਨ ✪ ਕੀ 'ਆਪ' ਦੀ ਜਿੱਤ ਗ਼ੈਰ-ਪੰਜਾਬੀ ਚੇਤਨਾ ਦਾ ਨਵਾਂ ਸੂਰਜ ਹੈ ?




**ਕਰਮਜੀਤ ਸਿੰਘ ਚੰਡੀਗੜ੍ਹ**

**9915091063**


ਦੋਸਤੋ ! ਭਾਵੇਂ ਇਸ ਨੂੰ ਸੁਨਾਮੀ ਕਹੋ, ਭਾਵੇਂ ਭੁਚਾਲ ਆਖੋ, ਭਾਵੇਂ ਕਿਆਮਤ, ਭਾਵੇਂ ਕਹਿਰ, ਪਰ ਹੋਈ ਜੱਗੋਂ ਤੇਰਵੀਂ। ਇਸ ਦੀ ਫੋਲਾ-ਫਰੋਲੀ ਫੇਰ ਕਦੇ ਕਰਾਂਗੇ।

ਪਰ ਅੱਜ ਬਾਦਲਾਂ ਦੀ ਨੂੰਹ ਹਰਸਿਮਰਤ ਕੌਰ ਬਾਦਲ ਨੂੰ 'ਵਧਾਈ' ਦੇਣੀ ਬਣਦੀ ਹੈ ਕਿਉਂਕਿ ਉਨਾਂ ਦੀ ਅਰਦਾਸ ਅਕਾਲ ਪੁਰਖ ਨੇ ਨੇੜਿਓਂ ਹੋ ਕੇ ਸੁਣੀ ਹੈ। ਬੀਬੀ ਜੀ ਨੇ ਕੁਝ ਚਿਰ ਪਹਿਲਾਂ ਅਰਦਾਸ ਕੀਤੀ ਸੀ ਕਿ ਜਿਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਉਨਾਂ ਦਾ 'ਕੱਖ ਨਾ ਰਹੇ' ਅਤੇ ਜਿਹੜੇ ਬੇਅਦਬੀ ਦੇ ਮੁੱਦੇ ਤੇ 'ਸਿਆਸਤ ਖੇਡ ਰਹੇ ਹਨ' ਉਨਾਂ ਦਾ ਵੀ ਕੱਖ ਨਾ ਰਹੇ। ਬੀਬੀ ਜੀ ਦੀਆਂ ਦੋਵੇਂ ਅਰਦਾਸਾਂ ਰੱਬ ਦੇ ਦਰਬਾਰ ਵਿੱਚ ਇੰਨ ਬਿੰਨ ਪ੍ਰਵਾਨ ਹੋਈਆਂ। ਰੱਬ ਦੇ ਘਰ ਵਿੱਚ ਦੇਰ ਤਾਂ ਹੈ ਪਰ ਅੰਧੇਰ ਨਹੀਂ।

ਸਹੁਰਾ ਸਾਹਿਬ ਦਾ ਵੀ ਬੁੱਢੇ ਵਾਰੇ 'ਕੱਖ ਨਹੀਂ ਰਿਹਾ', ਪਤੀ ਦਾ ਵੀ 'ਕੱਖ ਨਹੀਂ ਰਿਹਾ', ਭਰਾ ਦਾ ਵੀ 'ਕੱਖ ਨਹੀਂ ਰਿਹਾ' ਤੇ ਜਵਾਈ ਦਾ ਵੀ 'ਕੱਖ ਨਹੀਂ ਰਿਹਾ'। ਦੂਜੇ ਸ਼ਬਦਾਂ ਵਿੱਚ ਰੱਬ ਨੇ ਕੁਝ ਇਸ ਤਰਾਂ ਧੋਬੀ ਪਟਕਾ ਮਾਰਿਆ ਜਾਂ ਇਸ ਤਰਾਂ ਮੂਧੜੇ ਮੂੰਹ ਸੁੱਟਿਆ ਕਿ ਹੁਣ ਸਾਰੀ ਉਮਰ ਉੱਠ ਨਹੀਂ ਸਕਣਗੇ ਅਤੇ ਅਤੇ ਜੇਕਰ ਉੱਠ ਵੀ ਪਏ ਤਾਂ ਰਾਜਨੀਤਕ ਰੂਪ ਵਿੱਚ ਕੁੱਬੇ ਹੋ ਕੇ ਚੱਲਿਆ ਕਰਨਗੇ।

ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਅਤੇ ਸਾਥੀਆਂ ਨੇ ਵੀ ਬੇਅਦਬੀ ਦੇ ਮੁੱਦੇ ਤੇ ਸਿਆਸਤ ਖੇਡੀ ਹੈ, ਉਨਾਂ ਦਾ ਵੀ ਕੱਖ ਨਹੀਂ ਰਿਹਾ। ਗੁਟਕਾ ਸਾਹਮਣੇ ਰੱਖ ਕੇ ਸਹੁੰ ਖਾਣ ਵਾਲੇ ਦਾ ਵੀ ਬੁਰਾ ਹਸ਼ਰ ਹੋਇਆ। ਹੁਣ ਇਹ ਦੋਵੇਂ ਖ਼ਾਲੀ ਡਰੰਮ ਹਨ ਜਿਨਾਂ ਨੂੰ ਹਰ ਕਿਸੇ ਲਈ ਰੇੜਨਾ ਸੌਖਾ ਹੋਵੇਗਾ।

ਦੋਸਤੋ ! ਅਸਲ ਵਿੱਚ ਜਿਹੜੀ ਅਰਦਾਸ ਹਰਸਿਮਰਤ ਕੌਰ ਨੇ ਕੀਤੀ, ਉਹ ਅਰਦਾਸ ਕਿਸੇ ਵੱਖਰੀ ਸ਼ਕਲ ਵਿੱਚ ਖ਼ਾਲਸਾ ਪੰਥ ਦੀ ਰੂਹ ਵਿੱਚ ਭਿੱਜੀ ਅਰਦਾਸ ਵੀ ਸੀ। ਅੱਜ ਉਹ ਸਾਰੇ ਲੋਕ ਖ਼ੁਸ਼ੀ ਵਿੱਚ ਬਾਵਲੇ ਹੋਏ ਹਨ, ਕਿਉਂਕਿ ਟੱਬਰ ਪਾਲ ਸਿਆਸਤ ਦਾ ਭੋਗ ਪੈ ਗਿਆ ਹੈ। ਅੱਜ ਉਨਾਂ 'ਵੱਡੇ-ਵੱਡੇ ਬੰਦਿਆਂ' ਨੂੰ ਵੀ ਆਪਣੀ ਜ਼ਮੀਰ ਦੇ ਸਾਹਮਣੇ ਸ਼ਰਮਸਾਰ ਹੋਣਾ ਪੈ ਰਿਹਾ ਹੈ, ਜਿਨਾਂ ਨੇ ਬਾਦਲਾਂ ਦੀ ਹਮਾਇਤ ਲਈ ਪੰਥ ਨੂੰ ਆਵਾਜ਼ ਦਿੱਤੀ। ਪਰ ਪੰਥ ਨੇ ਅਣਸੁਣੀ ਕਰ ਦਿੱਤੀ।

ਉਸ 'ਉੱਚੀ-ਸੁੱਚੀ ਸੰਸਥਾ' ਦਾ ਸੇਵਾਦਾਰ ਅਤੇ ਉਸ ਦੀ 'ਦੁਨਿਆਵੀ ਵਿਦਵਤਾ' ਵੀ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ ਜੋ ਗਾਹੇ-ਬਗਾਹੇ, ਸਿੱਧੇ-ਅਸਿੱਧੇ ਰੂਪ ਵਿੱਚ ਬਾਦਲਾਂ ਦੇ ਹੱਕ ਵਿੱਚ ਖਲੋਤਾ ਰਿਹਾ।

ਵੈਸੇ ਇੱਕ ਗੱਲ ਬਹੁਤ ਹੀ ਚੰਗੀ ਹੋਈ। ਜੇ ਆਮ ਆਦਮੀ ਪਾਰਟੀ ਨੂੰ ਏਨੀਆਂ ਸੀਟਾਂ ਨਾ ਮਿਲਦੀਆਂ ਅਤੇ ਬਾਦਲ ਪਰਿਵਾਰ ਵੀ ਜਿੱਤ ਜਾਂਦਾ ਤਾਂ ਅਕਾਲੀ ਦਲ ਦੇ ਖੇਮੇ ਵਿੱਚ ਹੇਠਲੀ ਉੱਤੇ ਨਹੀਂ ਸੀ ਹੋਣੀ, ਕਿਉਂਕਿ ਬਾਦਲਾਂ ਨੇ ਹੋਣ ਹੀ ਨਹੀਂ ਸੀ ਦੇਣੀ। ਆਪਣੇ ਟੱਬਰ ਦੀ ਜਿੱਤ ਉਨਾਂ ਨੇ ਸਾਹਮਣੇ ਰੱਖਣੀ ਸੀ ਅਤੇ 'ਕੱਖ ਨਾ ਰਹੇ' ਦੀ ਅਰਦਾਸ ਨੂੰ ਉਨਾਂ ਨੇ ਆਪਣੇ ਹੱਕ ਵਿੱਚ ਭੁਗਤਾ ਲੈਣਾ ਸੀ। ਪਰ ਹੁਣ ਦੋਸਤੋ, ਕੁਝ ਨਾ ਕੁਝ ਉਥਲ-ਪੁਥਲ ਜ਼ਰੂਰ ਹੋਵੇਗੀ। ਇਹ ਉਥਲ-ਪੁਥਲ ਕਿਸ ਤਰਾਂ ਦੀ ਹੋਵੇਗੀ, ਇਸ ਬਾਰੇ ਅਜੇ ਕਿਆਸ ਅਰਾਈਆਂ ਹੀ ਲਾਈਆਂ ਜਾ ਸਕਦੀਆਂ ਹਨ।

ਆਮ ਆਦਮੀ ਪਾਰਟੀ ਦੀ 'ਭਿਆਨਕ ਜਿੱਤ' ਉੱਤੇ ਇੱਕ ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਨੇ ਟਿੱਪਣੀ ਕੀਤੀ ਕਿ ਇਹ 'ਪੰਜਾਬੀ ਚੇਤਨਾ ਦੀ ਜ਼ਬਰਦਸਤ ਹਾਰ' ਹੈ। ਦੂਜੇ ਸ਼ਬਦਾਂ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਦੇ ਧੁਰ ਅੰਦਰ ਪੰਜਾਬੀ ਚੇਤਨਾ ਦੀ ਰੂਹ ਨਹੀਂ ਹੈ, ਪੰਜਾਬੀ ਚੇਤਨਾ ਦੀ ਖ਼ੁਸ਼ਬੂ ਗ਼ੈਰਹਾਜ਼ਰ ਹੈ ਜਾਂ ਪੰਜਾਬੀ ਚੇਤਨਾ ਦਾ ਪ੍ਰਕਾਸ਼ ਧੁੰਦਲਾ ਹੈ। ਇਹ ਉਹ ਚੇਤਨਾ ਨਹੀਂ ਜਿਸ ਦਾ ਪ੍ਰੋ. ਪੂਰਨ ਸਿੰਘ ਨੇ 'ਪੰਜਾਬ ਵਸਦਾ ਗੁਰਾਂ ਦੇ ਨਾਂ ਤੇ' ਕਹਿ ਕੇ ਪੰਜਾਬੀ ਚੇਤਨਾ ਦੀ ਪਰਿਭਾਸ਼ਾ ਦਿੱਤੀ ਸੀ। ਜਾਂ ਇਉਂ ਕਹਿ ਲਓ ਕਿ ਹੁਣ ਪੰਜਾਬ ਵਿੱਚ ਗ਼ੈਰ ਪੰਜਾਬੀ ਚੇਤਨਾ ਦਾ ਉਦਘਾਟਨ ਹੋ ਗਿਆ ਹੈ।

ਕੀ ਪੰਜਾਬ ਦੀ ਧਰਤੀ 'ਤੇ 'ਦਰਦਨਾਕ ਉਦਾਸੀ' ਦਾ ਨਵਾਂ ਸੂਰਜ ਚੜ੍ਹਿਆ ਹੈ ? ਆਉਣ ਵਾਲੇ ਦਿਨਾਂ ਵਿੱਚ ਇਸ ਚੜ੍ਹਤਲ ਦੀ ਨਵੀਂ ਨਵੀਂ ਵਿਆਖਿਆ ਹੋਵੇਗੀ। ਉਡੀਕ ਕਰੋ ਅਤੇ ਜਾਗਦੇ ਰਹੋ।

ਇੱਕ ਹੋਰ ਵਿਦਵਾਨ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ 'ਤੇ ਆਮ ਆਦਮੀ ਪਾਰਟੀ ਦੀ ਜਿੱਤ ਨੂੰ ਪੰਜਾਬ ਦੀ 'ਜਰਨੈਲੀ ਚੇਤਨਾ' ਜਾਂ 'ਜਰਨੈਲੀ ਸੁਰਤ' ਦਾ ਨਾਂ ਦਿੱਤਾ ਹੈ ਤੇ ਕਿਹਾ ਹੈ ਕਿ ਪੰਜਾਬ ਦੇ ਲੋਕ ਨਾ ਤਾਂ ਜ਼ੁਲਮ ਨੂੰ ਬਰਦਾਸ਼ਤ ਕਰਦੇ ਹਨ ਅਤੇ ਨਾ ਹੀ ਜ਼ੁਲਮ ਕਰਨ ਵਾਲੇ ਨੂੰ ਸਹਿਣ ਕਰਦੇ ਹਨ। ਬਸ, ਉਹ ਸਬਕ ਸਿਖਾਉਣ ਦੀ ਉਡੀਕ ਕਰਦੇ ਹਨ। ਅਕਾਲੀ ਦਲ ਨੇ ਲੰਮੇ ਅਰਸੇ ਤੋਂ ਸਿੱਖ ਕੌਮ ਨੂੰ ਆਪਣੀ ਜੇਬ ਵਿੱਚ ਪਾ ਰੱਖਿਆ ਸੀ ਅਤੇ ਮਨਮਰਜ਼ੀਆਂ ਕਰ ਰਹੇ ਸਨ ਜਦ ਕਿ ਰਾਜੇ (ਕੈਪਟਨ ਅਮਰਿੰਦਰ ਸਿੰਘ) ਨੇ ਵੀ ਇਹੋ ਕੰਮ ਕੀਤਾ। ਪੰਜਾਬੀਆਂ ਦੀ ਜਰਨੈਲੀ ਚੇਤਨਾ ਨੇ ਇਨਾਂ ਦੋਵਾਂ ਧਿਰਾਂ ਨੂੰ ਸਿਆਸਤ ਦੇ ਪਿੜ ਵਿੱਚੋਂ ਬਾਹਰ ਕੱਢ ਕੇ ਇੱਕ ਤਰਾਂ ਨਾਲ਼ ਨੇਸਤੋ ਨਾਬੂਦ ਕਰ ਦਿੱਤਾ ਹੈ ਤੇ ਨਵੇਂ ਰਾਜਸੀ ਬਦਲ ਦਾ ਪੈਗਾਮ ਦਿੱਤਾ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES

16 ਮਾਰਚ 2022 ਤੋਂ 22 ਮਾਰਚ 2022

## ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜੇ: ਸਿਆਸੀ ਪਾਰਟੀਆਂ ਦੇ ਅਮਲ ਅਤੇ ਭਵਿੱਖ ਪ੍ਰਤੀ ਪਹੁੰਚ

ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜੇ ਆ ਗਏ ਹਨ। ਇਹਨਾਂ ਨਤੀਜਿਆਂ ਨੇ ਇਸ ਵਾਰ ਜਬਰਦਸਤ ਚਰਚਾ ਛੇੜ ਦਿੱਤੀ ਹੈ। ਜਿੱਥੇ ਆਮ ਆਦਮੀ ਪਾਰਟੀ ਕਾਫ਼ੀ ਵੱਡੀ ਗਿਣਤੀ ਵੋਟ ਅਤੇ ਸੀਟਾਂ ਨਾਲ਼ ਸਰਕਾਰ ਬਣਾਉਣ 'ਚ ਸਫ਼ਲ ਰਹੀ ਹੈ ਉੱਥੇ ਪੰਜਾਬ ਦੀ ਵੋਟ ਸਿਆਸਤ ਦੇ ਉਹ ਚਿਹਰੇ ਜਿੰਨਾਂ ਬਾਰੇ ਮੰਨਿਆਂ ਜਾਂਦਾ ਸੀ ਕਿ ਇਹ ਸ਼ਾਇਦ ਹੀ ਕਦੇ ਹਾਰਨ, ਤਕਰੀਬਨ ਉਹ ਸਾਰੇ ਹੀ ਵੱਡੀ ਗਿਣਤੀ ਵਿੱਚ ਹਾਰੇ ਹਨ। ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਲੰਘੇ ਦਿਨੀਂ ਹੋਈ ਬੈਠਕ ਦੌਰਾਨ ਹਾਰ ਦੀ ਸਮੀਖਿਆ ਕਰਨ ਲਈ ਇੱਕ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਖ਼ਬਰਾਂ ਅਨੁਸਾਰ ਬੈਠਕ ਦੌਰਾਨ ਸੁਖਬੀਰ ਬਾਦਲ ਨੇ ਕਿਹਾ ਕਿ, 'ਜੇਕਰ ਪਾਰਟੀ ਸਮਝਦੀ ਹੈ ਕਿ ਮੇਰੇ ਤੋਂ ਕੋਈ ਕੁਤਾਹੀ ਹੋਈ ਹੈ ਤੇ ਮੇਰੇ ਕਰਕੇ ਹੀ ਨੁਕਸਾਨ ਹੋਇਆ ਹੈ ਤਾਂ ਮੈਂ ਪਿਛਾਂਹ ਹਟਣ ਲਈ ਤਿਆਰ ਹਾਂ।' ਸੁਖਬੀਰ ਬਾਦਲ ਵੱਲੋਂ ਅਹੁਦਾ ਛੱਡਣ ਦੀ ਪੇਸ਼ਕਸ਼ ਨੂੰ ਕਮੇਟੀ ਮੈਂਬਰਾਂ ਨੇ ਨਾਮਨਜ਼ੂਰ ਕਰ ਦਿੱਤਾ ਹੈ। ਪੰਜਾਬ ਕਾਂਗਰਸ ਦੇ ਕੁਝ ਸੀਨੀਅਰ ਆਗੂਆਂ ਨੇ ਅਸਲ ਸੱਚਾਈ ਨੂੰ ਮੰਨਣ ਦਾ ਯਤਨ ਕੀਤਾ ਹੈ ਜਿਸ ਵਿੱਚ ਮੁੱਖ ਤੌਰ ਉੱਤੇ ਸੁਨੀਲ ਜਾਖੜ ਅਤੇ ਸੁਖਜਿੰਦਰ ਸਿੰਘ ਰੰਧਾਵਾ ਦੇ ਬਿਆਨ ਕਾਫ਼ੀ ਅਹਿਮ ਹਨ। ਉਹਨਾਂ ਨੇ ਮੂਲ ਰੂਪ ਵਿੱਚ ਇਹ ਸਾਰੇ ਹਲਾਤਾਂ ਦਾ ਕਾਰਨ ਗੁਰੂ ਸਾਹਿਬ ਦੇ ਨਾਮ ਉੱਤੇ ਕੀਤੀ ਗਈ ਸਿਆਸਤ ਅਤੇ ਗੁਰੂ ਘਰ ਨਾਲ਼ ਮੱਥਾ ਲਾਉਣ ਦਾ ਨਤੀਜਾ ਦੱਸਿਆ ਹੈ। ਜਿੱਤਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਹੁਣ ਤੱਕ ਦੇ ਅਮਲਾਂ ਦਾ ਵੀ ਕਾਫ਼ੀ ਵਿਰੋਧ ਹੋ ਰਿਹਾ ਹੈ ਜਿਸ ਦੀ ਸ਼ੁਰੂਆਤ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਅਰਵਿੰਦ ਕੇਜਰੀਵਾਲ ਨੂੰ ਮਿਲਣ ਗਏ ਭਗਵੰਤ ਮਾਨ ਵੱਲੋਂ ਪੈਰੀਂ ਹੱਥ ਲਾਉਣ ਨਾਲ਼ ਹੀ ਹੋ ਗਈ ਸੀ। ਉਸ ਤੋਂ ਬਾਅਦ ਦਰਬਾਰ ਸਾਹਿਬ ਜਾਣ ਅਤੇ ਰੋਡ ਸ਼ੋਅ ਲਈ ਵਰਤੀਆਂ ਗਈਆਂ ਸਰਕਾਰੀ ਬੱਸਾਂ ਅਤੇ ਹੁਣ ਸਹੁੰ ਚੁੱਕ ਸਮਾਗਮ ਦੇ ਸੰਬੰਧੀ ਬਾਕੀ ਪਾਰਟੀਆਂ ਵਾਂਙ ਹੀ ਪੰਜਾਬ ਦੇ ਖ਼ਜ਼ਾਨੇ ਉੱਤੇ ਪਾਏ ਜਾ ਰਹੇ ਬੋਝ ਕਰਕੇ ਕਾਫ਼ੀ ਵਿਰੋਧ ਹੋ ਰਿਹਾ ਹੈ। ਆਮ ਆਦਮੀ ਪਾਰਟੀ ਨੇ ਭਾਵੇਂ ਬਹੁਮਤ ਨਾਲ਼ ਸਰਕਾਰ ਬਣਾ ਲਈ ਹੈ ਪਰ ਉਹਨਾਂ ਲਈ ਅੱਗੇ ਵੀ ਬਹੁਤ ਚੁਣੌਤੀਆਂ ਹਨ। ਉਹਨਾਂ ਦਾ ਹਰ ਇੱਕ ਅਮਲ ਵੇਖਿਆ ਅਤੇ ਪੜਚੋਲਿਆ ਜਾਵੇਗਾ, ਕਿਉਂਕਿ ਹੁਣ ਉਹਨਾਂ ਦੀ ਸਰਕਾਰ ਹੈ, ਉਹ ਬਾਕੀ ਪਾਰਟੀਆਂ ਨਾਲ਼ੋਂ ਕੀ ਚੰਗਾ ਕਰਦੇ ਹਨ ਉਹ ਯਾਦ ਰੱਖਿਆ ਜਾਵੇਗਾ ਅਤੇ ਉਹ ਬਾਕੀ ਪਾਰਟੀਆਂ ਵਾਂਙ ਹੀ ਕੀ ਕੁਝ ਕਰਦੇ ਹਨ ਇਹ ਤਾਂ ਖ਼ਾਸਕਰ ਯਾਦ ਰੱਖਿਆ ਜਾਵੇਗਾ।

ਸਿਆਸਤ ਦੀ ਸਮਝ ਰੱਖਣ ਵਾਲੇ ਇਹ ਗੱਲ ਭਲੀਭਾਂਤ ਸਮਝਦੇ ਹਨ ਕਿ ਪੰਜਾਬ ਵਿੱਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਅਸਿੱਧੇ ਤਰੀਕੇ ਕੇਜਰੀਵਾਲ ਵੱਲੋਂ ਹੀ ਚਲਾਈ ਜਾਵੇਗੀ। ਇਸ ਦੇ ਮੱਦੇਨਜਰ ਇਹ ਵਿਚਾਰਨਾ ਬਹੁਤ ਜ਼ਰੂਰੀ ਬਣ ਜਾਂਦਾ ਹੈ ਕਿ ਭਵਿੱਖ ਵਿੱਚ ਇਹ ਪੰਜਾਬ ਅਤੇ ਸਿੱਖਾਂ ਲਈ ਕਿੰਨੀ ਕੁ ਸਹੀ ਪਹੁੰਚ ਆਪਣਾ ਸਕਦੇ ਹਨ। ਇਹ ਕਿਸੇ ਇੱਕ ਲਿਖਤ ਜਾਂ ਸੈਮੀਨਾਰ ਵਿੱਚ ਸੰਭਵ ਨਹੀਂ ਹੈ ਅਤੇ ਹੁਣ ਤੱਕ ਦੀਆਂ ਅਨੇਕਾਂ ਉਦਾਹਰਣਾਂ ਨਾਲ਼ ਇਸ ਗੱਲ ਉੱਤੇ ਵਿਚਾਰ ਕੀਤੀ ਜਾ ਸਕਦੀ ਹੈ ਪਰ ਸ਼ੁਰੂਆਤ ਵਜੋਂ ਇੱਥੇ ਇਸ ਗੱਲ ਦੀ ਚਰਚਾ ਪ੍ਰੋ. ਭੁੱਲਰ ਦੀ ਰਿਹਾਈ ਦੇ ਮਸਲੇ ਦੇ ਹਵਾਲੇ ਨਾਲ਼ ਕੁਝ ਕੁ ਸੰਖੇਪ ਨੁਕਤਿਆਂ ਰਾਹੀਂ ਛੂਹਣ ਦਾ ਯਤਨ ਕਰਦੇ ਹਾਂ।

ਭਾਰਤ 'ਤੇ ਰਾਜ ਕਰਨ ਦੇ ਨੁਕਤੇ ਤੋਂ ਸਿੱਖਾਂ ਦਾ ਭਾਰਤੀ ਤਾਕਤ ਅਨੁਸਾਰੀ ਰਹਿਣਾ ਬਹੁਤ ਜ਼ਰੂਰੀ ਹੈ ਜਿਸ ਲਈ ਭਾਜਪਾ ਤਰਲੋ ਮੱਛੀ ਹੋ ਰਹੀ ਹੈ ਪਰ ਅਰਵਿੰਦ ਕੇਜਰੀਵਾਲ ਬਿਲਕੁਲ ਉਲਟ ਬੇਪਰਵਾਹੀ ਵਿਖਾ ਰਿਹਾ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਕੇਜਰੀਵਾਲ ਅਤੇ ਉਸ ਦੀ ਪਾਰਟੀ ਦੀ ਸਿਆਸੀ ਬੌਧਿਕਤਾ ਨੂੰ ਪ੍ਰੋ. ਭੁੱਲਰ ਦੀ ਰਿਹਾਈ ਵਰਗੇ ਫ਼ੈਸਲੇ ਦੇ ਸੰਬੰਧ 'ਚ ਹਿੰਦੂ ਵੋਟ ਟੁੱਟਣ ਦਾ ਡਰ ਹੈ। ਜੇ ਇਹੀ ਕਾਰਨ ਹੈ ਤਾਂ ਭਾਜਪਾ ਨੂੰ ਐਸਾ ਕਿਉਂ ਨਹੀਂ ਜਾਪਦਾ? ਭਾਜਪਾ ਦੇ ਪੱਧਰ ਤੱਕ ਤਾਂ ਆਮ ਆਦਮੀ ਪਾਰਟੀ ਹਿੰਦੂ ਪੱਖੀ ਸਿੱਧ ਨਹੀਂ ਹੋਈ। ਵੋਟਤੰਤਰ ਦੀ ਵਿਆਕਰਨ ਵਿੱਚ ਜਿੱਥੇ ਇੱਕ ਵੋਟ ਵੀ ਅਹਿਮ ਹੁੰਦੀ ਹੈ ਉੱਥੇ ਇਸ ਖ਼ਿੱਤੇ ਦੇ ਬਹੁਗਿਣਤੀ ਲੋਕਾਂ ਦੀ ਮੰਗ ਨੂੰ ਠੁਕਰਾ ਕੇ ਉਨਾਂ ਨੂੰ ਨਾਰਾਜ਼ ਕਰਨਾ ਕਿੱਥੋਂ ਤੱਕ ਸਿਆਣਪ ਵਾਲਾ ਫ਼ੈਸਲਾ ਸੀ? ਸਿੱਖ ਕੌਮਾਂਤਰੀ ਪੱਧਰ 'ਤੇ ਪਛਾਣ ਅਤੇ ਸੇਵਾ ਵਜੋਂ ਇੰਨੇ ਅਹਿਮ ਹੋ ਗਏ ਹਨ ਕਿ ਇਨਾਂ ਨੂੰ ਜਾਹਰਾ ਰੂਪ ਵਿੱਚ ਨਫ਼ਰਤ ਕਰਨੀ ਜਾਂ ਵਿਖਾਉਣੀ ਭਾਰਤ ਤਾਂ ਕੀ ਦੁਨੀਆ ਅੰਦਰ ਕਿਸੇ ਵੀ ਤਾਕਤ ਦੀ ਸਮਰੱਥਾ ਨਹੀਂ ਰਹੀ, ਅੰਦਰੋ-ਅੰਦਰੀ ਜੋ ਮਰਜ਼ੀ ਹੋਈ ਜਾਵੇ। ਐਸੀ ਹਾਲਤ ਵਿੱਚ ਕੇਜਰੀਵਾਲ ਸਿੱਖਾਂ ਦਾ ਵਿਰੋਧ ਮੁੱਲ ਲੈਣ ਦੇ ਰਾਹੇ ਕਿਉਂ ਪਿਆ? ਇਹ ਤਾਂ ਹੀ ਹੁੰਦਾ ਹੈ ਜਦੋਂ ਬੰਦੇ ਅੰਦਰ ਕੋਈ ਹੋਰ ਵੱਡੀ ਤਾਕਤ ਜੋ ਉਸ ਦੇ ਸਿਆਸੀ ਹਿਤਾਂ ਤੋਂ ਵੀ ਉੱਤੇ ਹੈ ਉਹ ਉਸ ਨੂੰ ਮਜਬੂਰ ਕਰ ਰਹੀ ਹੁੰਦੀ ਹੈ! ਜਿਵੇਂ ਪੁਰਾਣੀਆਂ ਰਾਜ ਬਣਤਰਾਂ ਵਿੱਚ ਰਾਜੇ ਦੇ ਹਿਤ ਤੋਂ ਉੱਤੇ ਧਰਮ ਹੁੰਦਾ ਸੀ ਉਸੇ ਤਰਾਂ ਨਵੀਆਂ ਰਾਜਸੀ ਬਣਤਰਾਂ ਵਿੱਚ ਰਾਜ ਕਰਨ ਵਾਲੀਆਂ ਧਿਰਾਂ ਤੋਂ ਉੱਤੇ ਰਾਸ਼ਟਰ ਭਗਤੀ ਹੁੰਦੀ ਹੈ।

ਪੜੇ ਲਿਖੇ ਨੌਕਰੀ ਪੇਸ਼ਾ ਲੋਕ ਬੇਸ਼ੱਕ ਉਹ ਅਧਿਆਪਨ, ਸਿਵਲ ਸੇਵਾ, ਪ੍ਰਸ਼ਾਸਨ, ਫ਼ੌਜਦਾਰੀ ਆਦਿ ਕਿਸੇ ਵੀ ਖੇਤਰ ਵਿੱਚ ਰਹੇ ਹੋਣ ਉਹ ਭਾਰਤ ਦੇ ਸਿਆਸੀ ਲੋਕਾਂ ਨਾਲ਼ੋਂ ਵੱਧ ਰਾਸ਼ਟਰਵਾਦੀ ਹਨ। ਇਨਾਂ ਲੋਕਾਂ ਦੀ ਗਿਣਤੀ ਪੰਜਾਬ ਵਿੱਚ ਵੀ ਭਰਪੂਰ ਹੈ, ਇਹ ਬਿਰਤੀ ਦੇ ਲੋਕ ਬੁਨਿਆਦੀ ਤਬਦੀਲੀ ਤੱਕ ਇਨਕਲਾਬੀ ਨਹੀਂ ਹੁੰਦੇ ਸਗੋਂ ਇਨਾਂ ਦਾ ਇਨਕਲਾਬ ਸੱਤਾ 'ਤੇ ਬੈਠੀ ਰਾਜਨੀਤਕ ਧਿਰ ਬਦਲਣ ਤੱਕ ਸੀਮਤ ਹੁੰਦਾ ਹੈ। ਇਹ ਬਿਰਤੀ ਕਿਸੇ ਰਾਸ਼ਟਰ ਦੇ ਬਿਲਕੁਲ ਅਨੁਕੂਲ ਹੁੰਦੀ ਹੈ। ਭਾਰਤੀ ਰਾਸ਼ਟਰ ਹੁਣ ਮਰਨਾਊ ਹਾਲਤ ਵਿੱਚ ਹੈ। ਜੇ ਅਜਿਹੀ ਹਾਲਤ ਵਿੱਚ ਵੀ ਕੋਈ ਸਿਆਸੀ ਧਿਰ ਆਪਣੀ ਰਾਸ਼ਟਰ ਭਗਤੀ ਕਰਕੇ ਸਿੱਖਾਂ ਨੂੰ ਨਾਰਾਜ਼ ਕਰਨ 'ਤੇ ਉਤਾਰੂ ਹੈ ਤਾਂ ਉਸ ਤੋਂ ਸਿੱਖਾਂ ਦੀ ਨਿਆਰੀ ਹਸਤੀ ਤੱਕ ਦੀ ਅਜ਼ਾਦੀ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ? ਭਾਰਤੀ ਰਾਸ਼ਟਰਵਾਦ ਸਿੱਖਾਂ ਦੀ ਨਿਆਰੀ ਹਸਤੀ ਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਮੰਨਦਾ ਰਿਹਾ ਹੈ। ਭਾਰਤੀ ਰਾਸ਼ਟਰ ਦੇ ਮੁਹਾਵਰੇ ਵਿੱਚ ਪ੍ਰੋ. ਭੁੱਲਰ ਅਤੇ ਉਸ ਵਰਗੇ ਬਾਕੀ ਸਾਰੇ ਸਿੱਖ ਸਿਆਸੀ ਕੈਦੀ ਭਾਰਤੀ ਰਾਸ਼ਟਰ ਦੇ ਦੁਸ਼ਮਣ ਹਨ। ਇਸ ਲਈ ਭਾਰਤੀ ਰਾਸ਼ਟਰ ਦੇ ਦੁਸ਼ਮਣਾਂ ਨੂੰ ਛੱਡਣ ਦੀ ਹਿਮਾਕਤ ਉਹੀ ਕਰ ਸਕਦਾ ਹੈ ਜਿਸ ਦੇ ਆਪਣੇ ਹਿਤ ਰਾਸ਼ਟਰ ਤੋਂ ਉੱਤੇ ਹਨ। ਕੇਜਰੀਵਾਲ ਸ਼ਾਇਦ ਇਸੇ ਕਰ ਕੇ ਭਾਜਪਾ ਦੇ ਹਿੰਦੂਤਵ ਨੂੰ 'ਫ਼ਰਜੀ' ਕਹਿ ਰਿਹਾ ਹੈ ਕਿਉਂਕਿ ਉਹ ਕਈ ਥਾਈਂ ਭਾਰਤੀ ਰਾਸ਼ਟਰ ਭਗਤੀ ਦੀਆਂ ਪ੍ਰਚਲਿਤ ਮਾਨਤਾਵਾਂ ਨੂੰ ਉਲੰਘ ਰਹੇ ਹਨ।

ਇਸ ਸਭ ਦੇ ਨਾਲ਼ ਇਹ ਗੱਲ ਵੀ ਸਦਾ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਰਾਸ਼ਟਰਵਾਦ ਵਿੱਚ ਰਾਸ਼ਟਰ ਵਿਰੋਧੀਆਂ ਦੀਆਂ ਵੋਟਾਂ ਕੋਈ ਮਾਅਨੇ ਨਹੀਂ ਰੱਖਦੀਆਂ ਹੁੰਦੀਆਂ। ਸਿੱਖ ਭਾਰਤੀ ਰਾਸ਼ਟਰ ਦੀ ਬੰਦ ਹਕੂਮਤ ਤੋਂ ਪਾਰ ਸਰਬੱਤ ਦੇ ਭਲੇ ਵਾਲੀ ਮੋਕਲੀ ਅਤੇ ਸਹਿਚਾਰੀ ਹਕੂਮਤ ਦੇ ਪਾਂਧੀ ਹਨ। ਇਸ ਲਈ ਸਿੱਖਾਂ ਨੂੰ ਵੋਟ ਸਿਆਸਤ ਰਾਹੀਂ ਪੰਥ-ਪੰਜਾਬ ਦੇ ਬੁਨਿਆਦੀ ਮੁੱਦੇ ਹੱਲ ਕਰਵਾਉਣ ਦਾ ਦਾਅਵਾ ਕਰਨਾ ਛੱਡ ਦੇਣਾ ਚਾਹੀਦਾ, ਉਨਾਂ ਦੀਆਂ ਵੋਟਾਂ ਦੀ ਭਾਰਤੀ ਢਾਂਚੇ ਨੂੰ ਲੋੜ ਨਹੀਂ ਹੈ।

# ਕਾਂਗਰਸ ਦਾ ਮੁੜ ਉਭਾਰ ਹੋਣਾ ਅਸੰਭਵ



**ਰਾਮਚੰਦਰ ਗੁਹਾ**

ਹਰੇਕ ਚੋਣਾਵੀ ਮੁਕਾਬਲਾ ਜਿੱਤਣ ਤੇ ਹਾਰਨ ਵਾਲਿਆਂ ਦੀ ਗਾਥਾ ਹੁੰਦੀ ਹੈ। ਹਾਲ ਹੀ ਵਿੱਚ ਹੋਈਆਂ ਵਿਧਾਨ ਸਭਾਈ ਚੋਣਾਂ ਦੇ ਨਤੀਜਿਆਂ ਬਾਰੇ ਚੱਲ ਰਹੀ ਕੁਮੈਂਟਰੀ ਵਿੱਚ ਵੱਡੇ ਜੇਤੂਆਂ ਦੀ ਚਰਚਾ ਭਾਰੂ ਹੁੰਦੀ ਹੈ, ਪਰ ਮੇਰੇ ਇਸ ਲੇਖ ਦਾ ਕੇਂਦਰ ਹਾਰਨ ਵਾਲੀ ਵੱਡੀ ਧਿਰ 'ਤੇ ਰਹੇਗਾ। ਉੱਤਰ-ਪ੍ਰਦੇਸ਼ ਵਿੱਚ ਯੋਗੀ ਆਦਿੱਤਿਆਨਾਥ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਦੂਜੀ ਵਾਰ ਆਸਾਨੀ ਨਾਲ਼ ਸੱਤਾ ਵਿੱਚ ਆ ਗਈ ਹੈ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ ਜਦੋਂਕਿ ਕਾਂਗਰਸ ਪਾਰਟੀ ਇਸ ਵਾਰ ਚਾਰੋਂ ਖ਼ਾਨੇ ਚਿੱਤ ਹੋ ਗਈ ਹੈ ਤੇ ਸ਼ਾਇਦ ਇਹ ਅਜਿਹੇ ਮੁਕਾਮ 'ਤੇ ਪਹੁੰਚ ਗਈ ਹੈ ਜਿੱਥੋਂ ਇਸ ਦਾ ਮੁੜ ਉਭਾਰ ਹੋਣਾ ਅਸੰਭਵ ਹੋ ਗਿਆ ਹੈ।

ਸਭ ਤੋਂ ਪਹਿਲਾਂ ਭਾਰਤ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ 'ਤੇ ਝਾਤ ਪਾਉਂਦੇ ਹਾਂ ਜਿੱਥੋਂ ਲੋਕ ਸਭਾ ਵਿੱਚ 80 ਸੰਸਦ ਮੈਂਬਰ ਚੁਣ ਕੇ ਜਾਂਦੇ ਹਨ। ਬਸਤੀਵਾਦੀ ਦੌਰ ਵਿੱਚ ਇਹ ਸੂਬਾ ਕਾਂਗਰਸ ਦੀ ਅਗਵਾਈ ਹੇਠ ਚੱਲੇ ਅਜ਼ਾਦੀ ਅੰਦੋਲਨ ਦਾ ਧੁਰਾ ਹੁੰਦਾ ਸੀ। ਅਜ਼ਾਦੀ ਤੋਂ ਬਾਅਦ ਦੇਸ਼ ਦਾ ਪਹਿਲਾ ਪ੍ਰਧਾਨ ਮੰਤਰੀ ਇਸੇ ਸੂਬੇ ਤੋਂ ਮਿਲਿਆ। ਉਂਝ, 1960 ਵਿਆਂ ਦੇ ਅਖ਼ੀਰਲੇ ਸਾਲਾਂ ਤੋਂ ਉੱਤਰ-ਪ੍ਰਦੇਸ਼ ਦੀ ਸਿਆਸਤ ਉੱਪਰ ਕਾਂਗਰਸ ਦੀ ਪਕੜ ਢਿੱਲੀ ਪੈਣੀ ਸ਼ੁਰੂ ਹੋ ਗਈ ਅਤੇ 1980 ਤੋਂ ਬਾਅਦ ਤਾਂ ਇਸ ਸੂਬੇ ਦੇ ਸਿਆਸੀ ਮੈਦਾਨ 'ਚ ਇਸ ਦੀ ਹੈਸੀਅਤ ਨਾ ਹੋਇਆਂ ਵਰਗੀ ਬਣ ਕੇ ਰਹਿ ਗਈ।

ਇਸ ਵਾਰ ਸਿਆਸੀ ਮੈਦਾਨ ਵਿੱਚ ਕੁੱਦਣ ਵਾਲੀ ਨਹਿਰੂ ਗਾਂਧੀ ਖ਼ਾਨਦਾਨ ਦੀ ਸੱਜਰੀ ਫ਼ਰੀਕ ਸ਼੍ਰੀ ਪ੍ਰਿਯੰਕਾ ਗਾਂਧੀ ਜਿਸ ਨੇ ਉੱਤਰ-ਪ੍ਰਦੇਸ਼ ਅੰਦਰ ਪਾਰਟੀ ਅੰਦਰ ਨਵੀਂ ਰੂਹ ਫੂਕਣ ਦਾ ਜ਼ਿੰਮਾ ਆਪਣੇ ਮੋਢਿਆਂ 'ਤੇ ਚੁੱਕਿਆ ਸੀ। ਹਾਲਾਂਕਿ ਉਸ ਨੇ ਆਪਣੀ ਰਿਹਾਇਸ਼ ਦਿੱਲੀ ਤੋਂ ਲਖਨਊ ਤਬਦੀਲ ਕਰਨ ਤੋਂ ਮਨਾ ਕਰ ਦਿੱਤਾ ਅਤੇ ਖ਼ੁਦ ਕੋਈ ਵਿਧਾਨ ਸਭਾ ਸੀਟ ਤੋਂ ਲੜਨ ਤੋਂ ਵੀ ਨਾਂਹ ਕਰ ਦਿੱਤੀ, ਪਰ ਪ੍ਰਿਯੰਕਾ ਸਮੇਂ-ਸਮੇਂ ਸੂਬੇ ਦੇ ਦੌਰੇ 'ਤੇ ਆਉਂਦੀ ਰਹੀ। ਜਦੋਂ ਵੀ ਕਦੇ ਉਸ ਦਾ ਦੌਰਾ ਹੁੰਦਾ ਤਾਂ ਮੀਡੀਆ (ਤੇ ਸੋਸ਼ਲ ਮੀਡੀਆ ਵੀ) ਦਾ ਇੱਕ ਤਬਕਾ ਪੱਬਾਂ ਭਾਰ ਹੋ ਜਾਂਦਾ ਸੀ ਜੋ ਅਜੇ ਵੀ ਨਹਿਰੂ-ਗਾਂਧੀ ਖ਼ਾਨਦਾਨ ਨੂੰ ਇੰਗਲੈਂਡ ਦੇ ਸ਼ਾਹੀ ਪਰਿਵਾਰ ਦੇ ਭਾਰਤੀ ਰੂਪ ਦੀ ਨਜ਼ਰ ਨਾਲ਼ ਵੇਖਦਾ ਹੈ। ਹਰੇਕ ਦੌਰੇ, ਹਰੇਕ ਪ੍ਰੈੱਸ ਕਾਨਫ਼ਰੰਸ, ਹਰੇਕ ਐਲਾਨ ਨੂੰ ਇਸ ਖ਼ਾਨਦਾਨ ਦੇ ਪੂਜਕਾਂ ਵੱਲੋਂ ਉੱਤਰ-ਪ੍ਰਦੇਸ਼ ਵਿੱਚ ਪਾਰਟੀ ਦੀ ਚੋਣਾਵੀ ਸੁਰਜੀਤੀ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਜਾਂਦਾ ਸੀ। ਆਖ਼ਰਕਾਰ ਪ੍ਰਿਯੰਕਾ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੂੰ 2 ਫ਼ੀਸਦ ਤੋਂ ਘੱਟ ਵੋਟਾਂ ਮਿਲੀਆਂ ਅਤੇ ਸੀਟਾਂ ਦੀ ਗਿਣਤੀ ਤਾਂ ਪਿਛਲੀ ਵਿਧਾਨ ਸਭਾ ਵੇਲੇ ਮਿਲੀਆਂ ਸੀਟਾਂ ਤੋਂ ਵੀ ਘੱਟ ਹੈ।

ਉੱਤਰ ਪ੍ਰਦੇਸ਼ ਵਿੱਚ ਭਾਵੇਂ ਪ੍ਰਿਯੰਕਾ ਗਾਂਧੀ ਦੀਆਂ ਕੋਸ਼ਿਸ਼ਾਂ ਦਾ ਕੋਈ ਅਸਰ ਨਾ ਹੋਇਆ ਹੋਵੇ, ਪਰ ਉਸ ਨੂੰ ਕੁਝ ਨੰਬਰ ਤਾਂ ਦੇਣੇ ਬਣਦੇ ਹਨ। ਪੰਜਾਬ ਜਿੱਥੇ ਕਾਂਗਰਸ ਪਾਰਟੀ ਸੱਤਾ ਵਿੱਚ ਸੀ, ਉੱਥੇ ਉਸ ਦੇ ਭਰਾ ਰਾਹੁਲ ਗਾਂਧੀ ਨੇ ਚੋਣਾਂ ਤੋਂ ਚਾਰ ਕੁ ਮਹੀਨੇ ਪਹਿਲਾਂ ਮੁੱਖ ਮੰਤਰੀ ਨੂੰ ਅਹੁਦੇ ਤੋਂ ਹਟਾ ਕੇ ਆਪਣੀ ਪਾਰਟੀ ਦੇ ਚੋਣਾਂ ਜਿੱਤਣ ਦੇ ਆਸਾਰ ਆਪ ਹੀ ਗੁਆ ਲਏ। ਹਾਲਾਂਕਿ ਅਮਰਿੰਦਰ ਸਿੰਘ ਆਪਣੀ ਹੀ ਪਾਰਟੀ ਦੇ ਕੁਝ ਵਿਧਾਇਕਾਂ ਵਿੱਚ ਲੋਕਪ੍ਰਿਯ ਨਹੀਂ ਸਨ, ਪਰ ਉਸ ਨੇ ਕਿਸਾਨ ਅੰਦੋਲਨ ਦੇ ਪੱਖ ਵਿੱਚ ਮਜ਼ਬੂਤ ਸਟੈਂਡ ਲਿਆ ਸੀ। ਇੱਕ ਸਾਲ ਪਹਿਲਾਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਜਿੱਤਣ ਦੇ ਆਸਾਰ ਇੱਕੋ ਜਿਹੇ ਸਨ, ਪਰ ਫਿਰ ਅਮਰਿੰਦਰ ਸਿੰਘ ਨੂੰ ਹਟਾਉਣ ਤੋਂ ਬਾਅਦ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਜਿਸ ਬਾਰੇ ਬਹੁਤੇ ਲੋਕ ਜਾਣਦੇ ਵੀ ਨਹੀਂ ਸਨ। ਫਿਰ ਸਿੰਗੀਂ ਮਿੱਟੀ ਚੁੱਕੀਂ ਫ਼ਿਰਦੇ ਨਵਜੋਤ ਸਿੰਘ ਸਿੱਧੂ ਵੱਲੋਂ ਥਾਂ-ਥਾਂ 'ਤੇ ਚੰਨੀ ਨੂੰ ਨੀਵਾਂ ਦਿਖਾਉਣ ਦੇ ਯਤਨ ਕੀਤੇ ਗਏ ਜਿਸ ਨਾਲ਼ ਪਾਰਟੀ ਦਾ ਢਾਂਚਾ ਪਾਟੋਧਾੜ ਹੋ ਕੇ ਰਹਿ ਗਿਆ। ਇੰਝ ਪੰਜਾਬ ਦੇ ਚੋਣ ਮੈਦਾਨ ਵਿੱਚ ਕਾਂਗਰਸ, ਆਮ ਆਦਮੀ ਪਾਰਟੀ ਹੱਥੋਂ ਚਿੱਤ ਹੋ ਗਈ।

ਅੱਗੋਂ ਗੋਆ ਤੇ ਉੱਤਰਾਖੰਡ 'ਤੇ ਝਾਤ ਮਾਰਦੇ ਹਾਂ ਜਿੱਥੇ ਭਾਰਤੀ ਜਨਤਾ ਪਾਰਟੀ ਦੀ ਸੱਤਾ ਸੀ, ਪਰ ਦੋਵੇਂ ਸੂਬਿਆਂ ਵਿੱਚ ਇਸ ਦੀਆਂ ਸਰਕਾਰਾਂ ਖ਼ੁਨਾਮੀ ਖੱਟ ਰਹੀਆਂ ਸਨ ਤੇ ਲੋਕ ਇਨਾਂ ਨੂੰ ਭ੍ਰਿਸ਼ਟ ਅਤੇ ਅਸੰਵੇਦਨਸ਼ੀਲ ਗਿਣਦੇ ਸਨ। ਉੱਤਰਾਖੰਡ ਵਿੱਚ ਲੋਕਾਂ ਦਾ ਰੋਹ ਮੱਠਾ ਕਰਨ ਦੇ ਮਕਸਦ ਨਾਲ਼ ਭਾਜਪਾ ਨੇ ਦੋ ਵਾਰ ਮੁੱਖ ਮੰਤਰੀ ਬਦਲ ਦਿੱਤੇ ਸਨ। ਦੋਵੇਂ ਸੂਬਿਆਂ ਵਿੱਚ ਕਾਂਗਰਸ ਮੁੱਖ ਵਿਰੋਧੀ ਪਾਰਟੀ ਸੀ, ਪਰ ਫਿਰ ਵੀ ਇਹ ਸੱਤਾ ਹਾਸਲ ਕਰਨ ਲਈ ਆਪਣਾ ਦਾਅਵਾ ਮਜ਼ਬੂਤੀ ਨਾਲ਼ ਪੇਸ਼ ਨਹੀਂ ਕਰ ਸਕੀ। ਅਖ਼ੀਰੀ, ਮਣੀਪੁਰ ਵਿੱਚ ਵੀ ਕਾਂਗਰਸ ਕੋਈ ਅਸਰ ਨਹੀਂ ਛੱਡ ਸਕੀ ਹਾਲਾਂਕਿ ਕਿਸੇ ਵੇਲੇ ਉੱਥੇ ਸ਼ਾਸਨ ਕਰਨ ਵਾਲੀ ਸੁਭਾਵਿਕ ਪਾਰਟੀ ਗਿਣੀ ਜਾਂਦੀ ਰਹੀ ਹੈ, ਪਰ ਇਸ ਵਾਰ ਦੀਆਂ ਚੋਣਾਂ ਵਿੱਚ ਇਸ ਦੀਆਂ ਸੀਟਾਂ ਦੀ ਗਿਣਤੀ ਪਿਛਲੀ ਵਾਰ ਨਾਲ਼ੋਂ ਵੀ ਕਾਫ਼ੀ ਘਟ ਗਈ ਹੈ।

ਵਿਧਾਨ ਸਭਾ ਚੋਣਾਂ ਦੇ ਇਸ ਸੱਜਰੇ ਗੇੜ ਤੋਂ ਇਸ ਗੱਲ ਦੀ ਇੱਕ ਵਾਰ ਫਿਰ ਪੁਸ਼ਟੀ ਹੋਈ ਹੈ ਜਿਵੇਂ ਕਿ ਸਾਡੇ 'ਚੋਂ ਕੁਝ ਲੋਕ ਕਾਫ਼ੀ ਲੰਬੇ ਸਮੇਂ ਤੋਂ ਇਹ ਜਾਣਦੇ ਸਨ ਕਿ ਕਾਂਗਰਸ ਘੱਟੋ-ਘੱਟ ਆਪਣੀ ਮੌਜੂਦਾ ਲੀਡਰਸ਼ਿਪ ਦੇ ਰਹਿੰਦਿਆਂ ਕੌਮੀ ਰਾਜਨੀਤੀ ਵਿੱਚ ਨਵੇਂ ਸਿਰਿਓਂ ਮੁੜ ਉੱਭਰਨ ਦੇ ਯੋਗ ਨਹੀਂ ਰਹੀ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਦੀ ਸ਼ਰਮਨਾਕ ਹਾਰ ਤੋਂ ਬਾਅਦ ਰਾਹੁਲ ਗਾਂਧੀ ਨੇ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਸ ਤੋਂ ਬਾਅਦ ਉਨਾਂ ਦੀ ਮਾਂ ਸੋਨੀਆ ਗਾਂਧੀ ਪਾਰਟੀ ਦੀ ਅੰਤਰਿਮ ਪ੍ਰਧਾਨ ਬਣ ਗਏ ਸਨ। ਹੁਣ ਤਕਰੀਬਨ ਢਾਈ ਸਾਲ ਲੰਘਣ ਦੇ ਬਾਵਜੂਦ ਪਾਰਟੀ ਨੇ ਅਜੇ ਤੱਕ ਉਨਾਂ ਦੇ ਵਾਰਸ ਦੀ ਚੋਣ ਕਰਨ ਲਈ ਕੋਈ ਕਦਮ ਨਹੀਂ ਉਠਾਇਆ। ਸੱਚਾਈ ਇਹ ਹੈ ਕਿ ਪਾਰਟੀ ਪਰਿਵਾਰ ਦੇ ਕੰਟਰੋਲ ਵਿੱਚ ਆ ਚੁੱਕੀ ਹੈ ਜਿਸ ਕਰਕੇ ਇਹੋ ਜਿਹੇ ਸਿੱਟੇ ਸਾਹਮਣੇ ਆ ਰਹੇ ਹਨ।

2019 ਵਿੱਚ ਕਾਂਗਰਸ ਕੋਲ਼ ਆਪਣੇ ਆਪ ਨੂੰ ਮੁੜ ਖੜੇ ਕਰਨ ਦਾ ਇੱਕ ਮੌਕਾ ਸੀ ਜੋ ਇਸ ਨੇ ਗੁਆ ਲਿਆ। ਹੁਣ ਇਹ ਕੀ ਕਰ ਸਕਦੀ ਹੈ? ਮੇਰਾ ਮੰਨਣਾ ਹੈ ਕਿ ਪਾਰਟੀ ਦੇ ਭਲੇ ਅਤੇ ਭਾਰਤੀ ਲੋਕਤੰਤਰ ਦੇ ਹਿੱਤ ਲਈ ਗਾਂਧੀ ਪਰਿਵਾਰ ਨੂੰ ਨਾ ਕੇਵਲ ਪਾਰਟੀ ਦੀ ਲੀਡਰਸ਼ਿੱਪ ਸਗੋਂ ਸਿਆਸਤ ਤੋਂ ਹੀ ਲਾਂਭੇ ਹੋ ਜਾਣਾ ਚਾਹੀਦਾ ਹੈ। ਗੱਲ ਸਿਰਫ਼ ਇੰਨੀ ਨਹੀਂ ਕਿ ਰਾਹੁਲ ਅਤੇ ਪ੍ਰਿਯੰਕਾ ਗਾਂਧੀ ਨੇ ਦਰਸਾ ਦਿੱਤਾ ਹੈ ਕਿ ਉਹ ਸੂਬਾਈ ਅਤੇ ਕੌਮੀ ਸਿਆਸਤ ਵਿੱਚ ਪਾਰਟੀ ਨੂੰ ਮੁਕਾਬਲੇ ਦੀ ਧਿਰ ਬਣਾਉਣ ਦੇ ਯੋਗ ਨਹੀਂ ਹਨ ਸਗੋਂ ਇਹ ਵੀ ਹੈ ਕਿ ਕਾਂਗਰਸ ਵਿੱਚ ਉਨਾਂ ਦੀ ਮੌਜੂਦਗੀ ਮਾਤਰ ਨਾਲ਼ ਹੀ ਨਰਿੰਦਰ ਮੋਦੀ ਅਤੇ ਭਾਜਪਾ ਨੂੰ ਬੀਤੇ ਦੀਆਂ ਕਹਾਣੀਆਂ ਪਾ ਕੇ ਵਰਤਮਾਨ ਵਿੱਚ ਆਪਣੀ ਸਰਕਾਰ ਦੀਆਂ ਨਾਕਾਮੀਆਂ ਛੁਪਾਉਣ ਦਾ ਚੰਗਾ ਮੌਕਾ ਮਿਲ ਜਾਂਦਾ ਹੈ। ਇਉਂ ਹੀ ਰੱਖਿਆ ਸੌਦਿਆਂ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਜਵਾਬ ਵਜੋਂ ਰਾਜੀਵ ਗਾਂਧੀ ਤੇ ਬੋਫ਼ੋਰਸ ਦਾ ਹਵਾਲਾ ਦਿੱਤਾ ਜਾਂਦਾ ਹੈ, ਮੀਡੀਆ ਨੂੰ ਕਾਬੂ ਕੀਤੇ ਜਾਣ ਅਤੇ ਕਾਰਕੁਨਾਂ ਨੂੰ ਜੇਲਾਂ ਵਿੱਚ ਸੁੱਟਣ ਦੇ ਦੋਸ਼ਾਂ ਦੇ ਜਵਾਬ ਵਿੱਚ ਇੰਦਰਾ ਗਾਂਧੀ ਅਤੇ ਐਮਰਜੈਂਸੀ ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ, ਚੀਨ ਦੀ ਫ਼ੌਜ ਸਾਹਵੇਂ ਭਾਰਤ ਦੀ ਧਰਤੀ ਤੇ ਜਵਾਨ ਗੁਆਉਣ ਦਾ ਮਾਮਲਾ ਉੱਠਦਾ ਹੈ ਤਾਂ ਉਹ ਜਵਾਹਰ ਲਾਲ ਨਹਿਰੂ ਅਤੇ 1962 ਦੀ ਜੰਗ ਦਾ ਕਿੱਸਾ ਛੇੜ ਲੈਂਦੇ ਹਨ ਤੇ ਇੰਝ ਹੀ ਹੋਰ ਬਹੁਤ ਕੁਝ ਚਲਦਾ ਰਹਿੰਦਾ ਹੈ।

ਆਪਣੇ ਅੱਠ ਸਾਲਾਂ ਦੇ ਕਾਰਜਕਾਲ ਵਿੱਚ ਮੋਦੀ ਸਰਕਾਰ ਨੇ ਬਹੁਤ ਸਾਰੇ ਦਮਗਜ਼ੇ ਮਾਰੇ ਸਨ ਅਤੇ ਕਈ ਵਾਅਦੇ ਕੀਤੇ ਸਨ, ਪਰ ਜਦੋਂ ਬੇਲਾਗ ਢੰਗ ਨਾਲ਼ ਇਸ ਦੇ ਰਿਕਾਰਡ ਦੀ ਨਿਰਖ ਪਰਖ ਕੀਤੀ ਜਾਵੇ ਤਾਂ ਇਸ ਦੀ ਕਾਰਗੁਜ਼ਾਰੀ ਕਾਫ਼ੀ ਨੀਵੇਂ ਪੱਧਰ ਦੀ ਰਹੀ ਹੈ। ਇਸ ਦੇ ਕਾਰਜਕਾਲ ਦੌਰਾਨ ਵਿਕਾਸ ਦਰ ਵਿੱਚ ਕਮੀ ਆਈ ਹੈ (ਜੋ ਮਹਾਂਮਾਰੀ ਦੀ ਆਮਦ ਤੋਂ ਪਹਿਲਾਂ ਹੀ ਦਿਸਣ ਲੱਗ ਪਈ ਸੀ) ਅਤੇ ਬੇਰੁਜ਼ਗਾਰੀ ਵਿੱਚ ਭਾਰੀ ਵਾਧਾ ਹੋਇਆ ਹੈ, ਇਸ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਇੱਕ ਦੂਜੇ ਦੇ ਵਿਰੋਧ ਵਿੱਚ ਖੜਾ ਕਰ ਦਿੱਤਾ ਹੈ, ਇਸ ਨੇ ਆਂਢ-ਗੁਆਂਢ ਦੇ ਮੁਲਕਾਂ ਅਤੇ ਬਾਕੀ ਦੁਨੀਆ ਵਿੱਚ ਸਾਡੇ ਦੇਸ਼ ਦਾ ਦਰਜਾ ਘਟਾ ਦਿੱਤਾ ਹੈ, ਇਸ ਨੇ ਸਾਡੀਆਂ ਸਭ ਤੋਂ ਮਾਣਮੱਤੀਆਂ ਸੰਸਥਾਵਾਂ ਨੂੰ ਭ੍ਰਿਸ਼ਟ ਬਣਾ ਦਿੱਤਾ ਤੇ ਇਨਾਂ ਨੂੰ ਖੋਰਾ ਲਾ ਦਿੱਤਾ ਹੈ, ਇਸ ਨੇ ਸਾਡੇ ਕੁਦਰਤੀ ਸਰੋਤਾਂ ਦਾ ਮਲੀਆਮੇਟ ਕਰ ਦਿੱਤਾ ਹੈ। ਕੁੱਲ ਮਿਲਾ ਕੇ ਮੋਦੀ ਸਰਕਾਰ ਦੀਆਂ ਕਾਰਵਾਈਆਂ ਨੇ ਭਾਰਤ ਨੂੰ ਆਰਥਿਕ, ਸਮਾਜਿਕ, ਸੰਸਥਾਗਤ, ਕੌਮਾਂਤਰੀ, ਵਾਤਾਰਵਨ ਤੇ ਨੈਤਿਕ ਪੱਖਾਂ ਤੋਂ ਨੁਕਸਾਨ ਪਹੁੰਚਾਇਆ ਹੈ।

ਇਨਾਂ ਸਾਰੀਆਂ ਨਾਕਾਮੀਆਂ ਦੇ ਹੁੰਦੇ ਸੁੰਦੇ ਜੇ ਨਰਿੰਦਰ ਮੋਦੀ ਅਤੇ ਭਾਜਪਾ 2024 ਦੀਆਂ ਆਮ ਚੋਣਾਂ ਜਿੱਤਣ ਲਈ ਇਕਮਾਤਰ ਧਿਰ ਬਣੇ ਹੋਏ ਹਨ ਤਾਂ ਇਸ ਦਾ ਬੁਨਿਆਦੀ ਕਾਰਨ ਇਹ ਹੈ ਕਿ ਇਸ ਦੇ ਸਾਹਮਣੇ ਅਜੇ ਤਾਈਂ ਨਹਿਰੂ ਗਾਂਧੀ ਪਰਿਵਾਰ ਦੀ ਅਗਵਾਈ ਹੇਠਲੀ ਕਾਂਗਰਸ ਦੇ ਰੂਪ ਵਿੱਚ ਕੌਮੀ ਤੌਰ 'ਤੇ ਮੁੱਖ ਵਿਰੋਧੀ ਧਿਰ ਮੌਜੂਦ ਹੈ। ਤ੍ਰਿਣਮੂਲ ਕਾਂਗਰਸ, ਬੀਜੂ ਜਨਤਾ ਦਲ, ਵਾਈ.ਐੱਸ. ਆਰ ਕਾਂਗਰਸ, ਟੀ.ਆਰ.ਐੱਸ, ਡੀ.ਐੱਮ.ਕੇ., ਸੀ.ਪੀ.ਆਈ.-ਐੱਮ. ਅਤੇ ਆਮ ਆਦਮੀ ਪਾਰਟੀ ਜਿਹੀਆਂ ਪਾਰਟੀਆਂ ਆਪੋ-ਆਪਣੇ ਖੇਤਰਾਂ ਵਿੱਚ ਭਾਜਪਾ ਨੂੰ ਚੁਣਾਵੀ ਟੱਕਰ ਦੇਣ ਦਾ ਦਮ ਰੱਖਦੀਆਂ ਹਨ। ਦਰਅਸਲ, ਕਾਂਗਰਸ ਇਹ ਕੰਮ ਨਹੀਂ ਕਰ ਸਕਦੀ ਜਿਵੇਂ ਕਿ ਗੋਆ, ਮਨੀਪੁਰ ਅਤੇ ਉੱਤਰਾਖੰਡ ਦੇ ਚੋਣ ਨਤੀਜਿਆਂ ਤੋਂ ਇੱਕ ਵਾਰ ਫਿਰ ਸਾਬਿਤ ਹੋ ਗਿਆ ਹੈ। ਨਹਿਰੂ-ਗਾਂਧੀ ਪਰਿਵਾਰ ਦੀ ਕਮਾਂਡ ਹੇਠ ਕਾਂਗਰਸ ਦੀਆਂ ਕਮਜ਼ੋਰੀਆਂ ਖ਼ਾਸ ਤੌਰ 'ਤੇ ਆਮ ਚੋਣਾਂ ਵਿੱਚ ਉਜਾਗਰ ਹੁੰਦੀਆਂ ਹਨ। ਮਿਸਾਲ ਦੇ ਤੌਰ 'ਤੇ 2019 ਦੀਆਂ ਚੋਣਾਂ ਵਿੱਚ 191 ਸੀਟਾਂ 'ਤੇ ਕਾਂਗਰਸ ਤੇ ਭਾਜਪਾ ਵਿਚਾਲੇ ਸਿੱਧਾ ਮੁਕਾਬਲਾ ਸੀ ਜਿਨਾਂ 'ਚੋਂ ਕਾਂਗਰਸ ਨੇ ਸਿਰਫ਼ 16 ਸੀਟਾਂ ਜਿੱਤੀਆਂ ਸਨ। ਰਾਹੁਲ ਗਾਂਧੀ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਆਪਣੇ ਆਪ ਨੂੰ ਨਰਿੰਦਰ ਮੋਦੀ ਦੇ ਬਦਲ ਵਜੋਂ ਪੇਸ਼ ਕਰਨ 'ਤੇ ਕਾਂਗਰਸ ਦੀ ਜੇਤੂ ਦਰ 8 ਫ਼ੀਸਦ ਤੋਂ ਵੀ ਘੱਟ ਸੀ।

ਜਿੱਥੋਂ ਤੱਕ ਭਾਜਪਾ ਦਾ ਸੰਬੰਧ ਹੈ, ਗਾਂਧੀ ਪਰਿਵਾਰ ਉਸ ਲਈ ਵਾਰ-ਵਾਰ ਲਾਹੇਵੰਦ ਸਿੱਧ ਹੋ ਰਿਹਾ ਹੈ। ਇੱਕ ਪਾਸੇ ਉਨਾਂ ਦੇ ਭਾਜਪਾ ਲਈ ਕੋਈ ਕਾਰਗਰ ਚੁਣੌਤੀ ਬਣ ਕੇ ਉੱਭਰਨ ਦੇ ਦੂਰ-ਦੂਰ ਤੱਕ ਆਸਾਰ ਨਹੀਂ ਹਨ ਅਤੇ ਦੂਜੇ ਪਾਸੇ ਗਾਂਧੀ ਭਾਜਪਾ ਨੂੰ ਵਰਤਮਾਨ ਦੀ ਥਾਂ ਅਤੀਤ ਦੇ ਦ੍ਰਿਸ਼ਟਾਂਤ ਪੇਸ਼ ਕਰ ਕੇ ਕੌਮੀ ਰਾਜਨੀਤੀ ਦੀਆਂ ਸ਼ਰਤਾਂ ਤੈਅ ਕਰਨ ਦੀ ਖੁੱਲ ਦਿੰਦੇ ਆ ਰਹੇ ਹਨ ਤੇ ਹੌਸਲੇ ਦੇ ਰਹੇ ਹਨ। ਭਾਰਤ ਹੁਣ ਪਹਿਲਾਂ ਦੇ ਮੁਕਾਬਲੇ ਕਿਤੇ ਘੱਟ ਸਾਮੰਤੀ ਰਹਿ ਗਿਆ ਹੈ, **ਬਾਕੀ ਸਫ਼ਾ 30 'ਤੇ**

# ਵਿਰੋਧ, ਰੋਸ, ਵਿਦਰੋਹ ਅਤੇ ਬਦਲਾਅ



**ਗੁਰਮੀਤ ਸਿੰਘ ਪਲਾਹੀ**
9815802070

ਮਹੱਤਵਪੂਰਨ ਸਰਹੱਦੀ ਸੂਬੇ ਪੰਜਾਬ ਵਿੱਚ ਸੱਤਾ ਦਾ ਉਬਾਲ ਆਇਆ ਹੈ। ਬਰਬਾਦ ਹੋ ਰਹੇ ਸੂਬੇ ਪੰਜਾਬ 'ਚ ਸੱਤਾ-ਬਦਲੀ ਹੋਈ ਹੈ। ਪੰਜਾਬ ਦੇ ਘਾਗ ਸਿਆਸਤਦਾਨ ਵਿਧਾਨ ਸਭਾ ਚੋਣ ਹਾਰ ਗਏ ਹਨ। ਪੰਜ ਵੇਰ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਕਾਂਗਰਸ ਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ, ਬਸਪਾ ਦਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਚੋਣਾਂ 'ਚ ਕਾਮਯਾਬ ਨਹੀਂ ਹੋ ਸਕੇ। ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਚੋਣ ਜਿੱਤ ਗਿਆ ਹੈ। ਆਮ ਆਦਮੀ ਪਾਰਟੀ ਵਿਸ਼ਾਲ ਬਹੁਮਤ ਪ੍ਰਾਪਤ ਕਰ ਗਈ ਹੈ। ਨੇਤਾ ਹਾਰ ਗਏ ਹਨ, ਪੰਜਾਬ ਜਿੱਤ ਗਿਆ ਹੈ। ਕੀ ਪੰਜਾਬ ਸੱਚਮੁੱਚ ਜਿੱਤ ਗਿਆ ਹੈ?

ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਲਈ ਪਈਆਂ ਵੋਟਾਂ ਦੇ 10 ਮਾਰਚ ਨੂੰ ਨਤੀਜੇ ਨਿਕਲੇ। ਸੂਬੇ 'ਚ 2.14 ਕਰੋੜ ਵੋਟਰ ਸਨ। ਸਾਲ 2017 ਵਿੱਚ 70ਫ਼ੀਸਦੀ ਲੋਕਾਂ ਨੇ ਵੋਟ ਪਾਈ। ਏਸ ਵਾਰੀ 71.95 ਫ਼ੀਸਦੀ ਵੋਟਰਾਂ ਨੇ ਵੋਟ ਪਾਈ। ਪੰਜਾਬ ਪਿਛਲੀ ਵੇਰ ਦੀ ਬਜਾਏ ਇਸ ਵੇਰ ਮਾਯੂਸ ਦਿੱਸਿਆ। ਕੁੱਲ ਮਿਲਾ ਕੇ 1,10,308 ਵੋਟਰਾਂ ਨੇ ਪੰਜਾਬ 'ਚ 'ਨੋਟਾ' ਦੀ ਵਰਤੋਂ ਕੀਤੀ।

ਪੰਜਾਬ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ 92, ਬਹੁਜਨ ਸਮਾਜ ਪਾਰਟੀ 1, ਭਾਰਤੀ ਜਨਤਾ ਪਾਰਟੀ 2, ਆਜ਼ਾਦ 1, ਕਾਂਗਰਸ 18 ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ 3 ਸੀਟਾਂ ਲੈ ਗਏ। ਜਦ ਕਿ ਖੱਬੀਆਂ ਧਿਰਾਂ, ਕਿਸਾਨ ਧਿਰਾਂ ਵਾਲਾ ਮੋਰਚਾ ਅਤੇ ਹੋਰ ਪਾਰਟੀਆਂ ਆਪਣਾ ਖ਼ਾਤਾ ਵੀ ਨਹੀਂ ਖੋਲ ਸਕੀਆਂ। ਇੱਕ ਧਿਰ ਨੂੰ ਵੱਡੀ ਗਿਣਤੀ ਵਿੱਚ ਸੀਟਾਂ ਮਿਲਣਾ ਅਤੇ ਦੂਜੀਆਂ ਧਿਰਾਂ ਨੂੰ ਨਕਾਰ ਦੇਣਾ ਕੀ ਆਮ ਪਾਰਟੀ ਦੀ ਜਿੱਤ ਹੈ ਜਾਂ ਸ਼੍ਰੋਮਣੀ ਅਕਾਲੀ ਦਲ-ਕਾਂਗਰਸ ਵਰਗੀਆਂ ਪਾਰਟੀਆਂ ਵਿਰੁੱਧ ਲੋਕਾਂ ਦਾ ਰੋਸ ਪ੍ਰਗਟਾਵਾ ਹੈ। ਲੋਕਾਂ ਵਿੱਚ ਸਥਾਪਤੀ ਵਿਰੁੱਧ ਰੋਹ ਸੀ, ਗ਼ੁੱਸਾ ਸੀ, ਬਦਲਾਅ ਦੀ ਪ੍ਰਵਿਰਤੀ ਸੀ ਅਤੇ ਸਥਾਪਤ ਨੇਤਾਵਾਂ ਦੀ ਕਾਰਗੁਜ਼ਾਰੀ ਪ੍ਰਤੀ ਰੋਸ ਸੀ। ਇਹ ਰੋਹ ਹੀ ਲਾਵਾ ਬਣ ਫੁੱਟਿਆ ਹੈ। ਪੰਜਾਬ ਵਿੱਚ ਆਪ ਦੀ ਜਿੱਤ ਤੋਂ ਬਾਅਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉੱਪ ਮੁੱਖ ਮੰਤਰੀ ਮਨੀਸ਼ ਸੁਸ਼ੋਧੀਆ ਪਹਿਲਾਂ ਹਨੂੰਮਾਨ ਮੰਦਰ ਜਾਂਦੇ ਹਨ ਫਿਰ ਆਪਣੇ ਕਾਰਕੁੰਨਾਂ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ ਕਿ ਇਹ 'ਸਭ ਤੋਂ ਵੱਡਾ ਇਨਕਲਾਬ ਹੈ'। ਕੀ ਇਹ ਸੱਚਮੁੱਚ ਇਨਕਲਾਬ ਹੈ?

ਆਮ ਆਦਮੀ ਪਾਰਟੀ ਨੂੰ 42 ਫ਼ੀਸਦੀ, ਸ਼੍ਰੋਮਣੀ ਅਕਾਲੀ ਦਲ ਨੂੰ 18.38 ਫ਼ੀਸਦੀ, ਭਾਰਤੀ ਜਨਤਾ ਪਾਰਟੀ ਨੂੰ 1.77 ਫ਼ੀਸਦੀ, ਸੀ.ਪੀ.ਆਈ. ਨੂੰ 0.05 ਫ਼ੀਸਦੀ, ਸੀ.ਪੀ.ਐੱਮ. ਨੂੰ 0.06 ਫ਼ੀਸਦੀ, ਸੀ.ਪੀ.ਐੱਮ.ਐੱਲ. ਨੂੰ 0.03 ਫ਼ੀਸਦੀ, ਕਾਂਗਰਸ ਨੂੰ 22.98 ਫ਼ੀਸਦੀ, ਨੋਟਾ 0.71 ਫ਼ੀਸਦੀ, ਆਰ.ਐੱਸ.ਪੀ. ਨੂੰ 0.01 ਫ਼ੀਸਦੀ ਵੋਟਾਂ ਮਿਲੀਆਂ। ਸਭ ਤੋਂ ਵੱਧ ਵੋਟਾਂ ਆਮ ਆਦਮੀ ਪਾਰਟੀ ਲੈ ਗਈ। ਜਿਸ ਨੂੰ 2017 'ਚ 23.7 ਫ਼ੀਸਦੀ ਵੋਟਾਂ ਮਿਲੀਆਂ ਸਨ ਜਦਕਿ ਇਸ ਵੇਰ 42.01 ਫ਼ੀਸਦੀ ਵੋਟਾਂ ਮਿਲੀਆਂ। ਕਾਂਗਰਸ ਨੂੰ 2017 ਵਿੱਚ 38.5 ਫ਼ੀਸਦੀ ਅਤੇ ਇਸ ਵਾਰ 22.98 ਫ਼ੀਸਦੀ ਵੋਟਾਂ ਲੈ ਸਕੀ। ਜਦ ਕਿ ਅਕਾਲੀ ਦਲ 25.2 ਫ਼ੀਸਦੀ ਤੋਂ 18.38 ਫ਼ੀਸਦੀ ਤੇ ਆ ਡਿੱਗਿਆ। ਭਾਜਪਾ ਨੇ ਇਨਾਂ ਚੋਣਾਂ 'ਚ 1.77 ਫ਼ੀਸਦੀ ਵੋਟਾਂ ਲਈਆਂ ਜਦਕਿ 2017 ਵਿੱਚ ਇਸ ਦੀ ਫ਼ੀਸਦ 1.5 ਸੀ। ਮਾਲਵਾ ਖ਼ਿੱਤੇ ਵਿੱਚ 69 ਵਿੱਚੋਂ 66 ਸੀਟਾਂ ਆਮ ਆਦਮੀ ਪਾਰਟੀ ਨੇ ਜਿੱਤੀਆਂ। ਮਾਲਵਾ ਖਿੱਤੇ 'ਚ ਕਿਸਾਨ ਅੰਦੋਲਨ ਦਾ ਜ਼ੋਰ ਅਤੇ ਸਰਕਾਰਾਂ ਪ੍ਰਤੀ ਰੋਸ ਸੀ, ਇਹੀ ਜ਼ੋਰ 'ਤੇ ਰੋਸ 'ਆਪ' ਨੂੰ ਤਾਕਤ ਦੇਣ ਲਈ ਸਹਾਇਕ ਹੋਇਆ। ਡੇਰੇ, ਜਾਤਾਂ, ਧਰਮ ਕੁਝ ਵੀ ਇਸ ਸੁਚੇਤ ਹਵਾ ਦੇ ਆੜੇ ਨਾ ਆ ਸਕੇ।

ਆਮ ਆਦਮੀ ਪਾਰਟੀ ਨੂੰ ਇਨਾਂ ਚੋਣਾਂ ਵਿੱਚ ਰਵਾਇਤੀ ਪਾਰਟੀਆਂ ਵਿਰੁੱਧ ਫੈਲੇ ਗ਼ੁੱਸੇ ਦਾ ਪੂਰਾ ਲਾਭ ਮਿਲਿਆ। ਆਪ ਨੇ ਇਸ ਵਿਰੋਧ ਨੂੰ ਪੂਰੀ ਤਰਾਂ ਭਨਾਇਆ। ਆਪ ਲਈ ਇੱਕ ਮੌਕਾ ਦਾ ਨਾਅਰਾ ਲੋਕਾਂ ਦੇ ਮਨਾਂ ਵਿੱਚ ਘਰ ਕਰ ਗਿਆ ਭਾਵੇਂ ਕਿ ਔਰਤਾਂ ਨੂੰ 1,000 ਰੁਪਏ, 300 ਯੂਨਿਟ ਬਿਜਲੀ ਮੁਫ਼ਤ, 24 ਘੰਟੇ ਬਿਜਲੀ, ਨੈਸ਼ਨਲ ਕੁਆਰਡੀਨੇਟਰ ਵੱਲੋਂ ਦਿੱਤੀਆਂ ਗਾਰੰਟੀਆਂ ਨੇ ਵੀ ਲੋਕਾਂ ਦਾ ਮਨ ਮੋਹਿਆ ਅਤੇ ਇੱਕ ਜਜ਼ਬਾਤੀ ਰੁਖ਼ ਅਪਣਾਉਂਦਿਆਂ ਆਪ ਦੇ ਉਮੀਦਵਾਰਾਂ ਦੇ ਹੱਕ ਵਿੱਚ ਲੋਕ ਭੁਗਤੇ।

ਪੰਜਾਬ ਚੋਣ ਜਿੱਤਣ ਤੋਂ ਬਾਅਦ ਆਮ ਆਦਮੀ ਸਾਹਮਣੇ ਆਮ ਨਹੀਂ ਸਗੋਂ ਖ਼ਾਸ ਏਜੰਡਾ ਹੈ। ਜੇਕਰ ਆਮ ਆਦਮੀ ਪਾਰਟੀ ਇਸ ਖ਼ਾਸ ਏਜੰਡੇ ਨੂੰ ਅੱਖੋਂ ਪਰੋਖੇ ਕਰਦੀ ਹੈ ਤਾਂ ਇਹ ਲੋਕਾਂ ਨਾਲ਼ ਇੱਕ ਤਰਾਂ ਦਾ ਵਿਸ਼ਵਾਸ਼ਘਾਤ ਹੋਵੇਗਾ, ਕਿਉਂਕਿ ਪਾਰਟੀ ਵੱਲੋਂ ਪੰਜਾਬ ਵਿੱਚ ਇਨਕਲਾਬ ਲਿਆਉਣ ਦੀ ਗੱਲ ਕੀਤੀ ਗਈ ਹੈ। ਜੋ ਬੰਸਵਾਦ, ਕੁਨਬਾਪ੍ਰਸਤੀ ਦੇ ਯੁੱਗ ਦੇ ਖ਼ਾਤਮੇ ਦੀ ਗੱਲ ਕਰਦਾ ਹੈ ਅਤੇ ਉਨਾਂ ਘਾਗ ਸਿਆਸਤਦਾਨਾਂ ਲਈ ਵੀ ਇੱਕ ਨਸੀਹਤ ਦਿੰਦਾ ਹੈ ਕਿ ਲੋਕ ਤਬਦੀਲੀ ਚਾਹੁੰਦੇ ਹਨ, ਲੋਕ ਲੋਕ-ਭਲੇ ਦੇ ਕੰਮ ਚਾਹੁੰਦੇ ਹਨ, ਲੋਕ ਨੇਤਾ ਲੋਕਾਂ ਨੂੰ ਬਾਦਸ਼ਾਹਾਂ ਵਾਂਗਰ ਨਹੀਂ ਸੇਵਕਾਂ ਵਾਂਗਰ ਦੇਖਣਾ ਚਾਹੁੰਦੇ ਹਨ।

ਪਿਛਲੇ ਸਮੇਂ ਵਿੱਚ ਤਾਂ ਪੰਜਾਬ ਵਿੱਚ ਤਾਣੀ ਉਲਝੀ ਹੋਈ ਸੀ। ਸਮਾਜ ਦੇ ਇੱਕ ਵਰਗ ਦੇ ਧੁਰੰਤਰ ਹੀ 'ਉੱਤਰ ਕਾਟੋ ਮੈਂ ਚੜ੍ਹਾਂ' ਦੀ ਖੇਡ ਖੇਡ ਰਹੇ ਸਨ। ਕਦੇ ਸਮਾਂ ਸੀ ਕਿ ਸ਼ਾਸਨ ਕਰਨ ਦਾ ਦੈਵੀ ਹੱਕ ਹੋਇਆ ਕਰਦਾ ਸੀ। ਪਰ ਲੋਕਾਂ ਨੇ ਇਹ ਖ਼ਾਰਜ ਕੀਤਾ। ਫਿਰ ਰਾਜਾਸ਼ਾਹੀ ਨੇ ਪੈਰ ਪਸਾਰੇ। ਉਹ ਪ੍ਰਣਾਲੀ ਵੀ ਖ਼ਤਮ ਹੋਈ। ਫਿਰ ਸਭ ਤੋਂ ਵੱਧ ਵੋਟਾਂ ਪ੍ਰਾਪਤ ਕਰਨ ਵਾਲੇ ਜਿੱਤਣ ਵਾਲੀ ਲੋਕਤੰਤਰੀ ਵਿਵਸਥਾ ਬਣੀ ਹੋਈ ਹੈ ਜਿਸ ਦੀ ਦੁਰਵਰਤੋਂ ਵੱਡੀਆਂ ਢੁੱਠਾਂ ਵਾਲੇ ਧਨ ਕੁਬੇਰਾਂ, ਧੁਰੰਤਰਾਂ ਨੇ ਕੀਤੀ ਜਿਸ ਦੇ ਹੁਣ ਬਚਿੱਤਰ ਨਤੀਜੇ ਵੀ ਦੇਖਣ ਨੂੰ ਮਿਲ ਰਹੇ ਹਨ।

ਦੇਸ਼ ਵਿੱਚ ਚਾਰ ਰਾਜਾਂ ਦੀਆਂ ਚੋਣਾਂ ਵਿੱਚ ਨਿਰੰਤਰਤਾ ਨੇ ਬਦਲਾਅ 'ਤੇ ਜਿੱਤ ਪ੍ਰਾਪਤ ਕੀਤੀ ਹੈ। ਗੋਆ, ਮਣੀਪੁਰ, ਉੱਤਰਾਖੰਡ, ਯੂ.ਪੀ. 'ਚ ਨਿਰੰਤਰਤਾ ਕਾਇਮ ਰਹੀ। ਪੰਜਾਬ ਵਿੱਚ ਬਦਲਾਅ ਦੀ ਨੀਤੀ ਦੇਖਣ ਨੂੰ ਮਿਲੀ। ਪੰਜਾਬ 'ਚ ਲੋਕਾਂ ਨੂੰ ਰੁਜ਼ਗਾਰ ਨਹੀਂ ਮਿਲਿਆ, ਨਸ਼ੇ ਬੰਦ ਨਹੀਂ ਹੋਏ, ਬੇਅਦਬੀ ਦੇ ਮੁੱਦੇ ਨੂੰ ਸਰਕਾਰਾਂ ਨੇ ਹੱਲ ਨਹੀਂ ਕੀਤਾ, ਭ੍ਰਿਸ਼ਟਾਚਾਰ ਦਾ ਬੋਲਬਾਲਾ ਵਧਿਆ, ਮਾਫ਼ੀਆ ਰਾਜ ਨੇ ਪੈਰ ਪਸਾਰੇ ਅਤੇ ਲੋਕ ਇਹੋ ਜਿਹੇ ਪ੍ਰਸ਼ਾਸ਼ਨ ਤੋਂ ਰੁੱਸ ਗਏ। ਉਹ ਬਦਲਾਅ ਦੇ ਰਸਤੇ ਪੈ ਗਏ।

ਪੰਜਾਬ ਵਿੱਚ ਲੋਕ ਗ਼ਰੀਬ ਹੁੰਦੇ ਜਾ ਰਹੇ ਹਨ। ਕਿਸਾਨ ਖੇਤੀ ਛੱਡ ਕੇ ਮਜ਼ਦੂਰੀ ਜਾਂ ਪਰਵਾਸ ਦੇ ਰਸਤੇ ਪੈ ਰਹੇ ਹਨ। ਉਹ ਦੇਖ ਰਹੇ ਹਨ ਕਿ ਰੁਜ਼ਗਾਰ ਦੀ ਤਲਾਸ਼ ਵਿੱਚ ਉਨਾਂ ਦੀ ਔਲਾਦ ਪਰਵਾਸ ਦੇ ਰਾਹ ਤੁਰ ਰਹੀ ਹੈ। ਪੰਜਾਬ ਹੁਣ ਉਨਾਂ ਦਾ ਸੁਪਨਾ ਨਹੀਂ ਰਿਹਾ। ਉੱਜੜ ਰਿਹਾ ਪੰਜਾਬ ਉਨਾਂ ਦੇ ਮਨ ਵਿੱਚ ਖੌਰੂ ਪਾ ਰਿਹਾ ਹੈ। ਉਹ ਪੰਜਾਬ ਦੇ ਸੁਧਾਰ ਲਈ ਕਿਸੇ ਚਮਤਕਾਰ ਦੀ ਉਡੀਕ ਕਰ ਰਹੇ ਹਨ। ਪਹਿਲੀ ਆਸ ਉਨਾਂ ਦੀ ਸਿਆਸਤਦਾਨ ਰਹੇ ਹਨ। ਇਸੇ ਕਰਕੇ ਇੱਕਪਾਸੜ ਪੰਜਾਬ ਦੀ ਜਨਤਾ ਨੇ ਝਾੜੂ ਦੀ ਜਗਾ ਵੈਕਯੂਮਕਲੀਨਰ ਹੀ ਚਲਾ ਦਿੱਤਾ। ਕੇਜਰੀਵਾਲ-ਮਾਨ ਨੂੰ ਹੂੰਝਾਫ਼ੇਰੂ ਜਿੱਤ ਦਿੱਤੀ ਹੈ। ਇਹੋ ਜਿਹੀ ਜਿੱਤ ਕਦੇ ਸ਼੍ਰੋਮਣੀ ਅਕਾਲੀ ਦਲ ਬਾਦਲ-ਭਾਜਪਾ ਦੇ ਗੱਠਜੋੜ ਨੂੰ ਲੋਕਾਂ ਵੱਲੋਂ ਦਿੱਤੀ ਗਈ ਸੀ। ਜਦੋਂ ਹੁਣ ਨਾਲ਼ੋਂ ਵੀ ਇੱਕ ਵੱਧ ਸੀਟ ਜਾਣੀ 93 ਸੀਟਾਂ ਗੱਠਜੋੜ ਦੀ ਝੋਲੀ ਪਾਈਆਂ ਸਨ। ਪਰ ਅਕਾਲੀ-ਭਾਜਪਾ ਵਾਲੇ ਸਿਆਸਤਦਾਨ ਲੋਕਾਂ ਦੀ ਸੋਚ 'ਤੇ ਖ਼ਰੇ ਨਹੀਂ ਉੱਤਰੇ ਸਨ। ਸਮਾਂ ਪੈਂਦਿਆਂ ਹੀ ਲੋਕਾਂ ਨੇ ਉਨਾਂ ਨੂੰ ਆਪਣੇ ਗਲੋਂ ਲਾਹ ਵਗਾਹ ਮਾਰਿਆ। ਲੋਕਾਂ ਦੀਆਂ ਆਸਾਂ ਉਮੀਦਾਂ 'ਤੇ ਖ਼ਰਾ ਉੱਤਰਨ ਵਾਲੀਆਂ ਕਿਸਾਨ ਜਥੇਬੰਦੀਆਂ ਜਿਨਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਮੋਰਚੇ ਲਾਏ, ਤਿੰਨੇ ਕਾਲ਼ੇ ਕਾਨੂੰਨ ਵਾਪਸ ਲੈਣ ਲਈ ਨਰਿੰਦਰ ਮੋਦੀ ਨੂੰ ਮਜਬੂਰ ਕੀਤਾ, ਉਹ ਕਿਸਾਨ ਨੇਤਾ ਲੋਕਾਂ ਦੀਆਂ ਅੱਖਾਂ ਦੇ ਤਾਰੇ ਬਣੇ ਅਤੇ ਉਨਾਂ ਵਿੱਚੋਂ ਜਿਹੜੇ ਲੋਕਾਂ ਨੂੰ ਦਾਗ਼ੀ ਦਿਸੇ ਉਨਾਂ ਨੂੰ ਵਿਧਾਨ ਸਭਾ ਚੋਣਾਂ ਤੱਕ ਉਨਾਂ ਨੇ ਨਕਾਰ ਦਿੱਤਾ। ਜੂਝਣ ਵਾਲੇ ਲੋਕਾਂ ਲਈ ਲੜਨ ਵਾਲੇ, ਲੋਕਾਂ ਲਈ ਖੜਨ ਵਾਲੇ, ਧੱਕੇ ਧੌਂਸ ਵਿਰੁੱਧ ਸਿਆਸਤ ਕਰਨ ਵਾਲੇ, ਸਿਰੜੀ ਲੋਕਾਂ ਨੂੰ ਪੰਜਾਬੀ ਸਦਾ ਪਸੰਦ ਕਰਦੇ ਹਨ। ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਉਨਾਂ ਦਾ ਆਦਰਸ਼ ਹੈ ਅਤੇ ਇਸੇ ਆਦਰਸ਼ ਦਾ ਚਿਹਰਾ ਮੋਹਰਾ ਜਿੱਥੇ ਕਿਧਰੇ ਵੀ ਉਨਾਂ ਨੂੰ ਦਿੱਸਦਾ ਹੈ ਉਹ ਲਾਮਬੰਦ ਹੋ ਉੱਧਰ ਹੀ ਵਹੀਰਾਂ ਘੱਤ ਤੁਰ ਪੈਂਦੇ ਹਨ। ਵੇਖੋ ਨਾ ਹੁਣ ਆਪ ਹੀ ਆਪ ਹੈ ਬਾਕੀ ਸਭ ਸਾਫ਼ ਹੈ। ਸੀਨੀਅਰ-ਜੂਨੀਅਰ ਬਾਦਲ-ਸਿੱਧੂ, ਚੰਨੀ-ਅਮਰਿੰਦਰ ਸਭ ਲੁੜਕ ਗਏ ਹਨ। ਪਰ ਕੀ ਇਹ ਆਸ ਲੋਕਾਂ ਦੇ ਆਸ਼ਿਆਂ 'ਤੇ ਪੂਰੀ ਉਤਰੇਗੀ? ਆਪ ਵਿਚਲੇ ਨੇਤਾ ਜੋ ਆਮ ਤੌਰ 'ਤੇ ਰਵਾਇਤੀ ਪਾਰਟੀਆਂ ਵਿੱਚੋਂ ਪੁੱਟੇ ਗਏ ਹਨ ਲੋਕਾਂ ਦੇ ਹਾਣ-ਪ੍ਰਵਾਨ ਹੋ ਸਕਣਗੇ?

ਪੰਜਾਬ ਦੇ ਲੋਕਾਂ ਵਿੱਚ ਸਿਆਸਤਦਾਨਾਂ ਪ੍ਰਤੀ ਵੱਡਾ ਅਵਿਸ਼ਵਾਸ ਹੈ। ਲੋਕਾਂ ਦੇ ਮਨਾਂ 'ਚ ਆਪਣੇ ਬੱਚਿਆਂ ਪ੍ਰਤੀ ਚਿੰਤਾ ਹੈ। ਰੁਜ਼ਗਾਰ ਦਾ ਮਸਲਾ ਉਨਾਂ ਨੂੰ ਵੱਢ-ਵੱਢ ਖਾ ਰਿਹਾ ਹੈ। ਲੋਕਾਂ ਦੇ ਮਨਾਂ 'ਚ ਭੈੜੇ ਸਰਕਾਰੀ ਤੰਤਰ ਪ੍ਰਤੀ ਕੁੜੱਤਣ ਹੈ। ਲੋਕਾਂ ਦੇ ਮਨਾਂ ਵਿੱਚ ਸਰਕਾਰ ਪ੍ਰਤੀ ਨਿਰਾਸ਼ਾ ਹੈ। ਪੰਜਾਬ ਦੇ ਲੋਕ ਇਸ ਗੱਲੋਂ ਵੀ ਚਿੰਤਤ ਹਨ ਕਿ ਉਨਾਂ ਦਾ ਜੱਦੀ ਪੁਸ਼ਤੀ ਰੁਜ਼ਗਾਰ ਖੇਤੀ ਘਾਟੇ ਵੱਲ ਜਾ ਰਿਹਾ ਹੈ ਅਤੇ ਉਨਾਂ ਦੇ ਖੇਤ ਖਲਵਾੜ ਲਗਾਤਾਰ ਘੱਟ ਰਹੇ ਹਨ। ਅਸਲ ਵਿੱਚ ਕਾਰਪੋਰੇਟ ਦੇ ਪ੍ਰਭਾਵ ਨੇ ਪੰਜਾਬ ਵਿੱਚ ਵੀ ਪੂਰੀ ਤਰਾਂ ਪੈਰ ਪਸਾਰੇ ਹੋਏ ਹਨ ਅਤੇ ਪੰਜਾਬ ਇਸ ਦੀ ਪੂਰੀ ਜਕੜ ਵਿੱਚ ਹੈ। ਕੋਈ ਵੀ ਸਿਆਸੀ ਧਿਰ ਪੰਜਾਬ ਵਿੱਚ ਇਸ ਦੇ ਪ੍ਰਭਾਵ ਤੋਂ ਬਚੀ ਹੋਈ ਨਹੀਂ। ਉਂਜ ਵੀ ਪੰਜਾਬ 'ਚ ਸਿਆਸਤ ਦਾ ਅਰਥ ਭ੍ਰਿਸ਼ਟਾਚਾਰ, ਲੜਾਈ-ਝਗੜਾ, ਥਾਣਿਆਂ 'ਚ ਪਰਚੇ (ਐੱਫ਼.ਆਈ.ਆਰ.) ਧੜੇਬੰਦੀ ਨੂੰ ਹੀ ਮੰਨਿਆ ਜਾਂਦਾ ਹੈ। ਸਿਆਸੀ ਕਿੜ ਕੱਢਣਾ ਅਤੇ ਫਿਰ ਸਾਮ-ਦਾਮ-ਦੰਡ ਦੀ ਵਰਤੋਂ ਕਰਦਿਆਂ ਵੋਟਾਂ ਹਥਿਆਉਣਾ ਸਿਆਸਤਦਾਨਾਂ ਦਾ ਕਿਰਦਾਰ ਰਿਹਾ ਹੈ। ਕੀ ਇਹ ਨੀਤ ਅਤੇ ਨੀਤੀ ਭਵਿੱਖ 'ਚ ਪੰਜਾਬ ਵਿੱਚ ਬਦਲੇਗੀ? ਕਿਉਂਕਿ ਪੰਜਾਬ ਨੇ ਇਸ ਨੀਤ ਅਤੇ ਨੀਤੀ ਦੇ ਵਿਰੁੱਧ ਵਿਦਰੋਹ ਕੀਤਾ ਹੈ ਅਤੇ ਸਿਆਸਤ ਨੂੰ ਵਿਕਾਸ ਅਤੇ ਬਿਹਤਰ ਕਾਰਗੁਜ਼ਾਰੀ ਮੰਨ ਕੇ ਨਵਿਆਂ ਨੂੰ ਅੱਗੇ ਲਿਆਂਦਾ ਹੈ। ਕਿਉਂਕਿ ਆਮ ਆਦਮੀ ਪਾਰਟੀ ਨੇ ਵਿਕਾਸ ਦੀ ਗੱਲ ਕੀਤੀ ਹੈ। ਬਿਹਤਰ ਰਾਜਪ੍ਰਬੰਧ ਦੀ ਬਾਤ ਪਾਈ ਹੈ, ਦਿੱਲੀ ਮਾਡਲ ਨੂੰ ਬਿਹਤਰ ਸਮਝ ਕੇ ਪੰਜਾਬ ਨੂੰ ਵੀ ਉਸੇ ਮਾਡਲ 'ਤੇ ਲਿਆਉਣ ਲਈ ਲੋਕਾਂ ਦੇ ਸੁਪਨੇ ਸਿਰਜੇ ਹਨ। ਨਿਕੰਮੀ ਭ੍ਰਿਸ਼ਟਾਚਾਰੀ ਲਾਪਰਵਾਹੀ ਵਾਲੀ ਨੀਤੀ ਨੂੰ ਹੂੰਝਾ ਫ਼ੇਰਨ ਦਾ ਉਨਾਂ ਸੰਕਲਪ ਲਿਆ ਹੈ।

ਆਮ ਆਦਮੀ ਪਾਰਟੀ ਕਿਸੇ ਸਿਆਸੀ ਸਿਧਾਂਤ ਨੂੰ ਪ੍ਰਣਾਈ ਹੋਈ ਨਹੀਂ। ਇਸ ਪਾਰਟੀ ਵਿੱਚ ਉਹ ਲੋਕ ਵੀ ਸ਼ਾਮਲ ਹੋਏ ਜਾਂ ਕੀਤੇ ਗਏ ਹਨ ਜਿਨਾਂ ਨੂੰ ਲੋਕ ਸੇਵਾ ਨਾਲ਼ੋਂ ਤਾਕਤ ਦੀ ਤਾਂਘ ਜ਼ਿਆਦਾ ਹੈ। ਉਹ ਆਪੋ-ਆਪਣੀ ਬੋਲੀ ਬੋਲਦੇ ਹਨ। ਬਿਨਾਂ ਸ਼ਰਤ ਪੰਜਾਬ ਦੇ ਲੋਕ ਕਾਹਲੇ ਨਹੀਂ ਹਨ ਪਰ ਜਜ਼ਬਾਤੀ ਤੇ ਪਾਰਖੂ ਹਨ। ਉਹ ਨਵੀਂ ਪਾਰਟੀ ਦੀ ਕਾਰਗੁਜ਼ਾਰੀ ਦੇਖਣਗੇ, ਸਿਰਫ਼ ਰਿਆਇਤਾਂ ਦੀ ਰਾਜਨੀਤੀ ਨੂੰ ਪ੍ਰਵਾਨ ਨਹੀਂ ਕਰਨਗੇ। ਪੰਜਾਬ ਦੇ ਸੰਘੀ ਢਾਂਚੇ ਨੂੰ ਕੇਂਦਰ ਵੱਲੋਂ ਸੱਟ ਮਾਰਨ ਲਈ ਲਗਾਤਾਰ ਯਤਨ ਹੋ ਰਹੇ ਹਨ। ਇਸ ਸੰਬੰਧੀ ਆਪ ਵਾਲਿਆਂ ਦਾ ਕੀ ਸਟੈਂਡ ਹੋਵੇਗਾ? ਪੰਜਾਬ ਦੇ ਦਰਿਆਈ ਪਾਣੀਆਂ ਪ੍ਰਤੀ ਉਨਾਂ ਦੀ ਕੀ ਨੀਤੀ ਹੋਵੇਗੀ? ਪੰਜਾਬ ਦੇ ਨੌਜਵਾਨਾਂ ਦੇ ਰੁਜ਼ਗਾਰ, ਨੌਕਰੀਆਂ ਲਈ ਸੰਘਰਸ਼ ਕਰਨ ਵਾਲੇ ਨੌਜਵਾਨਾਂ ਅਤੇ ਮੁਲਾਜ਼ਮਾਂ ਪ੍ਰਤੀ ਉਨਾਂ ਦੀ ਪਹੁੰਚ ਕੀ ਹੋਵੇਗੀ। ਪੰਜਾਬ ਦੇ ਖੇਤੀ ਖੇਤਰ ਲਈ ਉਨਾਂ ਦੀਆਂ ਕੀ ਪਹਿਲਾਂ ਹੋਣਗੀਆਂ?

ਆਮ ਆਦਮੀ ਪਾਰਟੀ ਖ਼ਾਸ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਦੇ ਸਾਹਮਣੇ ਮੁਫ਼ਤ ਭਲਾਈ ਸਕੀਮਾਂ ਲਈ ਬਜਟ ਰੱਖਣਾ, ਦਿੱਲੀ ਦੇ ਗਲ਼ਬੇ ਤੋਂ ਮੁਕਤ ਹੋ ਕੇ ਫ਼ੈਸਲੇ ਲੈਣ, ਪਾਰਦਰਸ਼ੀ ਤੇ ਇਮਾਨਦਾਰੀ ਵਾਲੀ ਸਰਕਾਰ ਦੇਣ, ਭਾਵਨਾਤਮਕ ਮੁੱਦਿਆਂ ਉੱਤੇ ਕਾਰਵਾਈ ਕਰਨ ਅਤੇ ਵਿਕਾਸ ਅਤੇ ਸਵੱਛ ਪੰਜਾਬ ਮਾਡਲ ਬਣਾਕੇ ਕੌਮੀ ਸਿਆਸਤ ਵਿੱਚ ਦਾਖ਼ਲ ਹੋਣ ਜਿਹੀਆਂ ਵੱਡੀਆਂ ਚਣੌਤੀਆਂ ਹਨ। ਇਸ ਵੇਲੇ ਲੋਕਾਂ ਦੀਆਂ ਆਸਾਂ ਅਤੇ ਉਮੀਦਾਂ ਵੱਡੀਆਂ ਹਨ। ਪੰਜਾਬ ਸਿਰ ਵੱਡਾ ਕਰਜ਼ਾ ਹੈ। ਕੀ ਭ੍ਰਿਸ਼ਟਾਚਾਰ ਖ਼ਤਮ ਕਰਕੇ ਅਤੇ ਰੇਤ ਮਾਫ਼ੀਏ ਉੱਤੇ ਸਰਕਾਰੀ ਕੰਟਰੋਲ ਕਰਕੇ ਸਰਕਾਰ ਇਹਨਾ ਭਲਾਈ ਸਕੀਮਾਂ ਲਈ ਫ਼ੰਡ ਜੁਟਾ ਸਕੇਗੀ? ਕੀ ਇਹ ਭਗਵੰਤ ਮਾਨ ਦਿੱਲੀ ਦੇ ਹਾਈ ਕਮਾਂਡ ਕਲਚਰ ਅਤੇ ਦਿੱਲੀ ਤੋਂ ਪੰਜਾਬ ਵਿੱਚ ਬੈਠੇ ਹਲਕਾ ਇੰਚਾਰਜ ਕਲਚਰ ਤੋਂ ਖਹਿੜਾ ਛੁਡਾ ਸਕਣਗੇ ਜਾਂ ਸੁਖਪਾਲ ਖਹਿਰਾ, ਕੰਵਰ ਸੰਧੂ, ਧਰਮਵੀਰ ਵਰਗੇ ਆਗੂਆਂ ਵਾਂਗਰ ਬਾਹਰ ਦਾ ਰਸਤਾ ਫੜਨਗੇ ਜਾਂ ਬਾਹਰ ਕਰ ਦਿੱਤੇ ਜਾਣਗੇ?

ਆਮ ਆਦਮੀ ਪਾਰਟੀ ਦਾਅਵਾ ਕਰਦੀ ਹੈ ਕਿ ਪੰਜਾਬ ਨੂੰ ਮਾੜੀ ਆਰਥਿਕ ਹਾਲਤ, ਕਰਜ਼ ਅਤੇ ਲਾਲ ਫ਼ੀਤਾਸ਼ਾਹੀ ਤੋਂ ਛੁਟਕਾਰਾ ਦੁਆਇਆ ਜਾਏਗਾ। ਭਗਵੰਤ ਮਾਨ ਸਾਹਮਣੇ ਕੀ ਰਿਵਾਇਤੀ ਪਾਰਟੀਆਂ ਵਾਲੇ ਕਲਚਰ ਤੋਂ ਆਏ ਨੇਤਾ ਇੱਕ ਚਣੌਤੀ ਨਹੀਂ ਹੋਣਗੇ?

ਆਪ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਭਾਵਨਾਤਮਕ ਮੁੱਦੇ, ਜਿਨਾਂ ਵਿੱਚ ਪੰਜਾਬ ਦੀ ਕਿਸਾਨੀ ਦਾ ਮੁੱਦਾ, ਪਰਵਾਸ ਦਾ ਮੁੱਦਾ, ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਮੁੱਦਾ ਆਦਿ ਇਹੋ ਜਿਹੇ ਮੁੱਦੇ ਹਨ, ਜਿਨਾਂ ਨੂੰ ਦ੍ਰਿੜ ਵਿਸ਼ਵਾਸ਼ ਨਾਲ਼ ਹੀ ਸੁਲਝਾਇਆ ਜਾ ਸਕਦਾ ਹੈ।

ਬਿਨਾਂ ਸ਼ੱਕ ਆਪ ਨੇ ਪੰਜਾਬ ਜਿੱਤਿਆ ਹੈ। ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਦਾ ਸਿਆਸੀ ਕੱਦ ਵਧਿਆ ਹੈ। ਕੇਜਰੀਵਾਲ ਦੀ ਤਾਂਘ ਪੰਜਾਬ ਦੀ ਪੌੜੀ ਤੇ ਸਫ਼ਲ ਪੰਜਾਬ ਮਾਡਲ ਰਾਹੀਂ ਕੌਮੀ ਸਿਆਸਤ ਵਿੱਚ ਅਹਿਮ ਭੂਮਿਕਾ ਨਿਭਾਉਣ ਦੀ ਹੈ। ਪੰਜਾਬ ਉਨਾਂ ਲਈ ਚੈਲੰਜ ਹੈ।

ਸਵਾਲ ਇਹ ਵੀ ਪੈਦਾ ਹੋਵੇਗਾ ਕਿ ਦਿੱਲੀ ਮਾਡਲ ਜਿਸ ਦੀ ਚਰਚਾ ਵੱਡੇ ਪੱਧਰ 'ਤੇ ਖ਼ਾਸ ਕਰਕੇ ਸਿੱਖਿਆ ਅਤੇ ਸਿਹਤ ਦੇ ਸੁਧਾਰ ਲਈ ਹੋ ਰਹੀ ਹੈ ਕੀ ਹੂ-ਬ-ਹੂ ਪੰਜਾਬ ਵਿੱਚ ਉਹ ਕਾਮਯਾਬ ਹੋਵੇਗੀ? ਪੰਜਾਬ ਦਾ ਸੱਭਿਆਚਾਰ ਵੱਖਰਾ ਹੈ, ਪੰਜਾਬ ਦੇ ਹਾਲਾਤ ਵੱਖਰੇ ਹਨ, ਪੰਜਾਬ ਦੇ ਲੋਕਾਂ ਦੀ ਸੋਚ-ਸਮਝ ਦਾ ਢੰਗ-ਤਰੀਕਾ ਨਿਵੇਕਲਾ ਹੈ, ਲੋਕ ਹੁਣ ਖੁੰਢ ਚਰਚਾ ਕਰਨ ਲੱਗੇ ਹਨ, ਲੋਕ ਹੁਣ ਸਿਆਸਤਦਾਨਾਂ ਤੋਂ ਸਵਾਲ ਪੁੱਛਣ ਲੱਗੇ ਹਨ। ਕਿਸਾਨ ਅੰਦੋਲਨ ਨੇ ਲੋਕ ਚੇਤਨਾ ਵਿੱਚ ਵਾਧਾ ਕੀਤਾ ਹੈ। ਲੋਕ ਸੁਪਰੀਮੋ ਵਰਗੇ ਉਸਰ ਰਹੇ ਸੱਭਿਆਚਾਰ ਵਿੱਚ ਮਨਮਾਨੀਆਂ ਦੀ ਸਿਆਸਤ ਨੂੰ ਨਕਾਰ ਰਹੇ ਹਨ। ਅਸਹਿਮਤੀ ਪ੍ਰਗਟਾਉਣ 'ਚ ਗੁਰੇਜ਼ ਨਹੀਂ ਕਰਦੇ।

ਆਮ ਆਦਮੀ ਪਾਰਟੀ ਨੂੰ ਲੋਕਾਂ ਦੇ ਰੋਸ, ਰੋਹ, ਵਿਦਰੋਹ ਅਤੇ ਬਦਲਾਅ ਦੀ ਨੀਤੀ ਨੂੰ ਯਾਦ ਰੱਖਣਾ ਹੋਵੇਗਾ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਨਵੇਂ ਸੀਤ ਯੁੱਧ ਦੀ ਆਹਟ



ਬ੍ਰਹਮ ਚੇਲਾਨੀ

ਯੂਕਰੇਨ 'ਤੇ ਰੂਸੀ ਹਮਲਾ 'ਜਿਸ ਦੀ ਲਾਠੀ, ਉਸ ਦੀ ਮੱਝ' ਦੀ ਤਾਜ਼ੀ ਮਿਸਾਲ ਹੈ। ਇਹ ਇਸ ਗੱਲ ਦਾ ਸਬੂਤ ਹੈ ਕਿ ਆਲਮੀ ਢਾਂਚੇ ਦਾ ਇੱਕ ਤਰ੍ਹਾਂ ਦੇ ਸਿਸਟਮ ਖ਼ਿਲਾਫ਼ ਚੱਲਣ ਦਾ ਦਾਅਵਾ ਖੋਖਲਾ ਹੈ। ਇਸ ਸਦੀ ਦੇ ਇਤਿਹਾਸ ਖ਼ਾਸ ਕਰਕੇ 2001 ਤੋਂ ਹੀ ਪ੍ਰਭੂਸੱਤਾ ਸੰਪੰਨ ਮੁਲਕਾਂ 'ਤੇ ਫ਼ੌਜੀ ਹਮਲਿਆਂ ਨੂੰ ਹੀ ਦੇਖੀਏ ਤਾਂ ਆਲਮੀ ਕਾਨੂੰਨ ਕਮਜ਼ੋਰਾਂ ਖ਼ਿਲਾਫ਼ ਮਜ਼ਬੂਤ ਪਰ ਤਾਕਤਵਰਾਂ ਵਿਰੁੱਧ ਅਸਮਰੱਥ ਦਿਸਦੇ ਹਨ। ਚਾਹੇ ਰੂਸੀ ਹਮਲਾ ਹੋਵੇ ਜਾਂ ਫਿਰ ਪੱਛਮ ਵੱਲੋਂ ਰੂਸ 'ਤੇ ਪਾਬੰਦੀਆਂ ਦੀ ਆੜ ਵਿੱਚ ਛੇੜਿਆ ਗਿਆ ਆਰਥਿਕ ਯੁੱਧ, ਦੋਵੇਂ ਹੀ ਗ਼ਲਤ ਹਨ ਤੇ ਨਿਯਮਾਂ 'ਤੇ ਆਧਾਰਿਤ ਆਲਮੀ ਢਾਂਚੇ ਦਾ ਮਖ਼ੌਲ ਉਡਾਉਂਦੇ ਹਨ। ਰੂਸ ਦਾ ਹਮਲਾਵਰ ਰੁਖ਼ ਜੇ ਯੂਕਰੇਨ ਦੀ ਖੇਤਰੀ ਪ੍ਰਭੂਸੱਤਾ ਦੀ ਉਲੰਘਣਾ ਕਰਦਾ ਹੈ ਤਾਂ ਪੱਛਮ ਦਾ ਆਰਥਿਕ ਯੁੱਧ ਰੂਸ ਦੀ ਆਰਥਿਕ ਪ੍ਰਭੂਸੱਤਾ 'ਤੇ ਹਮਲਾ ਕਰਨ ਵਾਲਾ ਹੈ। ਇਸ ਸੰਘਰਸ਼ 'ਚ ਆਲਮੀ ਢਾਂਚੇ ਨੂੰ ਬਦਲਣ ਦੀ ਸਮਰੱਥਾ ਹੈ। ਇਸ ਨਾਲ਼ ਆਲਮੀ ਅਰਥਚਾਰੇ ਤੇ ਆਲਮੀ ਰਾਜਨੀਤੀ ਦੋਵਾਂ ਵਿੱਚ ਧਰੁਵੀਕਰਨ ਵਧ ਸਕਦਾ ਹੈ।

ਇੱਕ ਨਵੇਂ ਸੀਤ ਯੁੱਧ ਦੀ ਆਹਟ ਸੁਣਾਈ ਦੇ ਰਹੀ ਹੈ। ਇਸ 'ਚ ਅਮਰੀਕਾ ਵਾਪਸ 'ਜਾਂ ਤਾਂ ਤੁਸੀਂ ਸਾਡੇ ਨਾਲ਼ ਹੋ ਜਾਂ ਫਿਰ ਸਾਡੇ ਖ਼ਿਲਾਫ਼' ਵਾਲਾ ਰਵੱਈਆ ਅਪਨਾਉਂਦਾ ਦਿਸ ਰਿਹਾ ਹੈ। ਇਸ ਸਥਿਤੀ 'ਚ ਵਿਚੋਲਗੀ ਜਾਂ ਸੰਤੁਲਿਤ ਰੁਖ਼ ਅਪਣਾਉਣ ਵਾਲੇ ਦੇਸ਼ਾਂ 'ਤੇ ਦਬਾਅ ਵਧ ਜਾਂਦਾ ਹੈ। ਇਸ ਨਾਲ਼ ਅਮਰੀਕਾ ਨਾਲ਼ ਉਨ੍ਹਾਂ ਦੇਸ਼ਾਂ ਦੇ ਰਿਸ਼ਤੇ ਭਾਵੇਂ ਹੀ ਟੁੱਟੇ ਨਹੀਂ ਪਰ ਗੁੰਝਲਦਾਰ ਜ਼ਰੂਰ ਬਣ ਜਾਂਦੇ ਹਨ, ਜੋ ਵਾਸ਼ਿੰਗਟਨ ਦੇ ਆਰ-ਪਾਰ ਵਾਲੇ ਨਜ਼ਰੀਏ ਤੋਂ ਅਲੱਗ ਵਿਚੋਲਗੀ ਵਾਲਾ ਰੁਖ਼ ਰੱਖਦੇ ਹੋਣ। ਰੂਸ ਖ਼ਿਲਾਫ਼ ਭਾਰਤ ਨੂੰ ਆਪਣੇ ਪਾਲੇ ਵਿੱਚ ਖਿੱਚਣ ਦੀਆਂ ਅਮਰੀਕੀ ਕੋਸ਼ਿਸ਼ਾਂ ਅਜਿਹੀਆਂ ਹੀ ਹਨ। ਸੁਰੱਖਿਆ ਪ੍ਰੀਸ਼ਦ ਵਿੱਚ ਰੂਸ ਖ਼ਿਲਾਫ਼ ਆਏ ਪ੍ਰਸਤਾਵ 'ਤੇ ਭਾਰਤ ਦੀ ਗ਼ੈਰ ਮੌਜੂਦਗੀ ਨੂੰ ਲੈ ਕੇ ਟੀਮ ਬਾਇਡਨ ਭਾਰਤ 'ਤੇ ਹਮਲਾਵਰ ਹੋ ਗਈ ਤੇ ਉਹ ਵੀ ਉਸ ਸਮੇਂ ਜਦੋਂ ਭਾਰਤ ਨੇ ਰੂਸ ਵੱਲੋਂ ਕੂਟਨੀਤਕ ਮਾਰਗ ਦਾ ਤਿਆਗ ਕਰਨ ਦੀ ਆਲੋਚਨਾ ਤੇ ਹਿੰਸਾ ਖ਼ਤਮ ਕਰਨ ਦੀ ਲਗਾਤਾਰ ਅਪੀਲ ਕੀਤੀ।

ਇੱਕ ਅਮਰੀਕੀ ਖ਼ਬਰੀ ਵੈੱਬਸਾਈਟ ਅਨੁਸਾਰ ਅਮਰੀਕੀ ਵਿਦੇਸ਼ ਵਿਭਾਗ ਨੇ ਇੱਕ ਕੇਬਲ ਵਿੱਚ ਕਿਹਾ ਹੈ ਕਿ ਯੂਕਰੇਨ ਨੂੰ ਲੈ ਕੇ ਭਾਰਤ ਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਵਿਚੋਲਗੀ ਰੁਖ਼ ਨੇ ਉਨ੍ਹਾਂ ਨੂੰ 'ਰੂਸ ਦੇ ਪਾਲੇ' 'ਚ ਪਹੁੰਚਾ ਦਿੱਤਾ ਹੈ। ਦਰਅਸਲ ਅਮਰੀਕੀ ਕੂਟਨੀਤੀ ਦਾ ਇਹੋ ਇਤਿਹਾਸ ਰਿਹਾ ਹੈ ਕਿ ਉਸ 'ਚ ਸੰਦੇਸ਼ ਜਾਂ ਚੇਤਾਵਨੀ ਜਾਰੀ ਕਰਨ ਲਈ ਮੀਡੀਆ 'ਲੀਕਸ' ਦਾ ਸਹਾਰਾ ਲਿਆ ਜਾਂਦਾ ਹੈ ਜਿਵੇਂ 1998 ਵਿੱਚ ਚੀਨ ਨਾਲ਼ ਭਾਰਤ ਦੇ ਸੰਬੰਧਾਂ ਨੂੰ ਵਿਗਾੜਨ ਲਈ ਵਾਈਟ ਹਾਊਸ ਤੋਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨੂੰ ਪਰਮਾਣੂ ਪ੍ਰੀਖਣਾਂ ਬਾਰੇ ਲਿਖੀ ਚਿੱਠੀ ਲੀਕ ਕੀਤੀ ਗਈ। ਇਸ ਵੈੱਬਸਾਈਟ ਜ਼ਰੀਏ ਇਸ਼ਾਰਿਆਂ ਵਿੱਚ ਇਹ ਵੀ ਕਿਹਾ ਗਿਆ ਕਿ ਜੇ ਨਵੀਂ ਦਿੱਲੀ ਵਾਸ਼ਿੰਗਟਨ ਦੇ ਰੁਖ਼ ਨਾਲ਼ ਸਹਿਮਤੀ ਨਹੀਂ ਪ੍ਰਗਟਾਉਂਦੀ ਤਾਂ ਭਾਰਤ ਵਿੱਚ ਜਮਹੂਰੀਅਤ ਦੀ ਸਥਿਤੀ ਅਤੇ ਘੱਟਗਿਣਤੀਆਂ ਦੀ ਕਥਿਤ ਅਣਦੇਖੀ 'ਤੇ ਜਨਤਕ ਚਰਚਾ ਸ਼ੁਰੂ ਹੋ ਸਕਦੀ ਹੈ। ਯੂ.ਏ.ਈ. 'ਤੇ ਤਾਂ ਅਮਰੀਕੀ ਦਬਾਅ ਨੇ ਅਸਰ ਵੀ ਦਿਖਾਇਆ। ਜੋ ਯੂ.ਏ.ਈ. 25 ਫ਼ਰਵਰੀ ਨੂੰ ਸੁਰੱਖਿਆ ਪ੍ਰੀਸ਼ਦ ਦੀ ਬੈਠਕ ਵਿੱਚ ਵਿਚੋਲਗੀ ਕਰਦਾ ਰਿਹਾ, ਉਸ ਨੇ 2 ਮਾਰਚ ਨੂੰ ਹੋਈ ਆਮ ਸਭਾ ਦੀ ਬੈਠਕ 'ਚ ਰੂਸ ਖ਼ਿਲਾਫ਼ ਨਿੰਦਾ ਮਤਾ ਦੇ ਪੱਖ ਵਿੱਚ ਵੋਟਿੰਗ ਕੀਤੀ। ਹਾਲਾਂਕਿ ਭਾਰਤ ਦਾ ਰਵੱਈਆ ਪਹਿਲਾਂ ਜਿਹਾ ਹੀ ਰਿਹਾ। ਇੱਥੇ ਇੱਕ ਵਿਰੋਧਾਭਾਸ ਦਿਸਦਾ ਹੈ। ਚੀਨ ਨੇ ਕਈ ਮਹੀਨਿਆਂ ਤੱਕ ਭਾਰਤ ਦੀ ਸਰਹੱਦ 'ਤੇ ਆਪਣੀ ਜੁਅੱਰਤ ਦਿਖਾਈ ਪਰ ਕਿਸੇ ਪੱਛਮੀ ਦੇਸ਼ ਦੇ ਰਾਸ਼ਟਰ ਮੁਖੀ ਨੇ ਚੀਨ ਦੀ ਨਿਖੇਧੀ ਨਹੀਂ ਕੀਤੀ। ਇੱਥੋਂ ਤੱਕ ਕਿ ਉਨ੍ਹਾਂ ਨੇ ਚੀਨ ਨੂੰ ਆਪਣੀ ਫ਼ੌਜ ਪਿੱਛੇ ਹਟਾਉਣ ਨੂੰ ਵੀ ਨਹੀਂ ਕਿਹਾ, ਜਿਸ ਨੇ ਹਿਮਾਲਿਆਈ ਖੇਤਰ ਵਿੱਚ ਤਕਰੀਬਨ ਦੋ ਲੱਖ ਫ਼ੌਜੀ ਜਮਾਂ ਕਰ ਲਏ, ਜੋ ਦੁਵੱਲੇ ਸਮਝੌਤੇ ਦੀ ਘੋਰ ਉਲੰਘਣਾ ਸੀ। ਇਸ ਦੇ ਬਾਵਜੂਦ ਪੱਛਮੀ ਦੇਸ਼ ਚਾਹੁੰਦੇ ਹਨ ਕਿ ਯੂਕਰੇਨ 'ਤੇ ਰੂਸੀ ਹਮਲੇ ਦੇ ਮਾਮਲੇ 'ਚ ਭਾਰਤ ਉਨ੍ਹਾਂ ਦੇ ਪੱਖ 'ਚ ਖੜ੍ਹਾ ਰਹੇ ਜਦਕਿ ਭਾਰਤ ਨਾ ਤਾਂ ਨਾਟੋ ਦਾ ਮੈਂਬਰ ਹੈ ਤੇ ਨਾ ਹੀ ਯੂਰਪੀ ਸੰਘ ਦਾ।

ਜਦੋਂ ਡੋਨਾਲਡ ਟਰੰਪ ਅਮਰੀਕੀ ਰਾਸ਼ਟਰਪਤੀ ਸਨ ਤਾਂ ਉਨ੍ਹਾਂ ਦੇ ਅਮਲੇ ਨੇ ਭਾਰਤ ਦੇ ਪੱਖ ਵਿੱਚ ਆਵਾਜ਼ ਚੁੱਕੀ। ਉਨ੍ਹਾਂ ਦੇ ਵਿਦੇਸ਼ ਮੰਤਰੀ ਰਹੇ ਮਾਈਕ ਪੋਂਪੀਓ ਤੋਂ ਲੈ ਕੇ ਕੌਮੀ ਸੁਰੱਖਿਆ ਸਲਾਹਕਾਰ ਰਾਬਰਟ ਓ ਬ੍ਰਾਇਨ ਅਕਸਰ ਭਾਰਤ ਖ਼ਿਲਾਫ਼ ਚੀਨ ਦੇ ਹਮਲਾਵਰ ਰੁਖ਼ 'ਤੇ ਬੀਜਿੰਗ ਨੂੰ ਆੜੇ ਹੱਥੀਂ ਲੈਂਦੇ ਰਹੇ। ਉਨ੍ਹਾਂ ਨੇ ਇਸ ਨੂੰ 'ਬੇਹੱਦ ਹਮਲਾਵਰ ਕਦਮ', 'ਨਾ ਸਵੀਕਾਰਨਯੋਗ ਵਤੀਰਾ' ਤੇ 'ਸਪਸ਼ਟ ਰੂਪ ਵਿੱਚ ਉਕਸਾਉਣ' ਵਾਲੀ ਕਵਾਇਦ ਦੱਸਿਆ। ਇਸ ਦੇ ਉਲਟ ਚੀਨ ਨਾਲ਼ ਮੁੜ ਰਿਸ਼ਤਿਆਂ ਨੂੰ ਸੁਧਾਰਨ ਦੀ ਤਰਜੀਹ ਦੇਣ ਵਾਲਾ ਬਾਇਡਨ ਪ੍ਰਸ਼ਾਸਨ ਚੀਨ ਦੇ ਹਮਲਾਵਰ ਰੁਖ਼ ਦੇ ਮਾਮਲੇ ਵਿੱਚ ਭਾਰਤ ਦੀ ਜਨਤਕ ਹਮਾਇਤ ਤੋਂ ਬਚਦਾ ਰਿਹਾ। ਏਨਾ ਹੀ ਨਹੀਂ ਬਾਇਡਨ ਨੇ ਚੀਨ ਦੇ ਹਮਲਾਵਰ ਰੁਖ਼ ਨੂੰ ਹਿੰਦ-ਪ੍ਰਸ਼ਾਂਤ ਰਣਨੀਤੀ ਦਾ ਹਿੱਸਾ ਨਾ ਮੰਨ ਕੇ ਭਾਰਤ ਨਾਲ਼ ਕੰਟਰੋਲ ਰੇਖਾ ਨਾਲ਼ ਜੁੜਿਆ ਮਸਲਾ ਦੱਸਿਆ। ਚੀਨ ਤਾਂ ਛੱਡੋ, ਪਾਕਿਸਤਾਨ ਦੇ ਮਾਮਲੇ ਵਿੱਚ ਵੀ ਟੀਮ ਬਾਇਡਨ ਨੇ ਭਾਰਤ ਨੂੰ ਠੋਸ ਹਮਾਇਤ ਨਹੀਂ ਦਿੱਤੀ। ਪ੍ਰਮੁੱਖ ਗ਼ੈਰ-ਨਾਟੋ ਸਹਿਯੋਗੀ ਦੇ ਰੂਪ 'ਚ ਉਹ ਪਾਕਿਸਤਾਨ 'ਤੇ ਲਗਾਤਾਰ ਦਾਅ ਲਾ ਰਿਹਾ ਹੈ ਤੇ ਉਹ ਵੀ ਉਸ ਸਮੇਂ ਜਦੋਂ ਪਾਕਿਸਤਾਨ ਦੇ ਪਿੱਠੂਆਂ ਯਾਨੀ ਤਾਲਿਬਾਨ ਦੇ ਹੱਥੋਂ ਉਸ ਨੂੰ ਅਫ਼ਗਾਨਿਸਤਾਨ 'ਚ ਅਪਮਾਨਜਨਕ ਹਾਰ ਮਿਲੀ। ਪਾਕਿਸਤਾਨ 'ਤੇ ਕਿਸੇ ਤਰ੍ਹਾਂ ਦੀ ਪਾਬੰਦੀ ਲਾਉਣ 'ਚ ਬਾਇਡਨ ਦੀ ਨਾਕਾਮੀ ਕਾਰਨ ਹੀ ਉਹ ਹਾਲੇ ਤੱਕ ਅੱਤਵਾਦੀ ਦੇਸ਼ਾਂ ਦੀ ਅਮਰੀਕੀ ਸੂਚੀ ਤੋਂ ਬਾਹਰ ਹੈ। ਇਸ ਦੇ ਬਾਵਜੂਦ ਟੀਮ ਬਾਇਡਨ ਇਹੋ ਚਾਹੁੰਦੀ ਹੈ ਕਿ ਯੂਕਰੇਨ ਮਸਲੇ 'ਤੇ ਭਾਰਤ ਉਨ੍ਹਾਂ ਦੀ ਪੁਰਜ਼ੋਰ ਹਮਾਇਤ ਕਰੇ।

ਇਹ ਸਹੀ ਹੈ ਕਿ ਅਮਰੀਕਾ ਭਾਰਤ ਦਾ ਮਹੱਤਵਪੂਰਨ ਰਣਨੀਤਕ ਸਾਂਝੇਦਾਰ ਬਣਦਾ ਜਾ ਰਿਹਾ ਹੈ ਪਰ ਦਹਾਕਿਆਂ ਤੋਂ ਸੁਰੱਖਿਆ ਪ੍ਰੀਸ਼ਦ 'ਚ ਭਾਰਤ ਦਾ ਕਵਚ ਬਣਦਾ ਆਇਆ ਰੂਸ ਵੀ ਸਾਡਾ ਓਨਾ ਹੀ ਮਹੱਤਵਪੂਰਨ ਮਿੱਤਰ ਹੈ। ਅਜਿਹੀ ਸਥਿਤੀ 'ਚ ਕੀ ਭਾਰਤ ਪੱਛਮ ਨਾਲ਼ ਮਿਲ ਕੇ ਉਸ ਦੇਸ਼ ਖ਼ਿਲਾਫ਼ ਵੋਟਿੰਗ ਕਰਦਾ, ਜੋ ਬ੍ਰਹਮੋਸ ਮਿਜ਼ਾਇਲ ਤੋਂ ਲੈ ਕੇ ਪਰਮਾਣੂ ਪਣਡੁੱਬੀ ਜਿਹੀ ਤਕਨੀਕ ਤੇ ਰੱਖਿਆ ਸਾਜ਼ੋ-ਸਾਮਾਨ ਦੀ ਸਪਲਾਈ ਦਾ ਅਹਿਮ ਸ੍ਰੋਤ ਹੈ ? ਚੀਨ ਖ਼ਿਲਾਫ਼ ਭਾਰਤ ਨੂੰ ਸਮਰੱਥ ਬਣਾਉਣ ਲਈ ਰੂਸ ਐੱਸ-400 ਏਅਰ ਤੇ ਐਂਟੀ-ਮਿਜ਼ਾਈਲ ਸਿਸਟਮ ਅਗਾਊਂ ਦੇਣ ਦੀ ਤਿਆਰੀ ਕਰ ਰਿਹਾ ਹੈ।

ਅਮਰੀਕਾ ਭਾਰਤ ਦੀ ਰਣਨੀਤਕ ਖ਼ੁਦਮੁਖਤਿਆਰੀ ਨੂੰ ਮਹੱਤਵ ਦਿੰਦਾ ਹੈ। ਭਾਰਤ ਨੂੰ ਵੀ ਇਹੋ ਕਰਨਾ ਚਾਹੀਦਾ ਹੈ। ਮਾਸਕੋ ਨਾਲ਼ ਰਿਸ਼ਤਿਆਂ ਦੇ ਵਿਗੜਨ ਦਾ ਅਰਥ ਹੋਵੇਗਾ ਭਾਰਤ ਦੀ ਅਮਰੀਕਾ 'ਤੇ ਨਿਰਭਰਤਾ ਵਧਣਾ, ਜਿਸ 'ਤੇ ਭਰੋਸਾ ਕਰਨਾ ਬੜਾ ਸ਼ੱਕੀ ਹੈ। ਅਮਰੀਕਾ ਪਹਿਲਾਂ ਤੋਂ ਹੀ ਭਾਰਤ ਦੇ ਵੱਡੇ ਹਥਿਆਰ ਸੌਦੇ ਹਾਸਲ ਕਰ ਰਿਹਾ ਹੈ, ਫਿਰ ਵੀ ਉਹ ਇਹੋ ਚਾਹੁੰਦਾ ਹੈ ਕਿ ਉਹ ਭਾਰਤ ਨੂੰ ਸਾਰੇ ਹਥਿਆਰਾਂ ਦੀ ਸਪਲਾਈ ਕਰੇ।

ਰੂਸ ਤੋਂ ਭਾਰਤ ਵਾਸਤੇ ਰੱਖਿਆ ਦੇ ਸਾਜ਼ੋ-ਸਾਮਾਨ ਦੀ ਸਪਲਾਈ ਲਈ ਉਸ ਨੇ 2017 'ਚ ਕਾਟਸਾ ਨਾਂ ਤੋਂ ਇੱਕ ਘਰੇਲੂ ਕਾਨੂੰਨ ਵੀ ਬਣਾਇਆ। ਹੁਣ ਇਸ ਨਵੇਂ ਸੀਤ ਯੁੱਧ ਦੀ ਆਹਟ ਨਾਲ਼ ਅਮਰੀਕਾ ਅਜਿਹੀਆਂ ਕੋਸ਼ਿਸ਼ਾਂ ਹੋਰ ਤੇਜ਼ ਕਰੇਗਾ। ਫ਼ਿਲਹਾਲ ਭਾਰਤ ਸਭ ਤੋਂ ਜ਼ਿਆਦਾ ਸਾਲਾਨਾ ਜੰਗੀ ਅਭਿਆਸ ਅਮਰੀਕਾ ਨਾਲ਼ ਕਰ ਰਿਹਾ ਹੈ। ਭਾਰਤ ਨੂੰ ਹਥਿਆਰਾਂ ਦੀ ਵਿਕਰੀ ਵਿੱਚ ਵੀ ਅਮਰੀਕਾ ਨੇ ਰੂਸ ਨੂੰ ਪਛਾੜ ਦਿੱਤਾ ਹੈ। ਨਵੀਂ ਦਿੱਲੀ ਵੀ ਵਾਸ਼ਿੰਗਟਨ ਨਾਲ਼ ਰਿਸ਼ਤਿਆਂ ਨੂੰ ਹੋਰ ਗਹਿਰਾਈ ਦੇਣ ਪ੍ਰਤੀ ਉਤਸੁਕ ਹੈ। ਅਜਿਹੀ ਸਥਿਤੀ 'ਚ ਭਾਰਤ ਨਾਲ਼ 'ਇੱਧਰ ਜਾਂ ਉੱਧਰ' ਵਾਲਾ ਵਿਵਹਾਰ ਉਚਿਤ ਨਹੀਂ। ਰੂਸ ਤੇ ਅਮਰੀਕਾ 'ਚੋਂ ਕਿਸੇ ਇੱਕ ਬਦਲ ਨੂੰ ਚੁਣਨ ਦਾ ਦਬਾਅ ਕੇਵਲ ਭਾਰਤ-ਅਮਰੀਕਾ ਦੇ ਰਿਸ਼ਤਿਆਂ ਵਿੱਚ ਵਧਦੀ ਮਿਠਾਸ ਨੂੰ ਘੱਟ ਕਰਨ ਦਾ ਹੀ ਕੰਮ ਕਰੇਗਾ।

# ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਡੇਰਾ ਪ੍ਰਭਾਵ ਨੁੱਸ ਕਿਉਂ ਹੋਇਆ



ਡਾ. ਪਰਮਵੀਰ ਸਿੰਘ

ਭਾਰਤ ਦੀ ਵੋਟ ਪ੍ਰਣਾਲੀ ਵਿੱਚ ਧਰਮ ਦੀਆਂ ਸੰਸਥਾਵਾਂ ਅਤੇ ਧਾਰਮਿਕ ਪ੍ਰਭਾਵ ਰੱਖਣ ਵਾਲੇ ਡੇਰਿਆਂ ਦਾ ਪ੍ਰਭਾਵ ਅਕਸਰ ਦੇਖਣ ਨੂੰ ਮਿਲਦਾ ਹੈ। ਪੰਜਾਬ ਵਿੱਚ ਵੀ ਇਹ ਪ੍ਰਭਾਵ ਦਿਨੋ-ਦਿਨ ਵਧਦਾ ਦਿਖਾਈ ਦੇ ਰਿਹਾ ਸੀ।

ਪੰਜਾਬ ਦੀ ਹਰ ਇੱਕ ਰਾਜਨੀਤਿਕ ਪਾਰਟੀ ਕਿਸੇ ਨਾ ਕਿਸੇ ਡੇਰੇ ਨਾਲ਼ ਜੁੜੀ ਹੋਈ ਹੈ ਅਤੇ ਬਹੁਤ ਸਾਰੇ ਰਾਜਨੀਤਿਕ ਆਗੂ ਇਹਨਾਂ ਡੇਰਿਆਂ ਵਿੱਚ ਅਕਸਰ ਹਾਜ਼ਰੀ ਲਵਾਉਂਦੇ ਨਜ਼ਰ ਆਉਂਦੇ ਹਨ। ਪਰ ਇਸ ਵਾਰੀ ਜਿਸ ਤਰ੍ਹਾਂ ਦੇ ਰੁਝਾਨ ਦੇਖਣ ਨੂੰ ਮਿਲ ਰਹੇ ਹਨ ਉਨ੍ਹਾਂ ਵਿੱਚ ਡੇਰਿਆਂ ਅਤੇ ਧਾਰਮਿਕ ਸੰਸਥਾਵਾਂ ਦਾ ਪ੍ਰਭਾਵ ਮਨਫ਼ੀ ਨਜ਼ਰ ਆਉਂਦਾ ਹੈ ਜਾਂ ਇੰਝ ਕਹਿ ਲਵੋ ਕਿ ਧਾਰਮਿਕ ਡੇਰਿਆਂ ਦਾ ਪ੍ਰਭਾਵ ਰਾਜਨੀਤਿਕ ਕ੍ਰਿਸ਼ਮਾ ਕਰਨ ਵਿੱਚ ਅਸਫ਼ਲ ਰਿਹਾ ਹੈ।

ਪੰਜਾਬ ਵਿੱਚ ਲਗਭਗ 12500 ਪਿੰਡ ਹਨ ਅਤੇ ਹਰ ਪਿੰਡ ਵਿੱਚ ਕਿਸੇ ਨਾ ਕਿਸੇ ਡੇਰੇ ਦਾ ਪ੍ਰਭਾਵ ਨਜ਼ਰ ਆਉਂਦਾ ਹੈ। 9000 ਤੋਂ ਵਧੇਰੇ ਡੇਰੇ ਪੰਜਾਬ ਵਿੱਚ ਮੌਜੂਦ ਹਨ ਅਤੇ ਆਮ ਲੋਕ ਵਹੀਰਾਂ ਘੱਤ ਕੇ ਇਨ੍ਹਾਂ ਡੇਰਿਆਂ ਵਿਖੇ ਲੱਗਣ ਵਾਲੇ ਦੀਵਾਨਾਂ ਵਿੱਚ ਹਿੱਸਾ ਲੈਂਦੇ ਹਨ ਅਤੇ ਆਪਣਾ ਬਣਦਾ ਯੋਗਦਾਨ ਪਾਉਂਦੇ ਹਨ। ਸਾਰੀ ਰਾਤ ਸੰਗਤ ਦੀ ਸੇਵਾ ਕਰਦੇ ਅਤੇ ਧਾਰਮਿਕ ਵਿਚਾਰਾਂ ਸੁਣਦੇ ਹਨ। ਫਿਰ ਇਸ ਦਾ ਕੀ ਕਾਰਨ ਹੋ ਸਕਦਾ ਹੈ ਕਿ ਰਾਜਨੀਤਿਕ ਕਾਰਜ ਵੇਲੇ ਆਮ ਲੋਕ ਧਾਰਮਿਕ ਡੇਰਿਆਂ ਦੇ ਪ੍ਰਭਾਵ ਤੋਂ ਮੁਕਤ ਹੋ ਗਏ ਹੋਣ ?

ਪੰਜਾਬ ਵਿੱਚ ਡੇਰਿਆਂ ਦੇ ਪ੍ਰਭਾਵ ਅਤੇ ਰਾਜਨੀਤੀ 'ਤੇ ਅਕਸਰ ਚਰਚਾ ਹੁੰਦੀ ਹੈ ਅਤੇ ਪੰਜਾਬ ਦੇ ਹਰ ਇੱਕ ਚੈਨਲ 'ਤੇ ਹੋਣ ਵਾਲੀ ਚਰਚਾ ਵਿੱਚ ਕਿਸੇ ਨਾ ਕਿਸੇ ਡੇਰੇ ਦਾ ਨਾਂ ਆ ਜਾਂਦਾ ਹੈ ਅਤੇ ਕਈ ਵਾਰੀ ਇਹ ਡੇਰੇ ਹੀ ਚਰਚਾ ਦਾ ਵਿਸ਼ਾ ਬਣ ਜਾਂਦੇ ਹਨ। ਰਾਜਨੀਤਿਕ ਵਿਸ਼ਲੇਸ਼ਕ ਪੰਜਾਬ ਦੀ ਰਾਜਨੀਤੀ ਦੀ ਗੱਲ ਕਰਦਿਆਂ ਡੇਰਿਆਂ ਦੀ ਗੱਲ ਕਰਨੀ ਨਹੀਂ ਭੁੱਲਦੇ ਅਤੇ ਆਪਣੇ ਵਿਸ਼ਲੇਸ਼ਣ ਵਿੱਚ ਡੇਰਿਆਂ ਦੇ ਪ੍ਰਭਾਵ 'ਤੇ ਰਾਜਨੀਤਿਕ ਪਾਰਟੀਆਂ ਦਾ ਭਵਿੱਖ ਤੈਅ ਕਰਦੇ ਹਨ।

ਪੰਜਾਬ ਦੇ ਚੋਣ ਦ੍ਰਿਸ਼ ਅਤੇ ਸਰਵੇਖਣਾਂ ਵਿੱਚ ਡੇਰਾ ਸੱਚਾ ਸੌਦਾ, ਡੇਰਾ ਬਿਆਸ ਅਤੇ ਸੰਤ ਸਮਾਜ ਦੀ ਭੂਮਿਕਾ ਨੂੰ ਪ੍ਰਮੁੱਖਤਾ ਪ੍ਰਦਾਨ ਕੀਤੀ ਗਈ ਹੈ। ਇੱਥੋਂ ਤੱਕ ਕਿ ਹਰ ਰਾਜਨੀਤਿਕ ਪਾਰਟੀ ਦਾ ਆਗੂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕ ਕੇ ਉੱਥੋਂ ਦੀ ਫ਼ੋਟੋ ਮੀਡੀਆ ਨਾਲ਼ ਸਾਂਝੀ ਕਰਦਾ ਰਿਹਾ ਹੈ। ਰਾਜਨੀਤਿਕ ਪਾਰਟੀਆਂ ਦੇ ਬਾਹਰੋਂ ਆਉਣ ਵਾਲੇ ਆਗੂ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰ ਕਰਨ ਲਈ ਜਾਂਦੇ ਰਹੇ ਹਨ।

ਰਾਜਨੀਤਿਕ ਪਾਰਟੀਆਂ ਇਸ ਆਸ ਨਾਲ਼ ਡੇਰਿਆਂ ਅਤੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਲਈ ਜਾਂਦੀਆਂ ਹਨ ਤਾਂ ਕਿ ਉੱਥੇ ਦਰਸ਼ਨ ਕਰਨ ਲਈ ਆਉਣ ਵਾਲੀ ਸੰਗਤ ਉਨ੍ਹਾਂ 'ਤੇ ਵੀ ਮਿਹਰਬਾਨ ਹੋ ਜਾਵੇ ਤਾਂ ਰਾਜ ਕਰਨ ਦਾ ਮੌਕਾ ਹਾਸਲ ਹੋ ਸਕਦਾ ਹੈ। ਇਸ ਵਾਰ ਜਿਹੜੀਆਂ ਰਾਜਨੀਤਿਕ ਪਾਰਟੀਆਂ ਨੂੰ ਜਿਹੜੇ ਵਿਸ਼ੇਸ਼ ਡੇਰਿਆਂ ਨਾਲ਼ ਜੋੜ ਕੇ ਦੇਖਿਆ ਜਾ ਰਿਹਾ ਸੀ, ਉਹ ਸਭ ਕਿਆਸ-ਅਰਾਈਆਂ ਫੇਲ ਸਾਬਿਤ ਹੋਈਆਂ ਹਨ।

ਪ੍ਰੋ. ਪੂਰਨ ਸਿੰਘ ਦਾ ਇੱਕ ਮਹੱਤਵਪੂਰਨ ਕਥਨ ਹੈ ਕਿ 'ਪੰਜਾਬ ਜੀਉਂਦਾ ਗੁਰਾਂ ਦੇ ਨਾਂ ਤੇ', ਇਹ ਕਥਨ ਆਪਣੇ ਆਪ ਵਿੱਚ ਬਹੁਤ ਸਾਰੀਆਂ ਸੰਭਾਵਨਾਵਾਂ ਦੇ ਦਰਸ਼ਨ ਕਰਵਾ ਦਿੰਦਾ ਹੈ। ਇਸ ਦਾ ਸਭ ਤੋਂ ਪ੍ਰਮੁੱਖ ਪਹਿਲੂ ਇਹ ਹੈ ਕਿ ਪੰਜਾਬ ਦੇ ਲੋਕਾਂ ਦੀ ਜੀਵਨ-ਜਾਚ ਅਤੇ ਵਰਤੋਂ-ਵਿਹਾਰ ਦੀ ਸੇਧ ਅਤੇ ਸ਼ੁੱਧਤਾ 'ਤੇ ਗੁਰੂ ਸਾਹਿਬਾਨ ਦਾ ਪ੍ਰਭਾਵ ਹੈ ਅਤੇ ਹਰ ਇੱਕ ਪੰਜਾਬੀ ਗੁਰੂ ਸਾਹਿਬਾਨ ਦੀ ਸਿੱਖਿਆ ਦੇ ਅਨੁਰੂਪ ਆਪਣਾ ਜੀਵਨ ਬਸਰ ਕਰਨਾ ਚਾਹੁੰਦਾ ਹੈ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ



ਪ੍ਰਚਾਰ ਅਤੇ ਪ੍ਰਸਾਰ ਕਰਨ ਵਾਲੇ ਸਿੱਖ ਸੰਗਤ ਵਿੱਚ ਵਿਸ਼ੇਸ਼ ਸਤਿਕਾਰ ਰੱਖਦੇ ਹਨ ਅਤੇ ਗੁਰੂ ਦੇ ਨਾਂ 'ਤੇ ਕੁਝ ਵੀ ਕੁਰਬਾਨ ਕਰਨ ਲਈ ਤਿਆਰ ਰਹਿੰਦੇ ਹਨ। ਇਸ ਲਈ ਪੰਜਾਬ ਵਿੱਚ ਜਿੰਨੇ ਵੀ ਡੇਰੇ ਮੌਜੂਦ ਹਨ ਉਨ੍ਹਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦੇਖਣ ਨੂੰ ਮਿਲ ਜਾਂਦਾ ਹੈ। ਗੁਰੂ ਦੇ ਪ੍ਰਤੀ ਸ਼ਰਧਾ ਪ੍ਰਗਟ ਕਰਨ ਲਈ ਆਈ ਸੰਗਤ ਨੂੰ ਜਦੋਂ ਕੋਈ ਡੇਰੇਦਾਰ ਨਿੱਜੀ ਸੰਗਤ ਸਮਝਣ ਲੱਗ ਪੈਂਦਾ ਹੈ ਤਾਂ ਸਮੱਸਿਆ ਪੈਦਾ ਹੋਣੀ ਸੁਭਾਵਕ ਹੈ।

ਡੇਰਿਆਂ ਦੇ ਵਧਣ ਨਾਲ਼ ਇਨ੍ਹਾਂ ਵਿੱਚ ਟਕਰਾਓ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ। ਹਰ ਇੱਕ ਡੇਰਾ ਆਪਣੇ ਆਪ ਨੂੰ ਦੂਜਿਆਂ ਤੋਂ ਸ੍ਰੇਸ਼ਟ ਅਤੇ ਵਧੇਰੇ ਧਾਰਮਿਕ ਪ੍ਰਭਾਵ ਵਾਲਾ ਸਾਬਿਤ ਕਰਨ ਲਈ ਪੁਰਜ਼ੋਰ ਯਤਨ ਕਰਦਾ ਹੈ ਅਤੇ ਅਜਿਹੇ ਯਤਨਾਂ ਵਿੱਚ ਟਕਰਾਓ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਟਕਰਾਓ ਵਿੱਚ ਗੁਰੂ ਪ੍ਰਤੀ ਸ਼ਰਧਾ ਅਤੇ ਸਮਰਪਣ ਘੱਟ ਜਾਂਦਾ ਹੈ ਅਤੇ ਇਹ ਝੁਕਾਓ ਡੇਰਿਆਂ ਵੱਲ ਵਧੇਰੇ ਨਜ਼ਰ ਆਉਣ ਲੱਗ ਪੈਂਦਾ ਹੈ। ਰਾਜਨੀਤਿਕ ਪਾਰਟੀਆਂ ਇਸ ਟਕਰਾਓ ਦਾ ਫ਼ਾਇਦਾ ਲੈਂਦੀਆਂ ਹਨ ਅਤੇ ਇਨ੍ਹਾਂ ਨੂੰ ਆਪਣੇ ਹਿੱਤਾਂ ਲਈ ਵਰਤਣ ਤੋਂ ਸੰਕੋਚ ਨਹੀਂ ਕਰਦੀਆਂ। ਲੰਮੇ ਸਮੇਂ ਤੋਂ ਡੇਰਿਆਂ ਅਤੇ ਰਾਜਨੀਤਿਕ ਪਾਰਟੀਆਂ ਵਿੱਚ ਜਿਸ ਤਰ੍ਹਾਂ ਦਾ ਮੌਕਾ-ਮੇਲ ਦੇਖਣ ਨੂੰ ਮਿਲ ਰਿਹਾ ਹੈ, ਉਸ ਦੇ ਨਤੀਜੇ ਆਮ ਲੋਕਾਂ ਨੂੰ ਭੁਗਤਣੇ ਪੈ ਰਹੇ ਹਨ।

ਹਰ ਇੱਕ ਮਨੁੱਖ ਦੇ ਮਨ ਵਿੱਚ ਧਾਰਮਿਕ ਅੰਸ਼ ਮੌਜੂਦ ਹੁੰਦਾ ਹੈ ਅਤੇ ਉਹ ਇਸ ਦੀ ਤ੍ਰਿਪਤੀ ਲਈ ਹਮੇਸ਼ਾ ਯਤਨਸ਼ੀਲ ਰਹਿੰਦਾ ਹੈ। ਉਸ ਨੂੰ ਜਿੱਥੋਂ ਵੀ ਆਪਣੀ ਅਧਿਆਤਮਕ ਭੁੱਖ ਦੀ ਤ੍ਰਿਪਤੀ ਨਜ਼ਰ ਆਉਂਦੀ ਹੈ, ਉਹ ਉਸੇ ਦਿਸ਼ਾ ਵੱਲ ਤੁਰ ਪੈਂਦਾ ਹੈ। ਡੇਰਿਆਂ ਦੇ ਪ੍ਰਫੁੱਲਿਤ ਹੋਣ ਦਾ ਰਾਜਸੀ ਕਾਰਨ ਕੋਈ ਵੀ ਹੋਵੇ ਪਰ ਆਮ ਲੋਕ ਇਨ੍ਹਾਂ ਕੋਲ਼ ਆਪਣੀ ਅਧਿਆਤਮਕ ਭੁੱਖ ਦੀ ਤ੍ਰਿਪਤੀ ਦੀ ਆਸ ਲਈ ਜਾਂਦੇ ਹਨ। ਜਦੋਂ ਡੇਰਿਆਂ ਤੇ ਰਾਜਨੀਤਕ ਆਗੂਆਂ ਦੇ ਪ੍ਰਭਾਵ ਵਿੱਚੋਂ ਉਨ੍ਹਾਂ ਨੂੰ ਆਪਣੇ ਨਿੱਜੀ ਕੰਮ ਵੀ ਨਜ਼ਰ ਆਉਣ ਲੱਗਦੇ ਹਨ ਤਾਂ ਅਧਿਆਤਮਕ ਤ੍ਰਿਪਤੀ ਵਾਲਾ ਅੰਸ਼ ਮਨਫ਼ੀ ਹੋਣ ਲੱਗਦਾ ਹੈ।

ਚੋਣਾਂ ਤੋਂ ਪਹਿਲਾਂ ਪੰਜਾਬ ਦੀ ਰਾਜਨੀਤੀ ਵਿੱਚ ਇਸ ਵਾਰੀ ਵੀ ਡੇਰਿਆਂ ਦਾ ਪ੍ਰਭਾਵ ਸਪੱਸ਼ਟ ਨਜ਼ਰ ਆ ਰਿਹਾ ਸੀ ਪਰ ਚੋਣ ਨਤੀਜੇ ਇਸ ਦੇ ਬਿਲਕੁਲ ਉਲਟ ਸਾਹਮਣੇ ਆਏ ਹਨ। ਇਸ ਦਾ ਇੱਕ ਵੱਡਾ ਕਾਰਨ ਇਹ ਦੇਖਿਆ ਜਾ ਸਕਦਾ ਹੈ ਕਿ ਧਾਰਮਿਕ ਡੇਰਿਆਂ ਦੇ ਰਾਜਨੀਤਿਕ ਪ੍ਰਭਾਵ ਨੂੰ ਆਮ ਲੋਕਾਂ ਨੇ ਨਜ਼ਰ-ਅੰਦਾਜ਼ ਕਰ ਦਿੱਤਾ ਹੈ। ਉਹ ਸਮਝਣ ਲੱਗੇ ਹਨ ਕਿ ਡੇਰਿਆਂ ਦੀ ਰਾਜਨੀਤੀ ਨੇ ਪੰਜਾਬ ਦੀ ਪ੍ਰੇਮ, ਭਾਈਚਾਰੇ ਅਤੇ ਅਧਿਆਤਮਕ ਫ਼ਿਜ਼ਾ ਨੂੰ ਖ਼ਰਾਬ ਕਰਨ ਦਾ ਕਾਰਜ ਕੀਤਾ ਹੈ।

# ਪੰਜਾਬ ਵਿੱਚ ਆਪ ਸਰਕਾਰ ਸਾਹਮਣੇ ਚੁਣੌਤੀ



**ਡਾਕਟਰ ਐੱਸ.ਐੱਸ. ਛੀਨਾ**

ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਵੱਡੀ ਜਿੱਤ ਮਿਲੀ ਹੈ। ਇਸ ਸਰਕਾਰ ਨੂੰ ਬਹੁਤ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ, ਜਿਨਾਂ ਦੀ ਮਿਸਾਲ ਪਿਛਲੇ ਸਮਿਆਂ ਵਿੱਚ ਨਹੀਂ ਮਿਲਦੀ। ਹੁਣ ਰਾਜਨੀਤਕ ਪਾਰਟੀਆਂ ਵੀ ਸਮਝ ਚੁੱਕੀਆਂ ਹਨ ਕਿ ਪੰਜਾਬ ਦਾ ਵੋਟਰ ਪਹਿਲਾਂ ਤੋਂ ਕਿਤੇ ਜ਼ਿਆਦਾ ਚੇਤਨ ਹੋ ਚੁੱਕਾ ਹੈ। ਭਾਵੇਂ ਕਿ ਲੋਕਤੰਤਰ ਦੀਆਂ ਦੋ ਮੁੱਢਲੀਆਂ ਸ਼ਰਤਾਂ ਪੂਰਨ ਸਾਖਰਤਾ (ਪੜਾਈ) ਅਤੇ ਖ਼ੁਸ਼ਹਾਲੀ ਤੋਂ ਉਹ ਕਿਤੇ ਦੂਰ ਹਨ, ਫਿਰ ਵੀ ਨਵੀਂ ਸਰਕਾਰ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਉਨਾਂ ਵੱਲੋਂ ਆਪ ਸਹੇੜੀਆਂ ਮੁਫ਼ਤ ਤੋਹਫ਼ਿਆਂ ਦੀਆਂ ਪੰਡਾਂ ਹੋਣਗੀਆਂ, ਕਿਉਂਕਿ ਕੋਈ ਵੀ ਪਾਰਟੀ ਮੁਫ਼ਤ ਦੇ ਤੋਹਫ਼ਿਆਂ ਦੇ ਐਲਾਨਾਂ ਤੋਂ ਪਿੱਛੇ ਨਹੀਂ ਰਹੀ ਭਾਵੇਂ ਕਿ ਉਹ ਸੂਬੇ ਦੀ ਕਮਜ਼ੋਰ ਆਰਥਿਕ ਸਥਿਤੀ ਅਨੁਸਾਰ ਸੰਭਵ ਸਨ ਜਾਂ ਨਹੀਂ। ਹਰ ਪਾਰਟੀ ਨੇ ਮੁਫ਼ਤ ਬਿਜਲੀ ਦੇਣ ਦੇ ਵਾਅਦੇ ਕੀਤੇ ਹਨ ਜਿਹੜੇ ਭਾਵੇਂ ਕੁਝ ਸੀਮਾ ਵਿੱਚ ਤਾਂ ਹਨ ਪਰ ਉਹ ਸਰਕਾਰ ’ਤੇ ਵੱਡਾ ਬੋਝ ਪਾਉਣਗੇ। ਪਹਿਲਾਂ ਹੀ ਸਰਕਾਰ ਵੱਲੋਂ ਮੁਫ਼ਤ ਬਿਜਲੀ ਦੇਣ ਕਰਕੇ ਸਾਲਾਨਾ 10500 ਕਰੋੜ ਰੁਪਏ ਦੀ ਸਬਸਿਡੀ ਪਾਵਰਕਾਮ ਨੂੰ ਦਿੱਤੀ ਜਾਂਦੀ ਸੀ ਜਿਹੜੇ ਨਵੇਂ ਤੋਹਫ਼ਿਆਂ ਨਾਲ਼ ਵਧ ਕੇ 14500 ਕਰੋੜ ਰੁਪਏ ਹੋ ਜਾਵੇਗੀ। ਪੰਜਾਬ ਸਰਕਾਰ ਜਿਹੜੀ ਤਕਰੀਬਨ 3 ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਭਾਰ ਥੱਲੇ ਦੱਬੀ ਹੋਈ ਹੈ, ਨੂੰ ਕੋਈ 20 ਹਜ਼ਾਰ ਕਰੋੜ ਰੁਪਏ ਸਾਲਾਨਾ ਵਿਆਜ ਅਦਾ ਕਰਨਾ ਪੈਂਦਾ ਹੈ। ਉਸ ਲਈ ਸਾਧਨਾਂ ਨੂੰ ਪੈਦਾ ਕਰਨਾ ਵੱਡੀ ਚੁਣੌਤੀ ਵਾਲੀ ਗੱਲ ਹੋਵੇਗੀ।

ਔਰਤਾਂ ਨੂੰ ਪ੍ਰਤੀ ਮਹੀਨਾ ਹਜ਼ਾਰਾਂ ਰੁਪਏ ਦੇ ਭੱਤੇ, ਬਾਹਰ ਜਾ ਕੇ ਪੜਨ ਵਾਲੇ ਬੱਚਿਆਂ ਲਈ ਰਕਮਾਂ ਅਤੇ ਹੋਰ ਕੀਤੇ ਵਾਅਦੇ ਆਦਿ ਭਾਵੇਂ ਸਭ ਤੋਂ ਵੱਡੀਆਂ ਚੁਣੌਤੀਆਂ ਹਨ ਪਰ ਸਰਕਾਰ ਦੇ ਸਾਹਮਣੇ ਅਸਲ ਚੁਣੌਤੀ ਹੈ ਸੂਬੇ ਦੀ ਆਰਥਿਕ ਅਤੇ ਪ੍ਰਬੰਧਕੀ ਹਾਲਤ ਨੂੰ ਸੁਧਾਰਨਾ। ਬੇਰੁਜ਼ਗਾਰੀ ਸੂਬੇ ਦਾ ਸਭ ਤੋਂ ਵੱਡਾ ਮਸਲਾ ਹੈ। ਇਸ ਵਕਤ ਸੂਬੇ ਦੇ ਕੋਈ 9 ਲੱਖ ਲੋਕ ਬੇਰੁਜ਼ਗਾਰ ਹਨ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਪਰ ਖੇਤੀ ਵਿੱਚ ਰੁਜ਼ਗਾਰ ਦੇ ਮੌਕੇ ਬਿਲਕੁਲ ਨਹੀਂ ਸਗੋਂ ਲੋੜ ਹੈ ਖੇਤੀ ਵਿੱਚੋਂ ਵਸੋਂ ਨੂੰ ਹਟਾ ਕੇ ਗ਼ੈਰ-ਖੇਤੀ ਧੰਦਿਆਂ ਵਿੱਚ ਲਾਇਆ ਜਾਵੇ ਕਿਉਂਕਿ ਖੇਤੀ ਖੇਤਰ ਵਿੱਚ ਅਰਧ-ਬੇਰੁਜ਼ਗਾਰੀ ਅਤੇ ਲੁਕੀ-ਛਿਪੀ ਬੇਰੁਜ਼ਗਾਰੀ ਬਹੁਤ ਹੈ। 1980ਵਿਆਂ ਵਿੱਚ ਸੂਬੇ ਵਿੱਚ ਕੇਂਦਰ ਸਰਕਾਰ ਦੀ ਮਦਦ ਨਾਲ਼ ਅਤੇ ਸੂਬੇ ਵੱਲੋਂ ਆਪਣੇ ਤੌਰ ’ਤੇ ਹੱਥ ਦਸਤਕਾਰੀਆਂ ਦੇ ਸਿਖਲਾਈ ਤੇ ਨਿਰਮਾਣ ਕੇਂਦਰ ਵੱਖ-ਵੱਖ ਜ਼ਿਲਿਆਂ ਵਿੱਚ ਸਥਾਪਤ ਕੀਤੇ ਗਏ ਸਨ, ਜਿਨਾਂ ਵਿੱਚ ਮੁੱਖ ਤੌਰ ’ਤੇ ਗਲ਼ੀਚੇ ਬਣਾਉਣ ਅਤੇ ਉਤਪਾਦਨ ਕਰਨ ਦਾ ਕੰਮ ਕੀਤਾ ਜਾਂਦਾ ਸੀ, ਜਿਸ ਵਿੱਚ ਔਰਤਾਂ ਕੰਮ ਕਰਦੀਆਂ ਸਨ, ਕਿਉਂਕਿ ਔਰਤਾਂ ਦੀ ਬੇਰੁਜ਼ਗਾਰੀ ਮਰਦਾਂ ਤੋਂ ਵੀ ਜ਼ਿਆਦਾ ਸੀ। ਉਸ ਨਾਲ਼ ਸੂਬਾ ਹਰ ਸਾਲ ਹਜ਼ਾਰਾਂ ਕਰੋੜ ਰੁਪਿਆਂ ਦੇ ਗਲੀਚੇ ਬਰਾਮਦ ਕਰਦਾ ਸੀ। ਉਹ ਸਮਰੱਥਾ ਅਤੇ ਮੌਕੇ ਹੁਣ ਵੀ ਪ੍ਰਾਪਤ ਹਨ। ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਉਦਯੋਗਿਕ ਖੇਤਰ ਨੂੰ ਵਧਾਉਣਾ ਇੱਕ ਵੱਡਾ ਹੱਲ ਹੈ। ਉਹ ਸੂਬਾ ਜਿੱਥੇ ਊਨੀ, ਨਕਲੀ ਰੇਸ਼ਮ, ਸਾਈਕਲ ਅਤੇ ਲੋਹੇ ਦੀਆਂ ਮਸ਼ੀਨਾਂ ਦੀ ਬਰਾਮਦ ਦੁਨੀਆ ਭਰ ਵਿੱਚ ਹੁੰਦੀ ਸੀ, ਉੱਥੋਂ ਹੁਣ ਇਹ ਉਦਯੋਗ ਖ਼ਤਮ ਹੋ ਰਹੇ ਹਨ ਜਿਨਾਂ ਨੂੰ ਸੰਸਾਰ ਦੀ ਪੱਧਰ ਦੇ ਮੁਕਾਬਲੇ ਅਨੁਸਾਰ ਵਿਕਸਿਤ ਕਰਨ ਤੋਂ ਬਗ਼ੈਰ ਬੇਰੁਜ਼ਗਾਰੀ ਦੂਰ ਕਰਨਾ ਸੰਭਵ ਨਹੀਂ। ਉਦਯੋਗਿਕ ਵਿਕਾਸ ਲਈ ਢੁੱਕਵੀਂ ਅਤੇ ਵਿਵਹਾਰਕ ਨੀਤੀ ਬਣਾਉਣੀ ਸਰਕਾਰ ਦੇ ਸਾਹਮਣੇ ਇੱਕ ਵੱਡੀ ਚੁਣੌਤੀ ਹੋਵੇਗੀ।

ਭਾਵੇਂ ਕਿ ਬਹੁਤ ਸਾਰੇ ਬਾਹਰ ਜਾਣ ਵਾਲੇ ਵਿਦਿਆਰਥੀ ਜਿਹੜੇ ਆਈਲੈਟਸ ਕਰਕੇ ਕੈਨੇਡਾ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵਿੱਚ ਚਲੇ ਜਾਂਦੇ ਹਨ ਪਰ ਉਨਾਂ ਵਿੱਚੋਂ ਥੋੜੇ ਜਿਹੇ ਹੀ ਪੜਨ ਦੇ ਉਦੇਸ਼ ਨਾਲ਼ ਜਾਂਦੇ ਹਨ, ਬਾਕੀ ਉੱਥੇ ਹੋਰ ਕੰਮ ਜਿਵੇਂ ਟਰੱਕ ਚਲਾਉਣੇ, ਟੈਕਸੀਆਂ, ਫ਼ਾਰਮ ਅਤੇ ਫ਼ੈਕਟਰੀਆਂ ਵਿੱਚ ਕਿਰਤ ਕਰਨ ਹੀ ਜਾਂਦੇ ਹਨ। ਇਹ ਮਸਲਾ ਤਾਂ ਪੰਜਾਬ ਵਿੱਚ ਫੈਲੀ ਬੇਰੁਜ਼ਗਾਰੀ ਨਾਲ਼ ਜੁੜਿਆ ਹੋਇਆ ਹੈ ਪਰ ਵਿੱਦਿਆ ਨੀਤੀ ਵੱਡੇ ਸੁਧਾਰਾਂ ਦੀ ਮੰਗ ਕਰਦੀ ਹੈ। ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਇੰਜੀਨੀਅਰਿੰਗ ਕਾਲਜ ਅਤੇ ਨਰਸਿੰਗ ਕਾਲਜ ਖੁੱਲ ਗਏ ਹਨ ਜਿਹੜੇ 100 ਤੋਂ ਵੀ ਵੱਧ ਹਨ। ਕਿਸੇ ਵੇਲੇ ਪੰਜਾਬ ਦੇ ਵਿਦਿਆਰਥੀ ਹੋਰ ਸੂਬਿਆਂ ਵਿੱਚ ਇਹੋ ਵਿੱਦਿਆ ਲੈਣ ਜਾਂਦੇ ਸਨ ਪਰ ਹੁਣ ਪੰਜਾਬ ਵਿੱਚ ਹੀ ਕਈ ਕਾਲਜ ਹਨ, ਜਿਨਾਂ ਵਿੱਚ ਇਨਾਂ ਕੋਰਸਾਂ ਵਿੱਚ 10 ਫ਼ੀਸਦੀ ਵੀ ਦਾਖ਼ਲਾ ਨਹੀਂ ਜਦੋਂ ਕਿ ਇੱਥੇ ਪੜਦੇ ਵਿਦਿਆਰਥੀ ਆਪਣੀਆਂ ਡਿਗਰੀਆਂ ਲੈ ਕੇ ਵੀ ਵਿਹਲੇ ਰਹਿੰਦੇ ਹਨ। ਇਸ ਤਰਾਂ ਹੀ ਬੀ.ਐੱਡ. ਕੋਰਸ ਦੀਆਂ ਕਲਾਸਾਂ ਦਾ ਹਾਲ ਹੈ। ਸਰਕਾਰ ਨੂੰ ਇਨਾਂ ਕਾਲਜਾਂ ਨੂੰ ਉਸ ਗਿਣਤੀ ਵਿੱਚ ਹੀ ਖੋਲਣਾ ਚਾਹੀਦਾ ਹੈ ਜਿੰਨੀ ਕਿ ਇਨਾਂ ਲਈ ਰੁਜ਼ਗਾਰ ਦੇਣ ਦੀ ਸਮਰੱਥਾ ਹੈ। ਕੁਝ ਸਮੇਂ ਵਾਸਤੇ ਨਵੇਂ ਕਾਲਜ ਸਿਰਫ਼ ਉਨਾਂ ਕੋਰਸਾਂ ਲਈ ਹੀ ਖੋਲਣੇ ਚਾਹੀਦੇ ਹਨ ਜਿਨਾਂ ਕੋਰਸਾਂ ਦੀ ਕਮੀ ਹੈ। ਯੂਕਰੇਨ ਹੀ ਨਹੀਂ ਕਜ਼ਾਕਿਸਤਾਨ, ਰੂਸ ਅਤੇ ਹੋਰ ਕਈ ਦੇਸ਼ਾਂ ਵਿੱਚ ਬੱਚੇ ਮੈਡੀਕਲ ਵਿੱਦਿਆ ਲੈਣ ਗਏ ਹਨ ਪਰ ਪੰਜਾਬ ਦੇ ਕਈ ਯੋਗ ਬੱਚਿਆਂ ਨੂੰ ਮੈਡੀਕਲ ਵਿੱਚ ਵਿੱਦਿਆ ਦਾ ਦਾਖ਼ਲਾ ਨਾ ਮਿਲਣ ਕਰਕੇ ਉਹ ਐਗਰੀਕਲਚਰ, ਨਰਸਿੰਗ ਜਾਂ ਫ਼ਾਰਮੇਸੀ ਆਦਿ ਕੋਰਸਾਂ ਵਿੱਚ ਦਾਖ਼ਲਾ ਲੈ ਲੈਂਦੇ ਹਨ। ਇਸ ਤਰਾਂ ਦੀਆਂ ਮੈਡੀਕਲ ਸੰਸਥਾਵਾਂ ਨੂੰ ਇਸ ਯੋਗ ਬਣਾਉਣਾ ਵੀ ਸਰਕਾਰ ਸਾਹਮਣੇ ਚੁਣੌਤੀ ਹੈ ਕਿ ਬਜਾਏ ਪੰਜਾਬ ਦੇ ਵਿਦਿਆਰਥੀ ਬਾਹਰ ਪੜਨ ਜਾਣ ਸਗੋਂ ਬਾਹਰ ਦੇ ਵਿਦਿਆਰਥੀ ਪੰਜਾਬ ਆ ਕੇ ਪੜਨ ਨੂੰ ਤਰਜੀਹ ਦੇਣ। ਸਕੂਲ ਦੀ ਵਿੱਦਿਆ ਸੰਬੰਧੀ ਉਸ ਤਰਾਂ ਦੀ ਵਿੱਦਿਆ ਪ੍ਰਦਾਨ ਕਰਨੀ ਚਾਹੀਦੀ ਹੈ ਜਿਹੜੀ ਨਿੱਜੀ ਸੰਸਥਾਵਾਂ ਦੀ ਵਿੱਦਿਆ ਤੋਂ ਬਿਹਤਰ ਹੋਵੇ, ਕਿਉਂਕਿ ਸਕੂਲਾਂ ਦੇ ਅਧਿਆਪਕਾਂ ਦੀ ਯੋਗਤਾ ਅਤੇ ਸੰਸਥਾਵਾਂ ਦਾ ਵਿੱਦਿਅਕ ਢਾਂਚਾ ਜਿੰਨਾ ਚੰਗਾ ਸਰਕਾਰ ਪ੍ਰਦਾਨ ਕਰ ਸਕਦੀ ਹੈ, ਓਨਾ ਨਿੱਜੀ ਸੰਸਥਾਵਾਂ ਨਹੀਂ ਕਰ ਸਕਦੀਆਂ। ਭਾਰਤ ਤੋਂ ਕਈ ਵੱਡੇ ਕਾਰੋਬਾਰੀਆਂ ਨੇ ਕੈਨੇਡਾ ਜਾ ਕੇ ਨਿੱਜੀ ਕਾਲਜ ਅਤੇ ਸਕੂਲ ਖੋਲੇ ਸਨ ਪਰ ਉਹ ਸਿਰਫ਼ ਇਸ ਕਰਕੇ ਕਾਮਯਾਬ ਨਹੀਂ ਹੋ ਸਕੇ ਕਿ ਉਹ ਸਰਕਾਰੀ ਸਕੂਲਾਂ ਦਾ ਮੁਕਾਬਲਾ ਨਹੀਂ ਸਨ ਕਰ ਸਕੇ। ਭਾਵੇਂ ਕੁਝ ਸਕੂਲ, ਕਾਲਜ ਚੱਲ ਤਾਂ ਰਹੇ ਹਨ, ਉਹ ਸਰਕਾਰੀ ਸਕੂਲਾਂ, ਕਾਲਜਾਂ ਦੇ ਮੁਕਾਬਲੇ ਬਹੁਤ ਪਿੱਛੇ ਹਨ, ਉਸ ਤਰਾਂ ਦਾ ਢਾਂਚਾ ਬਣਨਾ ਲੋਕ ਹਿਤ ਦੀ ਗੱਲ ਹੈ। ਭਾਰਤ ਸਰਕਾਰ ਵੱਲੋਂ ਸਕਿਲ ਇੰਡੀਆ ਅਧੀਨ, ਪੇਸ਼ਾਵਾਰ ਸਿਖਲਾਈ ਮੁਫ਼ਤ ਦਿੱਤੀ ਜਾ ਰਹੀ ਹੈ, ਸਗੋਂ ਕਈ ਹਾਲਤਾਂ ਵਿੱਚ ਵਜ਼ੀਫ਼ਾ ਵੀ ਦਿੱਤਾ ਜਾ ਰਿਹਾ ਹੈ। ਇਸ ਸਕੀਮ ਦਾ ਲਾਭ ਲੈ ਕੇ ਪੰਜਾਬ ਦੀਆਂ ਆਈ.ਟੀ.ਆਈ. ਸੰਸਥਾਵਾਂ ਅਤੇ ਹੋਰ ਸੰਸਥਾਵਾਂ ਵਿੱਚ ਉਨਾਂ ਬੱਚਿਆਂ ਨੂੰ ਹੁਨਰਵਾਨ ਬਣਾਉਣਾ ਵੀ ਸਰਕਾਰ ਸਾਹਮਣੇ ਚੁਣੌਤੀ ਹੈ ਤਾਂ ਕਿ ਜਿਹੜੇ ਪਿਛਲੇ ਸਮੇਂ ਵਿੱਚ ਆਪਣੀ ਵਿੱਦਿਆ ਅਧੂਰੀ ਛੱਡ ਗਏ ਸਨ ਅਤੇ ਹੁਣ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ, ਉਨਾਂ ਨੂੰ ਰੁਜ਼ਗਾਰ ਮਿਲ ਸਕੇ। ਇਹ ਪ੍ਰਤੱਖ ਤੱਥ ਸਾਹਮਣੇ ਆਉਂਦਾ ਹੈ ਕਿ ਪੰਜਾਬ ਦੇ ਲੜਕੇ ਪੰਜਾਬ ਵਿੱਚ ਤਾਂ ਖੇਤੀ ਜਾਂ ਹੋਰ ਕੰਮ ਹੱਥੀਂ ਨਹੀਂ ਕਰਦੇ ਪਰ ਕੈਨੇਡਾ, ਆਸਟ੍ਰੇਲੀਆ ਵਿੱਚ ਉਸ ਤੋਂ ਘਟੀਆ ਕੰਮ ਵੀ ਹੱਥ ਨਾਲ਼ ਕਰਦੇ ਹਨ। ਇਸ ਦਾ ਇੱਕ ਹੀ ਵੱਡਾ ਕਾਰਨ ਉਨਾਂ ਦੇਸ਼ਾਂ ਦੀਆਂ ਉੱਚੀਆਂ ਉਜਰਤਾਂ ਹਨ, ਪੰਜਾਬ ਵਿੱਚ ਹੱਥੀਂ ਕਿਰਤ ਕਰਨ ਵਾਲਿਆਂ ਲਈ ਘੱਟੋ-ਘੱਟ ਉਜਰਤ ਨੂੰ ਇਸ ਹੱਦ ਤੱਕ ਆਕਰਸ਼ਿਤ ਬਣਾਉਣਾ ਚਾਹੀਦਾ ਹੈ ਕਿ ਪੰਜਾਬ ਦੇ ਬੇਰੁਜ਼ਗਾਰ ਉਨਾਂ ਕਿੱਤਿਆਂ ਨੂੰ ਅਪਣਾਉਣਾ ਕੋਈ ਮਾੜੀ ਗੱਲ ਨਾ ਸਮਝਣ ਸਗੋਂ ਮਾਣ ਕਰਨ। ਕਿਰਤ ਦਾ ਸਨਮਾਨ ਕਰਨ ਦਾ ਇਸ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਕਿ ਅਜਿਹੀ ਵਿਵਸਥਾ ਕੀਤੀ ਜਾਏ, ਜੋ ਇਹ ਸਾਬਤ ਕਰ ਸਕੇ ਕਿ ਹੱਥੀਂ ਕਿਰਤ ਵਿੱਚ ਵੀ ਓਨੀ ਉਜਰਤ ਕਮਾਈ ਜਾ ਸਕਦੀ ਹੈ ਜਿੰਨੀ ਕਿਸੇ ਵਾਈਟ ਕਾਲਰ, ਨੌਕਰੀ ਜਾਂ ਕਲਰਕੀ ਕਰਕੇ ਕਮਾਈ ਜਾਂਦੀ ਹੈ।

ਪੰਜਾਬ ਦੇ ਹਰ ਪਿੰਡ ਨੂੰ ਜਾਂ ਖੇਤਰ ਨੂੰ ਡਿਸਪੈਂਸਰੀਆਂ ਅਤੇ ਹੈਲਥ ਕੇਂਦਰਾਂ ਨਾਲ਼ ਜੋੜਿਆ ਗਿਆ ਹੈ ਪਰ ਸਿਹਤ ਸੇਵਾਵਾਂ ਲਈ ਬਹੁਤ ਮਹੱਤਵਪੂਰਨ ਅੰਗ ਡਾਇਗਨੋਸਟਿਕ ਲੈਬਾਰਟਰੀਆਂ ਦੀ ਘਾਟ ਹੈ। ਇੱਥੋਂ ਤੱਕ ਕਿ ਨਿਰੀਖਣ ਲਈ ਨਿੱਜੀ ਲੈਬਾਰਟਰੀਆਂ ’ਤੇ ਨਿਰਭਰ ਕੀਤਾ ਜਾਂਦਾ ਹੈ। ਪੰਜਾਬ ਨੂੰ ਦੇਸ਼ ਭਰ ਵਿੱਚ ਇਹ ਪਹਿਲ ਕਰਨੀ ਚਾਹੀਦੀ ਹੈ ਕਿ ਹਰ ਖੇਤਰ ਵਿੱਚ ਯੋਗ ਮਾਤਰਾ ਵਿੱਚ ਡਾਇਗਨੋਸਟਿਕ ਲੈਬਾਰਟਰੀਆਂ ਬਣਨ। ਪੰਜਾਬ ਦੇ ਬਜਟ ਵਿੱਚ ਵਿਕਸਿਤ ਦੇਸ਼ਾਂ ਦੀ ਤਰਾਂ 4 ਫ਼ੀਸਦੀ ਤੋਂ ਵੱਧ ਹਿੱਸਾ ਸੇਵਾ ਸੇਵਾਵਾਂ ਲਈ ਰੱਖਣਾ ਚਾਹੀਦਾ ਹੈ ਜਿਹੜਾ ਪਹਿਲਾ 3 ਫ਼ੀਸਦੀ ਤੋਂ ਵੀ ਘੱਟ ਰਹਿੰਦਾ ਹੈ।

ਬਹੁਤ ਸਾਰੇ ਮੁਫ਼ਤ ਤੋਹਫ਼ੇ ਜਿਵੇਂ ਮੁਫ਼ਤ ਬਿਜਲੀ, ਮੁਫ਼ਤ ਪਾਣੀ ਦੀ ਜਗਾ ਭਾਵੇਂ ਰਿਆਇਤੀ ਜਾਂ ਓਨਾ ਕੁ ਬਿੱਲ ਜ਼ਰੂਰ ਲਾਉਣਾ ਚਾਹੀਦਾ ਹੈ, ਜਿਸ ਨਾਲ਼ ਬਿਜਲੀ ਅਤੇ ਪਾਣੀ ਨੂੰ ਵਰਤਣ ਵਾਲਾ ਘੱਟੋ-ਘੱਟ ਇਹ ਗੱਲ ਜ਼ਰੂਰ ਮਹਿਸੂਸ ਕਰੇ ਕਿ ਇਸ ਦੀ ਥੁੜ ਹੈ, ਇਸ ਦੀ ਲਾਗਤ ਲੱਗਦੀ ਹੈ, ਇਸ ਨੂੰ ਫ਼ਜ਼ੂਲ ਨਾ ਜਾਣ ਦਿੱਤਾ ਜਾਵੇ। ਅੱਜਕਲ ਬਿਜਲੀ ਅਤੇ ਪਾਣੀ ਓਨਾ ਵਰਤਿਆ ਨਹੀਂ ਜਾਂਦਾ ਜਿੰਨਾ ਉਹ ਫ਼ਜ਼ੂਲ ਗੁਆ ਜਾਂਦਾ ਹੈ। ਜਿਸ ਨੇ ਨਾ ਸਿਰਫ਼ ਪਾਣੀ ਦੀ ਥੁੜ ਦੀ ਸਮੱਸਿਆ ਪੈਦਾ ਕਰ ਦਿੱਤੀ ਹੈ, ਸਗੋਂ ਵਾਤਾਵਰਨ ਵਿੱਚ ਅਸੰਤੁਲਨ ਵੀ ਪੈਦਾ ਕਰ ਦਿੱਤਾ ਹੈ। ਸੂਬੇ ਵਿੱਚ 14 ਲੱਖ ਤੋਂ ਉੱਪਰ ਟਿਊਬਵੈੱਲ ਹਨ। ਦਿਨ-ਰਾਤ ਧਰਤੀ ਦੇ ਹੇਠਾਂ ਤੋਂ ਪਾਣੀ ਬਾਹਰ ਕੱਢਣ ਨਾਲ਼ ਪੰਜਾਬ ਵਿੱਚ ਜ਼ਿਆਦਾਤਰ ਬਲਾਕਾਂ ਵਿੱਚ ਪਾਣੀ 150 ਫੁੱਟ ਤੋਂ ਵੀ ਥੱਲੇ ਚਲਾ ਗਿਆ ਹੈ। ਇੱਕ ਰਿਪੋਰਟ ਅਨੁਸਾਰ ਪੰਜਾਬ ਦੇ 105 ਉਹ ਬਲਾਕ ਹਨ, ਜਿਨਾਂ ਦਾ ਪਾਣੀ ਪੀਣਯੋਗ ਨਹੀਂ ਰਿਹਾ। ਇਸ ਵਕਤ ਸਿੰਚਾਈ ਲੋੜਾਂ ਲਈ 70 ਫ਼ੀਸਦੀ ਟਿਊਬਵੈੱਲਾਂ ਦਾ ਪਾਣੀ ਵਰਤਿਆ ਜਾ ਰਿਹਾ ਹੈ ਜਦੋਂ ਕਿ ਸਿਰਫ 30 ਫ਼ੀਸਦੀ ਨਹਿਰੀ ਪਾਣੀ ਦੀ ਵਰਤੋਂ ਹੁੰਦੀ ਹੈ। ਬਹੁਤ ਸਾਰੇ ਸ਼ਹਿਰਾਂ ਨਾਲ਼ ਲਗਦੇ ਪਿੰਡਾਂ ਵਿੱਚ ਕਿਸਾਨਾਂ ਵੱਲੋਂ ਨਹਿਰੀ ਪਾਣੀ ਵਰਤਣਾ ਛੱਡ ਦਿੱਤਾ ਗਿਆ ਹੈ, ਜਿਸ ਕਰਕੇ ਭੂਮੀ ਦੀ ਉਪਜਾਊ ਸ਼ਕਤੀ ਉਹ ਨਹੀਂ ਰਹੀ, ਜਿਹੜੀ ਨਹਿਰੀ ਪਾਣੀ ਵਿੱਚ ਘੁਲੇ ਤੱਤਾਂ ਨਾਲ਼ ਬਣਦੀ ਸੀ। ਇਸ ਗੰਭੀਰ ਸਮੱਸਿਆ ਨੂੰ ਸਾਹਮਣੇ ਰੱਖਦੇ ਹੋਏ ਨਹਿਰੀ ਪਾਣੀ ਦੀ ਵਰਤੋਂ ਨੂੰ 50 ਫ਼ੀਸਦੀ ਤੱਕ ਜ਼ਰੂਰ ਕਰਨਾ ਚਾਹੀਦਾ ਹੈ ਅਤੇ ਉਨਾਂ ਕਠਿਨਾਈਆਂ ਨੂੰ ਦੂਰ ਕਰਨਾ ਚਾਹੀਦਾ ਹੈ ਜਿਹੜੀਆਂ ਨਹਿਰੀ ਪਾਣੀ ਦੀ ਵਰਤੋਂ ਵਿੱਚ ਰੁਕਾਵਟ ਬਣਦੀਆਂ ਹਨ। ਜਦੋਂ ਅਸੀਂ ਹੋਰ ਦਰਿਆ ਦੇ ਪਾਣੀਆਂ ਦੀ ਮੰਗ ਕਰਦੇ ਹਾਂ ਪਰ ਪਹਿਲਾਂ ਉਪਲਬਧ ਦਰਿਆਈ ਪਾਣੀ ਅਜਾਈਂ ਗਵਾ ਦਿੰਦੇ ਹਾਂ ਤਾਂ ਜਿੱਥੇ ਇਹ ਧਰਤੀ ਦੀ ਉਪਜਾਊ ਸ਼ਕਤੀ ਨੂੰ ਪ੍ਰਭਾਵਿਤ ਕਰਦਾ ਹੈ, ਉੱਥੇ ਉਪਜਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ, ਜਿਸ ਲਈ ਬਿਜਲੀ ਦੀ ਵਰਤੋਂ ਕੀਤੀ ਜਾਂਦੀ ਹੈ ਭਾਵੇਂ ਉਹ ਬਿਜਲੀ ਮੁਫ਼ਤ ਹੀ ਹੋਵੇ ਪਰ ਸੂਬੇ ਨੂੰ ਤਾਂ ਉਸ ਦੀ ਲਾਗਤ ਅਦਾ ਕਰਨੀ ਹੀ ਪੈਂਦੀ ਹੈ।

ਭਾਖੜਾ ਅਤੇ ਕੋਟਲਾ/ਗੰਗੂਵਾਲ ਦੀ ਤਰਜ਼ ’ਤੇ ਪੰਜਾਬ ਦੀਆਂ ਵੱਡੀਆਂ ਨਹਿਰਾਂ ਤੋਂ ਬਿਜਲੀ ਪੈਦਾ ਕਰਨ ਦੀ ਵੱਡੀ ਸਮਰੱਥਾ ਹੈ। 1936 ਵਿੱਚ ਮਹਾਰਾਜਾ ਫ਼ਰੀਦਕੋਟ ਨੇ ਅੰਮ੍ਰਿਤਸਰ ਵਿਖੇ ਅਪਰਬਾਰੀ ਬ੍ਰਾਂਚ ਤੋਂ ਬਿਜਲੀ ਪੈਦਾ ਕੀਤੀ ਸੀ। ਇਸ ਤਰਾਂ ਹੀ ਘਰਾਟਾਂ ਨੂੰ ਨਹਿਰਾਂ ਦੇ ਕੰਢਿਆਂ ’ਤੇ ਲਾਇਆ ਗਿਆ ਸੀ। ਉਨਾਂ ਨਹਿਰਾਂ ਤੋਂ ਹੋਰ ਬਿਜਲੀ ਪੈਦਾ ਕਰਨ ਦੀ ਸਮਰੱਥਾ ਦਾ ਪੂਰਾ ਲਾਭ ਲੈਣਾ ਚਾਹੀਦਾ ਹੈ, ਜਿਸ ਲਈ ਕੇਂਦਰ ਸਰਕਾਰ ਦੀ ਮਦਦ ਵੀ ਲੈਣੀ ਚਾਹੀਦੀ ਹੈ। ਐੱਸ.ਵਾਈ.ਐੱਲ. ਨਹਿਰ ਕੱਢਣਾ ਇਸ ਕਰਕੇ ਵੀ ਜਾਇਜ਼ ਨਹੀਂ ਕਿ ਪਹਿਲਾਂ ਹੀ ਭਾਖੜਾ ਨਹਿਰ ਦਾ ਅੱਧਾ ਪਾਣੀ ਨੰਗਲ ਡੈਮ ਵਿੱਚੋਂ ਕੱਢ ਕੇ ਹਰਿਆਣਾ ਨੂੰ ਦਿੱਤਾ ਗਿਆ ਸੀ। ਐੱਸ.ਵਾਈ.ਐੱਲ. ਨਹਿਰ ਲਈ ਪਾਣੀ ਨੂੰ ਜਮਨਾ ਦਰਿਆ ਵਿੱਚੋਂ ਲੈ ਕੇ ਹਰਿਆਣਾ ਦੀ ਪੂਰਤੀ ਕੀਤੀ ਜਾ ਸਕਦੀ ਹੈ।

ਪੰਜਾਬ ਕੋਲ਼ ਸਿਰਫ਼ 1.5 ਫ਼ੀਸਦੀ ਖੇਤਰ ਹੋਣ ਦੇ ਬਾਵਜੂਦ ਪੰਜਾਬ ਦੇਸ਼ ਦੇ ਅਨਾਜ ਭੰਡਾਰਾਂ ਵਿੱਚ 60 ਫ਼ੀਸਦੀ ਤੱਕ ਦਾ ਹਿੱਸਾ ਪਾਉਂਦਾ ਰਿਹਾ ਹੈ ਪਰ ਅੱਜਕਲ ਭਾਰਤ ਆਪਣੀਆਂ ਦਾਲਾਂ ਅਤੇ ਤੇਲ ਬੀਜਾਂ ਲਈ ਹਜ਼ਾਰਾਂ ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਇਨਾਂ ਵਸਤੂਆਂ ਦੀ ਦਰਾਮਦ ’ਤੇ ਖ਼ਰਚ ਰਿਹਾ ਹੈ। ਜਿਸ ਤਰਾਂ ਅਨਾਜ ਦੇ ਵੱਡੇ ਭੰਡਾਰ ਬਣਾਏ ਹਨ, ਉਸ ਤਰਾਂ ਹੀ ਦਾਲਾਂ ਅਤੇ ਤੇਲ ਬੀਜਾਂ ਦੇ ਭੰਡਾਰ ਬਣਾਏ ਜਾ ਸਕਦੇ ਹਨ, ਜਿਸ ਲਈ ਕਣਕ ਅਤੇ ਝੋਨਾ ਦੋਵਾਂ ਹੇਠ ਰਕਬਾ ਘਟਾ ਕੇ ਇਨਾਂ ਫ਼ਸਲਾਂ ਦੇ ਉਤਪਾਦਨ ਵਿੱਚ ਵਾਧਾ ਕਰਨ ਦੀ ਲੋੜ ਹੈ, ਜਿਸ ਲਈ ਬਜਾਏ ਕੇਂਦਰ ’ਤੇ ਨਿਰਭਰ ਕੀਤਾ ਜਾਵੇ, ਪੰਜਾਬ ਵੱਲੋਂ ਆਪ ਇਨਾਂ ਫ਼ਸਲਾਂ ਦੀ ਖ਼ਰੀਦ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਇਨਾਂ ਫ਼ਸਲਾਂ ਦੀ ਮੰਗ ਹੈ, ਪੰਜਾਬ ਦੀ ਧਰਤੀ ਵਿੱਚ ਸਮਰੱਥਾ ਹੈ, ਲੋੜ ਹੈ ਸਿਰਫ਼ ਯਕੀਨੀ ਮੰਡੀਕਰਨ ਦੀ ਅਤੇ ਘੱਟੋ-ਘੱਟ ਸਮਰਥਨ ਮੁੱਲ ਦੀ। ਭਾਰਤ ਸਰਕਾਰ ਵੱਲੋਂ ਭਾਵੇਂ 23 ਫ਼ਸਲਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦਾ ਐਲਾਨ ਕੀਤਾ ਜਾਂਦਾ ਹੈ ਪਰ ਖ਼ਰੀਦਿਆ ਸਿਰਫ਼ ਕਣਕ ਅਤੇ ਝੋਨਾ ਹੀ ਜਾਂਦਾ ਹੈ। ਇਸ ਦੀ ਬਜਾਏ ਕਿ ਪੰਜਾਬ ਕੇਂਦਰ ’ਤੇ ਨਿਰਭਰ ਕਰੇ, ਕੇਰਲ ਸਰਕਾਰ ਦੀ ਤਰਜ਼ ’ਤੇ ਜਿਵੇਂ ਸਬਜ਼ੀਆਂ ਖ਼ਰੀਦੀਆਂ ਜਾਂਦੀਆਂ ਹਨ, ਉਸੇ ਤਰਾਂ ਹੀ ਦਾਲਾਂ ਅਤੇ ਤੇਲ ਬੀਜ ਖ਼ਰੀਦੇ ਜਾਣ। ਇਸ ਨਾਲ਼ ਹੀ ਫ਼ਸਲ ਵਿਭਿੰਨਤਾ ਆਏਗੀ ਜਿਸ ਨਾਲ਼ ਸਾਧਨਾਂ ਦੀ, ਮਸ਼ੀਨਾਂ ਦੀ, ਕਿਰਤ ਦੀ ਯੋਗ ਵੰਡ ਹੋਵੇਗੀ ਅਤੇ ਸਿੰਚਾਈ ਲਈ ਟਿਊਬਵੈੱਲਾਂ ਦੇ ਪਾਣੀ ’ਤੇ ਨਿਰਭਰਤਾ ਘਟੇਗੀ ਅਤੇ ਪੰਜਾਬ ਦਾ ਪਾਣੀ ਸੰਕਟ ਹੱਲ ਹੋਵੇਗਾ।

ਪੰਜਾਬ ਵਿੱਚ ਨਸ਼ਿਆਂ ਦਾ ਮੁੱਦਾ ਬਹੁਤ ਚਰਚਿਤ ਮੁੱਦਾ ਹੈ, ਭਾਵੇਂ ਕਿ ਨਸ਼ਿਆਂ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ ਅਤੇ ਪੰਜਾਬ ਭਰ ਵਿੱਚ ਨਸ਼ਾ ਛੁਡਾਊ ਕੇਂਦਰ ਖੁੱਲੇ ਹੋਏ ਹਨ ਜਿਨਾਂ ਵਿੱਚ ਜ਼ਿਆਦਾਤਰ ਨਿੱਜੀ ਹਨ। ਨਸ਼ਾ ਛੁਡਾਊ ਕੇਂਦਰਾਂ ਲਈ ਹਰ ਸੂਬੇ ਵਿੱਚ ਉਹ ਕੇਂਦਰ ਸਥਾਪਤ ਕਰਕੇ ਯੋਗ ਅਤੇ ਤਜਰਬੇਕਾਰ ਮਨੋਵਿਗਿਆਨੀ (ਸਾਈਕੈਟਰਿਸਟ) ਦੀ ਨਿਗਰਾਨੀ ਅਧੀਨ ਇਹ ਕੇਂਦਰ ਹਰ ਬਲਾਕ ਵਿੱਚ ਖੋਲਣਾ ਵੀ ਸਰਕਾਰ ਸਾਹਮਣੇ ਇੱਕ ਚੁਣੌਤੀ ਹੈ, ਇਨਾਂ ਕੇਂਦਰਾਂ ਨੂੰ ਮੁੜ ਵਸੇਬਾ ਜਾਂ ਕਮਾਈ ਕਰਨ ਵਾਲੇ ਹੁਨਰ ਸਿਖਾਉਣ ਨਾਲ਼ ਜੋੜਿਆ ਜਾਵੇ। ਨਸ਼ੇ ਦੀ ਪੂਰਤੀ ਨੂੰ ਬੰਦ ਕਰਨਾ ਇੱਕ ਪ੍ਰਬੰਧਕੀ ਕਾਰਵਾਈ ਹੈ ਪਰ ਹਰ ਨਸ਼ਾ ਵਰਤਣ ਵਾਲੇ ਦੀ ਸਮੱਸਿਆ ਨੂੰ ਇੱਕ ਮਾਨਸਿਕ ਸਮੱਸਿਆ ਮੰਨ ਕੇ ਨਸ਼ਾ ਵਰਤਣ ਦੀ ਰੁਚੀ ਨੂੰ ਬਦਲ ਕੇ ਉਤਪਾਦਕ ਅਤੇ ਉਸਾਰੂ ਮਾਨਸਿਕਤਾ ਪੈਦਾ ਕਰਨ ਲਈ ਮਨੋਵਿਗਿਆਨੀਆਂ ਦੀਆਂ ਸੇਵਾਵਾਂ ਪ੍ਰਾਪਤ ਕਰਨੀਆਂ ਵੀ ਸਰਕਾਰ ਦੇ ਕੰਮਾਂ ਵਿੱਚ ਸ਼ਾਮਿਲ ਹੋਣੀਆਂ ਚਾਹੀਦੀਆਂ ਹਨ।

ਅੱਜ ਤੋਂ 15-16 ਸਾਲ ਪਹਿਲਾਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ਼ ਪੰਜਾਬ ਭਾਰਤ ਦਾ ਪਹਿਲਾ ਸੂਬਾ ਹੁੰਦਾ ਸੀ ਜਿਹੜਾ ਹੁਣ 12ਵੇਂ ਸਥਾਨ ’ਤੇ ਹੈ। ਖੇਤੀਬਾੜੀ ਵਿੱਚ ਸਭ ਤੋਂ ਵਿਕਸਿਤ ਅਤੇ ਉਦਯੋਗਾਂ ਵਿੱਚ ਕਾਫ਼ੀ ਅੱਗੇ ਹੋਣ ਕਰਕੇ ਬੰਦਰਗਾਹਾਂ ਤੋਂ 1500 ਕਿਲੋਮੀਟਰ ਦੂਰ ਅਤੇ ਕੱਚੇ ਮਾਲ ਲੋਹੇ, ਕੋਲੇ ਤੋਂ 1200 ਕਿਲੋਮੀਟਰ ਦੀ ਦੂਰੀ ਕਰਕੇ ਵੀ ਬਰਾਮਦ ਵਿੱਚ ਪੰਜਾਬ ਪਹਿਲੇ ਨੰਬਰ ’ਤੇ ਸੀ ਜਿਹੜਾ ਹੁਣ 15ਵੇਂ ਸਥਾਨ ’ਤੇ ਹੈ। ਹੁਣ ਸਿਰਫ਼ ਬਾਸਮਤੀ ਹੀ ਇੱਕ ਉਹ ਫ਼ਸਲ ਹੈ, ਜਿਸ ਦੀ ਸਾਲਾਨਾ ਕੋਈ 20 ਹਜ਼ਾਰ ਕਰੋੜ ਰੁਪਏ ਦੀ ਬਰਾਮਦ ਕੀਤੀ ਜਾਂਦੀ ਹੈ ਜਦੋਂ ਕਿ ਹੋਰ ਫ਼ਸਲਾਂ ਅਤੇ ਉਦਯੋਗਾਂ ਦੀ ਬਰਾਮਦ ਵਿੱਚ ਪੰਜਾਬ ਬਹੁਤ ਪਿੱਛੇ ਹੈ। ਪੰਜਾਬ ਦੇ ਸਾਧਨਾਂ ਅਨੁਸਾਰ ਖੇਤੀ ਆਧਾਰਿਤ ਉਦਯੋਗ ਉਹ ਪੱਖ ਹੈ ਜਿਸ ਵਿੱਚ ਕਾਫ਼ੀ ਸਮਰੱਥਾ ਹੈ ਭਾਵੇਂ ਕਿ ਦੁਨੀਆ ਦੇ ਵਿਕਸਿਤ ਦੇਸ਼ਾਂ ਵਿੱਚ 86 ਫ਼ੀਸਦੀ ਖੇਤੀ ਵਸਤੂਆਂ ਨੂੰ ਤਿਆਰ ਕਰਕੇ ਡੱਬੇਬੰਦ ਕੀਤਾ ਜਾਂਦਾ ਹੈ ਅਤੇ ਉਨਾਂ ਦੀ ਦੇਸ਼ ਵਿੱਚ ਵਰਤੋਂ ਹੁੰਦੀ ਹੈ ਜਾਂ ਵਿਦੇਸ਼ਾਂ ਨੂੰ ਬਰਾਮਦ ਕੀਤੀਆਂ ਜਾਂਦੀਆਂ ਹਨ ਪਰ ਪੰਜਾਬ ਵਿੱਚ ਸਿਰਫ਼ 12 ਫ਼ੀਸਦੀ ਵਸਤੂਆਂ ਨੂੰ ਉਦਯੋਗਿਕ ਕਿਰਿਆ ਨਾਲ਼ ਤਿਆਰ ਕੀਤੀਆਂ ਜਾਂਦੀਆਂ ਹਨ। ਪੰਜਾਬ ਵਿੱਚ ਜ਼ਿਆਦਾ ਕਿਸਮ ਦੇ ਫਲ਼ਾਂ ਅਤੇ ਸਬਜ਼ੀਆਂ ਦੇ ਉਤਪਾਦਨ ਦੇ ਬਾਵਜੂਦ ਪੰਜਾਬ ਤੋਂ ਕਿਸੇ ਵੀ ਜੂਸ, ਜੈਮ, ਆਚਾਰ ਜਾਂ ਮੁਰੱਬੇ ਨੂੰ ਅੰਤਰਰਾਸ਼ਟਰੀ ਤੌਰ ’ਤੇ ਵਿਕਰੀ ਲਈ ਆਰਡਰ ਨਹੀਂ ਮਿਲਦੇ। ਪਰ ਇਸ ਲਈ ਵੱਡੀ ਸਮਰੱਥਾ ਹੈ, ਜਿਸ ਦਾ ਲਾਭ ਲੈਣ ਲਈ ਉਸ ਪ੍ਰਤੀ ਹਮਦਰਦੀ ਭਰੀ ਢੁਕਵੀਂ ਨੀਤੀ ਦੀ ਲੋੜ ਹੈ। ਭਾਵੇਂ ਕਿ ਕਣਕ ਅਤੇ ਝੋਨੇ ਦੇ ਬੀਜਾਂ ਲਈ ਖੇਤੀ ਯੂਨੀਵਰਸਿਟੀ ਵਿੱਚ ਵੱਡੀ ਖੋਜ ਕੀਤੀ ਗਈ ਹੈ ਅਤੇ ਉੱਨਤ ਕਿਸਮ ਦੇ ਬੀਜ ਤਿਆਰ ਕੀਤੇ ਗਏ ਹਨ ਪਰ ਸਬਜ਼ੀਆਂ ਅਤੇ ਫਲ਼ਾਂ ਦੇ ਬੀਜਾਂ ਦੀਆਂ ਉੱਤਮ ਕਿਸਮਾਂ ਵੱਲ ਓਨਾ ਧਿਆਨ ਨਹੀਂ ਦਿੱਤਾ ਗਿਆ।

ਪੰਜਾਬ ਦੀ 70 ਫ਼ੀਸਦੀ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ। ਪਿੰਡਾਂ ਦੀਆਂ ਪੰਚਾਇਤਾਂ ਆਰਥਿਕ ਅਤੇ ਸਮਾਜਿਕ ਪੱਧਰ ਦੇ ਵਿਕਾਸ ਲਈ ਵੱਡੀ ਭੂਮਿਕਾ ਨਿਭਾਅ ਸਕਦੀਆਂ ਹਨ। ਪੰਚਾਇਤਾਂ ਦੇ ਵਿਭਾਗ ਅਨੁਸਾਰ ਹਰ ਪੰਚਾਇਤ ਦੀ ਗ੍ਰਾਮ ਸਭਾ ਦੀ ਸਾਲ ਵਿੱਚ ਦੋ ਵਾਰ ਮੀਟਿੰਗ ਹੋਣੀ ਜ਼ਰੂਰੀ ਹੈ। ਪੰਜਾਬ ਸਰਕਾਰ ਦੇ ਪੰਚਾਇਤ ਵਿਭਾਗ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੀ ਹਰ ਪਿੰਡ ਵਿੱਚ ਗ੍ਰਾਮ ਸਭਾ ਦੀ ਮੀਟਿੰਗ ਸਮੇਂ ਸਿਰ ਹੋ ਰਹੀ ਹੈ ? ਸਿਰਫ਼ ਗ੍ਰਾਮ ਸਭਾ ਦੀ ਮੀਟਿੰਗ ਹੋਣ ਨਾਲ਼ ਹੀ ਪਿੰਡਾਂ ਦੇ ਝਗੜਿਆਂ ਦਾ ਘਟਣਾ, ਪਿੰਡ ਦਾ ਵਿਕਾਸ ਅਤੇ ਪੰਚਾਇਤ ਦੀ ਕੰਮ ਕਰਨ ਦੀ ਯੋਗਤਾ ਵਿੱਚ ਚਮਤਕਾਰੀ ਤਬਦੀਲੀ ਆ ਸਕਦੀ ਹੈ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਨਵੀਂ ਬਣਨ ਵਾਲੀ ਪੰਜਾਬ ਸਰਕਾਰ ਇਸ ਨੂੰ ਗੰਭੀਰਤਾ ਨਾਲ਼ ਲੈ ਕੇ ਇਸ ਨੂੰ ਯਕੀਨੀ ਬਣਾਏਗੀ।

ਖੇਤੀ ਖੇਤਰ ਵਿੱਚ ਕਰਜ਼ਾ ਇੱਕ ਗੰਭੀਰ ਸਮੱਸਿਆ ਬਣ ਗਈ ਹੈ। ਹਰ ਕਿਸਾਨ ਘਰ ਕਰਜ਼ੇ ਦੇ ਵੱਡੇ ਬੋਝ ਥੱਲੇ ਦੱਬਿਆ ਪਿਆ ਹੈ। ਭਾਵੇਂ ਕਿ ਖੇਤੀ ਵਿੱਚ ਪੰਜਾਬ ਭਾਰਤ ਵਿੱਚ ਸਭ ਤੋਂ ਵਿਕਸਿਤ ਸੂਬਾ ਹੈ ਪਰ ਫਿਰ ਵੀ ਸੂਬੇ ਦੇ 79 ਫ਼ੀਸਦੀ ਕਿਸਾਨ ਕਰਜ਼ੇ ਦਾ ਵੱਡਾ ਬੋਝ ਢੋਅ ਰਹੇ ਹਨ। ਨਾਲ਼ ਹੀ ਪੰਜਾਬ ਵਿੱਚ ਪ੍ਰਤੀ ਕਿਸਾਨ ਘਰ ਕਰਜ਼ਾ 1.50 ਲੱਖ ਰੁਪਏ ਤੋਂ ਉੱਪਰ ਹੈ

**ਬਾਕੀ ਸਫ਼ਾ 31 ’ਤੇ**




# ਸ਼ਰਾਬ ਦੇ ਨਾਲ਼ ਨਹੀਂ ਲੈਣੀ ਚਾਹੀਦੀ ਪੈਰਾਸੀਟਾਮੋਲ

ਪੈਰਾਸੀਟਾਮੋਲ ਦਰਦ ਦੇ ਇਲਾਜ ਅਤੇ ਤੇਜ਼ ਬੁਖ਼ਾਰ ਨੂੰ ਘਟਾਉਣ ਲਈ ਇੱਕ ਵਿਆਪਕ ਤੌਰ ’ਤੇ ਵਰਤੀ ਜਾਂਦੀ ਓਵਰ-ਦੀ-ਕਾਊਂਟਰ ਦਵਾਈ ਹੈ। ਸਿਰਦਰਦ ਹੋਵੇ, ਦੰਦਾਂ ਦਾ ਦਰਦ ਹੋਵੇ, ਮੋਚ ਹੋਵੇ ਜਾਂ ਫਿਰ ਜੁਕਾਮ ਅਤੇ ਫ਼ਲੂ, ਇਹ ਇੱਕ ਅਜਿਹੀ ਦਵਾਈ ਹੈ ਜੋ ਇਨਾਂ ਸਾਰੀਆਂ ਸਿਹਤ ਚਿੰਤਾਵਾਂ ਤੋਂ ਤੁਰੰਤ ਛੁਟਕਾਰਾ ਦਿਵਾਉਣ ਦਾ ਕੰਮ ਕਰਦੀ ਹੈ। ਬੁਖ਼ਾਰ ਨੂੰ ਘਟਾਉਣ ਲਈ ਪੈਰਾਸੀਟਾਮੋਲ ਦੀ ਵਰਤੋਂ ਮਹਾਂਮਾਰੀ ਦੇ ਦੌਰਾਨ ਵਧ ਗਈ ਹੈ।

ਐਸੀਟਾਮਿਨੋਫ਼ਿਨ ਵਜੋਂ ਵੀ ਜਾਣੀ ਜਾਂਦੀ ਹੈ, ਇਹ ਦਵਾਈ ਆਈਬਿਊਪਰੋਫ਼ੈਨ ਨਾਲ਼ੋਂ ਹਲਕੀ ਹੈ ਅਤੇ ਇਹ ਸਿਰਫ਼ ਹਲਕੇ ਬੁਖ਼ਾਰ ਅਤੇ ਮੱਧਮ ਦਰਦ ਦੇ ਇਲਾਜ ਲਈ ਕੰਮ ਕਰ ਸਕਦੀ ਹੈ। ਹਾਲਾਂਕਿ, ਇਸ ਨੂੰ ਜ਼ਿਆਦਾ ਜਾਂ ਗ਼ਲਤ ਡਰਿੰਕ ਨਾਲ਼ ਲੈਣਾ ਗੰਭੀਰ ਮਾੜੇ ਪ੍ਰਭਾਵਾਂ ਦਾ ਕਾਰਨ ਬਣ ਸਕਦਾ ਹੈ ਅਤੇ ਜਾਨਲੇਵਾ ਵੀ ਹੋ ਸਕਦਾ ਹੈ।

**ਕਿਹੜੇ ਡਰਿੰਕਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ?**

ਹਰ ਦਵਾਈ ਵੱਖਰੇ ਤਰੀਕੇ ਨਾਲ਼ ਕੰਮ ਕਰਦੀ ਹੈ ਅਤੇ ਸਿਹਤ ’ਤੇ ਇਸ ਦਾ ਅਸਰ ਵੀ ਘੱਟ ਹੁੰਦਾ ਹੈ। ਇਸ ਲਈ, ਜਦੋਂ ਡਾਕਟਰ ਤੁਹਾਨੂੰ ਦਵਾਈਆਂ ਦੀ ਸਿਫ਼ਾਰਸ਼ ਕਰਦਾ ਹੈ, ਤਾਂ ਤੁਹਾਨੂੰ ਇਹ ਵੀ ਪੁੱਛਣਾ ਚਾਹੀਦਾ ਹੈ ਕਿ ਉਨਾਂ ਨੂੰ ਕਿਵੇਂ ਖਾਣਾ ਹੈ। ਕੁਝ ਦਵਾਈਆਂ ਨੂੰ ਖ਼ਾਲੀ ਪੇਟ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ, ਕੁਝ ਦੁੱਧ ਦੇ ਨਾਲ਼ ਕਿਉਂਕਿ ਉਹ ਗਰਮ ਹੁੰਦੀਆਂ ਹਨ ਅਤੇ ਪੇਟ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਜਿੱਥੋਂ ਤੱਕ ਪੈਰਾਸੀਟਾਮੋਲ ਦਾ ਸਵਾਲ ਹੈ, ਇਸ ਤੋਂ ਬਚਣ ਲਈ ਸਿਰਫ਼ ਇੱਕ ਹੀ ਡਰਿੰਕ ਹੈ ਅਤੇ ਉਹ ਹੈ ਸ਼ਰਾਬ, ਅਲਕੋਹਲ ਵਿੱਚ ਈਥਾਨੌਲ ਹੁੰਦਾ ਹੈ। ਪੈਰਾਸੀਟਾਮੋਲ ਨੂੰ ਈਥਾਨੌਲ ਦੇ ਨਾਲ਼ ਮਿਲਾਉਣ ਨਾਲ਼ ਮਤਲੀ, ਉਲਟੀਆਂ, ਸਿਰ ਦਰਦ, ਬੇਹੋਸ਼ੀ, ਜਾਂ ਤਾਲਮੇਲ ਦਾ ਨੁਕਸਾਨ ਹੋ ਸਕਦਾ ਹੈ। ਹੈਂਗਓਵਰ ਤੋਂ ਛੁਟਕਾਰਾ ਪਾਉਣ ਲਈ ਰਾਤ ਭਰ ਭਾਰੀ ਸ਼ਰਾਬ ਪੀਣ ਤੋਂ ਬਾਅਦ ਪੈਰਾਸੀਟਾਮੋਲ ਦਾ ਸੇਵਨ ਤੁਹਾਨੂੰ ਗੰਭੀਰ ਜੋਖ਼ਮ ਵਿੱਚ ਪਾ ਸਕਦਾ ਹੈ। ਇਨਾਂ ਦੋਵਾਂ ਦਾ ਇਕੱਠੇ ਸੇਵਨ ਕਰਨ ਨਾਲ਼ ਤੁਹਾਡੇ ਲੀਵਰ ਵਿੱਚ ਜ਼ਹਿਰੀਲੇ ਪਦਾਰਥ ਵਧ ਸਕਦੇ ਹਨ, ਜਿਸ ਨਾਲ਼ ਮੌਤ ਵੀ ਹੋ ਸਕਦੀ ਹੈ। ਇਸ ਤੋਂ ਇਲਾਵਾ ਸ਼ਰਾਬ ਵੀ ਨਸ਼ੇ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਜਾਣੀ ਜਾਂਦੀ ਹੈ।

ਪੈਰਾਸੀਟਾਮੋਲ ਹੀ ਨਹੀਂ ਬਲਕਿ ਸ਼ਰਾਬ ਦੇ ਨਾਲ਼ ਕੋਈ



ਵੀ ਦਵਾਈ ਲੈਣ ਨਾਲ਼ ਨੁਕਸਾਨ ਹੋ ਸਕਦਾ ਹੈ। ਜਦੋਂ ਵੀ ਤੁਸੀਂ ਕੈਮਿਸਟ ਤੋਂ ਦਵਾਈ ਲੈਂਦੇ ਹੋ, ਉਨਾਂ ਨੂੰ ਪੁੱਛੋ ਕਿ ਇਸ ਨਾਲ਼ ਕੀ ਨਹੀਂ ਲੈਣਾ ਚਾਹੀਦਾ।

**ਸੁਰੱਖਿਅਤ ਖ਼ੁਰਾਕ**

ਹਾਲਾਂਕਿ ਪੈਰਾਸੀਟਾਮੋਲ ਇੱਕ ਹਲਕੀ ਦਵਾਈ ਹੈ, ਇਸਦੀ ਖ਼ਪਤ ਸੀਮਤ ਹੋਣੀ ਚਾਹੀਦੀ ਹੈ। ਬਾਲਗਾਂ ਲਈ, 1 ਗ੍ਰਾਮ ਪੈਰਾਸੀਟਾਮੋਲ ਪ੍ਰਤੀ ਖ਼ੁਰਾਕ ਅਤੇ 4 ਗ੍ਰਾਮ (4000 ਮਿਲੀਗ੍ਰਾਮ) ਪ੍ਰਤੀ ਦਿਨ ਖ਼ਪਤ ਲਈ ਸੁਰੱਖਿਅਤ ਹੈ। ਇਸ ਤੋਂ ਵੱਧ ਲੈਣ ਨਾਲ਼ ਜਿਗਰ ਜ਼ਹਿਰੀਲਾ ਹੋ ਸਕਦਾ ਹੈ। ਜੇਕਰ ਤੁਸੀਂ ਇੱਕ ਦਿਨ ਵਿੱਚ 3 ਵਾਰ ਸ਼ਰਾਬ ਪੀਂਦੇ ਹੋ ਤਾਂ ਡਾਕਟਰ ਦੀ ਸਲਾਹ ਤੋਂ ਬਾਅਦ ਪੈਰਾਸੀਟਾਮੋਲ 2 ਗ੍ਰਾਮ ਤੋਂ ਵੱਧ ਨਾ ਲਓ। ਦੋ ਸਾਲ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਪੈਰਾਸੀਟਾਮੋਲ ਦੇਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲਓ।

ਜੇਕਰ ਤੁਸੀਂ ਤਰਲ ਪੈਰਾਸੀਟਾਮੋਲ ਲੈ ਰਹੇ ਹੋ, ਤਾਂ ਮਾਤਰਾ ਨੂੰ ਮਾਪੋ। ਤਰਲ ਦਵਾਈ ਦੀ ਓਵਰਡੋਜ਼ ਇੱਕ ਆਮ ਗ਼ਲਤੀਆਂ ਵਿੱਚੋਂ ਇੱਕ ਹੈ ਜੋ ਲੋਕ ਕਰਦੇ ਹਨ। ਨਿਗ਼ਲਣ ਤੋਂ ਪਹਿਲਾਂ ਚਬਾਉਣ ਵਾਲੀ ਗੋਲੀ ਨੂੰ ਚੰਗੀ ਤਰਾਂ ਚਬਾਓ। ਭਾਵੇਂ ਤੁਸੀਂ ਪੈਰਾਸੀਟਾਮੋਲ ਨੂੰ ਸੰਜਮ ਵਿੱਚ ਲੈ ਰਹੇ ਹੋ, ਇਸਨੂੰ ਰੋਜ਼ਾਨਾ ਨਾ ਲਓ।

**ਬਹੁਤ ਜ਼ਿਆਦਾ ਪੈਰਾਸੀਟਾਮੋਲ ਖਾਣ ਦੇ ਨੁਕਸਾਨ**

ਬਹੁਤ ਸਾਰੇ ਲੋਕਾਂ ਨੂੰ ਪੈਰਾਸੀਟਾਮੋਲ ਤੋਂ ਐਲਰਜੀ ਹੁੰਦੀ ਹੈ, ਇਸ ਲਈ ਇਸ ਦਾ ਸੇਵਨ ਕਰਨ ਤੋਂ ਪਹਿਲਾਂ ਜਾਂਚ ਕਰੋ ਕਿ ਕੀ ਤੁਹਾਡੇ ਨਾਲ਼ ਅਜਿਹਾ ਨਹੀਂ ਹੈ। ਜੇਕਰ ਤੁਸੀਂ ਲੰਬੇ ਸਮੇਂ ਤੋਂ ਅਲਕੋਹਲ ਦਾ ਸੇਵਨ ਕਰਦੇ ਹੋ ਜਾਂ ਜਿਗਰ ਸੰਬੰਧੀ ਕੋਈ ਸਮੱਸਿਆ ਹੈ, ਤਾਂ ਇਸ ਨੂੰ ਲੈਣ ਤੋਂ ਪਹਿਲਾਂ ਡਾਕਟਰ ਨਾਲ਼ ਸਲਾਹ ਕਰੋ। ਦਵਾਈ ਲੈਣ ਤੋਂ ਬਾਅਦ, ਜੇਕਰ ਤੁਹਾਨੂੰ ਛਪਾਕੀ, ਸਾਹ ਲੈਣ ਵਿੱਚ ਦਿੱਕਤ, ਚਿਹਰੇ, ਜੀਭ, ਬੁੱਲ ਜਾਂ ਗਲੇ ਵਿੱਚ ਸੋਜ ਦਾ ਅਨੁਭਵ ਹੁੰਦਾ ਹੈ, ਤਾਂ ਤੁਰੰਤ ਡਾਕਟਰ ਨਾਲ਼ ਸੰਪਰਕ ਕਰੋ।

**ਸਿਕਰੀ ਦਾ ਕਾਰਗਰ ਦਾ ਦੇਸੀ ਇਲਾਜ**

ਸਿਕਰੀ ਕੋਈ ਵੱਡੀ ਸਮੱਸਿਆ ਨਹੀਂ ਹੈ, ਪਰ ਇਹ ਕਈ ਥਾਵਾਂ ’ਤੇ ਸ਼ਰਮ ਕਰਨ ਦਾ ਕਾਰਨ ਬਣ ਸਕਦੀ ਹੈ, ਖ਼ਾਸ ਕਰਕੇ ਜਦੋਂ ਇਹ ਸਿਰ ਤੋਂ ਕੱਪੜਿਆਂ ’ਤੇ ਨਜ਼ਰ ਆਉਣ ਲੱਗਦੀ ਹੈ। ਬਹੁਤ ਸਾਰੇ ਲੋਕਾਂ ਦੇ ਸਿਰ ਵਿੱਚ, ਇਹ ਇੱਕ ਥਾਂ ਤੇ ਜੰਮ ਜਾਂਦੀ ਹੈ। ਜਿਸ ਕਾਰਨ ਵਾਲਾਂ ਦੀ ਕਵਾਲਿਟੀ ਖ਼ਰਾਬ ਹੋਣ ਲੱਗਦੀ ਹੈ। ਜੇਕਰ ਇਸ ਦੀ ਸਫ਼ਾਈ ਨਾ ਕੀਤੀ ਜਾਵੇ ਤਾਂ ਉੱਥੇ ਦੇ ਜਮਾਂ ਹੋ ਜਾਂਦੀ ਹੈ। ਜਿਸ ਕਾਰਨ ਵਾਲ ਬਹੁਤ ਤੇਜ਼ੀ ਨਾਲ਼ ਝੜਨੇ ਸ਼ੁਰੂ ਹੋ ਜਾਂਦੇ ਹਨ। ਸਿਕਰੀ ਨੂੰ ਦੂਰ ਕਰਨ ਲਈ ਕਈ ਤਰਾਂ ਦੇ ਸ਼ੈਂਪੂ ਅਤੇ ਤੇਲ ਦਾ ਸੁਝਾਅ ਦਿੱਤਾ ਜਾਂਦਾ ਹੈ ਪਰ ਘਰੇਲੂ ਨੁਸਖ਼ਿਆਂ ਰਾਹੀਂ ਤੁਸੀਂ ਇਸ ਸਮੱਸਿਆ ਤੋਂ ਬਹੁਤ ਜਲਦੀ ਛੁਟਕਾਰਾ ਪਾ ਸਕਦੇ ਹੋ। ਤਾਂ ਆਓ ਜਾਣਦੇ ਹਾਂ ਉਨਾਂ ਬਾਰੇ ਕੁਝ...

1. ਨਿੰਬੂ ਨੂੰ ਪਾਣੀ ਵਿੱਚ ਨਿਚੋੜ ਕੇ ਇੱਕ ਹਫ਼ਤੇ ਤੱਕ ਰੋਜ਼ਾਨਾ ਵਾਲਾਂ ਦੀਆਂ ਜੜਾਂ ’ਤੇ ਉਂਗਲਾਂ ਨਾਲ਼ ਚੰਗੀ ਤਰਾਂ ਨਾਲ਼ ਮਾਲਿਸ਼ ਕਰੋ। 10-15 ਮਿੰਟ ਬਾਅਦ ਇਸ ਨੂੰ ਧੋ ਲਓ।
2. ਨਾਰੀਅਲ ਦੇ ਤੇਲ ਵਿੱਚ ਚਾਰ ਫ਼ੀਸਦੀ ਕਪੂਰ ਮਿਲਾ ਕੇ ਨਹਾਉਣ ਤੋਂ ਬਾਅਦ ਸੁੱਕ ਜਾਣ ਤੱਕ ਰੱਖੋ ਅਤੇ ਇਸ ਤੇਲ ਨੂੰ ਸਿਰ ’ਤੇ ਚੰਗੀ ਤਰਾਂ ਨਾਲ਼ ਮਾਲਿਸ਼ ਕਰੋ।
3. ਰੀਠਾ, ਆਂਵਲਾ ਅਤੇ ਸ਼ਿਕਾਕਈ ਨੂੰ ਪਾਣੀ ’ਚ ਭਿਓ ਕੇ ਉਸ ਪਾਣੀ ਨਾਲ਼ ਸਿਰ ਧੋ ਲਓ।
4. ਆਪਣੀਆਂ ਉਂਗਲਾਂ ਨਾਲ਼ ਰੋਜ਼ਾਨਾ ਇਸ ਤਰਾਂ ਸਿਰ ਦੀ ਮਾਲਿਸ਼ ਕਰੋ।
5. ਦਹੀਂ ਵਿੱਚ ਥੋੜਾ ਜਿਹਾ ਸਰੋਂ ਦਾ ਤੇਲ ਮਿਲਾ ਕੇ ਸਿਰ ਧੋ ਲਓ।
6. ਨਹਾਉਣ ਤੋਂ ਅੱਧਾ ਘੰਟਾ ਪਹਿਲਾਂ ਸਿਰ ਦੀ ਚਮੜੀ ’ਤੇ ਦਹੀਂ ਦੀ ਮਾਲਿਸ਼ ਕਰੋ, ਫਿਰ ਸਿਰ ਨੂੰ ਧੋ ਲਓ।
7. ਮੇਥੀ ਦੇ ਬੀਜਾਂ ਨੂੰ ਰਾਤ ਭਰ ਭਿਓ ਦਿਓ। ਹਰ ਦੋ-ਤਿੰਨ ਦਿਨ ਬਾਅਦ ਮੇਥੀ ਨੂੰ ਪੀਸ ਕੇ ਪੇਸਟ ਬਣਾ ਲਓ ਅਤੇ ਸਿਰ ਦੀ ਚਮੜੀ ’ਤੇ ਲਗਾਓ ਅਤੇ ਅੱਧੇ ਘੰਟੇ ਬਾਅਦ ਧੋ ਲਓ।
8. ਨਾਰੀਅਲ ਦੇ ਤੇਲ ਵਿੱਚ ਨਿੰਬੂ ਦਾ ਰਸ ਮਿਲਾ ਕੇ ਲਗਾਉਣਾ ਵੀ ਡੈਂਡਰਫ ਦਾ ਅਸਰਦਾਰ ਇਲਾਜ ਹੈ।
9. ਮੁਲਤਾਨੀ ਮਿੱਟੀ ਨਾਲ਼ ਸਿਰ ਦੀ ਸਫਾਈ ਕਰਨ ਨਾਲ਼ ਵੀ ਖੁਸ਼ਕੀ ਦੀ ਸਮੱਸਿਆ ਖ਼ਤਮ ਹੋ ਜਾਂਦੀ ਹੈ।
10. ਪਿਆਜ਼ ਦਾ ਰਸ ਲਗਾਉਣ ਨਾਲ਼ ਵੀ ਡੈਂਡਰਫ ਤੋਂ ਛੁਟਕਾਰਾ ਮਿਲਦਾ ਹੈ ਅਤੇ ਵਾਲਾਂ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ।

ਇਨਾਂ ਨੁਸਖ਼ਿਆਂ ਦੇ ਫ਼ਾਇਦੇ ਤਾਂ ਹੀ ਨਜ਼ਰ ਆਉਣਗੇ ਜੇਕਰ ਤੁਸੀਂ ਇਨਾਂ ਦੀ ਰੋਜ਼ਾਨਾ ਵਰਤੋਂ ਕਰੋਗੇ।

# ਚੰਗੀ ਸਿਹਤ ਦਾ ਰਾਜ਼

**ਹਰਜੀਤ ਕੌਰ ਕੈਲੀਫ਼ੋਰਨੀਆ**

ਚੰਗੀ ਸਿਹਤ ਕਿਸੇ ਨੂੰ ਬਿਨਾਂ ਕਿਸੇ ਉਲਝਣ ਦੇ, ਜੀਵਨ ਦੀਆਂ ਸਾਰੀਆਂ ਖ਼ੁਸ਼ੀਆਂ ਅਤੇ ਸੁਆਦ ਲੈਣ ਦੀ ਆਗਿਆ ਦਿੰਦੀ ਹੈ। ਇੱਥੋਂ ਤੱਕ ਕਿ ਚੰਗੀ ਸਿਹਤ ਦੇ ਮੁਕਾਬਲੇ ਸਾਰੀਆਂ ਦੌਲਤਾਂ ਘੱਟ ਕੀਮਤੀ ਹਨ। ਜਦੋਂ ਕੋਈ ਵਿਅਕਤੀ ਲਗਾਤਾਰ ਬੀਮਾਰ, ਉਦਾਸ ਜਾਂ ਕਿਸੇ ਵੱਡੀ ਸਿਹਤ ਸੰਬੰਧੀ ਪੇਚੀਦਗੀ ਤੋਂ ਪੀੜਤ ਹੁੰਦਾ ਹੈ ਤਾਂ ਦੁਨੀਆਂ ਦੀਆਂ ਸਾਰੀਆਂ ਐਸ਼ੋ-ਆਰਾਮ ਦੀਆਂ ਚੀਜ਼ਾਂ ਹੋਣ ਨਾਲ਼ ਆਪਣਾ ਮਕਸਦ ਪੂਰਾ ਨਹੀਂ ਹੁੰਦਾ। ਕਿਤੇ ਵੀ ਤੁਰਨ ਅਤੇ ਜਾਣ ਦੇ ਯੋਗ ਹੋਣ ਦੀ ਮਹੱਤਤਾ ਜਾਂ ਕੀਮਤ ਕੇਵਲ ਇੱਕ ਬਿਸਤਰੇ ’ਤੇ ਸਵਾਰ ਵਿਅਕਤੀ ਹੀ ਜਾਣਦਾ ਹੈ। ਇਸੇ ਤਰਾਂ ਅੱਖਾਂ ਦੀ ਰੋਸ਼ਨੀ ਦੀ ਮਹੱਤਤਾ ਸਿਰਫ਼ ਅੰਨਾ ਹੀ ਜਾਣਦਾ ਹੈ।

ਚੰਗੀ ਸਿਹਤ ਇੱਕ ਖ਼ੁਸ਼ ਆਦਮੀ ਦਾ ਰਾਜ਼ ਹੈ। ਬੱਚਿਆਂ ਲਈ ਤੰਦਰੁਸਤ ਰਹਿਣਾ ਮਨ ਅਤੇ ਸਰੀਰ ਦੇ ਸਹੀ ਵਿਕਾਸ ਅਤੇ ਵਿਕਾਸ ਲਈ ਬਹੁਤ ਜ਼ਰੂਰੀ ਹੈ ਕਿਉਂਕਿ ਉਨਾਂ ਨੂੰ ਕਲਾਸ ਵਿੱਚ ਧਿਆਨ ਕੇਂਦਰਿਤ ਕਰਨ ਅਤੇ ਖੇਤਰੀ ਗਤੀਵਿਧੀਆਂ ਵਿੱਚ ਪੂਰੀ ਤਰਾਂ ਹਿੱਸਾ ਲੈਣ ਦੀ ਲੋੜ ਹੁੰਦੀ ਹੈ। ਚੰਗੀ ਸਿਹਤ ਕਈ ਕਾਰਕਾਂ ਦਾ ਸੰਚਤ ਉਤਪਾਦ ਹੈ। ਹਾਲਾਂਕਿ ਜਨਮ ਅਤੇ ਬੀਮਾਰੀਆਂ ਰੱਬ ਦੁਆਰਾ ਦਿੱਤੀਆਂ ਗਈਆਂ ਹਨ, ਸਾਡੀ ਸਿਹਤ ਦੀ ਜ਼ਿੰਮੇਵਾਰੀ, ਇੱਕ ਵਾਰ ਜਦੋਂ ਅਸੀਂ ਸੁਰੱਖਿਅਤ ਅਤੇ ਤੰਦਰੁਸਤ ਸੰਸਾਰ ਵਿੱਚ ਪਹੁੰਚਦੇ ਹਾਂ, ਤਾਂ ਸਾਡੇ ’ਤੇ ਨਿਰਭਰ ਕਰਦਾ ਹੈ। ਤਾਜ਼ੀ ਹਵਾ, ਸੂਰਜ ਦੀ ਰੌਸ਼ਨੀ, ਪੀਣ ਵਾਲਾ ਸੁਰੱਖਿਅਤ ਪਾਣੀ ਚੰਗੀ ਸਿਹਤ ਲਈ ਬਹੁਤ ਜ਼ਰੂਰੀ ਤੱਤ ਹਨ।

ਗੰਦਾ ਅਤੇ ਗਿੱਲਾ ਮਾਹੌਲ ਡਿਪਰੈਸ਼ਨ ਸਮੇਤ ਕਈ ਬੀਮਾਰੀਆਂ ਦਾ ਕਾਰਨ ਬਣਦਾ ਹੈ।



ਭੋਜਨ ਮਨ ਅਤੇ ਸਰੀਰ ਲਈ ਇੱਕ ਹੋਰ ਮਹੱਤਵਪੂਰਨ ਕਾਰਕ ਹੈ। ਮਨ ਅਤੇ ਸਰੀਰ ਦੇ ਸਮੁੱਚੇ ਵਿਕਾਸ ਲਈ ਇੱਕ ਸਿਹਤਮੰਦ ਖ਼ੁਰਾਕ ਮਹੱਤਵਪੂਰਨ ਹੈ। ਜ਼ਿਆਦਾ ਖਾਣਾ ਮੋਟਾਪੇ ਅਤੇ ਦਿਲ ਦੀਆਂ ਬੀਮਾਰੀਆਂ ਅਤੇ ਹੋਰ ਬੀਮਾਰੀਆਂ ਦੇ ਸੰਬੰਧਿਤ ਜੋਖ਼ਮਾਂ ਦਾ ਕਾਰਨ ਬਣਦਾ ਹੈ, ਜਦੋਂ ਕਿ ਘੱਟ ਖਾਣਾ ਭੁੱਖ ਦੀ ਕਮੀ ਦਾ ਕਾਰਨ ਬਣਦਾ ਹੈ ਅਤੇ ਘੱਟ ਪੋਸ਼ਣ ਦਾ ਕਾਰਨ ਬਣਦਾ ਹੈ। ਇਸ ਲਈ, ਵਿਅਕਤੀ ਨੂੰ ਹਮੇਸ਼ਾ ਸੰਤੁਲਿਤ ਖ਼ੁਰਾਕ ਲੈਣੀ ਚਾਹੀਦੀ ਹੈ।

ਅਜੋਕੇ ਸਮੇਂ ਦੇ ਵਿੱਚ ਸਾਡੀ ਚੰਗੀ ਸਿਹਤ ਦਾ ਰਾਜ਼ ਕਿਧਰੇ ਗੁੰਮ ਹੋ ਗਿਆ ਹੈ। ਖੁੱਲੇ ਵਾਤਾਵਰਨ ਵਿੱਚ ਜੋ ਇਨਸਾਨ ਸਵਸਥ ਹਵਾ ਲੈ ਰਿਹਾ ਹੈ ਬਿਨਾਂ ਖਾਦ ਦੇ ਭੋਜਨ ਖਾ ਰਿਹਾ ਹੈ ਉਹ ਇਨਸਾਨ ਸਾਨੂੰ ਅੱਜ ਕਿਧਰੇ ਵੀ ਨਹੀਂ ਮਿਲ ਰਿਹਾ। ਭਾਰਤ ਵਿੱਚ ਤਾਂ ਭ੍ਰਿਸ਼ਟਾਚਾਰ ਦੇ ਨਾਲ਼-ਨਾਲ਼ ਵਾਤਾਵਰਨ ਵੀ ਏਨਾ ਜ਼ਿਆਦਾ ਗੰਧਲਾ ਹੋ ਗਿਆ ਹੈ ਕੀ ਮਨੁੱਖ ਦੀਆਂ ਖਾਣ ਵਾਲੀਆਂ ਵਸਤਾਂ ਹੀ ਉਸ ਪ੍ਰਤੀ ਜ਼ਹਿਰ ਦਾ ਕੰਮ ਕਰ ਰਹੀਆਂ ਹਨ। ਵਧ ਰਹੀ ਅਬਾਦੀ ਦੇ ਨਾਲ਼-ਨਾਲ਼ ਦਰਖ਼ਤਾਂ ਦੀ ਕਟਾਈ ਮਨੁੱਖ ਲਈ ਦਿਨ ਪ੍ਰਤੀ ਦਿਨ ਜਾਨਲੇਵਾ ਬਣ ਰਹੀ ਹੈ। ਕੁਦਰਤ ਤੋਂ ਬੇਮੁੱਖ ਹੋਇਆ ਇਨਸਾਨ ਕਦੇ ਵੀ ਸਵਸਥ ਨਹੀਂ ਰਹਿ ਸਕਦਾ। ਜਦੋਂ ਕੁਦਰਤ ਨੇ ਇਸ ਸ੍ਰਿਸ਼ਟੀ ਨੂੰ ਸਾਜਿਆ ਸੀ ਤਾਂ ਪਹਿਲਾਂ ਇਨਾਂ ਦਰਖ਼ਤਾਂ ਜੜੀ ਬੂਟੀਆਂ ਦੀ ਰਚਨਾ ਕੀਤੀ ਗਈ ਤਾਂ ਜੋ ਮਨੁੱਖ ਨੂੰ ਆਕਸੀਜਨ ਮਿਲ ਸਕੇ ਪਰ ਸਾਡੇ ਮੰਦਬੁੱਧੀ ਦਿਮਾਗ਼ ਨੇ ਕੁਦਰਤ ਨਾਲ਼ ਖਿਲਵਾੜ ਕਰਕੇ ਤਰਾਂ-ਤਰਾਂ ਦੀਆਂ ਬੀਮਾਰੀਆਂ ਨੂੰ ਨਿਓਂਤਾ ਦੇ ਦਿੱਤਾ ਹੈ । ਜੇਕਰ ਅਜੇ ਵੀ ਅਸੀਂ ਨਹੀਂ ਸੰਭਲੇ ਤਾਂ ਆਉਣ ਵਾਲੇ ਸਮੇਂ ਵਿੱਚ ਇਨਸਾਨ ਨੂੰ ਭਿਆਨਕ ਬੀਮਾਰੀਆਂ ਨੇ ਜਕੜ ਲੈਣਾ ਹੈ। ਡਿਪਰੈਸ਼ਨ ਵਿੱਚ ਗਿਆ ਹੋਇਆ ਮਨੁੱਖ ਨਾਂ ਤੇ ਚੰਗੀ ਜ਼ਿੰਦਗੀ ਦੀ ਕਾਮਨਾ ਕਰ ਸਕਦਾ ਹੈ ਨਾ ਹੀ ਉਹ ਕੁਦਰਤ ਦੇ ਰੰਗਾਂ ਨੂੰ ਮਾਣ ਸਕਦਾ ਹੈ ।ਸੋ ਜੇਕਰ ਸਾਨੂੰ ਚੰਗੀ ਸਿਹਤ ਚਾਹੀਦੀ ਹੈ ਤਾਂ ਸਭ ਤੋਂ ਪਹਿਲਾਂ ਕੁਦਰਤ ਦੇ ਅਨੁਸਾਰ ਚੱਲਣਾ ਪਵੇਗਾ ਕਿਉਂਕਿ ਉਸ ਕੁਦਰਤ ਦੇ ਵਿੱਚ ਹੀ ਇਨਸਾਨ ਦਾ ਦੁੱਖ-ਸੁੱਖ ਲੁਕਿਆ ਹੋਇਆ ਹੈ। ਮੈਂ ਮੈਂ ਦੀ ਦੌੜ ਨੂੰ ਖ਼ਤਮ ਕਰਕੇ ਤੂੰ ਤੂੰ ਦੀ ਧਾਰਨਾ ਨੂੰ ਅਪਣਾ ਕੇ ਆਨੰਦਮਈ ਜੀਵਨ ਜੀਅ ਸਕਦੇ ਹਾਂ ।

# ਜ਼ਿੰਦਗੀ ਜਿਉਣ ਦੇ ਢੰਗ ‘ਚ ਕਰੋ ਬਦਲਾਅ, ਤਾਂ ਤੇਜ਼ੀ ਨਾਲ਼ ਘੱਟ ਹੋਵੇਗੀ ਪੇਟ ਦੀ ਚਰਬੀ



ਭਾਰ ਘਟਾਉਣਾ ਆਸਾਨ ਨਹੀਂ ਹੈ ਤੇ ਸਿਰਫ਼ ਉਹ ਹੀ ਜਾਣਦੇ ਹਨ ਜਿਨਾਂ ਨੇ ਇਸ ਦੀ ਕੋਸ਼ਿਸ਼ ਕੀਤੀ ਹੈ। ਭਾਰ ਘਟਾਉਣ ਦਾ ਕੋਈ ਇੱਕ ਫ਼ਾਰਮੂਲਾ ਨਹੀਂ ਹੈ ਜੋ ਹਰ ਕਿਸੇ ਲਈ ਕੰਮ ਕਰਦਾ ਹੈ। ਪਾਚਨ ਤੋਂ ਲੈ ਕੇ ਮੈਟਾਬੋਲਿਜ਼ਮ ਅਤੇ ਭੋਜਨ ਦੀ ਵਰਤੋਂ ਤੱਕ, ਸਾਰੀਆਂ ਪ੍ਰਕਿਰਿਆਵਾਂ ਵੱਖ-ਵੱਖ ਲੋਕਾਂ ਲਈ ਵੱਖੋ-ਵੱਖਰੇ ਢੰਗ ਨਾਲ਼ ਕੰਮ ਕਰਦੀਆਂ ਹਨ ਅਤੇ ਹਰੇਕ ਨੂੰ ਵੱਖੋ-ਵੱਖਰੀਆਂ ਸਮੱਸਿਆਵਾਂ ਹੁੰਦੀਆਂ ਹਨ। ਬਹੁਤ ਸਾਰੇ ਲੋਕਾਂ ਦੇ ਹੱਥਾਂ ਤੇ ਪੈਰਾਂ ਵਿੱਚ ਚਰਬੀ ਤੇਜ਼ੀ ਨਾਲ਼ ਜਮਾਂ ਹੋ ਜਾਂਦੀ ਹੈ, ਜਦੋਂ ਕਿ ਕਈ ਲੋਕਾਂ ਦੇ ਉੱਪਰਲੇ ਹਿੱਸੇ ਵਿੱਚ ਵੀ ਚਰਬੀ ਵੱਧ ਜਾਂਦੀ ਹੈ, ਇਸ ਲਈ ਬਹੁਤ ਸਾਰੇ ਲੋਕਾਂ ਲਈ ਪੇਟ ਦੇ ਆਲੇ-ਦੁਆਲੇ ਦੀ ਚਰਬੀ ਨੂੰ ਘਟਾਉਣਾ ਮੁਸ਼ਕਿਲ ਹੋ ਜਾਂਦਾ ਹੈ। ਪੇਟ ਦੇ ਆਸੇ-ਪਾਸੇ ਚਰਬੀ ਜਮਾਂ ਹੋ ਜਾਂਦੀ ਹੈ। ਹਾਲਾਂਕਿ ਇਹ ਵਜ਼ਨ ਤੇ ਜਮਾਂ ਚਰਬੀ ਨੂੰ ਘਟਾਉਣਾ ਮੁਸ਼ਕਲ ਨਹੀਂ ਹੈ। ਛੋਟੇ-ਛੋਟੇ ਬਦਲਾਅ ਕਰ ਕੇ ਵਜ਼ਨ ਘੱਟ ਕਰ ਸਕਦੇ ਹਨ। ਫਿਰ ਚਾਹੇ ਸਰੀਰ ਦਾ ਕੋਈ ਵੀ ਹਿੱਸਾ ਹੋਵੇ। ਡਾਇਟ ਤੇ ਕਸਰਤ ਦੀ ਮਦਦ ਨਾਲ਼ ਵਜ਼ਨ ਘੱਟ ਕੀਤਾ ਜਾ ਸਕਦਾ ਹੈ।

ਕਾਰਬੋਹਾਈਡ੍ਰੇਟ ਉਸ ਜ਼ਿੱਦੀ ਚਰਬੀ ਲਈ ਜ਼ਿੰਮੇਵਾਰ ਹਨ, ਜਿਸ ਤੋਂ ਛੁਟਕਾਰਾ ਪਾਉਣਾ ਬਹੁਤ ਮੁਸ਼ਕਿਲ ਹੈ, ਭਾਵੇਂ ਤੁਸੀਂ ਕਿੰਨੀ ਵੀ ਕੋਸ਼ਿਸ਼ ਕਰੋ। ਕਾਰਬੋਹਾਈਡ੍ਰੇਟ ਬਰੈੱਡ, ਚਿਪਸ, ਪਾਸਤਾ ਆਦਿ ਤੁਹਾਡੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੇ ਹਨ।

ਸਾਡੇ ਵਿੱਚੋਂ ਬਹੁਤ ਸਾਰੇ ਇਹ ਨਹੀਂ ਜਾਣਦੇ ਹਨ ਕਿ ਜ਼ਿਆਦਾਤਰ ਪੈਕ ਕੀਤੇ ਭੋਜਨ ਅਤੇ ਪੀਣ ਵਾਲੇ ਪਦਾਰਥ ਜੋ ਅਸੀਂ ਖਾਂਦੇ ਹਾਂ, ਉਹਨਾਂ ਵਿੱਚ ਖੰਡ ਅਤੇ ਕੈਲੋਰੀ ਦੀ ਮਾਤਰਾ ਵਧੇਰੇ ਹੁੰਦੀ ਹੈ। ਇੱਥੋਂ ਤੱਕ ਕਿ ਜਿਹੜੀਆਂ ਚੀਜ਼ਾਂ ‘ਆਹਾਰ’ ਹੋਣ ਦਾ ਦਾਅਵਾ ਕਰਦੀਆਂ ਹਨ, ਉਨਾਂ ਵਿੱਚ ਵੀ ਬਹੁਤ ਜ਼ਿਆਦਾ ਖੰਡ ਹੁੰਦੀ ਹੈ। ਇਸ ਲਈ, ਇਸ ਦੀ ਬਜਾਏ ਸਿਹਤਮੰਦ ਭੋਜਨ ਦੀ ਚੋਣ ਕਰਨਾ ਬਿਹਤਰ ਹੈ, ਜਿਸ ਵਿੱਚ ਸ਼ੂਗਰ ਤੇ ਕੈਲੋਰੀ ਦੀ ਮਾਤਰਾ ਘੱਟ ਤੋਂ ਘੱਟ ਹੋਵੇ।

**ਸ਼ੂਗਰ ਦੇ ਮਰੀਜ਼ ਇਨਾਂ ਸਫ਼ੇਦ ਚੀਜ਼ਾਂ ਤੋਂ ਰਹਿਣ ਦੂਰ**

ਸ਼ੂਗਰ ਦੇ ਮਰੀਜ਼ਾਂ ਨੂੰ ਹਰ ਸਮੇਂ ਆਪਣੇ ਬਲੱਡ ਸ਼ੂਗਰ ਦੇ ਲੈਵਲ ਨੂੰ ਕੰਟਰੋਲ ਵਿੱਚ ਰੱਖਣਾ ਚਾਹੀਦਾ ਹੈ। ਉਹ ਅਕਸਰ ਹੈਲਦੀ ਲਾਈਫ਼ਸਟਾਈਲ ਤੇ ਖਾਣੇ ਦੀਆਂ ਆਦਤਾਂ ਨੂੰ ਅਪਣਾਉਂਦੇ ਹਨ ਤਾਂ ਕਿ ਉਨਾਂ ਦਾ ਬਲੱਡ ਸ਼ੂਗਰ ਲੈਵਲ ਠੀਕ ਰਹੇ। ਸ਼ੂਗਰ ਦੇ ਮਰੀਜ਼ਾਂ ਨੂੰ ਹਰ ਸਮੇਂ ਖਾਣ ਵਾਲੀਆਂ ਸਫ਼ੇਦ ਚੀਜ਼ਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਕਿਉਂਕਿ ਇਨਾਂ ਵਿੱਚ ਸ਼ੂਗਰ ਤੇ ਕਾਰਬੋਜ਼ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ।

ਬਾਕੀ ਸਫ਼ਾ 30 ’ਤੇ

# ਪੰਜਾਬ ਦੇ ਮਾਣ: ਅਰਥ-ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ



**ਪ੍ਰਿੰ. ਸਰਵਣ ਸਿੰਘ**

ਸ਼ਖ਼ਸੀਅਤ

ਡਾ. ਸਰਦਾਰਾ ਸਿੰਘ ਜੌਹਲ ਖੇਤੀ ਅਰਥਚਾਰੇ ਦਾ ਧਰੂ ਤਾਰਾ ਹੈ ਜਿਸ ਨੇ ਤੇਤੀ ਮੁਲਕਾਂ ਵਿੱਚ ਮਾਹਿਰਾਨਾ ਸੇਵਾਵਾਂ ਦਿੱਤੀਆਂ ਹਨ। ਉਸ ਨੂੰ ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਡੀ.ਲਿਟ. ਤੇ ਡੀ.ਐੱਸ. ਦੀਆਂ ਆਨਰੇਰੀ ਡਿਗਰੀਆਂ ਨਾਲ਼ ਨਿਵਾਜਿਆ ਹੈ। ਭਾਰਤ ਸਰਕਾਰ ਨੇ ਉਸ ਨੂੰ ਪਦਮ ਭੂਸ਼ਨ ਅਵਾਰਡ ਨਾਲ਼ ਸਨਮਾਨਿਤ ਕੀਤਾ ਹੈ। ਉਸਾਰੂ ਰੁਝੇਵਿਆਂ ਵਾਲਾ ਜੀਵਨ ਜਿਉਂਦਿਆਂ ਬੇਸ਼ਕ ਚਾਰ ਵਾਰ ਦਿਲ ਦੇ ਦੌਰੇ ਪਏ ਪਰ ਸਦਾ ਚੜ੍ਹਦੀ ਕਲਾ 'ਚ ਰਹਿਣ ਵਾਲਾ ਖੇਤਾਂ ਦਾ ਪੁੱਤ ਸੌ ਸਾਲਾਂ ਨੇੜੇ ਢੁੱਕ ਕੇ ਵੀ ਪ੍ਰੋਫ਼ੈਸ਼ਨਲ ਸੇਵਾਵਾਂ ਦੇਣ ਵਿੱਚ ਸਰਗਰਮ ਹੈ। ਉਸ ਦਾ ਜਨਮ 2 ਅਗਸਤ 1928 ਨੂੰ ਜੜ੍ਹਾਂਵਾਲਾ ਨੇੜੇ ਚੱਕ 104 ਸਮਰਾ-ਜੰਡਿਆਲਾ ਦੇ ਨਿਮਨ ਕਿਸਾਨੀ ਪਰਿਵਾਰ ਵਿੱਚ ਹੋਇਆ ਸੀ। ਨਿੱਕੇ ਹੁੰਦੇ ਦੀ ਮਾਂ ਗੁਜ਼ਰ ਗਈ ਸੀ ਅਤੇ ਉਹ ਆਪਣੇ ਮਾਪਿਆਂ ਦੀ ਇਕਲੌਤੀ ਔਲਾਦ ਸੀ। ਬਚਪਨ ਤੇ ਜੁਆਨੀ 'ਚ ਕਿਰਸਾਣੀ ਦੇ ਸਾਰੇ ਕਰੜੇ ਕੰਮ ਆਪਣੇ ਹੱਥੀਂ ਕਰਨੇ ਪਏ।

ਮੈਂ ਉਸ ਦੀ ਜੀਵਨੀ ਦਾ ਨਾਂ ਪਹਿਲਾਂ 'ਖੇਤੀ ਅਰਥਚਾਰੇ ਦਾ ਧਰੂ ਤਾਰਾ' ਰੱਖਿਆ ਸੀ ਪਰ ਅਗਲੀ ਐਡੀਸ਼ਨ ਛਾਪਣ ਵੇਲੇ 'ਰੰਗਾਂ ਦੀ ਗਾਗਰ ਵਾਲਾ ਸਰਦਾਰਾ ਸਿੰਘ ਜੌਹਲ' ਰੱਖ ਦਿੱਤਾ। ਉਸ ਦੀ ਸਵੈ ਜੀਵਨੀ ਦਾ ਨਾਂ 'ਰੰਗਾਂ ਦੀ ਗਾਗਰ' ਹੈ ਜਿਸ ਦੀਆਂ ਦਰਜਨ ਦੇ ਕਰੀਬ ਐਡੀਸ਼ਨਾਂ ਛਪ ਚੁੱਕੀਆਂ ਹਨ। ਉਸ ਨੂੰ ਮਿਲੇ ਮਾਨਾਂ ਸਨਮਾਨਾਂ ਤੇ ਪੁਰਸਕਾਰਾਂ ਦਾ ਕੋਈ ਅੰਤ ਨਹੀਂ। ਹੁਣ ਲੋਕ ਮੰਚ ਪੰਜਾਬ ਵੱਲੋਂ ਪੰਜਾਬੀ ਸਾਹਿਤ ਅਕਾਡਮੀ ਦੇ ਸਹਿਯੋਗ ਨਾਲ਼ ਪੰਜਾਬੀ ਭਵਨ ਲੁਧਿਆਣਾ ਵਿਖੇ ਉਸ ਨੂੰ 'ਪੰਜਾਬ ਦਾ ਮਾਣ' ਪੁਰਸਕਾਰ ਦਿੱਤਾ ਗਿਐ ਜਿਸ ਦੀਆਂ ਲੱਖ-ਲੱਖ ਮੁਬਾਰਕਾਂ!

ਡਾ. ਜੌਹਲ ਵਿਦਵਤਾ ਦਾ ਭਰ ਵਗਦਾ ਦਰਿਆ ਹੈ। ਗਿਆਨ ਦਾ ਲਟ-ਲਟ ਬਲਦਾ ਚਿਰਾਗ਼ ਜਿਸ ਨਾਲ਼ ਨਿੱਤ ਨਵੇਂ ਦੀਵੇ ਜਗਦੇ ਹਨ। ਕੁਝ ਸਾਲ ਪਹਿਲਾਂ 'ਅਜੀਤ' ਵਿੱਚ ਛਪਦਾ ਉਸ ਦਾ ਕਾਲਮ 'ਮੇਰਾ ਭਾਰਤ ਮਹਾਨ' ਬੇਹੱਦ ਮਕਬੂਲ ਹੋਇਆ ਸੀ। ਮੇਰਾ ਸੁਭਾਗ ਹੈ, ਮੈਨੂੰ ਬਤੌਰ ਪ੍ਰਿੰਸੀਪਲ ਡਾ. ਜੌਹਲ ਹੋਰਾਂ ਦੀ ਸਰਪ੍ਰਸਤੀ ਮਿਲੀ, ਨੇਕ ਸਲਾਹਾਂ ਮਿਲੀਆਂ, ਉਤਸ਼ਾਹ ਮਿਲਿਆ, ਸੇਧ ਮਿਲੀ ਤੇ ਨੇੜਿਓਂ ਵੇਖਣ ਜਾਣਨ ਦੇ ਮੌਕੇ ਮਿਲੇ ਜੋ ਹੁਣ ਤੱਕ ਮਿਲਦੇ ਆ ਰਹੇ ਹਨ। ਜਦੋਂ ਵੀ ਮਿਲੀਏ ਅਪਣੱਤ ਦਾ ਨਿੱਘ ਮਿਲਦੈ ਜਿਸ ਨਾਲ਼ ਮਨ ਖ਼ੁਸ਼ ਹੁੰਦੈ। ਉਸ ਨੂੰ ਵਡੇਰੀ ਉਮਰ ਵਿੱਚ ਵੀ ਆਹਰੇ ਲੱਗੇ ਵੇਖ ਕੇ ਹਰ ਕਿਸੇ ਨੂੰ ਪ੍ਰੇਰਨਾ ਮਿਲਦੀ ਹੈ ਕਿ ਆਪਾਂ ਵੀ ਕੁਝ ਕਰੀਏ।

ਉਹ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਚਾਰ ਸਾਲ ਵੱਡਾ ਹੈ। ਦੋਵੇਂ ਸਰਦਾਰ ਧਨੰਤਰ ਅਰਥ-ਸ਼ਾਸਤਰੀ ਹਨ ਜੋ ਪੱਛਮੀ ਪੰਜਾਬ ਦੇ ਪਿੰਡਾਂ ਵਿੱਚ ਜੰਮੇ ਪਲੇ। ਡਾ. ਮਨਮੋਹਨ ਸਿੰਘ ਦਾ ਪਿੰਡ 'ਗਾਹ' ਪੋਠੋਹਾਰ ਵਿੱਚ ਹੈ ਤੇ ਡਾ. ਜੌਹਲ ਦਾ ਬਾਰ ਵਿੱਚ ਚੱਕ 104 ਸਮਰਾ-ਜੰਡਿਆਲਾ। ਦੇਸ਼ ਦੀ ਵੰਡ ਸਮੇਂ ਇਹ ਪਿੰਡ ਪਾਕਿਸਤਾਨ ਵਿੱਚ ਰਹਿ ਗਏ। ਪਾਕਿਸਤਾਨ 'ਚੋਂ ਉੱਜੜੇ ਇਹ ਦੋਵੇਂ ਪੇਂਡੂ ਨੌਜੁਆਨ ਚੜ੍ਹਦੇ ਪੰਜਾਬ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਪੜ੍ਹ ਕੇ ਭਾਰਤੀ ਯੂਨੀਵਰਸਿਟੀਆਂ ਦੇ ਮਾਣਯੋਗ ਪ੍ਰੋਫ਼ੈਸਰ ਬਣੇ। ਦੋਹਾਂ ਨੇ ਯੂ.ਐੱਨ.ਓ. ਵਿੱਚ ਸੇਵਾ ਕੀਤੀ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਡਾਇਰੈਕਟਰ ਬਣੇ ਤੇ ਭਾਰਤ ਦੇ ਪ੍ਰਧਾਨ ਮੰਤਰੀਆਂ ਦੀਆਂ ਆਰਥਿਕ ਸਲਾਹਕਾਰ ਕੌਂਸਲਾਂ ਦੇ ਮੈਂਬਰ ਰਹੇ। ਡਾ. ਮਨਮੋਹਨ ਸਿੰਘ ਵਰਲਡ ਬੈਂਕ ਵਿੱਚ ਸੇਵਾ ਕਰਨ ਅਤੇ ਭਾਰਤ ਦੇ ਖ਼ਜ਼ਾਨਾ ਮੰਤਰੀ ਬਣਨ ਪਿੱਛੋਂ ਦੋ ਵਾਰ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਪਰ ਡਾ. ਜੌਹਲ ਰਾਜ ਸੱਤਾ ਮਗਰ ਨਾ ਗਏ। ਚਲੇ ਜਾਂਦੇ ਤਾਂ ਸੰਭਵ ਸੀ ਰਾਜ ਭਵਨਾਂ ਦੀਆਂ ਉੱਚੀਆਂ ਤੋਂ ਉੱਚੀਆਂ ਪੌੜੀਆਂ ਚੜ੍ਹਦੇ!

ਉਹ ਦੋ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ, ਡਾਇਰੈਕਟਰ ਰਿਸਰਚ ਪੰਜਾਬ



ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਅਮਰੀਕਾ ਦੀ ਓਹਾਈਓ ਸਟੇਟ ਯੂਨੀਵਰਸਿਟੀ ਦੇ ਵਿਜ਼ਟਿੰਗ ਪ੍ਰੋਫ਼ੈਸਰ, ਇੰਡੀਅਨ ਕੌਂਸਲ ਆਫ਼ ਐਗਰੀਕਲਚਰਲ ਰਿਸਰਚ ਦੇ ਨੈਸ਼ਨਲ ਪ੍ਰੋਫ਼ੈਸਰ ਆਫ਼ ਐਮੀਨੈਂਸ ਇਨ ਇਕਨੌਮਿਕਸ, ਖੇਤੀ ਲਾਗਤਾਂ ਤੇ ਕੀਮਤਾਂ ਕਮਿਸ਼ਨ ਦੇ ਚੇਅਰਮੈਨ, ਭਾਰਤ ਦੇ ਚਾਰ ਪ੍ਰਧਾਨ ਮੰਤਰੀਆਂ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਮਾਣਯੋਗ ਮੈਂਬਰ, ਡਾਇਰੈਕਟਰ ਸੈਂਟਰਲ ਗਵਰਨਿੰਗ ਬੋਰਡ ਆਫ਼ ਰਿਜ਼ਰਵ ਬੈਂਕ, ਕਨਸਲਟੈਂਟ ਵਰਲਡ ਬੈਂਕ, ਐਡੀਟਰ ਇਨ ਚੀਫ਼ ਮੈਨ ਐਂਡ ਡਿਵੈਲਪਮੈਂਟ ਮੈਗਜ਼ੀਨ ਅਤੇ ਯੋਜਨਾ ਬੋਰਡ ਪੰਜਾਬ ਦੇ ਉਪ ਚੇਅਰਮੈਨ ਰਹਿਣ ਪਿੱਛੋਂ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ, ਦੇ ਪਹਿਲੇ ਗ਼ੈਰ-ਸਰਕਾਰੀ ਚਾਂਸਲਰ ਬਣੇ।

ਬਣੇ ਤਾਂ ਉਹ ਹੋਰ ਵੀ ਬਹੁਤ ਕੁਝ ਪਰ ਸੱਤਾ ਦੀਆਂ ਪੌੜੀਆਂ ਨਹੀਂ ਚੜ੍ਹੇ। ਇਸੇ ਕਰਕੇ ਉਹਨਾਂ ਦੀ ਚਰਚਾ ਡਾ. ਮਨਮੋਹਨ ਸਿੰਘ ਜਿੰਨੀ ਨਹੀਂ ਹੋਈ। ਉਨ੍ਹਾਂ ਦਾ ਬਿੰਬ ਇੱਕ ਸਾਊ, ਸਾਦੇ, ਮਿਹਨਤੀ, ਮਿਲਾਪੜੇ ਤੇ ਖੁੱਲ੍ਹ-ਦਿਲੇ ਵਿਦਵਾਨ ਦਾ ਬਣਿਆ ਹੋਇਆ ਹੈ। ਵੱਡੇ ਹੋ ਕੇ ਵੀ ਉਹ ਕਿਸੇ ਨੂੰ ਆਪਣੀ ਵਡੱਤਣ ਦਾ ਅਹਿਸਾਸ ਨਹੀਂ ਹੋਣ ਦਿੰਦੇ। ਹਰੇਕ ਨੂੰ ਇੰਜ ਲੱਗਦੈ ਜਿਵੇਂ ਆਪਣਾ ਪਰਿਵਾਰਕ ਵਡੇਰਾ ਹੋਵੇ। ਕਿਸੇ ਦਾ ਚਾਚਾ ਕਿਸੇ ਦਾ ਤਾਇਆ। ਮੁਕੰਦਪੁਰੀਆਂ ਦੇ ਤਾਂ ਉਹ ਫੁੱਫੜ ਹਨ ਹੀ!

ਡਾ. ਜੌਹਲ ਤੇ ਡਾ. ਮਨਮੋਹਨ ਸਿੰਘ ਕੱਚੇ ਕੋਠਿਆਂ ਵਾਲੇ ਪਿੰਡਾਂ ਵਿੱਚ ਜੰਮੇ ਪਲੇ ਤੇ ਤੱਪੜਾਂ ਵਾਲੇ ਸਕੂਲਾਂ ਵਿੱਚ ਅਨਟ੍ਰੇਂਡ ਅਧਿਆਪਕਾਂ ਤੋਂ ਪੜ੍ਹੇ ਸਨ। ਦੋਹਾਂ ਦੇ ਮਾਪੇ ਸਾਧਾਰਨ ਕਿਰਤੀ ਸਨ। ਦੋਹਾਂ ਨੇ ਮੁੱਢਲੇ ਅੱਖਰ 'ਅਲਫ਼ ਬੇ' ਤੇ 'ਏਕਾ ਦੂਆ' ਉਂਗਲਾਂ ਨਾਲ਼ ਜ਼ਮੀਨ ਉੱਤੇ ਲਿਖਣੇ ਸਿੱਖੇ। ਉਨ੍ਹਾਂ ਦਾ ਆਲਾ ਦੁਆਲਾ ਅਣਪੜ੍ਹ ਲੋਕਾਂ ਦਾ ਸੀ ਜਿੱਥੇ ਮੈਟ੍ਰਿਕ ਪਾਸ ਵੀ ਕੋਈ ਘੱਟ ਹੀ ਮਿਲਦਾ ਸੀ। ਸਕੂਲਾਂ ਦੇ ਉਸਤਾਦ ਵੀ ਅੱਠ ਦਸ ਜਮਾਤਾਂ ਹੀ ਪੜ੍ਹੇ ਹੁੰਦੇ ਸਨ ਪਰ ਉਨ੍ਹਾਂ ਅੰਦਰ ਪੜ੍ਹਾਈ ਕਰਾਉਣ ਦਾ ਮਿਸ਼ਨਰੀ ਜਜ਼ਬਾ ਹੁੰਦਾ ਸੀ।

ਉਦੋਂ ਪਿੰਡਾਂ ਵਿੱਚ ਸ਼ਹਿਰੀ ਵਿੱਦਿਆ ਦਾ ਚਾਨਣ ਨਹੀਂ ਸੀ ਅਪੜਿਆ। ਵਿਦਿਆਥੀਆਂ ਦੇ ਪੜ੍ਹਨ ਲਿਖਣ ਲਈ ਕਾਇਦੇ ਤੇ ਫੱਟੀਆਂ ਸਨ। ਕਾਨਿਆਂ ਦੀਆਂ ਕਲਮਾਂ, ਸੂਫ਼ ਦੀ ਸਿਆਹੀ ਤੇ ਫੱਟੀਆਂ ਪੋਚਣ ਲਈ ਗਾਚਣੀ। ਬਸਤੇ ਵਿੱਚ ਇੱਕ ਫੱਟੀ ਹੋਣੀ, ਇੱਕ ਕਾਇਦਾ ਤੇ ਕਲਮ-ਦਵਾਤ। ਬਹੁਤੇ ਵਿਦਿਆਰਥੀਆਂ ਦੇ ਤੇੜ ਕੇਵਲ ਝੱਗਾ ਤੇ ਸਿਰ 'ਤੇ ਸਾਫ਼ਾ ਹੁੰਦਾ ਸੀ। ਪੇਂਡੂ ਲੋਕਾਂ ਦਾ ਕੰਮ ਧੰਦਾ ਖੇਤੀਬਾੜੀ ਕਰਨੀ ਅਤੇ ਡੰਗਰ ਪਾਲਣਾ ਸੀ। ਚਰਾਗਾਹਾਂ ਖੁੱਲ੍ਹੀਆਂ ਸਨ ਜਿੱਥੇ ਸਕੂਲੋਂ ਪੜ੍ਹ ਕੇ ਮੁੜੇ ਪਾੜ੍ਹੇ ਡੰਗਰ ਚਾਰਦੇ, ਖੇਡਾਂ ਖੇਡਦੇ ਤੇ ਆਪੋ ਆਪਣੇ ਘਰਦਿਆਂ ਦੇ ਕੰਮ ਵਿੱਚ ਹੱਥ ਵਟਾਉਂਦੇ। ਇਹ ਕੁਦਰਤ ਦਾ ਕ੍ਰਿਸ਼ਮਾ ਹੀ ਹੈ ਕਿ ਉਸ ਮਹੌਲ ਵਿੱਚ ਮੁੱਢਲੀ ਵਿੱਦਿਆ ਹਾਸਲ ਕਰਨ ਵਾਲੇ ਸਰਦਾਰਾ ਸਿੰਘ ਤੇ ਮਨਮੋਹਨ ਸਿੰਘ ਵਿਸ਼ਵ ਦੇ ਉੱਘੇ ਅਰਥ-ਸ਼ਾਸਤਰੀ ਬਣੇ!

ਸੁਆਲ ਪੈਦਾ ਹੁੰਦਾ ਹੈ ਕਿ ਅੱਜ ਕੱਲ ਮਹਿੰਗੀਆਂ ਫ਼ੀਸਾਂ ਲੈਣ ਵਾਲੇ, ਟਿਊਸ਼ਨਾਂ ਕਰਨ ਕਰਾਉਣ ਵਾਲੇ, ਬੱਚਿਆਂ ਤੋਂ ਬਚਪਨ ਦੀ ਬਾਦਸ਼ਾਹੀ ਖੋਹਣ ਵਾਲੇ, ਕਿਤਾਬਾਂ ਕਾਪੀਆਂ ਦੇ ਭਾਰ ਹੇਠਾਂ ਬੱਚਿਆਂ ਨੂੰ ਦਬਾਉਣ ਵਾਲੇ, ਸਿਹਤਾਂ ਗੁਆਉਣ ਵਾਲੇ, ਨਜ਼ਰ ਦੀਆਂ ਐਨਕਾਂ ਲੁਆਉਣ ਵਾਲੇ ਤੇ ਇਮਤਿਹਾਨਾਂ ਦੀਆਂ ਚਿੰਤਾਵਾਂ ਵਿੱਚ ਡਬੋਈ ਰੱਖਣ ਵਾਲੇ ਮਾਡਰਨ ਸਕੂਲ ਕਾਹਦੇ ਲਈ ਵਧੀ ਫੁੱਲੀ ਜਾਂਦੇ ਹਨ? ਵਿਦਿਆਰਥੀਆਂ ਨੂੰ ਉਹ ਜੋ ਬਣਾਉਂਦੇ ਹਨ ਉਹ ਕਿਸੇ ਤੋਂ ਗੁੱਝੇ ਨਹੀਂ। ਲੋਕ ਭਲਾਈ ਕਰਨ ਵਾਲੇ ਈਮਾਨਦਾਰ ਇਨਸਾਨ ਬਣਾਉਣ ਦੀ ਥਾਂ ਉਹ ਜ਼ਿਆਦਾਤਰ ਪੈਸੇ ਕਮਾਉਣ ਦੀਆਂ ਮਸ਼ੀਨਾਂ ਤਿਆਰ ਕਰ ਰਹੇ ਹਨ। ਕੈਰੀਅਰ ਬਣਾਉਣ ਦੇ ਨਾਂ ਉਤੇ ਬੱਚਿਆਂ ਤੋਂ ਬਚਪਨ ਖੋਹ ਲੈਣਾ, ਜੁਆਨਾਂ ਤੋਂ ਜੁਆਨੀ ਤੇ ਬਜ਼ੁਰਗਾਂ ਤੋਂ ਬਜ਼ੁਰਗੀ, ਇਹ ਕਿੱਧਰਲੀ ਪੜ੍ਹਾਈ ਤੇ ਕਿੱਧਰਲੀ ਤਰੱਕੀ ਹੈ? ਸੋਚਣਾ ਚਾਹੀਦੈ ਕਿ ਸਾਡੀ ਸਿੱਖਿਆ ਨੀਤੀ ਸਾਡੇ ਬੱਚਿਆਂ ਨੂੰ ਕਿੱਧਰ ਨੂੰ ਲਿਜਾ ਰਹੀ ਹੈ? ਜੇ ਪੁਰਾਣੇ ਸਾਧਾਰਨ ਸਕੂਲ ਸੁਹਿਰਦ ਇਨਸਾਨ ਤੇ ਵਿਦਵਾਨ ਪੈਦਾ ਕਰਦੇ ਰਹੇ ਸਨ ਤਾਂ ਹੁਣ ਦੇ ਆਧੁਨਿਕ ਸਕੂਲਾਂ ਨੂੰ ਕੀ ਬੀਮਾਰੀ ਪਈ ਹੈ?

ਡਾ. ਨਿਰਮਲ ਸਿੰਘ ਲਾਂਬੜਾ ਨੇ ਸਹੀ ਲਿਖਿਆ ਹੈ, "ਡਾ. ਜੌਹਲ ਸਵੈਮਾਨੀ, ਅਣਖੀਲਾ, ਸੰਵੇਦਨਸ਼ੀਲ, ਸੋਚਵਾਨ, ਅੱਗੇਵਧੂ, ਧੀਰਜਵਾਨ ਤੇ ਕਿਰਤੀ ਮਨੁੱਖ ਹੈ। ਉਸ ਨੂੰ ਆਪਣੀ ਮਿੱਟੀ ਨਾਲ਼ ਹਕੀਕੀ ਮੋਹ ਹੈ। ਉਹ ਹਮੇਸ਼ਾਂ ਨਿਰਭਉ ਤੇ ਨਿਰਵੈਰ ਹੋ ਕੇ ਵਿਚਰਦਾ ਹੈ। ਉਜੱਡਵਾਦ ਦੀ ਹਉਮੈ ਤੋਂ ਉਹ ਪੂਰੀ ਤਰ੍ਹਾਂ ਮੁਕਤ ਹੈ। ਪੇਂਡੂ ਪਿਛੋਕੜ, ਪੰਜਾਬੀ ਮਾਂ ਬੋਲੀ, ਹੱਥੀਂ ਕੰਮ ਕਰਨ, ਸਦਾ ਸੱਚ ਉੱਤੇ ਪਹਿਰਾ ਦੇਣ ਤੇ ਖ਼ਰੀ-ਖ਼ਰੀ ਕਹਿਣ ਉੱਤੇ ਸਾਡੇ ਵੱਡੇ ਵੀਰ ਜੌਹਲ ਨੂੰ ਜਿਹੜਾ ਮਾਣ ਹੈ ਉਹ ਉੱਚੇ ਤੋਂ ਉੱਚੇ ਅਹੁਦੇ ਹਾਸਲ ਕਰਨ ਵਿੱਚ ਕਦੀ ਰੋੜਾ ਨਹੀਂ ਬਣਦਾ।"

ਉਹ ਅਜੇ ਵੀ 17 ਅਦਾਰਿਆਂ ਤੇ ਸਭਾਵਾਂ ਦੇ ਚੇਅਰਮੈਨ ਹਨ। ਦੁਆ ਕਰਦੇ ਹਾਂ ਨਰੋਈ ਸਿਹਤ ਨਾਲ਼ ਸੈਂਚਰੀ ਮਾਰਨ ਤੇ ਸਦਾ ਵਿਦਵਤਾ ਦਾ ਚਾਨਣ ਵੰਡਦੇ ਰਹਿਣ!

# ਦੁਰਲੱਭ ਸਿੱਕੇ ਤੇ ਨੋਟ ਸਾਂਭੀ ਬੈਠਾ ਪਿੰਡ ਦਿਆਲਪੁਰੇ ਦਾ 'ਸੁਖਦੀਪ ਸਿੰਘ ਲੀਲ'



**ਤਸਵਿੰਦਰ ਸਿੰਘ ਬੜੈਚ**

**ਮੋਬਾ-7527931887**

ਤਹਿਸੀਲ ਸਮਰਾਲਾ ਦੇ ਪਿੰਡ ਦਿਆਲਪੁਰ ਦੇ ਬਾਸ਼ਿੰਦੇ ਸੁਖਦੀਪ ਸਿੰਘ ਲੀਲ ਨੇ ਵੱਖੋ-ਵੱਖਰੇ ਤਸਵੀਰਾਂ ਵਾਲੇ ਸਿੱਕੇ, ਵਿਦੇਸ਼ੀ ਸਿੱਕੇ, ਵਿਦੇਸ਼ੀ ਨੋਟ, ਅਲੋਪ ਹੋਏ ਪੁਰਾਤਨ ਸਿੱਕੇ ਤੇ ਇੰਡੀਆ ਦੇ ਦੁਰਲੱਭ ਨੋਟ ਸਾਂਭ ਕੇ ਰੱਖੇ ਹੋਏ ਹਨ। ਜੇ ਮੈਂ ਗੱਲ ਉਸ ਵੱਲੋਂ ਇਕੱਠੇ ਕੀਤੇ ਪੁਰਾਤਨ ਦੁਰਲੱਭ ਸਿੱਕਿਆਂ ਤੋਂ ਸ਼ੁਰੂ ਕਰਾਂ ਤਾਂ ਉਸ ਕੋਲ਼ ਰਾਜਾ ਮਾਨ ਸਿੰਘ ਸਿੰਧ ਦੇ ਮਨਸੂਰੀ ਧੇਲੇ, ਖੋਟੇ ਪੈਸੇ, ਗਲੀਆਂ ਵਾਲੇ ਪੈਸੇ, ਦਮੜਾ, ਦਮੜੀ, ਧੇਲੇ, ਪਾਈ, ਸ੍ਰੀ ਜੋਧਾ ਜੀ ਰਾਵ, ਅਲੀ ਬਹਾਦਰ ਦੇ ਆਨੇ, ਮਹਾਰਾਜਾ ਰਣਜੀਤ ਸਿੰਘ ਸਮੇਂ ਦੇ ਸਿੱਕੇ, ਅੱਧਾ ਆਨਾ, ਚਾਂਦੀ ਦੇ ਰੁਪਈਏ, ਅਧਿਆਨੀ, ਦੁਆਨੀ, ਬਾਰਾਂ ਆਨੇ, ਚਾਰ ਆਨੇ, ਸ਼ੇਰ ਸ਼ਾਹ ਸੂਰੀ, ਜਲਾਲੂਦੀਨ, ਅਕਬਰ, ਔਰੰਗਜ਼ੇਬ, ਖਿਲਜੀ ਦੇ ਸਮੇਂ ਦੇ ਸਿੱਕੇ, ਅੱਧਾ ਰੁਪਈਆ, ਪੱਚੀ ਪੈਸੇ, ਵੀਹ ਪੈਸੇ, ਦਸ ਪੈਸੇ, ਪੰਜ ਪੈਸੇ, ਡਬਲੀ ਪੈਸੇ, ਇੱਕ ਪੈਸਾ, ਤਿੰਨ ਪੈਸੇ ਸਾਂਭੇ ਹੋਏ ਹਨ। ਇਸ ਤੋਂ ਇਲਾਵਾ ਉਸ ਕੋਲ਼ ਭੂਟਾਨ, ਨੇਪਾਲ, ਕੋਰੀਆ, ਫ਼ਰਾਂਸ, ਫ਼ਿਲਪਾਈਨ, ਸਾਊਦੀ ਅਰਬ, ਮੈਕਸੀਕੋ, ਬੰਗਲਾ ਦੇਸ਼, ਨੀਦਰਲੈਂਡ, ਬੈਲਜੀਅਮ, ਬਹਿਰੀਨ, ਮਲੇਸ਼ੀਆ, ਸ਼੍ਰੀਲੰਕਾ, ਰੂਸ, ਆਸਟ੍ਰੇਲੀਆ, ਕਤਰ, ਲਿਬਨਾਨ,



ਅਮਰੀਕਾ, ਥਾਈਲੈਂਡ, ਪਾਕਿਸਤਾਨ, ਪੋਲੈਂਡ, ਤੁਰਕੀ, ਕੁਵੈਤ, ਇਰਾਕ, ਜਰਮਨੀ, ਇਟਲੀ, ਡੈਨਮਾਰਕ, ਦੱਖਣੀ ਕੋਰੀਆ, ਸਿੰਘਾਪੁਰ, ਡੁਬਈ, ਕੈਨੇਡਾ, ਜਾਰਡਨ ਆਦਿ ਦੇਸ਼ਾਂ ਦੇ ਵਿਦੇਸ਼ੀ ਸਿੱਕੇ ਵੀ ਸਾਂਭੇ ਹੋਏ ਹਨ। ਇੱਥੇ ਹੀ ਬਸ ਨਹੀਂ ਉਸ ਨੇ ਰਾਬਿੰਦਰ ਨਾਥ ਟੈਗੋਰ, ਮਹਾਤਮਾ ਗਾਂਧੀ, ਛੱਤਰਪਤੀ ਸ਼ਿਵਾ ਜੀ, ਵੱਲਭ ਭਾਈ ਪਟੇਲ, ਭਗਤ ਸਿੰਘ, ਸਤਿਗੁਰੂ ਰਾਮ ਸਿੰਘ ਜੀ, ਵੈਸ਼ਨੂੰ ਦੇਵੀ, ਵਿਸ਼ਵ ਸੰਮੇਲਨ, ਡਾ. ਬੀ.ਆਰ. ਅੰਬੇਦਕਰ, ਭਾਰਤੀ ਰਿਜ਼ਰਵ ਬੈਂਕ, ਪੰਡਿਤ ਜਵਾਹਰ ਲਾਲ ਨਹਿਰੂ, ਡਾਕਟਰ ਰਾਜਿੰਦਰ ਪ੍ਰਸਾਦ, ਇੰਦਰਾ ਗਾਂਧੀ, ਸਵਾਮੀ ਵਿਵੇਕਾ ਨੰਦ, ਰਾਜੀਵ ਗਾਂਧੀ, ਸ੍ਰੀ ਅਰਵਿੰਦਰ, ਛੋਟੇ ਕਿਸਾਨ ਆਦਿ ਅਨੇਕਾਂ ਤਸਵੀਰਾਂ ਵਾਲੇ ਅਣਗਿਣਤ ਸਿੱਕੇ ਵੀ ਸਾਂਭੇ ਹੋਏ ਹਨ। ਸੁਖਦੀਪ ਸਿੰਘ ਲੀਲ ਇਨਾਂ ਪੁਰਾਤਨ ਸਿੱਕਿਆਂ ਤੇ ਨੋਟਾਂ ਦੀਆਂ ਸਕੂਲਾਂ, ਕਾਲਜਾਂ, ਫ਼ੰਕਸ਼ਨਾਂ, ਧਾਰਮਿਕ ਸਮਾਗਮਾਂ, ਸੱਭਿਆਚਾਰਕ ਮੇਲਿਆਂ, ਟੂਰਨਾਮੈਟਾਂ ਆਦਿ 'ਤੇ ਪ੍ਰਦਰਸ਼ਨੀਆਂ ਵੀ ਲਗਾ ਚੁੱਕਾ ਹੈ। ਸੁਖਦੀਪ ਸਿੰਘ ਲੀਲ ਸ਼ੋਸ਼ਲ ਮੀਡੀਆਂ 'ਤੇ ਵੱਖ-ਵੱਖ ਖੇਤਰਾਂ 'ਚ ਮੱਲਾਂ ਮਾਰਨ ਵਾਲੀਆਂ ਸਤਿਕਾਯੋਗ ਸ਼ਖ਼ਸ਼ੀਅਤਾਂ ਦੀ ਇੰਟਰਵਿਊ ਲੈ ਕੇ ਪੇਸ਼ ਵੀ ਕਰਦਾ ਰਹਿੰਦਾ ਹੈ। ਕਮੇਡੀ ਵੀਡੀਓਜ਼ ਰਾਹੀਂ ਟੈਨਸ਼ਨ ਮੁਕਤ ਕਰਨ ਅਤੇ ਸੱਭਿਆਚਾਰ ਨਾਲ਼ ਜੋੜਨ ਦਾ ਛੋਟਾ ਜਿਹਾ ਉਪਰਾਲਾ ਵੀ ਕਰ ਰਿਹਾ ਹੈ। ਬੇਸ਼ੱਕ ਪ੍ਰਮਾਤਮਾ ਨੇ ਉਸਨੂੰ 80 ਪ੍ਰਤੀਸ਼ਤ ਅਪੰਗ ਬਣਾ ਦਿੱਤਾ ਹੈ ਪਰ ਉਸਦੇ ਹੌਸਲੇ ਬੁਲੰਦ ਹਨ। ਪ੍ਰਮਾਤਮਾ, ਇਸ ਵੀਰ ਨੂੰ ਲੰਮੀਆਂ ਉਮਰਾਂ ਬਖ਼ਸ਼ੇ।

# ਅਸਲ ਵਰਤਾਰੇ ਦਾ ਵਾਰਤਕ ਰੂਪ

ਵਾਰਤਕ



ਢਲਦੇ ਸੂਰਜ ਦੀ ਟਿੱਕੀ..ਧੁੱਪ ਛਾਂ ਵਿਚਾਲੇ ਚੱਲਦੀ ਅਜੀਬ ਜਿਹੀ ਲੁਕਣਮੀਚੀ..ਖੁੱਲ੍ਹੇ ਵਿਹੜੇ ਬੈਠੇ ਰਿਸ਼ਤੇਦਾਰਾਂ ਅਤੇ ਪਿੰਡ ਵਾਲਿਆਂ ਦਾ ਇੱਕ ਵੱਡਾ ਇਕੱਠ!

ਕੋਲ਼ ਪਏ ਨਵੇਂ ਨਕੋਰ ਅਟੈਚੀ..ਨਾਲ਼ ਖਲੋਤੀ ਕਾਲ਼ੇ ਰੰਗ ਦੀ ਸਕੋਰਪਿਓ..ਸੀਟਾਂ ਤੇ ਲੱਗਾ ਨਵਾਂ ਨਕੋਰ ਪਲਾਸਟਿਕ..!

ਪਾਸੇ ਬੈਠਾ ਬਸੰਤ ਸਿੰਘ ਚਿਰਾਂ ਮਗਰੋਂ ਅਮਰੀਕਾ ਤੋਂ ਆਏ ਆਪਣੇ ਵੱਡੇ ਭਰਾ ਸੁੰਦਰ ਸਿੰਘ ਵੱਲ ਵੇਖੀ ਜਾ ਰਿਹਾ ਸੋਚ ਰਿਹਾ ਸੀ ਕਿੰਨਾ ਕਿਸਮਤ ਵਾਲਾ ਏ..ਦੋਵੇਂ ਮੁੰਡੇ ਚੰਗੀ ਤਰਾਂ ਸੈੱਟ..ਕਰੋੜਾਂ ਵਿੱਚ ਖੇਡਦੇ..ਇੱਥੇ ਬਣਾਈ ਕਿੰਨੀ ਸਾਰੀ ਪੈਲੀ..ਨਵੀਂ ਪਾਈ ਵੱਡੀ ਸਾਰੀ ਕੋਠੀ..ਪੈਸੇ ਧੇਲਾ ਸੁੱਖ ਸਹੂਲਤਾਂ ਸਭ ਕੁਝ..!

ਫੇਰ ਅਮਰੀਕਾ ਜਾਣ ਦੇ ਚੱਕਰ ਵਿੱਚ ਮੈਕਸੀਕੋ ਦੇ ਜੰਗਲਾਂ ਵਿੱਚ ਡੌਂਕੀ ਲਾਉਂਦੇ ਕਿੱਧਰੇ ਗਵਾਚ ਗਏ ਆਪਣੇ ਜਵਾਨ ਪੁੱਤ ਨੂੰ ਯਾਦ ਕਰ ਉਸਦੀਆਂ ਅੱਖੀਆਂ ਗਿੱਲੀਆਂ ਹੋ ਗਈਆਂ..!

ਨਾਲ਼ ਹੀ ਚੋਰ ਅੱਖ ਨਾਲ਼ ਉਸ ਵੱਲ ਵੇਖੀ ਜਾ ਰਿਹਾ ਬਾਹਰੋਂ ਆਇਆ ਸੁੰਦਰ ਸਿੰਘ ਵੀ ਰੋ ਪਿਆ..ਉਸਨੇ ਛੇਤੀ ਨਾਲ਼ ਉੱਠ ਭਰਾ ਬਸੰਤ ਸਿੰਘ ਨੂੰ ਕਲਾਵੇ ਵਿੱਚ ਲੈ ਲਿਆ!

ਵੇਖਣ ਵਾਲੇ ਸੋਚ ਰਹੇ ਸਨ..ਸ਼ਾਇਦ ਚਿਰਾਂ ਬਾਅਦ ਮਿਲੇ ਦੋ ਭਰਾ ਮਨ ਹੌਲ਼ਾ ਕਰ ਰਹੇ ਪਰ ਦੋਵੇਂ ਪਾਸੇ ਅੰਦਰ ਲੱਗੀ ਇੱਕ ਵੱਡੀ ਅੱਗ ਕਿਸੇ ਨੂੰ ਨਹੀਂ ਸੀ ਦਿਸ ਰਹੀ!

ਬਸੰਤ ਸਿੰਘ ਵਾਲਾ ਏਨੀ ਘਾਲਣਾ ਮਗਰੋਂ ਵੀ ਅਮਰੀਕਾ ਨਾ ਅੱਪੜ ਸਕਿਆ ਤੇ ਸੁੰਦਰ ਸਿੰਘ ਦੇ ਦੋਵੇਂ ਪਿਛਲੇ ਪੈਂਤੀਆਂ ਸਾਲਾਂ ਵਿੱਚ ਇੱਕ ਵੇਰ ਵੀ ਅਮਰੀਕਾ ਤੋਂ ਪੰਜਾਬ ਨਹੀਂ ਸਨ ਆਏ.. ਅਖ਼ੇ ਘੱਟਾ ਉੱਡਦਾ ਏ..ਗੋਹੇ ਦੀ ਬੋ ਆਉਂਦੀ!

ਇੱਥੇ ਹਰ ਬੰਦਾ ਜੰਗ ਲੜ ਰਿਹਾ..ਆਪਣੇ ਆਪ ਨਾਲ਼..ਖ਼ੁਦ ਦੀਆਂ ਅਧੂਰੀਆਂ ਰਹਿ ਗਈਆਂ ਖ਼ਾਹਿਸ਼ਾਂ ਨਾਲ਼..ਚਾਹੇ ਲੱਖਪਤੀ ਹੋਵੇ ਤੇ ਚਾਹੇ ਕੱਖਪਤੀ..!

ਜਿੱਤਦਾ ਸਿਰਫ਼ ਓਹੀ ਜਿਹੜਾ ਦੂਜਿਆਂ ਤੋਂ ਆਸ ਰੱਖਣੀ ਬੰਦ ਕਰ ਮਨ ਵਿੱਚ ਏਨੀ ਗੱਲ ਵਸਾ ਲਵੇ ਕੇ ਸੌ ਫ਼ੀਸਦੀ ਸੱਧਰਾਂ ਸਿਰਫ਼ ਉਸ ਦੀ ਸ਼ਰਨ ਵਿੱਚ ਆਇਆਂ ਹੀ ਪੂਰੀਆਂ ਹੋਣੀਆਂ!

**ਹਰਪ੍ਰੀਤ ਸਿੰਘ ਜਵੰਦਾ**

# ਪੰਥ ਦਾ ਸਰੂਪ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ



**ਡਾ. ਪਰਮਵੀਰ ਸਿੰਘ**

ਪੰਥ ਸ਼ਬਦ ਸੰਸਕ੍ਰਿਤ ਦੇ 'ਪਥ' ਸ਼ਬਦ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਮਾਰਗ ਜਾਂ ਰਸਤਾ। ਜਿਹੜਾ ਮਾਰਗ ਕਿਸੇ ਮਹਾਨ ਸ਼ਖ਼ਸੀਅਤ ਦੁਆਰਾ ਤਿਆਰ ਕੀਤਾ ਜਾਂਦਾ ਹੈ, ਉਹ ਸਦੀਵੀ ਰੂਪ ਗ੍ਰਹਿਣ ਕਰ ਜਾਂਦਾ ਹੈ। ਇਤਿਹਾਸ ਵਿੱਚ ਕਈ ਧਾਰਮਿਕ ਸ਼ਖ਼ਸੀਅਤਾਂ ਦੁਆਰਾ ਦਰਸਾਏ ਮਾਰਗ ਨੂੰ 'ਪੰਥ' ਕਿਹਾ ਗਿਆ ਹੈ ਜਿਵੇਂ ਕਬੀਰ ਪੰਥ, ਗੋਰਖ ਪੰਥ, ਦਾਦੂ ਪੰਥ, ਤੇਰਾ ਪੰਥ (ਜੈਨ ਧਰਮ) ਆਦਿ। ਗੁਰੂ ਨਾਨਕ ਦੇਵ ਜੀ ਨੇ ਜਿਸ ਪੰਥ ਦੀ ਸਿਰਜਨਾ ਕੀਤੀ ਸੀ ਉਸ ਨੂੰ ਭਾਈ ਗੁਰਦਾਸ ਜੀ ਨੇ 'ਨਿਰਮਲ ਪੰਥ' ਦੇ ਰੂਪ ਵਿੱਚ ਵਿਖਿਆਨ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪੰਥ ਨੂੰ 'ਖ਼ਾਲਸਾ ਪੰਥ' ਦੇ ਰੂਪ ਵਿੱਚ ਪ੍ਰਗਟ ਕਰ ਦਿੱਤਾ ਸੀ ਜਿਹੜਾ ਕਿ ਸਦੀਵੀ ਰੂਪ ਵਿੱਚ ਦੇਸ਼-ਵਿਦੇਸ਼ ਵਿੱਚ ਕਾਰਜਸ਼ੀਲ ਹੈ ਅਤੇ ਆਪਣੇ ਪਰਉਪਕਾਰੀ ਕਾਰਜਾਂ ਰਾਹੀਂ ਮਾਨਵਤਾ ਦੀ ਸੇਵਾ ਕਰ ਰਿਹਾ ਹੈ। ਇਸ ਦੇ ਨਾਲ਼ ਹੀ ਖ਼ਾਲਸਾ ਪੰਥ ਦਾ ਰੂਪ ਧਾਰਨ ਕਰਨ ਵਾਲਿਆਂ ਵੱਲੋਂ ਕੋਈ ਨਕਾਰਾਤਮਿਕ ਘਟਨਾ ਸਾਹਮਣੇ ਆਉਂਦੀ ਹੈ ਤਾਂ ਵੀ ਖ਼ਾਲਸਾ ਪੰਥ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪੈਂਦਾ ਹੈ। ਪੰਥ ਕਿਸ ਨੂੰ ਕਿਹਾ ਜਾ ਸਕਦਾ ਹੈ ਜਾਂ ਪੰਥ ਦੀਆਂ ਕਿਹੜੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ ਜਿਹੜੀਆਂ ਇਸਦੇ ਸਰੂਪ ਨੂੰ ਸਪਸ਼ਟ ਕਰਦੀਆਂ ਹਨ ?

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਸ਼ਬਦ ਦੀ ਵਰਤੋਂ 'ਜਪੁ' ਬਾਣੀ ਤੋਂ ਅਰੰਭ ਹੋ ਜਾਂਦੀ ਹੈ- ਮੰਨੈ ਮਗੁ ਨ ਚਲੈ ਪੰਥੁ॥ ਇਸ ਦਾ ਭਾਵ ਹੈ ਕਿ ਨਾਮ ਮਾਰਗ ਤੇ ਚੱਲਣ ਵਾਲਾ ਕਿਸੇ ਹੋਰ ਰਸਤੇ ਨਹੀਂ ਪੈਂਦਾ। ਗੁਰਬਾਣੀ ਵਿੱਚ ਹੀ ਭੱਟਾਂ ਨੇ ਇਸ ਸ਼ਬਦ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਸਤਿਸੰਗਤ ਲਈ ਕਰਦੇ ਹੋਏ ਕਿਹਾ- ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥ ਇਸ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਜੀ ਦੇ ਪੰਥ ਦੀ ਵਿਸ਼ੇਸ਼ਤਾ ਹੈ ਕਿ ਇਸ ਵਿੱਚ ਪ੍ਰਭੂ-ਮੁਖੀ ਕਾਰਜ ਕਰਨ ਅਤੇ ਮਨ ਵਿੱਚ ਨਿਮਰਤਾ ਅਤੇ ਨਿਰਮਲਤਾ ਧਾਰਨ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦਾ ਪੰਥ ਪੂਰਨ ਤੌਰ 'ਤੇ ਸਚਿਆਰੀ ਅਤੇ ਸਦਾਚਾਰੀ ਸ਼ਖ਼ਸੀਅਤ ਵਾਲੇ ਆਦਰਸ਼ ਮਨੁੱਖ ਦੀ ਘਾੜਤ ਘੜਨ 'ਤੇ ਕੇਂਦਰਿਤ ਸੀ। ਗੁਰੂ ਨਾਨਕ ਦੇਵ ਜੀ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਨ ਰਾਹੀਂ ਮੀਰੀ-ਪੀਰੀ, ਸੰਤ-ਸਿਪਾਹੀ, ਗੁਰੂ-ਗ੍ਰੰਥ ਅਤੇ ਗੁਰੂ-ਪੰਥ ਦਾ ਸਿਧਾਂਤ ਵਿਕਸਿਤ ਹੋਇਆ ਹੈ।

ਗੁਰੂ-ਪੰਥ ਦੀ ਹੋਂਦ ਗੁਰੂ-ਗ੍ਰੰਥ ਤੋਂ ਬਗ਼ੈਰ ਕਿਆਸ ਨਹੀਂ ਕੀਤੀ ਜਾ ਸਕਦੀ। ਪੰਥ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਭਾਵਨਾ ਹੀ ਉਸ ਨੂੰ ਸੰਵੇਦਨਸ਼ੀਲ ਅਤੇ ਕਿਰਿਆਸ਼ੀਲ ਬਣਾਉਂਦੀ ਹੈ ਜਿਸ ਦੇ ਅਧੀਨ ਉਹ ਪਹਿਲੇ ਪਹਿਰ ਉੱਠ ਕੇ ਗੁਰਦੁਆਰੇ ਜਾਂਦਾ ਹੈ, ਨਾਮ-ਬਾਣੀ ਦਾ ਅਭਿਆਸ ਕਰਦਾ ਹੈ, ਲੰਗਰ ਅਤੇ ਜੋੜਿਆਂ ਦੀ ਸੇਵਾ ਕਰਦਾ ਹੈ, ਦੂਜਿਆਂ ਦਾ ਦੁੱਖ-ਦਰਦ ਸਮਝਦਾ ਹੋਇਆ ਸੇਵਾ ਅਤੇ ਪਰਉਪਕਾਰ ਦੇ ਕਾਰਜ ਕਰਦਾ ਹੈ, ਗ੍ਰਿਹਸਤੀ ਜੀਵਨ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਧਰਮ ਦੀ ਕਿਰਤ ਕਰਦਾ ਹੈ ਅਤੇ ਜਦੋਂ ਲੋੜ ਪਵੇ ਤਾਂ ਸਮਾਜ ਅਤੇ ਸਵੈਮਾਨ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕਰਨ ਲਈ ਤਿਆਰ ਰਹਿੰਦਾ ਹੈ। ਜਦੋਂ ਇਹ ਭਾਵਨਾ ਮਨਫ਼ੀ ਹੋ ਜਾਂਦੀ ਹੈ ਤਾਂ ਫਿਰ ਹਉਮੈ ਅਤੇ ਸਵਾਰਥ ਹੀ ਮਨ ਵਿੱਚ ਬਾਕੀ ਰਹਿ ਜਾਂਦੀ ਹੈ।

ਪੰਥ ਨੇ ਹਰ ਦੌਰ ਦੀ ਸਮੱਸਿਆ ਦਾ ਟਾਕਰਾ ਪੂਰਨ ਵਿਸ਼ਵਾਸ, ਦ੍ਰਿੜਤਾ ਅਤੇ ਸਮਰੱਥਾ ਨਾਲ਼ ਕੀਤਾ ਹੈ। ਮੌਜੂਦਾ ਸਮੇਂ ਵਿੱਚ ਵੀ ਸਿੱਖ ਗੁਰੂ ਗ੍ਰੰਥ ਸਾਹਿਬ ਨਾਲ਼ ਜੁੜੇ ਹੋਏ ਹਨ ਪਰ ਜਦੋਂ ਉਹਨਾਂ ਨੂੰ ਪੰਥ ਦੀ ਤਰਜਮਾਨੀ ਕਰਨ ਵਾਲੇ ਆਗੂਆਂ ਵਿੱਚੋਂ ਗੁਰੂ ਵਾਲੀ ਭਾਉ-ਭਾਵਨੀ ਮਨਫ਼ੀ ਨਜ਼ਰ ਆਉਂਦੀ ਹੈ ਤਾਂ ਮਨ ਵਿੱਚ ਦੁੱਖ ਪ੍ਰਗਟ ਹੁੰਦਾ ਹੈ। ਪੰਥ ਨੂੰ ਢਾਹ ਲਾਉਣ ਵਾਲਿਆਂ ਦੀ ਗਿਣਤੀ ਕਿਸੇ ਵੀ ਦੌਰ ਵਿੱਚ ਘੱਟ ਨਹੀਂ ਰਹੀ ਪਰ ਗੁਰੂ ਦੇ ਆਸਰੇ ਪੰਥ ਨੇ ਹਰ ਮੁਸ਼ਕਿਲ ਦੌਰ ਵਿੱਚ ਫ਼ਤਹਿ ਪ੍ਰਾਪਤ ਕੀਤੀ ਹੈ। ਪੰਥ ਨੂੰ ਹਰ ਸਮੇਂ 'ਤੇ ਸਥਾਨ ਦੀਆਂ ਸਮੱਸਿਆਵਾਂ ਦੇ ਮੁਕਾਬਲੇ ਮਜ਼ਬੂਤ ਕਰਨ ਲਈ ਯਤਨ ਹੁੰਦੇ ਰਹੇ ਹਨ ਅਤੇ ਮੌਜੂਦਾ ਸਮੇਂ ਵਿੱਚ ਇਸ ਦਿਸ਼ਾ ਵਿੱਚ ਗੰਭੀਰ ਯਤਨ ਕਰਨ ਦੀ ਲੋੜ ਹੈ।

ਪੰਥ ਨੂੰ ਜਦੋਂ ਵੀ ਕਿਸੇ ਸੰਕਟ ਦਾ ਸਾਹਮਣਾ ਕਰਨਾ ਪਿਆ ਤਾਂ ਇਸਨੇ ਦਰਪੇਸ਼ ਸਮੱਸਿਆਵਾਂ ਵਿੱਚੋਂ ਬਾਹਰ ਨਿਕਲਣ ਲਈ ਸਮੂਹਿਕ ਯਤਨ ਕੀਤੇ ਹਨ। ਉਨੀਵੀਂ ਸਦੀ ਵਿੱਚ ਜਦੋਂ ਸਿੱਖ ਗੁਰਮਤਿ ਸਿਧਾਂਤ ਤੋਂ ਤਿਲਕ ਗਏ ਸਨ ਤਾਂ ਸਿੰਘ ਸਭਾ ਲਹਿਰ ਹੋਂਦ ਵਿੱਚ ਆਈ ਸੀ। ਇਸੇ ਤਰਾਂ ਵੀਹਵੀਂ ਸਦੀ ਵਿੱਚ 'ਰਿਆਸਤ' ਅਖ਼ਬਾਰ ਦੇ ਸੰਪਾਦਕ ਨੇ ਲਿਖਿਆ ਕਿ 75 ਸਾਲ ਬਾਅਦ ਕੋਈ ਵੀ ਕੇਸਾਧਾਰੀ ਨਜ਼ਰ ਨਹੀਂ ਆਵੇਗਾ। ਸਿੱਖਾਂ ਵਿੱਚ ਪਤਨ ਦੀ ਲਹਿਰ ਨੂੰ ਦੇਖ ਕੇ ਉਕਤ ਅਖ਼ਬਾਰ ਦੀ ਭਵਿੱਖਬਾਣੀ 'ਤੇ ਟਿੱਪਣੀ ਕਰਦੇ ਹੋਏ ਖ਼ੁਸ਼ਵੰਤ ਸਿੰਘ ਨੇ ਕਿਹਾ ਕਿ ਇਹ ਖ਼ਦਸ਼ਾ 50 ਸਾਲ ਵਿੱਚ ਵੀ ਸੱਚ ਸਾਬਿਤ ਹੋ ਜਾਵੇਗਾ। ਇਨਾਂ ਟਿੱਪਣੀਆਂ ਤੋਂ ਚਿੰਤਿਤ ਮਾਸਟਰ ਤਾਰਾ ਸਿੰਘ ਨੇ ਅਜ਼ਾਦੀ ਤੋਂ ਪਹਿਲਾਂ ਸਿੱਖ ਸਟੇਟ ਦੀ ਮੰਗ ਕੀਤੀ ਸੀ ਤਾਂ ਕਿ ਸਿੱਖਾਂ ਵਿੱਚ ਦਿਨੋ-ਦਿਨ ਵੱਧ ਰਹੇ ਪਤਿਤਪੁਣੇ ਨੂੰ ਰੋਕਿਆ ਜਾ ਸਕੇ। ਮਾਸਟਰ ਜੀ ਸਮਝਦੇ ਸਨ ਕਿ ਇਹ ਪਤਿਤਪੁਣਾ ਬਹੁ-ਗਿਣਤੀਆਂ ਦੇ ਪ੍ਰਭਾਵ ਸਦਕਾ ਹੈ ਅਤੇ ਅਜ਼ਾਦ ਭਾਰਤ ਵਿੱਚ ਉਹ ਇਹ ਗ਼ਲਬਾ ਨਹੀਂ ਝੱਲ ਸਕਣਗੇ। ਇਸ ਸੰਬੰਧੀ ਕਈ ਪੰਜਾਬੀ ਅਖ਼ਬਾਰਾਂ ਦਾ ਇੱਕ ਪੂਰਾ ਪੰਨਾ 'ਅਜ਼ਾਦ ਸਿੱਖ ਸਟੇਟ' ਨੂੰ ਸਮਰਪਿਤ ਹੁੰਦਾ ਸੀ। ਅਖ਼ੀਰ ਮਾਸਟਰ ਤਾਰਾ ਸਿੰਘ ਨੇ ਭਾਰਤੀ ਆਗੂਆਂ ਦੁਆਰਾ ਦਿੱਤੇ ਗਏ ਭਰੋਸੇ ਨੂੰ ਸਵੀਕਾਰ ਕਰਦਿਆਂ ਭਾਰਤ ਨਾਲ਼ ਰਹਿਣ ਦਾ ਫ਼ੈਸਲਾ ਕਰ ਲਿਆ ਸੀ।

ਮੌਜੂਦਾ ਸਮੇਂ ਵਿੱਚ ਵੀ ਸਿੱਖ ਆਪਣੇ ਮੂਲ ਸਿਧਾਂਤਾਂ ਤੋਂ ਦੂਰ ਜਾਂਦੇ ਦਿਖਾਈ ਦੇ ਰਹੇ ਹਨ ਪਰ ਹਾਲ ਦੀ ਘੜੀ ਕੋਈ ਅਜਿਹਾ ਆਗੂ ਨਜ਼ਰ ਨਹੀਂ ਆ ਰਿਹਾ ਜਿਹੜਾ ਸਿੱਖਾਂ ਨੂੰ ਗੁਰੂ-ਪੰਥ ਦੇ ਮਾਰਗ 'ਤੇ ਲਿਆਉਣ ਦੀ ਸਮਰੱਥਾ ਰੱਖਦਾ ਹੋਵੇ। ਇਸ ਦਾ ਵੱਡਾ ਕਾਰਨ ਗੁਰੂ ਪ੍ਰਤੀ ਸ਼ਰਧਾ, ਵਿਸ਼ਵਾਸ ਅਤੇ ਦ੍ਰਿੜਤਾ ਦੀ ਘਾਟ ਦੇਖੀ ਜਾ ਸਕਦੀ ਹੈ ਜਿਹੜੀ ਕਿ ਸਮੇਂ ਦੀ ਘਾਟ, ਧਨ ਦੀ ਬਹੁਤਾਤ ਅਤੇ ਤਨ ਦੀ ਸੇਵਾ ਦੇ ਸਿਧਾਂਤ ਪ੍ਰਤੀ ਦ੍ਰਿੜਤਾ ਕਾਇਮ ਨਾ ਹੋਣ ਕਰਕੇ ਪੈਦਾ ਹੋਈ ਪ੍ਰਤੀਤ ਹੁੰਦੀ ਹੈ। ਗੁਰਮਤਿ ਸਿਧਾਂਤਾਂ ਪ੍ਰਤੀ ਵਚਨਬੱਧਤਾ ਦੀ ਘਾਟ ਦੇ ਸਿੱਟੇ ਵੱਜੋਂ ਸਿੱਖਾਂ ਵਿੱਚ ਪਤਿਤਪੁਣਾ ਵੱਧਦਾ ਜਾ ਰਿਹਾ ਹੈ। ਡੇਰੇਦਾਰਾਂ, ਨਸ਼ਿਆਂ ਅਤੇ ਸ਼ਖ਼ਸੀ ਪੂਜਾ ਦਾ ਜ਼ੋਰ ਵੱਧ ਗਿਆ ਹੈ।

ਸਿੱਖਾਂ ਦੀਆਂ ਪ੍ਰਮੁੱਖ ਸੰਪ੍ਰਦਾਵਾਂ-ਉਦਾਸੀ, ਨਿਰਮਲੇ ਅਤੇ ਸੇਵਾ ਪੰਥੀ ਆਦਿ, ਹੌਲ਼ੀ-ਹੌਲ਼ੀ ਸਿੱਖੀ ਦੀ ਮੁੱਖ ਧਾਰਾ ਤੋਂ ਦੂਰ ਹੋ ਗਈਆਂ ਹਨ। ਭਾਰਤ ਦੇ ਦੂਜੇ ਕੋਨਿਆਂ ਵਿੱਚ ਵੱਸਦੇ ਨਾਨਕ ਨਾਮ-ਲੇਵਾ, ਸਿਕਲੀਗਰ-ਵਣਜਾਰੇ ਆਦਿ, ਗ਼ੁਰਬਤ ਦਾ ਜੀਵਨ ਬਸਰ ਕਰਨ ਲਈ ਮਜ਼ਬੂਰ ਹਨ ਅਤੇ ਹੋਰਨਾਂ ਧਰਮਾਂ ਵਾਲੇ ਉਹਨਾਂ ਨੂੰ ਆਪਣੇ ਵੱਲ ਖਿੱਚਣ ਲਈ ਪੂਰਾ ਤਾਣ ਲਾ ਰਹੇ ਹਨ। ਪੰਜਾਬ ਨੂੰ ਸਿੱਖਾਂ ਦਾ ਮੁੱਖ ਕੇਂਦਰ ਮੰਨਿਆ ਜਾਂਦਾ ਹੈ ਪਰ ਇਹਨਾਂ ਦੇ ਵੱਡੀ ਗਿਣਤੀ ਪਰਵਾਸ ਨਾਲ਼ ਇੱਥੋਂ ਦੀਆਂ ਸਿੱਖ ਰਾਜਨੀਤਿਕ ਪਾਰਟੀਆਂ ਦੇ ਏਜੰਡੇ ਵਿੱਚੋਂ ਪੰਥਕ ਮੁੱਦੇ ਮਨਫ਼ੀ ਹੁੰਦੇ ਜਾ ਰਹੇ ਹਨ ਇਸ ਕਰਕੇ ਪੰਥ ਦੇ ਨਾਂ 'ਤੇ ਚੋਣਾਂ ਲੜਨ ਵਾਲੀਆਂ ਰਾਜਨੀਤਿਕ ਪਾਰਟੀਆਂ ਦਾ ਦਾਇਰਾ ਸੀਮਿਤ ਹੁੰਦਾ ਜਾ ਰਿਹਾ ਹੈ। ਲੋਕਤੰਤਰ ਦੀ ਰਾਜਨੀਤੀ ਵਿੱਚ ਆਗੂਆਂ ਦਾ ਜ਼ੋਰ ਬਹੁ-ਗਿਣਤੀਆਂ ਨੂੰ ਖ਼ੁਸ਼ ਕਰਕੇ ਸੱਤਾ ਦੀ ਪ੍ਰਾਪਤੀ ਤੱਕ ਸੀਮਿਤ ਹੁੰਦਾ ਹੈ ਅਤੇ ਅਜਿਹੀ ਤਿਲਕਣਬਾਜ਼ੀ ਵਿੱਚ ਵੱਡਾ ਨੁਕਸਾਨ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਮੌਜੂਦਾ ਸਮੇਂ ਦੀਆਂ ਪਰਿਸਥਿਤੀਆਂ ਦੇ ਸਨਮੁਖ 'ਪੰਥ' ਸ਼ਬਦ ਨੂੰ ਪੁਨਰ-ਪਰਿਭਾਸ਼ਿਤ ਕਰਨ ਦੀ ਲੋੜ ਹੈ। ਆਗੂਆਂ ਨੂੰ ਪੰਥ ਸਮਝਣ ਦੀ ਭੁੱਲ ਕਾਰਨ ਦੋ ਰਾਜਨੀਤਿਕ ਆਗੂਆਂ ਦੀ ਲੜਾਈ ਨੂੰ ਪੰਥਕ ਦੁਫੇੜ ਵੱਜੋਂ ਦੇਖਿਆ ਜਾਂਦਾ ਰਿਹਾ ਹੈ ਜਿਸ ਨੇ ਇਸ ਸ਼ਬਦ ਨੂੰ ਸੀਮਿਤ ਕਰ ਦਿੱਤਾ ਹੈ। ਇਸੇ ਦ੍ਰਿਸ਼ਟੀ ਤੋਂ ਮੌਜੂਦਾ ਰਾਜਨੀਤਿਕ ਸਥਿਤੀਆਂ ਦੇ ਸਨਮੁਖ ਪੰਥ ਨੂੰ ਪਰਿਭਾਸ਼ਿਤ ਕੀਤਾ ਜਾ ਰਿਹਾ ਹੈ ਜਿਹੜਾ ਕਿ ਕਿਸੇ ਵੀ ਤਰਾਂ ਨਾਲ਼ ਉਚਿਤ ਨਹੀਂ ਜਾਪਦਾ। ਪੰਥ ਅਤੇ ਇਸਦੇ ਆਗੂਆਂ ਵਿਚਕਾਰ ਦਿਖਾਈ ਦੇ ਰਹੀ ਦੂਰੀ ਨੂੰ ਦੂਰ ਕਰਕੇ ਹੀ ਪੰਥ ਨੂੰ ਸੰਗਠਿਤ ਕੀਤਾ ਜਾ ਸਕਦਾ ਹੈ। ਪੰਥਕ ਵਿਚਾਰਧਾਰਾ ਨਾਲ਼ ਜੁੜੇ ਹੋਏ ਵਿਅਕਤੀਆਂ ਦਾ ਪੰਥਕ ਪਾਰਟੀ ਤੋਂ ਦੂਰ ਚਲੇ ਜਾਣਾ ਪੰਥਕ ਹਿਤਾਂ ਲਈ ਨੁਕਸਾਨਦਾਇਕ ਹੈ। ਪੰਥਕ ਵਿਚਾਰਧਾਰਾ ਨਾਲ਼ ਜੁੜੇ ਹੋਏ ਇਹ ਮਹਿਸੂਸ ਕਰਦੇ ਹਨ ਕਿ ਪੰਥਕ ਪਾਰਟੀ ਵਿੱਚ ਪੰਥ ਦੇ ਸਿਧਾਂਤ ਅਤੇ ਰਵਾਇਤਾਂ ਮਨਫ਼ੀ ਹੋ ਗਈਆਂ ਹਨ ਜਿਸ ਕਰਕੇ ਪੰਥ ਨੂੰ ਨੁਕਸਾਨ ਹੋ ਰਿਹਾ ਹੈ। ਇਸ ਦਾ ਵੱਡਾ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਪੰਥ ਨੂੰ ਧਾਰਮਿਕ ਦ੍ਰਿਸ਼ਟੀ ਦੀ ਬਜਾਇ ਰਾਜਨੀਤਿਕ ਦ੍ਰਿਸ਼ਟੀ ਤੋਂ ਪਰਿਭਾਸ਼ਿਤ ਕੀਤਾ ਜਾ ਰਿਹਾ ਹੈ। ਪੰਥ ਦੀ ਸਹੀ ਪਰਿਭਾਸ਼ਾ ਗ੍ਰੰਥ ਵਿੱਚੋਂ ਪ੍ਰਗਟ ਹੁੰਦੀ ਹੈ ਅਤੇ ਜਦੋਂ ਤੱਕ ਇਹ ਭਾਵਨਾ ਵਿਕਸਿਤ ਨਹੀਂ ਹੁੰਦੀ ਉਦੋਂ ਤੱਕ ਇਸਦੇ ਸਹੀ ਸਰੂਪ ਨੂੰ ਸਮਝਣਾ ਮੁਸ਼ਕਿਲ ਹੈ।

# 'ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ'

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ-30**

**ਸੰਪਾਦਕ: ਸਰਬਜੀਤ ਕੌਰ ਸਰਬ**

ਐਸੇ ਮਨੁੱਖ ਦੇ ਨੇੜੇ ਦੁੱਖ ਰੋਗ ਸੋਗ ਜਨਮ ਮਰਨ ਸਭ ਮਿਟ ਜਾਂਦੇ ਹਨ ਜੋ ਉਸ ਅਕਾਲ ਪੁਰਖ ਦੇ ਨੇੜੇ ਹੋ ਜਾਂਦਾ ਹੈ। ਇੱਕ ਵਰਤਮਾਨ ਵਿੱਚ ਆਉਂਦਿਆਂ ਅਗਲਾ ਜਨਮ ਨਹੀਂ ਹੋਵੇਗਾ ਅਤੇ ਨਾ ਹੀ ਮਾਰਨਾ ਹੋਵੇਗਾ। ਗੁਰਬਾਣੀ ਦਾ ਫ਼ੁਰਮਾਨ ਹੈ :

ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ ॥
ਨਿਰਭਉ ਹੋਇ ਰਹੇ ਲਿਵ ਏਕੈ ਨਾਨਕ ਹਰਿ ਮਨੁ ਮਾਨੀ ॥

ਇਹ ਜੋ ਜੀਵਨ ਮਨੁੱਖ ਦੇ ਕੋਲ਼ ਹੈ ਇਸ ਤੋਂ ਉਹ ਉੱਚਾ ਉੱਠ ਜਾਵੇਗਾ ਅਤੇ ਭਗਵਾਨ ਪ੍ਰਗਟ ਹੋ ਜਾਏਗਾ। ਇਹ ਹੀ ਇੱਕ ਸਾਧਨਾ ਹੈ ਅਤੇ ਇਹ ਹੀ ਔਸ਼ਧੀ ਹੈ। ਇਸ ਔਸ਼ਧੀ ਨੂੰ ਹੀ ਦੇਸ਼ ਵਿਦੇਸ਼ਾਂ ਵਿੱਚ ਭ੍ਰਮਣ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੰਡਦੇ ਰਹੇ। ਬਾਬਾ ਫ਼ਰੀਦ ਜੀ ਦਾ ਫ਼ੁਰਮਾਨ ਹੈ :-

**ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥**
**ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥1॥**
**ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ**

ਅੱਜ ਤੋਂ ਮੁਰਾਦ ਵਰਤਮਾਨ, ਵਰਤਮਾਨ ਤੋਂ ਮੁਰਾਦ ਇੱਕਦਮ ਭਾਈ ਨੰਦ ਲਾਲ ਵੀ ਐਸਾ ਹੀ ਕਹਿੰਦੇ ਹਨ :

**ਯਕ ਦਮ ਬੇਖੇਸ਼ ਰਾਹ ਨਾ ਬੁਰਦਮ ਕਿ ਕੇਸਤਮ।**

ਮੈਂ ਨਕਦ ਜ਼ਿੰਦਗੀ ਬਰਬਾਦ ਕੀਤੀ ਤੇ ਨਕਦ ਜ਼ਿੰਦਗੀ ਕੀ ਸੀ, ਜਿਹੜਾ ਮੇਰੇ ਮੂੰਹ ਵਿੱਚ ਦਮ ਸੀ ਉਹ ਨਕਦ ਸੀ ਜਿਹੜਾ ਦਮ ਆਇਆ ਹੀ ਨਹੀਂ ਉਹ ਉਧਾਰ ਹੀ ਸੀ। ਜਿਹੜਾ ਦਮ ਚਲਾ ਗਿਆ ਉਹ ਖ਼ਰਚ ਹੋ ਗਿਆ ਮੇਰੀ ਜ਼ਿੰਦਗੀ ਦੀ ਜੇਬ ਵਿੱਚ ਸਿਰਫ਼ ਇੱਕੋ ਹੀ ਦਮ ਹੈ, ਨਕਦੀ ਮੇਰੇ ਕੋਲ਼ ਇੱਕੋ ਹੀ ਦਮ ਹੈ ਹਰ ਇੱਕ ਕੋਲ਼ ਅਤੇ ਬੰਦਾ ਕਹਿ ਦਿੰਦਾ ਹੈ ਕਿ ਇੱਕ ਦਮ ਦੀ ਕੀ ਜ਼ਿੰਦਗੀ ਹੈ। ਨਹੀਂ, ਇੱਕ ਦਮ ਵਿੱਚ ਪ੍ਰਮਾਤਮਾ ਮਿਲ ਸਕਦਾ ਹੈ, ਇੱਕ ਦਮ ਵਿੱਚ ਸਾਰਾ ਜਹਾਨ ਮਿਲ ਸਕਦਾ ਹੈ, ਇੱਕ ਦਮ ਵਿੱਚ ਸਾਰੀ ਲੋਕਾਈ ਦੀ ਪ੍ਰਾਪਤੀ ਹੋ ਸਕਦੀ ਹੈ, ਇੱਕ ਦਮ ਵਿੱਚ ਪਰਮ ਰਸ ਮਿਲ ਸਕਦਾ ਹੈ। ਪਰ ਮਨੁੱਖ ਇਸ ਇੱਕ ਦਮ ਨੂੰ ਕਿਵੇਂ ਬਤੀਤ ਕਰਦਾ ਹੈ ਇਸੇ ਇੱਕ ਦਮ ਨੂੰ ਬਤੀਤ ਕਰ ਛੱਡਦਾ ਹੈ ਗੁਜ਼ਰੇ ਹੋਏ ਦਮਾਂ ਦੀ ਯਾਦ ਵਿੱਚ, ਕਹਿਣ ਤੋਂ ਭਾਵ ਮਨੁੱਖ ਉਸ ਗ਼ਮ ਦੀ ਵਿੱਚ ਹੀ ਆਪਣੀ ਜ਼ਿੰਦਗੀ ਬਤੀਤ ਕਰ ਦਿੰਦਾ ਹੈ ਜੋ ਉਸ ਦਾ ਪਲ ਬੀਤ ਚੁੱਕਿਆ ਹੁੰਦਾ ਹੈ ਤੇ ਉਸ ਬੀਤ ਚੁੱਕੇ ਪਲ ਵਿੱਚ ਹੀ ਉਹ ਆਪਣੀ ਅੱਜ ਦੀ ਜ਼ਿੰਦਗੀ ਗਵਾ ਰਿਹਾ ਹੈ। ਦਮ ਦਮ ਕਰਕੇ ਸਾਰੀ ਜ਼ਿੰਦਗੀ ਰੋਗਾਂ ਵਿੱਚ ਚਲੀ ਜਾਂਦੀ ਹੈ ਭਾਵ ਵਿਅਰਥ ਚਲੀ ਜਾਂਦੀ ਹੈ । ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਹਨ :-

**ਵਰਤਮਾਨ ਵਿਚ ਵਰਤਦਾ ਹੋਵਨਹਾਰ ਸੋਈ ਪਰਵਾਨਾ ॥**

ਸੰਸਾਰੀ ਤੇ ਭਗਤ ਦੀ ਪਹਿਚਾਣ ਕੀ ਹੈ ਬਸ ਦੋ ਸ਼ਬਦਾਂ ਵਿੱਚ ਪਹਿਚਾਣ ਹੈ ਲਿਬਾਸ ਤੋਂ ਪਹਿਚਾਣ ਨਹੀਂ ਹੋਵੇਗੀ ਕੀ ਏ ਭਗਤ ਹੈ ਇਹ ਸੰਤ ਹੈ। ਸਾਰੀ ਦੁਨੀਆਂ ਵਿੱਚ ਧਾਰਮਿਕ ਲਿਬਾਸ ਅਲੱਗ-ਅਲੱਗ ਨੇ ਧਾਰਮਿਕ ਦਿਖਾਈ ਦੇ ਜਾਣਾ ਸ਼ਿੰਗਾਰ ਹੈ ਅਤੇ ਧਾਰਮਿਕ ਹੋ ਜਾਣਾ ਇੱਕ ਤਪੱਸਿਆ ਹੈ, ਮਿਹਨਤ ਹੈ ਸਾਧਨਾ ਹੈ। ਕਿਸ ਤਰਾਂ ਅੰਦਾਜ਼ਾ ਲਾਵਾਂਗੇ ਕਿ ਇਹ ਸੰਸਾਰੀ ਹੈ ਜਾਂ ਇਹ ਭਗਤ ਹੈ।

ਜੋ ਭੂਤਕਾਲ ਦੀਆਂ ਯਾਦਾਂ ਵਿੱਚ ਜੀਅ ਰਿਹਾ ਹੈ ਅਤੇ ਭਵਿੱਖ ਦੀਆਂ ਚਿੰਤਾਵਾਂ ਵਿੱਚ ਜੀਅ ਰਿਹਾ ਹੈ ਉਹ ਸੰਸਾਰੀ ਮਨੁੱਖ ਹੈ ਪਰ ਜੋ ਵਰਤਮਾਨ ਵਿੱਚ ਟਿਕ ਗਿਆ ਉਹ ਭਗਤ ਹੈ, ਭਗਵਾਨ ਦਾ ਰੂਪ ਹੈ ਉਹ ਤਾਂ ਈਸ਼ਵਰ



ਦਾ ਰੂਪ ਹੈ ਵਰਤਮਾਨ ਵਿੱਚ ਟਿਕਦਿਆਂ 'ਹੋਵਨਹਾਰ ਸੋਈ ਪਰਵਾਨਾ' ਜੋ ਹੋ ਗਿਆ ਇਹ ਹੋਣਾ ਸੀ ਹੋਣੀ ਹੈ ਅਣਹੋਣੀ ਨਹੀਂ ਹੈ। ਇਹੀ ਕਾਰਨ ਹੈ ਕਿ ਸਾਰੇ ਜਗਤ ਵਿੱਚ ਸਾਰੇ ਮਨੁੱਖ ਆਪਣੀ ਉਮਰ ਘਟਾ ਕੇ ਦੱਸਦੇ ਨੇ ਅਗਰ ਸੱਠ ਸਾਲ ਹੈ ਤਾਂ ਪੰਜਾਹ ਸਾਲ ਦੱਸਦੇ ਨੇ ਜੇ ਪੰਜਾਹ ਸਾਲ ਹੈ ਤਾਂ ਚਾਲੀ ਸਾਲ ਦੱਸਦੇ ਨੇ, ਕਾਰਨ? ਬੁਢਾਪਾ ਅਣਹੋਣੀ ਹੈ ਪਰ ਕੌਣ ਦੱਸੇ ਕਿ ਬੁਢਾਪਾ ਤਾਂ ਹੋਣੀ ਹੈ ਅਣਹੋਣੀ ਨਹੀਂ ਮੌਤ ਤਾਂ ਹੋਣੀ ਹੈ ਅਣਹੋਣੀ ਨਹੀਂ, ਭਗਤ ਕਬੀਰ ਜੀ ਕਹਿੰਦੇ ਹਨ :-

**ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ॥**
**ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ ॥**

ਪੜੋਸੀ ਦੇ ਅਰਥੀ ਉੱਠੀ ਹੈ, ਸਮਝ ਲਓ ਮੇਰੀ ਅਰਥੀ ਉੱਠੀ, ਮੈਂ ਭਰੋਸੇ ਦੀ ਅਰਥੀ ਨੂੰ ਕੰਧਿਆਂ ਉੱਤੇ ਨਹੀਂ ਚੁੱਕਿਆ ਪੜੋਸੀ ਨੇ ਆਪਣੇ ਕੰਧਿਆਂ ਉੱਤੇ ਮੈਨੂੰ ਚੁੱਕਿਆ ਹੋਇਆ ਹੈ ਇਸ ਤਰਾਂ ਸਮਝੋ ਤੂੰ ਆਪਣੇ ਹੀ ਜਾਣ। ਅਜਿਹਾ ਉਹ ਹੀ ਮਨੁੱਖ ਸੋਚ ਸਕਦਾ ਹੈ ਜੋ ਵਰਤਮਾਨ ਵਿੱਚ ਆ ਗਿਆ। ਜਨਮ ਹੋ ਗਿਆ ਕਬੂਲ ਜੀਵਨ ਕੋਲ਼ ਹੈ ਕਬੂਲ ਮਰਨ ਸਨ ਕਬੂਲ, ਲੇਕਿਨ ਮਰਦੇ ਦਮ ਤੱਕ ਮਨੁੱਖ ਨੂੰ ਜਨਮ ਕਬੂਲ ਹੈ ਮਰਨ ਕਬੂਲ ਨਹੀਂ। ਮਨੁੱਖ ਹਰ ਦਮ ਮਰਨ ਦਿਨ ਨੂੰ ਭੁਲਾਉਣ ਦੀ ਕੋਸ਼ਿਸ਼ ਕਰਦਾ ਹੈ ਇਹੀ ਕਾਰਨ ਹੈ ਕਿ ਪਰਮ ਆਨੰਦ ਦੀ ਪ੍ਰਾਪਤੀ ਤੋਂ ਵਾਂਝਾ ਰਹਿ ਜਾਂਦਾ ਹੈ ਰੋਗ ਵਿੱਚ ਜੀਉਂਦਾ ਹੈ ਸੋਗ ਵਿੱਚ ਜੀਉਂਦਾ ਹੈ ਜਦਕਿ ਵਰਤਮਾਨ ਵਿੱਚ ਜੀਊਣ ਵਾਲਾ 'ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀਂ ਨਿਕਟਾਨੀ'।

ਧਰਮ ਦੀ ਇਹ ਮਹਾਨ ਸਾਧਨਾਂ ਸਾਰੀ ਦੁਨੀਆ ਵਿੱਚ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਰਵਾਉਂਦੇ ਰਹੇ ਹਨ ਤੇ ਦੱਸਦੇ ਰਹੇ ਅਤੇ ਲੋਕਾਂ ਨੂੰ ਰੋਗ ਤੇ ਸੋਗ ਤੋਂ ਕੱਢਦੇ ਰਹੇ ਇਸ ਵਾਸਤੇ ਜਿਹੜੇ-ਜਿਹੜੇ ਸਾਧਨ ਕਰਕੇ ਵਰਤਮਾਨ ਵਿੱਚ ਜੀਵੇ ਤੇ ਭਗਵਾਨ ਨੂੰ ਜ਼ਿੰਦਗੀ ਵਿੱਚ ਪ੍ਰਗਟ ਕੀਤਾ ਉਨਾਂ ਸਾਰਿਆਂ ਦੀ ਜ਼ੁਬਾਨ ਵਿੱਚੋਂ ਇੱਕ ਬੋਲ ਨਿਕਲਿਆ ਬਾਬਾ ਵੈਦ ਰੋਗੀਆਂ ਦਾ, ਬਾਬਾ ਵੈਦ ਰੋਗੀਆਂ ਦਾ, ਬਾਬਾ ਵੈਦ ਰੋਗੀਆਂ ਦਾ।

ਗੁਰੂ ਨਾਨਕ ਪਾਤਸ਼ਾਹ ਦੀ ਵਿਚਾਰਧਾਰਾ ਨੂੰ ਜੇਕਰ ਅੱਜ ਦਾ ਮਨੁੱਖ ਸਮਝ ਪਾਉਂਦਾ ਤਾਂ ਚਿੰਤਾਮੁਕਤ ਜੀਵਨ ਬਤੀਤ ਕਰਦਾ ਹੋਇਆ ਆਨੰਦਮਈ ਸੁੱਖ ਦੀ ਪ੍ਰਾਪਤੀ ਕਰ ਲੈਂਦਾ ਸੰਸਾਰਿਕ ਪਦਾਰਥਾਂ ਦੀ ਮੋਹ ਮਾਇਆ ਵਿੱਚ ਆਪਣੇ ਆਪ ਨੂੰ ਪਾ ਕੇ ਜ਼ਿੰਦਗੀ ਦਾ ਉਹ ਆਨੰਦਮਈ ਪਲ ਵੀ ਗਵਾ ਬੈਠਦਾ ਜੋ ਉਸ ਨੂੰ ਉਸ ਅਕਾਲ ਪੁਰਖ ਪ੍ਰਮਾਤਮਾ ਵੱਲੋਂ ਮਿਲਦਾ ਹੈ।

# ਗੁਰਮਤਿ ਸੰਗੀਤ ਵਿੱਚ ਰਬਾਬੀ ਕੀਰਤਨਕਾਰਾਂ ਦਾ ਯੋਗਦਾਨ



**ਅਜੈਪਾਲ ਸਿੰਘ ਚਵਿੰਡਾ**
**ਫੋਨ-9464265464**

ਗੁਰਮਤਿ ਸੰਗੀਤ ਵਿੱਚ ਰਬਾਬੀ ਸੰਗੀਤਕਾਰਾਂ ਜਾਂ ਕੀਰਤਨਕਾਰਾਂ ਦਾ ਆਰੰਭ ਤੋਂ ਹੀ ਬੜਾ ਯੋਗਦਾਨ ਰਿਹਾ ਹੈ। ਗੁਰਮਤਿ ਸੰਗੀਤ ਵਿੱਚ 'ਰਬਾਬੀ' ਸ਼ਬਦ ਰਬਾਬ ਵਾਦਕ ਦੇ ਸੰਦਰਭ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ। ਰਬਾਬ ਇੱਕ ਤਾਰਾਂ ਵਾਲਾ ਸਾਜ਼ ਹੁੰਦਾ ਹੈ ਜਿਸ ਨੂੰ ਵਜਾਉਣ ਤੇ ਸੰਗੀਤ ਉਤਪਨ ਹੁੰਦਾ ਹੈ। ਇਸਦਾ ਉਲੇਖ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਤਰਾਂ ਮਿਲਦਾ ਹੈ :-

**ਰਬਾਬ ਪਖਾਵਜ ਤਾਲ ਘੁੰਗਰੂ ਅਨਹਦ ਸਬਦਿ ਵਜਾਵੈ॥**
**(ਆਦਿ ਗ੍ਰੰਥ, ਪੰਨਾ 381)**

**ਟੂਟੀ ਤੰਤ ਰਬਾਬ ਕੀ ਵਾਜੈ ਨਹੀ ਵਿਜੋਗਿ॥**
**(ਆਦਿ ਗ੍ਰੰਥ, ਪੰਨਾ 934)**

ਸਿੱਖ ਧਰਮ ਵਿੱਚ ਕੀਰਤਨ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਆਰੰਭ ਹੋਈ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਪੂਰੀ ਤਰਾਂ ਪ੍ਰਫੁੱਲਤ ਹੋਈ। ਇਸ ਕੀਰਤਨ ਪਰੰਪਰਾ ਨੂੰ ਅੱਜ ਕੱਲ 'ਗੁਰਮਤਿ ਸੰਗੀਤ' ਕਿਹਾ ਜਾਂਦਾ ਹੈ। ਇਸ ਕੀਰਤਨ ਪਰੰਪਰਾ ਵਿੱਚ ਮੁੱਖ ਤੌਰ 'ਤੇ ਤਿੰਨ ਤਰਾਂ ਦੇ ਕੀਰਤਨਕਾਰਾਂ ਦਾ ਯੋਗਦਾਨ ਰਿਹਾ ਹੈ।

1. ਰਬਾਬੀ
2. ਰਾਗੀ
3. ਢਾਡੀ

## ਗੁਰੂ ਨਾਨਕ ਦੇਵ ਜੀ ਦੇ ਸਮੇਂ ਰਬਾਬੀ ਪਰੰਪਰਾ

1. ਰਬਾਬੀ ਭਾਈ ਮਰਦਾਨਾ ਜੀ- ਸਿੱਖ ਧਰਮ ਵਿੱਚ ਆਰੰਭ ਤੋਂ ਹੀ ਰਬਾਬੀ ਕੀਰਤਨਕਾਰਾਂ ਦੀ ਪਰੰਪਰਾ ਰਹੀ ਹੈ। ਇਹ ਪ੍ਰਥਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਈ ਮਰਦਾਨਾ ਜੀ ਤੋਂ ਆਰੰਭ ਹੋਈ। ਇਸਤੋਂ ਪਹਿਲਾਂ ਮੁਸਲਮਾਨ ਗਾਇਕਾਂ ਨੂੰ ਮਿਰਾਸੀ ਕਿਹਾ ਜਾਂਦਾ ਸੀ ਪ੍ਰੰਤੂ ਗੁਰੂ ਨਾਨਕ ਦੇਵ ਜੀ ਦੇ ਸਮੇਂ ਇਹਨਾਂ ਨੂੰ ਰਬਾਬੀ ਨਾਮ ਦਿੱਤਾ ਗਿਆ। ਗੁਰੂ ਜੀ ਦੇ ਸਮੇਂ ਭਾਈ ਮਰਦਾਨਾ ਰਬਾਬ ਵਜਾਉਣ ਵਿੱਚ ਨਿਪੁੰਨ ਸਨ। ਕਿਹਾ ਜਾਂਦਾ ਹੈ ਕਿ ਗੁਰੂ ਜੀ ਆਪਣੀ ਸੋਜ਼ ਭਰੀ ਆਵਾਜ਼ ਨਾਲ਼ ਜਦੋਂ ਵੀ ਇਲਾਹੀ ਬਾਣੀ ਦਾ ਕੀਰਤਨ ਕਰਦੇ ਤਾਂ ਭਾਈ ਮਰਦਾਨੇ ਦੀ ਰਬਾਬ ਤੇ ਸੰਗਤ ਇੱਕ ਅਨੂਠਾ ਵਾਤਾਵਰਣ ਪੈਦਾ ਕਰ ਦਿੰਦੀ ਸੀ। ਇਸਦਾ ਉਲੇਖ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਇਸ ਤਰਾਂ ਕੀਤਾ ਹੈ :-

ਫਿਰ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ॥
ਇਕੁ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥ (ਵਾਰਾਂ ਭਾਈ ਗੁਰਦਾਸ, ਵਾਰ 1, ਪੰਨਾ 18)

ਰਬਾਬ ਵਾਦਕ ਭਾਈ ਮਰਦਾਨੇ ਦੀ ਸੰਗੀਤ ਪ੍ਰਤਿਭਾ ਨੂੰ ਦੇਖਦੇ ਹੋਏ ਗੁਰੂ ਜੀ ਨੇ ਇਹਨਾਂ ਨੂੰ ਭਾਈ ਦੀ ਪਦਵੀ ਨਾਲ਼ ਸਨਮਾਨਿਤ ਕੀਤਾ। ਉਦੋਂ ਤੋਂ ਆਪ ਭਾਈ ਮਰਦਾਨੇ ਦੇ ਨਾਮ ਨਾਲ਼ ਪ੍ਰਸਿੱਧ ਹੋਏ। ਭਾਈ ਜੀ ਤੋਂ ਰਬਾਬੀ ਕੀਰਤਨਕਾਰਾਂ ਦੀ ਪ੍ਰਥਾ ਆਰੰਭ ਹੋਈ ਅਤੇ ਸਾਰੇ ਗੁਰੂ ਸਾਹਿਬਾਨਾਂ ਦੇ ਸਮੇਂ ਕੀਰਤਨ ਦੀ ਪ੍ਰਥਾ ਨੂੰ ਪ੍ਰਫੁੱਲਿਤ ਕਰਨ ਵਿੱਚ ਇਨਾਂ ਰਬਾਬੀ ਕੀਰਤਨਕਾਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।

ਇਸ ਤਰਾਂ ਗੁਰਮਤਿ ਸੰਗੀਤ ਵਿੱਚ ਭਾਈ ਮਰਦਾਨੇ ਤੋਂ ਰਬਾਬੀ ਘਰਾਣੇ ਦਾ ਆਰੰਭ ਹੋਇਆ। ਇਹਨਾਂ ਦੀ ਵੰਸ਼ ਨੂੰ 'ਰਬਾਬੀ' ਜਾਂ 'ਮਰਦਾਨੇ ਕੇ' ਕਿਹਾ ਜਾਂਦਾ ਹੈ ਅਤੇ ਰਬਾਬੀ ਕੀਰਤਨਕਾਰਾਂ ਨੂੰ ਭਾਈ ਸ਼ਬਦ ਨਾਲ਼ ਸੰਬੋਧਨ ਕਰ ਕੇ ਸਨਮਾਨਿਤ ਕੀਤਾ ਜਾਂਦਾ ਹੈ। ਰਬਾਬੀ ਕੀਰਤਨਕਾਰ ਰਬਾਬ ਵਜਾਉਣ ਵਿੱਚ ਨਿਪੁੰਨ ਹੋਣ ਦੇ ਨਾਲ਼-ਨਾਲ਼ ਉੱਚ ਕੋਟੀ ਦੇ ਗਾਇਕ ਵੀ ਸਨ ਅਤੇ ਗੁਰੂ ਦਰਬਾਰ ਵਿੱਚ ਕੀਰਤਨ ਵੀ ਕਰਦੇ ਸਨ। ਰਬਾਬੀ ਕੀਰਤਨਕਾਰਾਂ ਦੇ ਆਰੰਭ ਕਰਤਾ ਭਾਈ ਮਰਦਾਨੇ ਨੂੰ ਸਦਾ ਰਬਾਬੀ ਪਰੰਪਰਾ ਦੇ ਆਦਿ ਸੰਗੀਤ ਆਚਾਰੀਆ ਦੇ ਰੂਪ ਵਿੱਚ ਸਨਮਾਨਿਤ ਕੀਤਾ ਜਾਂਦਾ ਰਹੇਗਾ।

2. ਰਬਾਬੀ ਸ਼ਾਹਜ਼ਾਦ-ਭਾਈ ਮਰਦਾਨਾ ਤੋਂ ਬਾਅਦ ਰਬਾਬੀ ਸ਼ਾਹਜ਼ਾਦ ਜੋ ਭਾਈ ਮਰਦਾਨਾ ਦੇ ਪੁੱਤਰ ਸਨ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿੱਚ ਸਵੇਰੇ ਸ਼ਾਮ ਕੀਰਤਨ ਕਰਦੇ ਸਨ।

ਗੁਰੂ ਅੰਗਦ ਦੇਵ ਜੀ ਦੇ ਸਮੇਂ ਰਬਾਬੀ ਪਰੰਪਰਾ

1. ਰਬਾਬੀ ਸੱਤਾ ਤੇ ਬਲਵੰਡ-ਰਬਾਬੀ ਪਰੰਪਰਾ ਵਿੱਚੋਂ ਹੀ ਸੱਤਾ ਤੇ ਬਲਵੰਡ ਕੀਰਤਨਕਾਰ ਹੋਏ ਹਨ। ਇਨਾਂ ਨੂੰ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਗੁਰੂ ਦਰਬਾਰ ਵਿੱਚ ਕੀਰਤਨ ਕਰਨ ਦਾ ਸਨਮਾਨ ਪ੍ਰਾਪਤ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪੀ ਤਾਂ ਬਾਣੀ ਦੀਆਂ ਪੋਥੀਆਂ ਦੇਣ ਦੇ ਨਾਲ਼ ਹੀ ਬਾਣੀ ਗਾਇਨ ਕਰਨ ਲਈ ਬਲਵੰਡ ਰਬਾਬੀ ਨੂੰ ਭੇਜਿਆ। ਇਸਦਾ ਉਲੇਖ ਮਹਿਮਾ ਪ੍ਰਕਾਸ਼ ਵਿੱਚ ਇਸ ਤਰਾਂ ਮਿਲਦਾ ਹੈ :-

**ਬਲਵੰਡ ਰਬਾਬੀ ਤੁਮ ਸੰਗ ਜਾਵੈ॥**
**ਸਮੇਂ ਸਮੇਂ ਹਰਿ ਕੀਰਤਨ ਗਾਵੈ॥ (ਮਹਿਮਾ ਪ੍ਰਕਾਸ਼, ਛੰਦ 165)**

ਗੁਰੂ ਨਾਨਕ ਦੇਵ ਜੀ ਦੇ ਸਮੇਂ ਕੀਰਤਨ ਦਾ ਮੁੱਖ ਕੇਂਦਰ ਸਥਾਨ ਕਰਤਾਰਪੁਰ ਸੀ। ਗੁਰੂ ਅੰਗਦ ਦੇਵ ਜੀ ਦੇ ਕਰਤਾਰਪੁਰ ਤੋਂ ਖਡੂਰ ਸਾਹਿਬ ਆ ਜਾਣ ਤੇ ਖਡੂਰ ਸਾਹਿਬ ਵਿੱਚ ਕੀਰਤਨ ਦੀ ਮਰਿਯਾਦਾ ਨੂੰ ਕਾਇਮ ਰੱਖਿਆ। ਇੱਥੇ ਸੱਤਾ ਤੇ ਬਲਵੰਡ ਰਬਾਬੀ ਸਵੇਰੇ ਸ਼ਾਮ ਕੀਰਤਨ ਕਰਦੇ ਸਨ। ਭਾਈ ਵੀਰ ਸਿੰਘ ਦੇ ਮੱਤ ਅਨੁਸਾਰ ਸੱਤਾ ਤੇ ਬਲਵੰਡ ਦੀ ਕੀਰਤਨ ਚੌਂਕੀ ਖਡੂਰ ਸਾਬਿ ਦੇ ਵਿੱਚ ਆਰੰਭ ਹੋਣ ਦੇ ਕਾਰਨ ਹੀ ਉਨਾਂ ਦੀ ਵੰਸ਼ ਪਰੰਪਰਾ ਨੂੰ ਖਡੂਰੀਏ ਰਬਾਬੀ ਕਿਹਾ ਜਾਣ ਲੱਗ ਪਿਆ।

ਗੁਰੂ ਅੰਗਦ ਦੇਵ ਜੀ ਦੇ ਸਮੇਂ ਸੱਤਾ ਤੇ ਬਲਵੰਡ ਤੋਂ ਇਲਾਵਾ ਭਾਈ ਮਰਦਾਨੇ ਦੇ ਪੋਤੇ ਭਾਈ ਸਾਦੂ ਬਾਦੂ ਅਤੇ ਰਜ਼ਾਦਾ ਨਾਮ ਦੇ ਰਬਾਬੀਆਂ ਦੇ ਦੁਆਰਾ ਕੀਰਤਨ ਕੀਤੇ ਜਾਣ ਦੇ ਉਲੇਖ ਪ੍ਰਾਪਤ ਹੁੰਦੇ ਹਨ।

ਗੁਰੂ ਅਮਰਦਾਸ ਜੀ ਦੇ ਸਮੇਂ ਰਬਾਬੀ ਪਰੰਪਰਾ - ਗੁਰੂ ਜੀ ਦੇ ਸਮੇਂ ਗੋਇੰਦਵਾਲ ਸਾਹਿਬ ਕੀਰਤਨ ਦਾ ਮੁੱਖ ਕੇਂਦਰ ਸਥਾਨ ਬਣਿਆ। ਗੁਰੂ ਜੀ ਦੇ ਸਮੇਂ ਵੀ ਸੱਤਾ ਤੇ ਬਲਵੰਡ ਹਜ਼ੂਰੀਏ ਕੀਰਤਨਕਾਰ ਸਨ। ਇਨਾਂ ਤੋਂ ਇਲਾਵਾ ਭਾਈ ਪਾਂਧਾ, ਭਾਈ ਬੂਲਾ, ਸਾਦੂ ਅਤੇ ਬਾਦੂ ਕੀਰਤਨਕਾਰ ਵੀ ਆਪ ਦੇ ਸਮੇਂ ਵਿੱਚ ਹੋਏ ਹਨ। ਪ੍ਰਾਤਾ ਕਾਲ ਭਾਈ ਸਾਦੂ ਤੇ ਬਾਦੂ ਕੀਰਤਨ ਕਰਦੇ ਸਨ। ਭਾਈ ਪਾਂਧਾ ਤੇ ਭਾਈ ਬੂਲਾ ਦੇ ਦੁਆਰਾ ਕੀਰਤਨ ਕੀਤੇ ਜਾਣ ਦੇ ਉਲੇਖ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਮਿਲਦੇ ਹਨ :-

**ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ॥**
**(ਵਾਰਾਂ ਭਾਈ ਗੁਰਦਾਸ, ਵਾਰ 11, ਪਉੜੀ 16, ਪੰਨਾ 121)**

ਇਸ ਤਰਾਂ ਗੁਰੂ ਜੀ ਦੇ ਸਮੇਂ ਰਬਾਬੀ ਕੀਰਤਨਕਾਰਾਂ ਦੇ ਦੁਆਰਾ ਕੀਰਤਨ ਦੀ ਪ੍ਰਥਾ ਪਹਿਲੇ ਦੀ ਤਰਾਂ ਪ੍ਰਚਲਿਤ ਰਹੀ। ਗੁਰੂ ਜੀ ਨੇ ਕੀਰਤਨ ਦੀ ਸੰਗਤ ਲਈ ਸਾਰੰਦਾ ਨਾਮ ਦੇ ਇੱਕ ਤੰਤੀ ਸਾਜ਼ ਦਾ ਆਵਿਸ਼ਕਾਰ ਕੀਤਾ। ਇਸ ਸਾਜ਼ ਨੂੰ ਰਬਾਬੀ ਹੀ ਵਜਾਉਂਦੇ ਸਨ।

ਗੁਰੂ ਰਾਮਦਾਸ ਜੀ ਦੇ ਸਮੇਂ ਰਬਾਬੀ ਪਰੰਪਰਾ - ਗੁਰੂ ਜੀ ਦੇ ਸਮੇਂ ਕੀਰਤਨ ਅਤੇ ਧਰਮ ਪ੍ਰਚਾਰ ਦਾ ਮੁੱਖ ਕੇਂਦਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਬਣਾਇਆ ਗਿਆ। ਇਸ ਸਮੇਂ ਵੀ ਭਾਈ ਸੱਤਾ ਤੇ ਬਲਵੰਡ ਰਬਾਬੀ ਹੀ ਕੀਰਤਨ ਕਰਦੇ ਸਨ। ਪ੍ਰਾਤਾ ਕਾਲ ਆਸਾ ਦੀ ਵਾਰ ਦਾ ਕੀਰਤਨ ਕੀਤਾ ਜਾਂਦਾ ਸੀ। ਗੁਰੂ ਜੀ ਨਾ ਕੇਵਲ ਕੀਰਤਨ ਸੁਣਦੇ ਹੀ ਸਨ ਬਲਕਿ ਆਪ ਵੀ ਕੀਰਤਨ ਕਰਦੇ ਸਨ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਰਬਾਬੀ ਪਰੰਪਰਾ- ਗੁਰੂ ਜੀ ਨੇ ਕੀਰਤਨ ਨੂੰ ਬੜਾ ਉੱਚਾ ਸਥਾਨ ਦਿੱਤਾ। ਕੀਰਤਨ ਦਾ ਪ੍ਰਵਾਹ ਭਾਈ ਸੱਤਾ ਤੇ ਭਾਈ ਬਲਵੰਡ ਰਬਾਬੀਆਂ ਦੁਆਰਾ ਹੀ ਚੱਲਦਾ ਰਿਹਾ। ਰਬਾਬੀ ਕੀਰਤਨਕਾਰਾਂ ਦੁਆਰਾ ਕੀਰਤਨ ਦੀ ਸੰਗਤ ਦੇ ਲਈ ਰਬਾਬ ਅਤੇ ਮ੍ਰਿਦੰਗ ਸਾਜ਼ਾਂ ਦੇ ਪ੍ਰਯੋਗ ਦਾ ਉਲੇਖ ਮਿਲਦਾ ਹੈ।

**ਗੁਰਬਾਣੀ ਲਿਖ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੈ॥**
**(ਵਾਰਾਂ ਭਾਈ ਗੁਰਦਾਸ, ਵਾਰ 6, ਪੰਨਾ 54)**

ਭਾਈ ਸੱਤਾ ਤੇ ਬਲਵੰਡ ਜੀ ਨੇ ਇੱਕ 'ਵਾਰ' ਦੀ ਰਚਨਾ ਵੀ ਕੀਤੀ। ਇਹਨਾਂ ਦੁਆਰਾ ਰਚਿਤ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।

**ਰਾਮਕਲੀ ਕੀ ਵਾਰ ਬਲਵੰਡ ਤਥਾ ਸਤੈ ਡੂਮ ਆਖੀ**
**ਨਾਉ ਕਰਤਾ ਕਾਦਰ ਕਰੇ ਕਿਉ ਬੋਲ ਹੋਵੈ ਜੋਖੀਵਦੈ॥**
**ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨ ਪੜੀਵਦੈ॥**
**ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ॥**
**(ਆਦਿ ਗ੍ਰੰਥ, ਪੰਨਾ 166)**

ਭਾਈ ਸੱਤੇ ਅਤੇ ਬਲਵੰਡ ਤੋਂ ਇਲਾਵਾ ਭਾਈ ਝਾਂਜੂ, ਭਾਈ ਮੁਕੰਦ ਅਤੇ ਭਾਈ ਕੇਦਾਰਾ ਵੀ ਹਜ਼ੂਰੀ ਕੀਰਤਨਕਾਰ ਸਨ। ਇਨਾਂ ਦਾ ਉਲੇਖ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਇਸ ਤਰਾਂ ਆਇਆ ਹੈ :-

**ਗੋਖੂ ਟੋਡਾ ਮਹਤਿਆ ਤੋਤਾ ਮਦੂ ਸਬਦ ਵੀਚਾਰਾ॥**
**ਝਾਂਝੂ ਅਤੇ ਮੁਕੰਦੁ ਹੈ ਕੀਰਤਨੁ ਕਰੈ ਹਜ਼ੂਰਿ ਕਿਦਾਰਾ॥**
**ਸਾਧਸੰਗਤਿ ਪਰਗਟੁ ਪਹਾਰਾ॥**
**(ਵਾਰਾਂ ਭਾਈ ਗੁਰਦਾਸ, ਵਾਰ 11, ਪਉੜੀ 18, ਪੰਨਾ 122)**

ਗੁਰੂ ਜੀ ਦੇ ਸਮੇਂ ਵਿੱਚ ਭਾਈ ਸੱਤਾ ਤੇ ਭਾਈ ਬਲਵੰਡ ਰਬਾਬੀਆਂ ਨੇ ਕਿਸੇ ਕਾਰਨ ਕਰਕੇ ਗੁਰੂ ਦਰਬਾਰ ਵਿੱਚ ਕੀਰਤਨ ਕਰਨਾ ਛੱਡ ਦਿੱਤਾ। ਅਜਿਹੇ ਸਮੇਂ ਵਿੱਚ ਗੁਰੂ ਜੀ ਨੇ ਆਪ ਸਮੂਹ ਸੰਗਤ ਨੂੰ ਕੀਰਤਨ ਗਾਇਨ ਦੀ ਪ੍ਰੇਰਨਾ ਦਿੱਤੀ ਅਤੇ ਕੀਰਤਨ ਦੀ ਪ੍ਰਥਾ ਨੂੰ ਕਾਇਮ ਰੱਖਿਆ। ਇਸ ਤੋਂ ਪਹਿਲਾਂ ਗੁਰੂ ਘਰਾਂ ਵਿੱਚ ਪ੍ਰਮੁੱਖ ਰੂਪ ਵਿੱਚ ਰਬਾਬੀ ਹੀ ਕੀਰਤਨ ਕਰਦੇ ਸਨ। ਗੁਰੂ ਜੀ ਦੇ ਸਮੇਂ ਵਿੱਚ ਰਾਗੀ ਕੀਰਤਨਕਾਰਾਂ ਦੀ ਪ੍ਰਥਾ ਆਰੰਭ ਹੋਈ। ਉਸ ਸਮੇਂ ਦੇ ਭੱਟ ਗੁਰੂਘਰਾਂ ਵਿੱਚ ਕੀਰਤਨ ਕਰਨ ਲੱਗ ਪਏ ਸਨ ਅਤੇ ਰਾਗੀ ਕਹਾਉਣ ਲੱਗ ਪਏ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਰਬਾਬੀ ਪਰੰਪਰਾ- ਰਬਾਬੀ ਕੀਰਤਨਕਾਰਾਂ ਦੀ ਜੋ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਆਰੰਭ ਹੋਈ ਸੀ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ ਇਸਦਾ ਕ੍ਰਾਮਿਕ ਵਿਕਾਸ ਹੁੰਦਾ ਗਿਆ। ਗੁਰੂ ਹਰਿਗੋਬਿੰਦ ਸਾਹਿਬ,

**ਬਾਕੀ ਸਫ਼ਾ 30 'ਤੇ**

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# 'ਕਿਹੋ ਜਿਹਾ ਹੋਵੇ ਖ਼ਾਲਸਾਈ ਅਮਲ ਦਾ ਜੀਵਨ-ਨਿਜ਼ਾਮ'



ਪ੍ਰੋ. ਹਰਿੰਦਰ ਸਿੰਘ ਮਹਿਬੂਬ

ਗੁਰੂ ਗ੍ਰੰਥ ਸਾਹਿਬ, ਖ਼ਾਲਸਾ ਪੰਥ ਦਾ ਗੁਰੂ ਹੈ, ਪਰ ਸ਼ਬਦ ਰੂਪ ਵਿੱਚ। ਸੋ ਉਸ ਦਾ ਸਤਿਕਾਰ ਸ਼ਬਦ ਗੁਰੂ ਦੀਆਂ ਕੁਦਰਤੀ ਸ਼ਰਤਾਂ ਮੁਤਾਬਕ ਹੀ ਹੋਣਾ ਚਾਹੀਦਾ ਹੈ। ਰੁਮਾਲੇ, ਪੀਹੜੀ, ਸਰਹਾਣੇ ਅਤੇ ਚੌਰ ਵਗੈਰਾ ਉਸ ਦੇ ਸਤਿਕਾਰ ਦਾ ਯੋਗ ਸਮਾਨ ਹਨ ਅਤੇ ਉਸ ਅੱਗੇ ਸਤਿਕਾਰ ਨਾਲ਼ ਖਲੋ ਕੇ ਮੱਥਾ ਟੇਕਣਾ, ਖ਼ਾਲਸਾ-ਅਰਦਾਸ ਦੀ ਇੱਕ ਸ਼ਕਲ ਹੈ। ਐਨਾ ਕੁ ਸਤਿਕਾਰ ਉਸ ਦੇ ਸ਼ਬਦ ਰੂਪ ਦੇ ਦੈਵੀ ਰਹੱਸ ਦੇ ਅਨੁਕੂਲ ਹੈ, ਪਰ ਗੁਰੂ ਗ੍ਰੰਥ ਸਾਹਿਬ ਲਈ ਮਨੁੱਖੀ ਸਰੀਰ ਵਾਲੇ ਸਾਮਾਨ ਮੁਹੱਈਆ ਕਰਨੇ, ਉਸ ਦੀ ਮਹਾਨ ਆਤਮਾ ਦਾ ਅਪਮਾਨ ਕਰਨਾ ਹੈ। ਅਜਿਹੀ ਬੁੱਤਪ੍ਰਸਤੀ ਜਾਂ ਪੈਰੋਡੀ ਕਰਦਿਆਂ ਖ਼ਾਲਸਾ ਪੰਥ ਗੁਰੂ ਗ੍ਰੰਥ ਸਾਹਿਬ ਦੇ ਧਿਆਨ ਅਤੇ ਮਿਲਣੀ ਦੀ ਮੂਕ ਅਰਦਾਸ ਨੂੰ ਰੋਗੀ ਕਰਮ-ਕਾਂਡ ਵਿੱਚ ਬਦਲ ਰਿਹਾ ਹੋਵੇਗਾ, ਜਿਸ ਦੀ ਨੀਂਹ ਕਮਜ਼ੋਰ ਇੰਦ੍ਰਿਆਵੀ ਅਨੁਭਵ ਹੈ।

ਖ਼ਾਲਸਾ ਪੰਥ, ਗੁਰੂ ਗ੍ਰੰਥ ਸਾਹਿਬ ਦੀ ਕਿਸੇ ਤੁਕ ਨੂੰ ਆਪਣੇ ਅਮਲ ਦੀ ਮਿਸਾਲ ਬਣਾਉਣ ਲਈ ਉਸ ਦੀ ਸਮੁੱਚੀ ਆਤਮਾ ਨੂੰ ਧਿਆਨ ਵਿੱਚ ਰੱਖੇਗਾ। ਗੁਰੂ ਗ੍ਰੰਥ ਸਾਹਿਬ ਦੀ ਦੈਵੀ ਅੰਤਰ-ਦ੍ਰਿਸ਼ਟੀ ਵਿੱਚ ਬਾਹਰੋਂ ਆਪਾ ਵਿਰੋਧੀ ਲੱਗਦੇ ਨੈਤਿਕ ਤੇ ਸਦਾਚਾਰਕ ਦ੍ਰਿਸ਼ਟਾਂਤਾਂ ਦਾ ਅੰਤਰ ਸੁਰਤਾਲ ਲੱਭ ਕੇ ਉਹ ਆਪਣੀ ਸੇਧ ਲਈ ਜ਼ਰੂਰੀ ਫ਼ੈਸਲੇ ਲਵੇਗਾ। ਉਹ ਕਿਸੇ ਤੁਕ ਨੂੰ ਸਦਾਚਾਰ ਦੀ ਵਿਧਾਨ ਰੂਪੀ ਇਕੱਲਤਾ ਵਿੱਚ ਨਹੀਂ ਅਰਥਾਵੇਗਾ। ਸ਼ਬਦ-ਅਸਗਾਹ ਦੀ ਗੁਰੂ ਰੂਪੀ ਸੁਹਿਰਦਤਾ ਅਨੁਭਵ ਕਰਨ ਪਿੱਛੋਂ ਖ਼ਾਲਸਾ-ਅਮਲ ਗੁਰਬਾਣੀ ਕਿਸੇ ਦੀ ਤੁਕ ਵਿੱਚੋਂ ਵਿਸ਼ਾਲ ਪ੍ਰਤੀਤੀ ਲੈ ਕੇ ਤੁਰਦਾ ਹੈ, ਪਰ ਗੁਰਬਾਣੀ ਦੀ ਕਿਸੇ ਤੁਕ ਦੀ ਸਦਾਚਾਰਕ ਰਮਜ਼ ਨੂੰ ਸੁੰਗੜੀ ਵਿਧਾਨਕ ਸੇਧ ਬਣਾ ਕੇ ਵਰਤਣਾ ਉਸ ਦਾ ਆਦਰਸ਼ ਨਹੀਂ। ਖ਼ਾਲਸਾ ਜੀ ਆਪਣੇ ਗੁਰੂ-ਰੂਪ ਨੂੰ ਹਮੇਸ਼ਾ ਹੀ ਆਪਣੇ ਸਮੂਹਿਕ ਧਿਆਨ ਵਿੱਚ ਸਥਾਪਤ ਰੱਖਣਗੇ। ਗੁਰੂ ਸਾਹਿਬ ਦਾ ਗੁਰੂ-ਰੂਪ ਅਤੇ ਖ਼ਾਲਸਾ ਜੀ ਦਾ ਗੁਰੂ-ਰੂਪ ਆਪੋ ਵਿਰੋਧੀ ਸੰਕਲਪ ਨਹੀਂ ਸਮਝਣੇ ਚਾਹੀਦੇ। ਦਸਮ ਪਾਤਸ਼ਾਹ ਨੇ ਜਦੋਂ ਚਮਕੌਰ ਦੀ ਗੜ੍ਹੀ ਵਿੱਚ ਖ਼ਾਲਸੇ ਨੂੰ ਗੁਰਿਆਈ ਬਖ਼ਸ਼ੀ ਸੀ, ਉਨਾਂ ਨੇ ਖ਼ਾਲਸੇ ਦੇ ਇਸ ਸਦੀਵੀ ਸੰਗਤ ਦੇ ਨਿਰਾਕਾਰੀ ਰੂਪ ਦਾ ਸੱਚ ਹੀ ਦ੍ਰਿੜ ਕਰਵਾਇਆ ਸੀ।

ਖ਼ਾਲਸਾ ਗੁਰੂ-ਲਿਵ ਉੱਤੇ ਪਹੁੰਚ ਕੇ ਗੁਰੂ ਹੈ। ਦਸਮ ਪਾਤਸ਼ਾਹ ਪਿੱਛੋਂ ਗੁਰੂ ਲਿਵ ਅਤੇ ਗੁਰੂ ਗ੍ਰੰਥ ਸਾਹਿਬ ਇੱਕ ਹਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਵਿੱਚ ਸਰੀਰਕ ਰੂਪ ਵਿੱਚ ਹਾਜ਼ਰ ਸਨ, ਉਦੋਂ ਉਨਾਂ ਖ਼ਾਲਸਾ ਜੀ ਨੂੰ ਗੁਰੂ ਲਿਵ ਉੱਤੇ ਪਹੁੰਚੇ ਹੋਣ ਦਾ ਫ਼ੈਸਲਾ ਦਿੰਦਿਆਂ ਉਸ ਨੂੰ ਗੁਰੂ ਪ੍ਰਵਾਨ ਕਰ ਲਿਆ ਸੀ। ਉਸ ਵੇਲੇ ਖ਼ਾਲਸਾ ਸਰੀਰਕ ਰੂਪ ਵਿੱਚ ਨਿਰਾਕਾਰ ਸਦੀਵੀ ਸੰਗਤ ਦਾ ਪ੍ਰਤੀਨਿਧ ਸੀ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਖ਼ਾਲਸਾ ਜੀ ਦਾ ਗੁਰੂ ਰੂਪ ਨਿਰਾਕਾਰ ਸਦੀਵੀ ਸੰਗਤ ਦੇ ਨੇੜੇ ਚਿਤਵਣ ਲਈ ਸਾਡੇ ਕੋਲ਼ ਕੋਈ ਦ੍ਰਿਸ਼ਟੀਮਾਨ ਮਿਆਰ ਨਹੀਂ ਹਨ। ਹੁਣ ਤਾਂ ਸਿਰਫ਼ ਕਿਸੇ ਮਹਾਨ ਸ਼ਹਾਦਤ ਦੇ ਇਲਾਹੀ ਜ਼ੋਰ ਰਾਹੀਂ ਹੀ ਖ਼ਾਲਸਾ ਜੀ ਨੂੰ ਕਿਸੇ ਖ਼ਾਸ ਸਮੇਂ ਹੀ ਦੇਹਧਾਰੀ ਖ਼ਾਲਸਾ-ਸੰਗਤ ਨੂੰ ਗੁਰੂ ਕਹਿਣ ਦਾ ਹੱਕ ਮਿਲ ਸਕਦਾ ਹੈ। ਮਹਾਨ ਸ਼ਹਾਦਤ ਦੇ ਅਰਥਾਂ ਦੀ ਵਿਸ਼ਾਲਤਾ ਅਤੇ ਉਸ ਦੇ ਸੁਹਜ ਦੀ ਬਹੁਪਾਸਾਰੀ ਸ਼ਿੱਦਤ ਹੀ ਉਸ ਦਾ ਦੈਵੀ ਚਰਿੱਤਰ ਸਥਾਪਤ ਕਰਦੀਆਂ ਹਨ।

ਹਰ ਸਮੇਂ ਵਿੱਚ ਖ਼ਾਲਸਾ ਜੀ ਨੂੰ ਆਪਣੇ ਇਤਿਹਾਸਕ ਗੁਰਮਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕਰਨੇ ਚਾਹੀਦੇ ਹਨ, ਕਿਉਂਕਿ ਇਹ ਉਸ ਹਾਲਾਤ ਵਿੱਚ ਆਪਣੇ ਗੁਰੂ ਰੂਪ ਦੇ ਸਭ ਤੋਂ ਨੇੜੇ ਹੁੰਦਾ ਹੈ। ਜੇ ਖ਼ਾਲਸਾ ਜੀ ਦੀ ਮੂਕ ਅਰਦਾਸ ਉਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਮਹਾਨ ਲਿਵ ਵਿੱਚ ਅਭੇਦ ਕਰ ਦੇਵੇ ਤਾਂ ਗੁਰੂ ਅਤੇ ਉਸ ਵਿਚਕਾਰ ਕੋਈ ਭਿੰਨ-ਭੇਦ ਨਹੀਂ ਰਹਿੰਦਾ। ਜੇ ਖ਼ਾਲਸਾ ਆਪਣੀ ਗੁਰ-ਲਿਵ ਦੇ ਛਿਣਾਂ ਦੇ ਅਮਰ ਵਿਸਮਾਦ ਵਿੱਚ ਜੀਣ ਵਾਲੀ ਮਹਾਂ-ਸੰਗਤ ਅਨੁਸਾਰ ਆਪਣੇ ਸਮੂਹਿਕ ਅਮਲ ਨੂੰ ਸੇਧ ਦੇਵੇ ਤਾਂ ਉਹ ਆਪਣੀ ਦੈਵੀ ਰੰਗ ਵਾਲੀ ਚੜ੍ਹਤਲ ਵਿੱਚ ਦੁਨੀਆਂ ਦੇ ਰਾਜਸੀ, ਸਭਿਆਚਾਰਕ, ਕਲਾਮਈ ਅਤੇ ਆਤਮਕ ਖੇਤਰਾਂ ਵਿੱਚ ਮਹਾਨ ਜਿੱਤਾਂ ਪ੍ਰਾਪਤ ਕਰ ਸਕਦਾ ਹੈ।

ਜੰਗ ਅਤੇ ਸ਼ਹਾਦਤ ਖ਼ਾਲਸਾ ਜੀ ਦੀ ਰੂਹਾਨੀ ਬਣਤਰ ਦਾ ਅਨਿੱਖੜ ਅੰਗ ਹਨ। ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਜੰਗਾਂ, ਗੁਰੂ ਗ੍ਰੰਥ ਸਾਹਿਬ ਦੀ ਅਧਿਆਤਮਕ ਰਮਜ਼ ਤੋਂ ਬਾਹਰ ਨਹੀਂ ਹਨ। ਇਨਾਂ ਅੰਦਰ ਕਿਸੇ ਉੱਚੇ ਕਾਵਿ-ਆਵੇਸ਼ ਵਰਗਾ ਕੁਦਰਤੀਪਨ ਅਤੇ ਸਹਿਜ ਹੈ। ਜੰਗ ਅਤੇ ਅਮਨ ਦੋਵੇਂ ਹੀ ਗੁਰੂ ਸਾਹਿਬਾਨ ਦੇ ਮਹਾਨ ਆਦਰਸ਼ ਦੇ ਅਧੀਨ ਹਨ, ਵਕਤ ਦੇ ਚਿਤਰਪਟ ਉੱਤੇ ਸਮੁੰਦਰ ਦੀਆਂ ਲਹਿਰਾਂ ਵਾਂਗ ਫੈਲਦੇ ਹਨ। ਕਿਤੇ ਵੀ ਸ਼ੈ-ਵਿਰੋਧ ਨਹੀਂ।

ਖ਼ਾਲਸੇ ਨੇ ਜੰਗ ਅਤੇ ਅਮਨ ਨੂੰ ਇਖ਼ਲਾਕ ਦੇ ਵੱਡੇ ਨਕਸ਼ੇ ਵਿੱਚ ਅਭੇਦ ਕੀਤਾ ਹੋਇਆ ਹੈ। ਉਸ ਦੀ ਗੁਰੂ-ਲਿਵ (ਉੱਚੀ ਸੁਰਤਿ ਤੇ ਪ੍ਰਤਿਭਾ) ਜ਼ਿੰਦਗੀ ਵਿੱਚ ਆਪਣੀ ਆਦਰਸ਼ਕ ਖ਼ੂਬਸੂਰਤੀ ਦੇ ਇਖ਼ਲਾਕੀ ਨਕਸ਼ ਉਤਾਰ ਰਹੀ-ਭਾਵੇਂ ਅਮਨ ਵਿੱਚ ਉਤਾਰ ਲਵੇ, ਭਾਵੇਂ ਜੰਗ ਰਾਹੀਂ ਉਤਾਰ ਲਵੇ। ਉਸ ਦੀ ਗੁਰੂ-ਲਿਵ ਦੀ ਇਖ਼ਲਾਕੀ ਰਮਜ਼ ਨੇ ਵਕਤ ਦੀਆਂ ਮੰਗਾਂ ਅਨੁਸਾਰ ਇਹ ਫ਼ੈਸਲਾ ਦੇਣਾ ਹੈ ਕਿ ਉਸ ਦੇ ਅਮਲ ਦਾ ਸਹੀ ਸੁਰਤਾਲ ਕਿਹੜਾ ਹੈ'? ਅਰਨਾਲਡ ਟਾਇਨਬੀ ਦਾ ਇਹ ਖ਼ਿਆਲ ਕਿ ਖ਼ਾਲਸੇ ਦਾ ਖੁਲਮ ਖੁੱਲਾ ਸੈਨਾਵਾਦ ਜਾਂ ਜੰਗੀ ਰੂਪ ਵਿੱਚ ਆਉਣਾ ਉਸ ਦੀ ਰੂਹਾਨੀ ਤਰੱਕੀ ਅਤੇ ਸੰਪੂਰਨਤਾ ਲਈ ਰੁਕਾਵਟ ਅਤੇ ਫੇਰ ਤਬਾਹੀ ਬਣਿਆ, ਖ਼ਾਲਸੇ ਦੀ ਰੂਹਾਨੀ ਬਣਤਰ ਜਾਂ ਉਸ ਦੇ ਇਖ਼ਲਾਕ ਦੀਆਂ ਰੂਹਾਨੀ ਲੋੜਾਂ ਪ੍ਰਤੀ ਅਣਜਾਣਤਾ ਵਿਖਾਉਣੀ ਹੈ। ਉਨਾਂ ਨੇ ਇਸ ਕਿਸਮ ਦੇ ਖ਼ਿਆਲ ਵਾਰ-ਵਾਰ ਪ੍ਰਗਟਾਏ ਹਨ। ਉਦਾਹਰਣ ਵਜੋਂ ਉਨਾਂ ਨੇ ਕਥਨ ਕੀਤਾ ਹੈ :-



'ਤੇ ਮੂਲ ਸਿੱਖ ਧਰਮ, ਹਿੰਦੂ ਧਰਮ ਦੇ ਇਸਲਾਮ ਨਾਲ਼ ਸਮਝੌਤੇ ਵਿੱਚੋਂ ਪੈਦਾ ਹੋਇਆ ਅਤੇ ਇਹ ਇਸ ਧਰਮ ਸਿਖ਼ਰ ਤੋਂ ਸਿਆਸੀ ਟੋਏ ਵਿੱਚ ਡਿੱਗ ਪਿਆ, ਕਿਉਂਕਿ ਸਿੱਖ ਧਰਮ ਗੁਰੂਆਂ (ਗੁਰੂ ਹਰਿਗੋਬਿੰਦ ਸਾਹਿਬ ਜੀ) ਅਤੇ ਗੁਰੂ ਗੋਬਿੰਦ ਸਿੰਘ (ਜੀ) ਅਤੇ ਉਨਾਂ ਦਾ ਸੰਭਾਵਿਤ ਸਿਆਸੀ, ਜਾਨਸ਼ੀਨ ਸਿੱਖ ਯੁੱਧਾਂ ਦਾ ਸਰਦਾਰ ਰਣਜੀਤ ਸਿੰਘ ਪੈਗੰਬਰ ਮੁਹੰਮਦ (ਸਾਹਿਬ) ਵਾਂਗ ਤਾਕਤ ਵਰਤਣ ਦੀ ਲਾਲਸਾ ਤੋਂ ਨਾਂ ਬਚ ਸਕੇ।'

ਮਹਾਨ ਅਖਵਾਉਂਦਾ ਇਤਿਹਾਸਕਾਰ ਇਸ ਰਾਜ਼ ਤੋਂ ਨਾਵਾਕਿਫ਼ ਹੈ ਕਿ ਭਾਵੇਂ ਖੁੱਲਮ-ਖੁੱਲੇ ਤਾਂ ਸੈਨਾਵਾਦ ਦਾ ਰੂਪ ਦੁਨਿਆਵੀ ਹੀ ਹੁੰਦਾ ਹੈ, ਪਰ ਖ਼ਾਲਸੇ ਦਾ ਅਮਲ ਆਪਣੀ ਸਮੂਹਿਕ ਇਤਿਹਾਸਕ ਗਤੀ ਅਤੇ ਸਰਵਪੱਖੀ ਗੁਰੂ-ਲਿਵ ਦੀ ਰਮਜ਼ ਵਿੱਚੋਂ ਹੀ ਜੰਗ ਦੀ ਸ਼ਕਲ ਪਕੜਦਾ ਹੈ। ਗੁਰੂ ਸਾਹਿਬਾਂ ਅਤੇ ਉਨਾਂ ਤੋਂ ਬਾਅਦ ਦੀਆਂ ਜੰਗਾਂ ਮੁਗ਼ਲ ਹਕੂਮਤ ਵੱਲ 'ਹਿੰਦੂਆਂ ਦੇ ਸੈਨਿਕ ਪ੍ਰਤੀਕਰਮ' ਦਾ ਨਤੀਜਾ ਨਹੀਂ ਆਖੀਆਂ ਜਾ ਸਕਦੀਆਂ, ਬਲਕਿ ਇਹ ਤਾਂ ਅਧਿਆਤਮਕ ਚੜ੍ਹਤਲ ਵਿੱਚੋਂ ਉਤਪੰਨ ਹੋਈਆਂ ਸਨ। ਸਿੱਖ ਜੰਗਾਂ ਦੁਨਿਆਵੀ ਤ੍ਰਿਸ਼ਨਾ ਦਾ ਨਤੀਜਾ ਨਹੀਂ ਸਨ ਬਲਕਿ ਇਨਾਂ ਬਿਨਾਂ ਤਾਂ ਉਸ ਦੀ ਸਦੀਵੀ ਸੰਗਤ, ਜਿਸ ਦੇ ਸੰਕਲਪ ਨੂੰ ਛੱਡ ਕੇ ਉਸ ਦੇ ਇਤਿਹਾਸ ਵਿੱਚ ਹਰਕਤ ਹੀ ਪੈਦਾ ਨਹੀਂ ਹੋ ਸਕਦੀ, ਦਾ ਆਤਮਕ ਵਿਕਾਸ ਹੀ ਨਾਮੁਕੰਮਲ ਰਹੇਗਾ! ਜੰਗ ਖ਼ਾਲਸਾ ਆਪੇ ਦੇ ਸਿਰਜਨਾਤਮਕ ਪਹਿਲੂ ਨਾਲ਼ ਤਖ਼ੱਲਸ ਰੱਖਦੀ ਹੈ। ਖ਼ਾਲਸੇ ਦਾ ਪਾਸਾਰ ਬਹੁਤ ਵੱਡਾ ਹੈ। ਅਮਨ ਤੋਂ ਜੰਗ ਤੱਕ ਰੂਹਾਨੀ ਜਲਾਲ ਦੇ ਅਨੇਕਾਂ ਦ੍ਰਿਸ਼ ਨਿਰਵਿਘਨ ਚੱਲ ਰਹੇ ਹਨ। ਖ਼ਾਲਸਾ ਜੀ ਦੀ ਅਧਿਆਤਮਕ ਬਿਰਤੀ ਸੂਰਜ ਦੇ ਬਦਲਦੇ ਪਰਛਾਵਿਆਂ ਵਰਗੀ ਚੁੱਪ ਵਿੱਚ ਜੰਗ ਅਤੇ ਅਮਨ ਇੱਕ ਦੂਜੇ ਅੰਦਰ ਲਗਾਤਾਰ ਤਬਦੀਲ ਹੋ ਰਹੇ ਹਨ। ਖ਼ਾਲਸਾ ਜੀ ਦੀ ਅਧਿਆਤਮਕ ਬਣਤਰ ਕੁਝ ਇਸ ਤਰਾਂ ਹੈ ਕਿ ਜੰਗ ਬਿਨਾਂ ਉਹ ਜ਼ਿੰਦਗੀ ਦੀ ਮੁਕੰਮਲ ਅਨੁਭਵ ਹੀ ਨਹੀਂ ਕਰ ਸਕਦਾ। ਜੇ ਜੰਗ ਨੂੰ ਖ਼ਾਲਸਾ ਅਨੁਭਵ ਵਿੱਚੋਂ ਕੱਢ ਦੇਈਏ ਤਾਂ ਉਸ ਦੀ ਇਖ਼ਲਾਕੀ ਪਾਕੀਜ਼ਗੀ ਦੀ ਤੀਬਰਤਾ ਇੱਕ ਦਮ ਘੁਟ ਜਾਵੇਗੀ, ਉਹ ਆਪਣੇ ਆਤਮਕ ਸੋਮਿਆਂ ਨਾਲ਼ੋਂ ਟੁੱਟ ਜਾਵੇਗਾ ਅਤੇ ਉਸ ਦੇ ਕਲਾਮਈ ਚਾਅ ਨੂੰ ਲੋੜੀਂਦਾ ਸੁਹਜ ਨਹੀਂ ਮਿਲ ਸਕੇਗਾ। ਇੱਥੋਂ ਤੱਕ ਕਿ ਉਸ ਦੀ ਅਹਿੰਸਾ ਦੀ ਪ੍ਰਤੀਤੀ ਵੀ ਕਮਜ਼ੋਰ ਪੈ ਜਾਵੇਗੀ। ਉਸ ਦੇ ਰਹਿਮ ਅਤੇ ਮੁਹੱਬਤ ਦੇ ਜਜ਼ਬਿਆਂ ਦਾ ਸੁਹਜ ਵੀ ਆਪਣੀ ਚਮਕ ਗੁਆ ਬੈਠੇਗਾ। ਸੋ ਉਸ ਦੇ ਰੂਹਾਨੀ ਤੌਰ 'ਤੇ ਜੀਉਂਦੇ ਰਹਿਣ ਲਈ ਜੰਗ ਦਾ ਅਨੁਭਵ ਬਹੁਤ ਜ਼ਰੂਰੀ ਹੈ।

ਖ਼ਾਲਸੇ ਦੇ ਰੂਹਾਨੀ ਕੀਮਤਾਂ ਨੂੰ ਪਹਿਲ ਦੇਣ ਦੇ ਅਮਲ ਦੀ ਸਿਖ਼ਰ ਸ਼ਹਾਦਤ ਉੱਤੇ ਪਹੁੰਚ ਕੇ ਹੁੰਦੀ ਹੈ। ਸ਼ਹਾਦਤ ਜ਼ਿੰਦਗੀ ਦੇ ਕੁੱਲ ਡਰਾਂ, ਲਾਲਚਾਂ, ਸਰੀਰ ਦੀਆਂ ਅਸ਼ਲੀਲ ਭਾਵਨਾਵਾਂ, ਵੀਭਤਸ ਦੁਨਿਆਵੀ ਉਲਾਰਾਂ ਦੇ ਕਤੱਈ (ਮੁਕੰਮਲ) ਤਿਆਗ ਦਾ ਨਾਂ ਹੈ। ਖ਼ਾਲਸਾ ਚੇਤਨਾ ਦੀ ਸ਼ਹਾਦਤ ਦੇ ਅਮਲ ਦੌਰਾਨ ਹੀ ਵੱਧ ਤੋਂ ਵੱਧ ਰੌਸ਼ਨ ਅਤੇ ਵੱਧ ਤੋਂ ਵੱਧ ਖ਼ਾਲਸਾ ਰਹਿੰਦੀ ਹੈ। ਜਿੰਨਾ ਇਹ ਜੰਗ ਦਾ ਹਿੱਸਾ ਹੈ, ਓਨਾ ਹੀ ਅਮਨ ਦਾ ਹਿੱਸਾ ਹੈ। ਤੇਗ਼ਾਂ ਦੇ ਗ਼ਜ਼ਬ ਵਿੱਚ ਅਤੇ ਅਹਿੰਸਾ ਦੀ ਸ਼ਾਂਤ ਚੁੱਪ ਵਿੱਚ ਖ਼ਾਲਸਾ ਸ਼ਹਾਦਤ, ਗੁਰਬਾਣੀ ਦੀ ਸਦਾ ਜਾਗਦੀ ਗੁਰ-ਲਿਵ ਵਿੱਚੋਂ ਜਨਮ ਲੈਂਦੀ ਹੈ। ਇਸ ਦੇ ਦੋਵੇਂ ਰੂਪ, ਰੂਹ, ਅਕਲ ਅਤੇ ਇਖ਼ਲਾਕ ਨੂੰ ਇੱਕੋ ਤਰਾਂ ਦੀ ਰੂਹਾਨੀ ਖ਼ੁਰਾਕ ਦਿੰਦੇ ਹਨ। ਖ਼ਾਲਸਾ-ਸ਼ਹਾਦਤ ਦੇ ਜੰਗ ਰੂਪ ਅਤੇ ਸ਼ਾਂਤੀ ਰੂਪ ਵਿੱਚ ਇੱਕ ਸੁਰਤਾਲਮਈ ਨਿਰੰਤਰਤਾ ਹੈ, ਜਿਹੜੀ ਕਿ ਸਿੱਖ ਧਰਮ ਦੀ ਅੰਤਰੀਵ ਇਕਾਗਰਤਾ ਬਿਨਾਂ ਉਤਪੰਨ ਨਹੀਂ ਸੀ ਹੋ ਸਕਦੀ। ਅਰਨਾਲਡ ਟਾਇਨਬੀ ਦਾ ਇਹ ਖ਼ਿਆਲ ਬੇਬੁਨਿਆਦ ਹੈ ਕਿ ਮੁਗ਼ਲ ਹਕੂਮਤ ਨਾਲ਼ ਗੁਰੂ-ਜੰਗਾਂ ਪਿੱਛੇ ਕੋਈ ਦੁਨਿਆਵੀ ਬਿਰਤੀ ਕੰਮ ਕਰ ਰਹੀ ਸੀ। ਉਹ ਇਹ ਨਹੀਂ ਜਾਣਦੇ ਕਿ ਜੰਗ ਅਤੇ ਅਮਨ ਦੇ ਸੁਮਿਲਵੇਂ ਹੁਸਨ ਵਿੱਚ ਹੀ ਤਾਂ ਖ਼ਾਲਸਾ ਅਮਲ ਦੀ ਰੂਹਾਨੀ ਤਸਵੀਰ ਬਣਦੀ ਹੈ। ਸਿੱਖ-ਆਦਰਸ਼ ਇਤਿਹਾਸ ਬਣਾਉਂਦਾ ਹੈ; ਇਤਿਹਾਸਕ ਆਦਰਸ਼ ਅਤੇ ਜੰਗ ਦੇ ਆਪਸੀ ਤਾਲਮੇਲ ਦਾ ਚੰਗਾ ਅਨੁਭਵ ਨਾ ਹੋਣ ਕਾਰਨ ਹੀ ਅਰਨਾਲਡ ਟਾਇਨਬੀ ਖ਼ਾਲਸਾ ਜੀ ਅਤੇ ਉਸ ਦੇ ਆਦਰਸ਼ ਨੂੰ ਲੈਨਿਨ ਦੀ ਕਮਿਊਨਿਸਟ ਪਾਰਟੀ ਦੇ ਪੂਰਬ (ਭੂਤ-ਪੂਰਵ) ਦੇ ਤੌਰ 'ਤੇ ਵੇਖਦੇ ਹਨ। ਸੋ ਖ਼ਾਲਸਾ ਜੀ ਨੇ ਰੂਹਾਨੀ ਕੀਮਤਾਂ ਨੂੰ ਪਹਿਲ ਦੇ ਕੇ ਆਦਰਸ਼ ਨੂੰ ਪਾਲਣਾ ਹੈ ਅਤੇ ਜੇ ਲੋੜ ਪਵੇ ਤਾਂ ਆਪਣੀ ਆਤਮਕ ਆਭਾ ਦਾ ਸ਼ਹਾਦਤ ਰਾਹੀਂ ਸਬੂਤ ਦੇਣਾ ਹੈ।

ਸ਼ਾਦੀ ਤੋਂ ਪਹਿਲਾਂ ਬਾਲਗ ਹੋਣ ਤੱਕ ਖ਼ਾਲਸੇ ਦੇ ਬੱਚੇ ਅਤੇ ਬੱਚੀਆਂ ਨੂੰ ਅੰਮ੍ਰਿਤ ਛਕ ਲੈਣਾ ਚਾਹੀਦਾ ਹੈ। ਅੰਮ੍ਰਿਤ ਛਕਣ ਪਿੱਛੋਂ ਪੰਜ ਕੱਕੇ ਜ਼ਰੂਰੀ ਤੌਰ 'ਤੇ ਧਾਰਨ ਕੀਤੇ ਜਾਂਦੇ ਹਨ। ਕੇਸ, ਜਿਨਾਂ ਵਿੱਚ ਕਿ ਸਰੀਰ ਦਾ ਹਰ ਰੋਮ ਸ਼ਾਮਲ ਹੈ, ਖ਼ਾਲਸੇ ਦੇ ਬੱਚੇ ਅਤੇ ਬੱਚੀਆਂ ਦੇ ਜੰਮਣ ਤੋਂ ਲੈ ਕੇ ਉਮਰ ਦੇ ਆਖ਼ਰੀ ਸਵਾਸਾਂ ਤੱਕ ਰਹਿਣੇ ਲਾਜ਼ਮੀ ਹਨ। ਇਨਾਂ ਦੀ ਕਿਸੇ ਵੀ ਹਾਲਤ ਵਿੱਚ ਬੇਅਦਬੀ ਕਰਨੀ ਭਾਰੀ ਗੁਨਾਹ ਹੈ। ਸਿੱਖ ਖਿਡਾਰੀਆਂ, ਜਿਵੇਂ ਕਿ ਭਲਵਾਨਾਂ ਆਦਿ ਨੂੰ ਵੀ ਕੇਸਾਂ ਅਤੇ ਸਰੀਰ ਦੇ ਰੋਮਾਂ ਨੂੰ ਨਹੀਂ ਕੱਟਣਾ ਚਾਹੀਦਾ। ਬੱਚਿਆਂ ਨੂੰ ਕੇਸ ਕੱਟਣ ਦੀ ਛੋਟ ਦੇਣੀ ਜਾਂ ਪ੍ਰੇਰਨਾ ਦੇਣੀ, ਖ਼ੁਦ ਕੇਸ ਕੱਟਣ ਦੇ ਬਰਾਬਰ ਹੈ। ਅੰਮ੍ਰਿਤ ਛਕਣ ਤੋਂ ਪਹਿਲਾਂ ਜੇ ਕੰਘਾ ਅਤੇ ਕੜਾ ਲੋੜ ਅਨੁਸਾਰ ਧਾਰਨ ਕਰ ਲਏ ਜਾਣ ਤਾਂ ਘੱਟੋ ਘੱਟ ਇਹ ਇੱਕ ਪਵਿੱਤਰ ਆਦਤ ਮੰਨੀ ਜਾਵੇਗੀ। ਅੰਮ੍ਰਿਤ ਛਕਣ ਪਿੱਛੋਂ ਗਾਤਰੇ ਵਾਲੀ ਕਿਰਪਾਨ ਅਤੇ ਕਛਹਿਰੇ ਨੂੰ ਕੰਘੇ, ਕੇਸ ਅਤੇ ਕੜੇ ਸਮੇਤ ਧਾਰਨ ਕਰ ਲਿਆ ਜਾਵੇ।

ਪੰਜ ਪਵਿੱਤਰ ਕੱਕਿਆਂ ਨੂੰ ਖ਼ਾਲਸਾ ਇੱਕ ਕੁਦਰਤੀ ਸਹਿਜ ਵਿੱਚ ਪਹਿਨੇਗਾ। ਉਹ ਉਸ ਦੇ ਸਰੀਰ ਲਈ ਇੱਕ ਬੋਝਲ ਰਸਮ ਬਣ ਕੇ ਨਹੀਂ ਰਹਿਣਗੇ, ਬਲਕਿ ਸਰੀਰ ਨਾਲ਼ੋਂ ਜ਼ਿਆਦਾ ਉਸ ਦੀ ਰੂਹ ਅਤੇ ਅੰਤਰੀਵ ਸੁਹਜ ਵਿੱਚ ਟਿਕਣਗੇ। ਅੰਮ੍ਰਿਤ ਅਤੇ ਉਸ ਦੇ ਪੰਜ ਨਿਸ਼ਾਨਾਂ ਦੀ ਖ਼ਾਲਸਾ ਸੰਸਾਰੀ ਲਾਭ-ਹਾਨ ਦੀ ਬਿਰਤੀ ਅਤੇ ਬੌਧਿਕ ਵਿਸ਼ਲੇਸ਼ਣ ਅਨੁਸਾਰ ਨਹੀਂ ਪਹਿਨੇਗਾ, ਬਲਕਿ ਸਿੱਖ ਪੰਥ ਦੇ ਸਮੁੱਚੇ ਅਨੁਭਵ ਵਿੱਚ ਰੱਖ ਕੇ ਇਨਾਂ ਦੀ ਪਾਲਣਾ ਕਰੇ। ਖ਼ਾਲਸਾ, ਅੰਮ੍ਰਿਤ ਦੀ ਦਾਰਸ਼ਨਿਕ ਵਿਆਖਿਆ ਵਿੱਚ ਨਹੀਂ ਉਲਝੇਗਾ ਅਤੇ ਨਾ ਇਸ ਦੇ ਕੱਕਿਆਂ ਦੀ ਪ੍ਰਮਾਣਿਕਤਾ ਦਰਸਾਉਣ ਲਈ ਇਤਿਹਾਸਕ, ਮਿਥਿਹਾਸਕ, ਵਿਗਿਆਨਕ ਜਾਂ ਕੋਈ ਹੋਰ ਦੁਨਿਆਵੀ ਕਾਰਨ ਲੱਭੇਗਾ ਕਿਉਂਕਿ ਇਸ ਕਿਸਮ ਦੀਆਂ ਦਲੀਲਾਂ, ਅੰਮ੍ਰਿਤ ਦੇ ਅਨੁਭਵੀ ਸੱਚ ਉੱਤੇ ਪੂਰੀਆਂ ਨਹੀਂ ਉੱਤਰਦੀਆਂ। ਅੰਮ੍ਰਿਤ ਉੱਤੇ ਉਸ ਦੇ ਪਵਿੱਤਰ ਪੰਜ ਨਿਸ਼ਾਨ, ਖ਼ਾਲਸੇ ਦੇ ਦੈਵੀ ਸੁਹਜ ਦਾ ਅਨਿੱਖੜ ਹਿੱਸਾ ਹਨ। ਇਨਾਂ ਦੇ ਪਿਛੋਕੜ ਵਿੱਚ 1699 ਦੀ ਵੈਸਾਖੀ ਤੱਕ ਗੁਰੂ-ਇਤਿਹਾਸ ਦਾ ਅਨੁਭਵ ਹੈ। ਇਹ ਗੁਰੂ ਨਾਨਕ ਅਮਲ ਦੇ ਦਸਮ ਪਾਤਸ਼ਾਹ ਦੀ ਮੁਹੱਬਤ ਭਰੀ ਹਜ਼ੂਰੀ ਵਿੱਚ ਹੋਏ ਆਖ਼ਰੀ ਚਮਤਕਾਰੀ ਫ਼ੈਸਲੇ ਦੀ ਯਾਦਗਾਰ ਹਨ। ਇਨਾਂ ਦਾ ਸੰਬੰਧ ਗੁਰੂ-ਲਿਵ ਨਾਲ਼ ਹੈ। ਇਸ ਕਾਰਨ ਇਹ ਅਨੁਭਵੀ ਸੱਚ ਨਾਲ਼ ਜੁੜੇ ਹੋਏ ਹਨ। ਸੋ ਸਮੂਹਿਕ ਖ਼ਾਲਸਾ ਚੇਤਨਾ ਦੇ ਦੈਵੀ ਸੋਮਿਆਂ ਵਿੱਚੋਂ ਇਨਾ ਦੇ 'ਹੋਣ' ਦੀ ਦਲੀਲ ਨੂੰ ਢੂੰਡਿਆ ਜਾ ਸਕਦਾ ਹੈ, ਉਸ ਅਨੁਸਾਰ ਹੀ ਇਹ ਸੁਤੰਤਰ ਅਤੇ ਸੰਪੂਰਨ ਹਨ। ਇਨਾਂ ਦੇ ਸੱਚ ਦੀ ਪ੍ਰਮਾਣਿਕਤਾ ਨੂੰ ਇਤਿਹਾਸ, ਚਿੰਤਨ ਅਤੇ ਪੌਰਾਣ ਦੇ ਪ੍ਰਚੱਲਤ ਮਿਆਰਾਂ ਅਨੁਸਾਰ ਦ੍ਰਿੜ ਕਰਵਾਉਣ ਦਾ ਮਤਲਬ ਇਨਾਂ ਨੂੰ ਤੰਗ ਸਾਂਚਿਆਂ ਵਿੱਚ ਬੰਦ ਕਰਨਾ ਹੈ। । ਗੁਰ-ਇਤਿਹਾਸ, ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਅਤੇ ਚੋਣਵੀਆਂ ਪਰੰਪਰਾਵਾਂ, ਪ੍ਰੇਮ ਸੁਮਾਰਗ, ਰਹਿਤਨਾਮਿਆਂ ਅਤੇ ਅਠਾਰਵੀਂ ਸਦੀ ਦੀਆਂ ਕੱਚੀਆਂ-ਪੱਕੀਆਂ ਕਾਵਿ ਲਿਖਤਾਂ ਨੂੰ ਬੜੀ ਅਹਿਤਿਆਤ ਨਾਲ਼ ਵਰਤਦਿਆਂ ਹੋਇਆਂ ਹੇਠਾਂ ਸਿੱਖ-ਆਦਰਸ਼ ਦੇ ਕੁਝ ਹੋਰ ਸੰਕੇਤ ਪੇਸ਼ ਕੀਤੇ ਜਾਂਦੇ ਹਨ। ਸਿੱਖ-ਆਦਰਸ਼, ਇਨਾਂ ਸੰਕੇਤਾਂ ਨੂੰ ਉਪਰੋਕਤ ਵਿਚਾਰਾਂ ਦੀ ਪ੍ਰਧਾਨ ਸੁਰ ਵਿੱਚ ਰੱਖ ਕੇ ਹੀ ਅਨੁਭਵ ਕਰਨਾ ਚਾਹੀਦਾ ਹੈ।

ਸਭ ਮਜ਼ਬ ਇਨਸਾਨੀਅਤ ਦੀਆਂ ਕੁਝ ਕੁ ਉੱਚੀਆਂ ਖ਼ੂਬੀਆਂ ਦਾ ਪ੍ਰਚਾਰ ਕਰਦੇ ਹਨ। ਖ਼ਾਲਸੇ ਨੂੰ ਵੀ ਇਮਾਨਦਾਰੀ, ਕੁਰਬਾਨੀ, ਰਹਿਮ ਅਤੇ ਸਬਰ-ਸ਼ੁਕਰ ਵਰਗੀਆਂ ਮਹਾਨ ਇਖ਼ਲਾਕੀ ਸਿਫ਼ਤਾਂ ਦਾ ਮਾਲਕ ਹੋਣਾ ਚਾਹੀਦਾ ਹੈ। ਪਰ ਉਹ ਇੱਕ ਵਿਸ਼ੇਸ਼ ਸਿਫ਼ਤ ਦੀ ਪਾਲਣਾ ਨਿਆਰੇ ਰੂਪ ਵਿੱਚ ਕਰੇਗਾ। ਉਹ ਸਿਫ਼ਤ ਇਹ ਹੈ ਕਿ ਉਹ ਖ਼ੂਨ ਦੇ ਰਿਸ਼ਤੇ ਨਾਲ਼ੋਂ ਰੂਹਾਨੀ ਅਤੇ ਇਖ਼ਲਾਕੀ ਸਿਫ਼ਤਾਂ ਨੂੰ ਹਮੇਸ਼ਾ ਹੀ ਪਹਿਲ ਦੇਵੇਗਾ। ਭਾਵੇਂ ਮਾਂ, ਭੈਣ, ਭਰਾ, ਪਿਤਾ, ਪੁੱਤਰ ਅਤੇ ਧੀ ਆਦਿ ਦੇ ਰਿਸ਼ਤਿਆਂ ਵਿੱਚ ਕੁਦਰਤੀ ਮੋਹ ਦੀ ਹੋਂਦ ਜ਼ਿੰਦਗੀ ਦੀ ਖ਼ੂਬਸੂਰਤੀ ਦੀ ਇੱਕ ਤਕੜੀ ਸ਼ਰਤ ਹੈ, ਪਰ ਖ਼ਾਲਸੇ ਦਾ ਤੀਬਰ ਆਦਰਸ਼ਕ ਜਜ਼ਬਾ ਇਨਾਂ ਰਿਸ਼ਤਿਆਂ ਦੇ ਮੋਹ ਵਿੱਚ ਖਪ ਕੇ ਨਹੀਂ ਰਹਿ ਜਾਵੇਗਾ। ਇਨਾਂ ਰਿਸ਼ਤਿਆਂ ਨਾਲ਼ ਉਸ ਦਾ ਮੋਹ ਓਨਾ ਚਿਰ ਹੀ ਰਹੇਗਾ, ਜਿੰਨਾ ਚਿਰ ਉਹ ਉਸ ਨੂੰ ਉਸ ਦੀ ਸਮੁੱਚੀ ਜ਼ਿੰਦਗੀ ਦੇ ਪ੍ਰਸੰਗ ਵਿੱਚ ਆਤਮਕ ਖ਼ੁਰਾਕ ਦਿੰਦੇ ਹਨ, ਪਰ ਜੇ ਇਹ ਖ਼ੂਨ ਦੇ ਜਾਂ ਨੇੜੇ ਦੇ ਰਿਸ਼ਤੇ ( ਜਿਵੇਂ ਪਤਨੀ ਦਾ ਸੰਬੰਧ) ਉਸ ਲਈ ਅਜਿਹੀ ਸਿਫ਼ਤ ਨਾ ਰੱਖਦੇ ਹੋਣ, ਤਾਂ ਉਹ ਇਨਾਂ ਪ੍ਰਤੀ ਆਪਣੇ ਸਮਾਜਕ ਫ਼ਰਜ਼ ਦੀ ਪਾਲਣਾ ਕਰਨ ਤੋਂ ਸਿਵਾ ਹੋਰ ਕੋਈ ਉਲਾਰ ਖਿੱਚ ਨਹੀਂ ਰੱਖੇਗਾ। ਭਾਵੇਂ ਇਨਾਂ ਲਈ ਉਸ ਦਾ ਸਾਧਾਰਨ ਮੋਹ, ਫੇਰ ਵੀ ਰਹੇਗਾ, ਪਰ ਫ਼ਿਤਰਤ ਦੀ ਇਹ ਕੁਦਰਤੀ ਤਰੰਗ ਜ਼ਿੰਦਗੀ ਦੀਆਂ ਮਹਾਨ ਕੀਮਤਾਂ ਵੱਲ ਉਸ ਦੀ ਵਫ਼ਾ ਨੂੰ ਨੁਕਸਾਨ ਨਹੀਂ ਪਹੁੰਚਾਏਗੀ। ਜੇ ਖ਼ਾਲਸੇ ਦੇ ਅਮਲ ਵਿੱਚ ਇਸ ਪਾਸਿਓਂ ਕੋਈ ਸੰਕਟ ਵਾਪਰਨ ਲੱਗੇ ਤਾਂ ਉਹ ਅਵੱਸ਼ ਹੀ ਖ਼ੂਨ ਦੇ ਜਾਂ ਨੇੜੇ ਦੇ ਜਜ਼ਬਾਤੀ ਰਿਸ਼ਤੇ ਦਾ ਤਿਆਗ ਕਰ ਕੇ, ਇਸ ਨਾਲ਼ੋਂ ਵਧੇਰੇ ਪਾਕਿ ਕੀਮਤਾਂ ਦਾ ਰਿਸ਼ਤਾ ਅਪਣਾਅ ਲਵੇਗਾ। ਖ਼ਾਲਸਾ ਜੀ ਉਨਾਂ ਰਾਜਸੀ ਪਰਸਥਿਤੀਆਂ ਲਿਆਉਣ ਲਈ ਹਮੇਸ਼ਾ ਹੀ ਜੱਦੋ-ਜਹਿਦ ਕਰੇਗਾ, ਜਿਹੜੀਆਂ ਉਸ ਦੇ ਧਰਮ ਦੇ ਆਤਮਕ ਸਰੂਪ ਨੂੰ ਸੁਤੰਤਰ, ਸਵੱਛ ਅਤੇ ਤਾਜ਼ਾ ਰੱਖ ਸਕਣ। ਜੋ ਬਾਦਸ਼ਾਹਤ ਉਸ ਦੀ ਹੋਂਦ ਦੇ ਅਨੁਕੂਲ ਹੈ, ਤਾਂ ਉਸ ਦੀ ਰੂਹਾਨੀਅਤ ਦੇ ਪਾਵਨ ਚਸ਼ਮੇ ਬਾਦਸ਼ਾਹਤ ਨੂੰ ਹਰਾ-ਭਰਾ ਕਰ ਦੇਣਗੇ, ਪਰ ਜੇ ਜਮਹੂਰੀਅਤ ਉਸ ਨੂੰ ਬਾਂਝ ਕਰਦੀ ਹੈ ਤਾਂ ਉਸ ਦਾ ਗ਼ਜ਼ਬ ਜਮਹੂਰੀਅਤ ਨੂੰ ਤੋੜ ਦੇਵੇਗਾ ਭਾਵੇਂ ਕਿ ਇਨਸਾਫ ਉਤੇ ਖਲੋਤਾ ਕੋਈ ਵੀ ਰਾਜਸੀ ਢਾਂਚਾ, ਖ਼ਾਲਸੇ ਨੂੰ ਮਨਜ਼ੂਰ ਹੋਵੇਗਾ। ਖ਼ਾਲਸੇ ਦੀ ਰੂਹਾਨੀ ਅਤੇ ਇਖ਼ਲਾਕੀ ਅਮੀਰੀ ਜਿਸ ਦਾ ਅਮਲ ਜ਼ਿੰਦਗੀ ਦੇ ਬਾਹਰਮੁਖੀ ਸੁੰਦਰ ਅਨੁਪਾਤ ਵਿੱਚ ਬਾਖ਼ੂਬੀ ਚੱਲ ਰਿਹਾ ਹੈ, ਉੱਤੇ ਵਾਰ ਕਰਨ ਵਾਲਾ ਕੋਈ ਵੀ ਰਾਜਸੀ ਢਾਂਚਾ ਉਸ ਦੇ ਵਿਰੋਧ ਨੂੰ ਵੰਗਾਰੇਗਾ। ਖ਼ਾਲਸੇ ਦੀ ਧਾਰਮਿਕ ਗਤੀ ਰਾਜਸੀ ਨਿਜ਼ਾਮਾਂ ਨੂੰ ਜਨਮ ਦੇਵੇਗੀ ਅਤੇ ਉਨਾਂ ਨੂੰ ਆਪਣੇ ਸੁਰਤਾਲ ਵਿੱਚ ਰੱਖੇਗੀ, ਪਰ ਕਿਸੇ ਵੀ ਰਾਜਸੀ ਨਿਜ਼ਾਮ ਨੂੰ ਖ਼ਾਲਸਾ ਆਪਣੀ ਧਾਰਮਿਕ ਗਤੀ ਉੱਤੇ ਹਾਵੀ ਨਹੀਂ ਹੋਣ ਦੇਵੇਗਾ।

'ਕਿਰਤ ਕਰੋ, ਵੰਡ ਛਕੋ, ਨਾਮ ਜਪੋ ਦੇ ਨਿਜ਼ਾਮ ਵਿੱਚ ਖ਼ਾਲਸਾ ਆਪਣੀ ਕੁੱਲ ਰੂਹਾਨੀਅਤ ਨੂੰ ਸਮੋ ਲਵੇਗਾ ਪਰ ਕਰਮ-ਕਾਂਡ ਦੇ ਸਭ ਖਲੋਤੇ ਰੂਪ ਇਸ ਤੋਂ ਬਾਹਰ ਰਹਿਣਗੇ। ਇਹ ਜੀਵਨ-ਨਿਜ਼ਾਮ ਖ਼ਾਲਸਈ ਇਖਲਾਕ ਦਾ ਦੈਵੀ ਸਰੀਰ ਹੋਵੇਗਾ, ਜਿਸ ਦੀ ਨਿਰਾਕਾਰ ਸ਼ਕਤੀ ਫੈਲਦੀ ਹੋਈ ਇੱਕ ਅਨੰਤ ਇਤਿਹਾਸ ਵਿੱਚ ਪਲਟ ਸਕਦੀ ਹੈ। 'ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ' ਦਾ ਧਰਮ-ਸਿਧਾਂਤ ਜੋ ਵਿਅਕਤੀਗਤ ਜੀਵਨ-ਨਿਜ਼ਾਮ ਵਿੱਚ ਇਸੇ ਦਾ ਅਦ੍ਰਿਸ਼ਟ ਰੂਪ ਵਿੱਚ ਇਸ ਦਾ ਅਤੀ ਸੁਜੀਵ ਰਿਸ਼ਤਾ ਸਮੂਹਿਕ ਜੀਵਨ-ਨਿਜ਼ਾਮ ਵਿੱਚ ਵੀ ਰਹੇਗਾ।

ਬਾਕੀ ਸਫ਼ਾ 30 'ਤੇ

# ਸਿੱਖ ਜਰਨੈਲ ਬਾਬਾ ਬਘੇਲ ਸਿੰਘ

**ਦਿੱਲੀ ਫ਼ਤਹਿ ਦਿਹਾੜਾ ਵਿਸ਼ੇਸ਼**

**ਡਾ. ਦਲਬੀਰ ਸਿੰਘ ਢਿੱਲੋਂ**

18ਵੀਂ ਸਦੀ ਦੇ ਦੂਜੇ ਅੱਧ ਤੋਂ ਬਾਅਦ ਪੂਰਬੀ ਭਾਰਤ ਵੱਲ ਬ੍ਰਿਟਿਸ਼ ਈਸਟ ਇੰਡੀਆ ਕੰਪਨੀ, ਦੱਖਣੀ ਭਾਰਤ ਵੱਲ ਨੂੰ ਮਰਾਠੇ ਅਤੇ ਉੱਤਰੀ ਭਾਰਤ ਵੱਲ ਸਿੱਖ ਮਿਸਲਦਾਰਾਂ ਨੇ ਆਪਣੀ ਹੋਂਦ ਨੂੰ ਸਪਸ਼ਟ ਰੂਪ ਵਿੱਚ ਕਾਇਮ ਕਰ ਲਿਆ। ਭਾਵੇਂ ਅਫ਼ਗਾਨਾਂ ਨੇ ਮੁਗਲਾਂ ਦੀ ਤਾਕਤ ਨੂੰ ਖੇਰੂ-ਖੇਰੂ ਕਰ ਦਿੱਤਾ ਸੀ ਪ੍ਰੰਤੂ 18ਵੀਂ ਸਦੀ ਦੇ ਅੰਤ ਸਮੇਂ ਅਫ਼ਗਾਨਾਂ ਦੀ ਆਪਣੀ ਤਾਕਤ ਵੀ ਡਾਵਾਂਡੋਲ ਹੋ ਗਈ ਸੀ। ਮੁਗਲਾਂ ਅਤੇ ਅਫ਼ਗਾਨਾਂ ਦੀ ਤਾਕਤ ਦੇ ਪਤਨ ਨਾਲ਼ ਪੰਜਾਬ ਵਿੱਚ ਸਿੱਖਾਂ ਨੇ ਆਪਣੀ ਕਰ ਵਸੂਲੀ (ਰਾਖੀ) ਨੂੰ ਸਿਰਫ਼ ਪੰਜਾਬ ਵਿੱਚ ਹੀ ਨਹੀਂ ਰੱਖਿਆ ਸਗੋਂ ਉੱਤਰੀ ਭਾਰਤ ਵੱਲ ਵੀ ਕਾਇਮ ਕਰ ਲਿਆ। ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜਾ ਇੱਕ ਕਮਜ਼ੋਰ ਤੇ ਬੇਵੱਸ ਬਾਦਸ਼ਾਹ ਸੀ। ਅਜਿਹੀ ਸਥਿਤੀ ਵਿੱਚ ਸਿੱਖ ਮਿਸਲਦਾਰ ਆਪਣੀ ਤਾਕਤ ਨੂੰ ਪੰਜਾਬ ਤੋਂ ਬਾਹਰ ਅਜ਼ਮਾਉਣ ਲੱਗੇ। ਅਲੈਗਜ਼ੈਂਡਰ ਡਾਅ ਅਨੁਸਾਰ 1768 ਈਸਵੀ ਵਿੱਚ ਛੋਟੇ-ਵੱਡੇ ਮਿਸਲਦਾਰਾਂ ਦੀ ਅਤੇ ਸਮੁੱਚੇ ਤੌਰ 'ਤੇ ਘੋੜ ਸਵਾਰਾਂ ਦੀ ਗਿਣਤੀ ਤਕਰੀਬਨ 60000 ਦੇ ਲਗਭਗ ਸੀ'। ਬਹੁ-ਗਿਣਤੀ ਇਤਿਹਾਸਕਾਰਾਂ ਦਾ ਕਥਨ ਹੈ ਕਿ 1770 ਈਸਵੀ ਨੂੰ ਸਿੱਖ ਮਿਸਲਦਾਰਾਂ ਨੇ ਜਿਨਾਂ ਵਿੱਚ ਜੱਸਾ ਸਿੰਘ ਆਹਲੂਵਾਲੀਆ, ਖ਼ੁਸ਼ਹਾਲ ਸਿੰਘ, ਬਘੇਲ ਸਿੰਘ, ਸ਼ਾਮ ਸਿੰਘ, ਤਾਰਾ ਸਿੰਘ, ਕਰੋੜਾ ਸਿੰਘ, ਰਾਏ ਸਿੰਘ ਆਦਿ ਨੇ 40000 ਤੋਂ ਵੱਧ ਫ਼ੌਜ ਲੈ ਕੇ ਦਿੱਲੀ ਦੀ ਹੱਦ ਵੱਲ ਨੂੰ ਵਧਦੇ ਹੋਏ ਗੰਗਾ-ਯਮੁਨਾ ਦੁਆਬ ਵੱਲ ਧਾੜਵੀ ਹਮਲਾ ਕਰ ਦਿੱਤਾ। ਪ੍ਰੋ. ਹਰੀ ਰਾਮ ਗੁਪਤਾ ਅਨੁਸਾਰ 'ਯਮੁਨਾ ਪਾਰ ਕਰ ਕੇ ਗੰਗਾ ਦੁਆਬ ਵੱਲ ਨੂੰ ਆਪਣੀ ਫ਼ਤਹਿ ਕਰਦੇ ਹੋਏ ਸਹਾਰਨਪੁਰ, ਮੇਰਠ, ਬਿਜ਼ਨੌਰ, ਸਾਮਲੀ, ਕਾਂਧਲਾ, ਅੰਮਬਨੀ, ਮਿਆਂਪੁਰ, ਦਿਉਬੰਦ, ਮੁਜ਼ੱਫ਼ਰਨਗਰ, ਜਵਾਲਾਪੁਰ, ਕਣਖ਼ਲ, ਨੰਧੋਅਰਾ, ਨਜ਼ੀਬਾਬਾਦ, ਮੁਰਾਦਾਬਾਦ, ਚੰਦੇਰੀ, ਅਨੂਪ ਸ਼ਹਿਰ, ਗੜ੍ਹਮੁਕਤੇਸਰ ਆਦਿ ਥਾਵਾਂ ਦੇ ਸਿੱਖ ਲੁੱਟਮਾਰ ਕਰਦੇ ਹੋਏ ਆਪਣੀ ਕਰ ਵਸੂਲੀ (ਰਾਖੀ) ਦੀ ਅਧੀਨਤਾ ਸਵੀਕਾਰ ਕਰਵਾਉਂਦੇ ਹੋਏ ਵਾਪਸ ਪੰਜਾਬ ਪਰਤ ਆਏ'।

ਇਨਾਂ ਜਿੱਤਾਂ ਨੇ ਸਿੱਖ ਮਿਸਲਦਾਰਾਂ ਦੇ ਹੌਸਲੇ ਬੁਲੰਦ ਕਰ ਦਿੱਤੇ ਅਤੇ ਉਹ ਸਾਰੇ ਉੱਤਰ ਪੱਛਮੀ ਭਾਰਤ ਦੇ ਮਾਲਕ ਬਣਨ ਦੀ ਸੋਚਣ ਲੱਗੇ। ਭਾਵੇਂ ਉਨਾਂ ਦੀ ਇਹ ਸੋਚ ਮੁਕੰਮਲ ਰੂਪ ਵਿੱਚ ਪੂਰੀ ਨਹੀਂ ਹੋਈ ਕਿਉਂਕਿ ਸਿੱਖ ਮਿਸਲਦਾਰਾਂ ਦੀ ਆਪਸੀ ਫੁੱਟ, ਰੰਜ਼ਿਸ਼ ਅਤੇ ਇੱਕ ਦੂਜੇ ਤੋਂ ਆਪਣੇ-ਆਪ ਨੂੰ ਵੱਡਾ ਸਾਬਤ ਕਰਨ ਦੀ ਪਰੰਪਰਾ ਨੇ ਉਨਾਂ ਨੂੰ ਸਾਂਝੀ ਕੜੀ ਵਿੱਚ ਬੱਝਣ ਨਹੀਂ ਦਿੱਤਾ। ਉਹ ਆਪਣੀਆਂ ਵੱਖਰੀਆਂ-ਵੱਖਰੀਆਂ ਜਿੱਤਾਂ ਨੂੰ ਮੁੱਖ ਰੱਖਦੇ ਸਨ ਅਤੇ ਇਸੇ ਕਾਰਨ ਹੀ ਉਹ ਸਮੁੱਚੇ ਤੌਰ 'ਤੇ ਸਥਾਈ ਰੂਪ ਵਿੱਚ ਉੱਤਰ ਪੱਛਮੀ ਭਾਰਤ ਦੇ ਸ਼ਾਸਕ ਨਾ ਬਣ ਸਕੇ।

1774 ਈਸਵੀ ਦੀ ਗਰਮੀ ਰੁੱਤ ਸਮੇਂ ਸਿੱਖ ਮਿਸਲਦਾਰਾਂ ਨੇ ਮੁੜ ਦਿੱਲੀ ਵੱਲ ਨੂੰ ਧਾੜਵੀ ਹਮਲਾ ਕਰ ਦਿੱਤਾ। ਦਿੱਲੀ ਲਾਗਲੇ ਇਲਾਕੇ-ਸ਼ਾਹਦਰਾ, ਵਜ਼ੀਰਾਬਾਦ, ਪਾਲਮਪੁਰ, ਮੁਜ਼ੱਫ਼ਰਨਗਰ, ਬਾਦਸ਼ਾਹਪੁਰ ਨੂੰ ਲੁੱਟਦੇ ਹੋਏ ਗੰਗਾ-ਦੁਆਬ ਨੂੰ ਪਾਰ ਕਰ ਕੇ ਮੁੜ ਉਨਾਂ ਸਾਰੇ ਇਲਾਕਿਆਂ ਵਿੱਚੋਂ ਕਰ ਵਸੂਲੀ ਕੀਤੀ ਅਤੇ ਆਪਣੇ ਸਰਦਾਰਾਂ ਨੂੰ ਕਰ ਵਸੂਲੀ (ਰਾਖੀ) ਅਤੇ ਸ਼ਾਸਨ ਪ੍ਰਬੰਧ ਦੀਆਂ ਹਦਾਇਤਾਂ ਦਿੱਤੀਆਂ। ਮੁਗ਼ਲ ਬਾਦਸ਼ਾਹ ਆਪਣੀ ਬੇਬਸੀ, ਅਮੀਰਾਂ ਦੀ ਆਪਸੀ ਲੜਾਈ, ਮਰਾਠਿਆਂ ਦੁਆਰਾ ਦਿੱਲੀ ਉੱਤੇ ਰਾਜ ਕਰਨ ਦੀ ਲਾਲਸਾ, ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੁਆਰਾ ਸਾਰੇ ਭਾਰਤ 'ਤੇ ਰਾਜ ਪ੍ਰਬੰਧ ਸਥਾਪਤ ਕਰਨ ਦਾ ਮੰਤਵ ਅਤੇ ਦਿੱਲੀ ਦੀ ਗੰਭੀਰ ਰਾਜਨੀਤਕ ਅਵਸਥਾ ਨੂੰ ਸਮਝਦਾ ਹੋਇਆ ਸਿੱਖਾਂ ਨਾਲ਼ ਸਮਝੌਤਾ ਕਰਨ ਲਈ ਸੋਚਣ ਲੱਗਿਆ। ਇਸ ਮੰਤਵ ਦੀ ਪੂਰਤੀ ਲਈ ਬਾਦਸ਼ਾਹ ਨੇ ਅਬਦੁਲ ਅਹਿਦ ਖ਼ਾਨ ਨੂੰ ਦਿਸ਼ਾ ਨਿਰਦੇਸ਼ ਦਿੱਤੇ ਅਤੇ



ਰਾਜ ਭਾਗ ਦਾ ਕੁਝ ਉੱਤਰੀ ਭਾਗ ਸਿੱਖਾਂ ਨੂੰ ਹਿੱਸੇ ਵਿੱਚ ਸਮਝੌਤੇ ਵਜੋਂ ਦੇਣ ਲਈ ਭੇਜਿਆ। ਉਸ ਨੇ ਮੁਗ਼ਲ ਬਾਦਸ਼ਾਹ ਵੱਲੋਂ ਹਰ ਸਰਦਾਰ ਨੂੰ 100 ਘੋੜ ਸਵਾਰ, 500 ਪੈਦਲ ਸੈਨਿਕ ਰੱਖਣ ਲਈ ਕਿਹਾ ਅਤੇ ਹਰ ਘੋੜ ਸਵਾਰ ਨੂੰ 30 ਰੁਪਏ ਮਹੀਨਾ ਤਨਖ਼ਾਹ ਤੇ ਪੈਦਲ ਸੈਨਿਕ ਨੂੰ 5 ਰੁਪਏ ਮਹੀਨਾ ਤਨਖ਼ਾਹ ਦੇਣ ਦੀ ਪੇਸ਼ਕਸ਼ ਕੀਤੀ, ਪ੍ਰੰਤੂ ਇਹ ਸਮਝੌਤਾ ਸਿਰੇ ਨਾ ਚੜ ਸਕਿਆ ਕਿਉਂਕਿ ਇਸ ਸਮੇਂ ਸਿੱਖ ਮਿਸਲਦਾਰ ਦਿੱਲੀ ਦੇ ਨੇੜੇ ਸ਼ਾਹਜਹਾਨਾਬਾਦ ਵਿੱਚ ਆਪਣੇ ਡੇਰੇ ਲਾਈ ਬੈਠੇ ਸਨ ਅਤੇ ਦਿੱਲੀ ਨੂੰ ਜਿੱਤ ਕੇ ਲੁੱਟਣ ਦੇ ਮਨਸੂਬੇ ਬਣਾ ਰਹੇ ਸਨ। ਜੇਮਜ਼ ਫ਼ੋਸਟਰ ਤੇ ਜੇਮਜ਼ ਬਰਾਊਨ ਆਪਣੀਆਂ ਲਿਖਤਾਂ ਵਿੱਚ ਲਿਖਦੇ ਹਨ ਕਿ '1774 ਈਸਵੀ ਤੋਂ ਲੈ ਕੇ ਅਗਲੇ 10 ਸਾਲਾਂ ਤੱਕ ਸਿੱਖ ਮਿਸਲਦਾਰ ਇਸੇ ਤਰਾਂ ਦੀ ਦਿੱਲੀ ਲਾਲ ਕਿਲੇ ਦੇ ਲਾਗਲੇ ਹਿੱਸੇ ਅਤੇ ਗੰਗਾ-ਯਮੁਨਾ ਦੁਆਬ ਤੋਂ ਆਪਣੀ ਕਰ ਵਸੂਲੀ ਕਰਦੇ ਰਹੇ'।

ਸਿੱਖ ਮਿਸਲਦਾਰ ਦਿੱਲੀ 'ਤੇ ਕਾਬਜ਼ ਹੋਣ ਲਈ ਤਿਆਰੀਆਂ ਕਰ ਰਹੇ ਸਨ। ਯੂਰਪੀਅਨ ਲਿਖਾਰੀ ਫ਼ਰੈਕਲੀਨ ਆਪਣੀ ਲਿਖਤ 'ਸ਼ਾਹ ਆਲਮ' (1798) ਵਿੱਚ ਲਿਖਦੇ ਹਨ ਕਿ '1790 ਤੋਂ ਬਾਅਦ ਮੁਗ਼ਲ ਬਾਦਸ਼ਾਹ ਸਿਰਫ਼ ਨਾਂ ਵਜੋਂ ਹੀ ਰਹਿ ਗਿਆ ਸੀ'। ਉਸ ਦੇ ਰਾਜ ਦੀ ਸੀਮਾ ਦਿੱਲੀ ਤੋਂ ਪਾਲਮਪੁਰ ਪਿੰਡ ਤੱਕ ਹੀ ਰਹਿ ਗਈ ਸੀ। ਅਜਿਹੀ ਸਥਿਤੀ ਦਾ ਲਾਭ ਉਠਾਉਂਦੇ ਹੋਏ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ ਅਤੇ ਕੁਝ ਹੋਰ ਸਰਦਾਰਾਂ ਨੇ ਰਲ਼ ਕੇ ਦਿੱਲੀ ਦੇ ਲਾਲ ਕਿਲੇ 'ਤੇ ਹਮਲਾ ਕਰ ਦਿੱਤਾ। ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜਾ ਆਪਣੀ ਜਾਨ ਬਚਾਉਂਦਾ ਹੋਇਆ ਜ਼ਨਾਨ-ਖ਼ਾਨੇ ਵਿੱਚ ਜਾ ਲੁਕਿਆ। ਸਿੱਖ ਦੀਵਾਨ-ਏ-ਆਮ ਵਿੱਚ ਦਾਖ਼ਲ ਹੋਏ। ਸਰਦਾਰ ਬਘੇਲ ਸਿੰਘ ਨੇ ਜੱਸਾ ਸਿੰਘ ਆਹਲੂਵਾਲੀਏ ਨੂੰ ਦਿੱਲੀ ਦੇ ਤਖ਼ਤ ਉੱਪਰ 11 ਮਾਰਚ 1783 ਈ. ਨੂੰ ਬਿਠਾਇਆ । ਦਿੱਲੀ ਉੱਪਰ ਸਿੱਖਾਂ ਦੀ ਹਕੂਮਤ ਦੇ ਦਿਨ ਸ਼ੁਰੂ ਹੋ ਗਏ।

ਪ੍ਰੰਤੂ ਜੱਸਾ ਸਿੰਘ ਰਾਮਗੜੀਏ ਨੂੰ ਜੱਸਾ ਸਿੰਘ ਆਹਲੂਵਾਲੀਆ ਦਾ ਰਾਜ ਸਿੰਘਾਸਣ ਉੱਤੇ ਬੈਠਣਾ ਚੰਗਾ ਨਾ ਲੱਗਾ ਜਿਸ ਕਾਰਨ ਸਿੱਖਾਂ ਵਿੱਚ ਆਪਸੀ ਫੁੱਟ ਦੀਆਂ ਤਰੇੜਾਂ ਸਾਹਮਣੇ ਆਉਣ ਲੱਗੀਆਂ। ਇਸ ਨੂੰ ਮਹਿਸੂਸ ਕਰਦੇ ਹੋਏ ਜੱਸਾ ਸਿੰਘ ਆਹਲੂਵਾਲੀਆ ਨੇ ਤਖ਼ਤ ਤੋਂ ਉੱਤਰ ਕੇ ਸਿੱਖ ਕੌਮ ਦੀ ਏਕਤਾ ਦਾ ਪ੍ਰਤੀਕ ਬਣਦੇ ਹੋਏ ਕਿਹਾ ਕਿ 'ਇਹ ਤਖ਼ਤ ਮੇਰਾ ਨਹੀਂ ਸਗੋਂ ਸਾਰੀ ਸਿੱਖ ਕੌਮ, ਖ਼ਾਲਸਾ ਪੰਥ ਦਾ ਹੈ'। ਇਸ ਕਾਰਨ ਜੱਸਾ ਸਿੰਘ ਰਾਮਗੜੀਆ ਜੋ ਵਿਰੋਧਤਾ ਕਰਦਾ ਸੀ, ਸ਼ਾਂਤ ਹੋ ਗਿਆ ਤੇ ਦਿੱਲੀ ਵਿੱਚੋਂ ਕੁਝ ਛੋਟੀਆਂ ਤੋਪਾਂ ਅਤੇ ਸਾਮਾਨ ਲੁੱਟਦਾ ਹੋਇਆ ਲਾਲ ਕਿਲੇ ' ਵਿੱਚੋਂ ਬਾਹਰ ਪੰਜਾਬ ਵੱਲ ਨੂੰ ਪਰਤ ਆਇਆ। ਅਜਿਹੀ ਸਥਿਤੀ ਵਿੱਚ ਸਿੱਖ ਮਿਸਲਦਾਰ ਬਘੇਲ ਸਿੰਘ ਨੇ ਦਿੱਲੀ ਦੇ ਰਾਜ ਭਾਗ ਦੀ ਵਾਗਡੋਰ ਸੰਭਾਲੀ ਤੇ ਕਰ ਵਸੂਲੀ ਦੇ ਸਿੱਧੇ ਹੁਕਮ ਸਿੱਖਾਂ ਨੂੰ ਕਰਨ ਲਈ ਦਿੱਤੇ। ਇਸ ਤਰਾਂ ਦੇ ਵਿਚਾਰ ਤਹਿਮਸ ਖ਼ਾਨ ਮਸਕੀਨ ਆਪਣੀ ਲਿਖਤ 'ਤਾਜਕੀਰਾਹ-ਏ-ਤਹਿਮਸ ਖ਼ਾਨ ਮਸਕੀਨ' (1780) ਵਿੱਚ ਲਿਖਦੇ ਹਨ।

ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜੇ ਨੇ ਸਿੱਖਾਂ ਨੂੰ ਦਿੱਲੀ ਵਿੱਚੋਂ ਬਾਹਰ ਕੱਢਣ ਵਿੱਚ ਆਪਣੇ ਆਪ ਨੂੰ ਅਸਮਰਥ ਸਮਝਦੇ ਹੋਏ ਆਪਣੀ ਇੱਕ ਵਫ਼ਾਦਾਰ ਔਰਤ ਬੇਗ਼ਮ ਸਮਰੋ ਨੂੰ ਦਿੱਲੀ ਦੇ ਲਾਲ ਕਿਲੇ ਅੰਦਰ ਜਾ ਕੇ ਸਿੱਖਾਂ ਨਾਲ਼ ਸਮਝੌਤਾ ਕਰਨ ਲਈ ਸੁਨੇਹਾ ਭੇਜਿਆ। ਬੇਗ਼ਮ ਸਮਰੋ ਨੇ ਬਾਦਸ਼ਾਹ ਦੇ ਪੱਖ ਤੋਂ ਸਿੱਖਾਂ ਨੂੰ ਅਪੀਲ ਕਰਦੇ ਹੋਏ ਬੇਨਤੀ ਕੀਤੀ, ਜੋ ਕਿ ਸਿੱਖ ਸਰਦਾਰ ਬਘੇਲ ਸਿੰਘ ਨੇ ਕੁਝ ਸ਼ਰਤਾਂ ਰੱਖ ਕੇ ਮੰਨ ਲਈ। ਸਰਦਾਰ ਬਘੇਲ ਸਿੰਘ ਨੇ ਕਿਹਾ ਕਿ ਦਿੱਲੀ ਦੀ ਹਕੂਮਤ ਉਦੋਂ ਤੱਕ ਸਿੱਖ ਕਰਦੇ ਰਹਿਣਗੇ ਜਦੋਂ ਤੱਕ ਉਹ ਸਿੱਖਾਂ ਦੇ ਗੁਰਦੁਆਰਿਆਂ ਦੀ ਦਿੱਲੀ ਵਿੱਚ ਉਸਾਰੀ ਨਹੀਂ ਕਰਵਾ ਲੈਂਦੇ। ਇਸ ਤਰਾਂ ਸਰਦਾਰ ਬਘੇਲ ਸਿੰਘ ਨੇ 11 ਮਾਰਚ 1783 ਤੋਂ ਜਨਵਰੀ 1784 ਈਸਵੀ ਤੱਕ ਦਿੱਲੀ ਦੇ ਲਾਲ ਕਿਲੇ 'ਤੇ ਹਕੂਮਤ ਕਰ ਕੇ ਦਿੱਲੀ ਵਾਸੀਆਂ ਨੂੰ ਬਾਹਰਲੇ ਹਮਲਿਆਂ ਤੋਂ ਬਚਾਇਆ। ਸਿੱਖਾਂ ਦੇ ਗਸ਼ਤੀ ਟੋਲੇ ਰਾਤ ਨੂੰ ਦਿੱਲੀ ਵਿੱਚ ਗਸ਼ਤ ਕਰਦੇ ਅਤੇ ਅਮਨੋ-ਅਮਾਨ ਦੀ ਰਾਖੀ ਕਰਦੇ, ਜਿਸ ਦੇ ਫ਼ਲਸਰੂਪ ਦਿੱਲੀ ਵਿੱਚ ਮੁੜ ਸੁਖ-ਸ਼ਾਂਤੀ ਦੀ ਸ਼ੁਰੂਆਤ ਹੋਈ।

ਸਰਦਾਰ ਬਘੇਲ ਸਿੰਘ ਨੇ ਆਪਣੇ ਬਾਦਸ਼ਾਹੀ ਸਮੇਂ ਦੌਰਾਨ ਦਿੱਲੀ ਵਿੱਚ ਗੁਰਦੁਆਰਿਆਂ ਦੀ ਉਸਾਰੀ ਲਈ 'ਚੂੰਗੀ ਵਸੂਲੀ' ਦਾ 37.5 ਪ੍ਰਤੀਸ਼ਤ ਭਾਗ ਸਿੱਖਾਂ ਨੂੰ ਆਪਣੇ ਕੋਲ਼ ਰੱਖਣ ਦਾ ਹੁਕਮ ਦਿੱਤਾ। ਕੋਤਵਾਲੀ, ਚਾਂਦਨੀ ਚੌਕ ਅਤੇ ਸ਼ਹਿਰ ਦੀਆਂ ਸਾਰੀਆਂ ਚੂੰਗੀਆਂ ਦਾ ਅਧਿਕਾਰ ਆਪਣੇ ਕੋਲ਼ ਰੱਖਣ ਦਾ ਹੁਕਮ ਦਿੱਤਾ। ਸਿੱਖ ਸਰਦਾਰਾਂ ਨੇ ਆਪਣਾ ਵੱਖਰਾ ਮੁੱਖ ਦਫ਼ਤਰ ਸਬਜ਼ੀ ਮੰਡੀ ਵਿੱਚ ਬਣਾ ਲਿਆ ਤਾਂ ਜੋ ਉਨਾਂ ਦੁਆਰਾ ਬਣਾਈਆਂ ਜਾਂਦੀਆਂ ਯੋਜਨਾਵਾਂ ਬਾਰੇ ਲਾਲ ਕਿਲੇ ਦੇ ਛੜਯੰਤਰੀ ਅਫ਼ਸਰ ਨਾ ਭਾਂਪ ਸਕਣ। ਇਸੇ ਕਰ ਕੇ ਸਿੱਖ ਸਰਦਾਰਾਂ ਨੇ ਲਾਲ ਕਿਲੇ ਤੋਂ ਹਟਵੀਂ ਅਤੇ ਨਿਵੇਕਲੀ ਥਾਂ 'ਤੇ 30 ਹਜ਼ਾਰ ਫ਼ੌਜ ਨਾਲ਼ ਆਪਣਾ ਪੜਾਅ ਪਾਇਆ ਇਸ ਥਾਂ ਨੂੰ ਹੁਣ ਦਿੱਲੀ ਵਿਖੇ 30 ਹਜ਼ਾਰੀ ਨਾਂ ਨਾਲ਼ ਜਾਣਿਆ ਜਾਂਦਾ ਹੈ। ਬਘੇਲ ਸਿੰਘ ਨੇ 4000 ਦੀ ਸੈਨਾ ਸਮੇਤ ਦਿੱਲੀ ਵਿੱਚ ਹੀ ਡੇਰੇ ਲਗਾਈ ਰੱਖੇ। ਬਾਕੀ ਸੈਨਾ ਅਤੇ ਸਰਦਾਰਾਂ ਨੂੰ ਹੁਕਮ ਦਿੱਤਾ ਕਿ ਉਹ ਦਿੱਲੀ ਨੂੰ ਛੱਡ ਕੇ ਦਿੱਲੀ ਦੇ ਬਾਹਰਲੇ ਇਲਾਕਿਆਂ ਅਤੇ ਗੰਗਾ-ਯਮੁਨਾ ਦੁਆਬ ਵੱਲ ਆਪਣੀ ਪ੍ਰਭੂਸੱਤਾ ਕਾਇਮ ਰੱਖਣ ਤਾਂ ਜੋ ਦਿੱਲੀ ਦੇ ਲਾਲ ਕਿਲੇ ਅੰਦਰ ਬਗ਼ਾਵਤ ਕਰਨ ਵਾਲਿਆਂ ਦੇ ਮਨ ਵਿੱਚ ਡਰ ਭੈਅ ਪੈਦਾ ਰਹੇ। ਬੇਗ਼ਮ ਸਮਰੋ ਨੇ ਸਰਦਾਰ ਬਘੇਲ ਸਿੰਘ ਨੂੰ ਆਦਰ ਤੇ ਸਤਿਕਾਰ ਸਾਹਿਤ ਇਸ ਗੱਲ ਲਈ ਵੀ ਮੰਨਵਾ ਲਿਆ ਕਿ ਗੁਰਦੁਆਰਿਆਂ ਦੀ ਉਸਾਰੀ ਤੋਂ ਬਾਅਦ ਸਿੱਖ ਫ਼ੌਜਾਂ ਦਿੱਲੀ ਨੂੰ ਵਾਪਸ ਮੁਗ਼ਲ ਬਾਦਸ਼ਾਹ ਦੇ ਹਵਾਲੇ ਕਰ ਕੇ ਪੰਜਾਬ ਵੱਲ ਨੂੰ ਪਰਤ ਜਾਣਗੀਆਂ।

ਸ਼ਾਹ ਆਲਮ ਦੂਜੇ ਨੇ ਸਿੱਖ ਸਰਦਾਰਾਂ ਨੂੰ ਤਿੰਨ ਲੱਖ ਰੁਪਏ ਕੜਾਹ ਪ੍ਰਸ਼ਾਦ ਲਈ ਭੇਟਾ ਦਿੱਤੀ, ਜੋ ਰਕਮ ਉਸ ਸਮੇਂ ਸ਼ਾਹ ਆਲਮ ਦੂਜੇ ਲਈ ਬਹੁਤ ਵੱਡੀ ਸੀ। ਸਰਦਾਰ ਬਘੇਲ ਸਿੰਘ ਨੇ ਦਿੱਲੀ ਵਿੱਚ ਸਭ ਤੋਂ ਪਹਿਲਾਂ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵਾਂ ਦੀ ਯਾਦ ਵਿੱਚ ਗੁਰਦੁਆਰਿਆਂ ਦਾ ਨਿਰਮਾਣ ਕਰਵਾਇਆ। ਦੂਸਰਾ ਗੁਰਦੁਆਰਾ ਮਹਾਰਾਜੇ ਜੈ ਸਿੰਘ ਦੇ ਜੈ ਸਿੰਘਪੁਰੇ ਵਿਖੇ ਬਣਵਾਇਆ ਜਿਸ ਨੂੰ ਅੱਜ ਕੱਲ ਗੁਰਦੁਆਰਾ 'ਬੰਗਲਾ ਸਾਹਿਬ' ਕਿਹਾ ਜਾਂਦਾ ਹੈ ਅਤੇ ਯਮਨਾ ਨਦੀ ਦੇ ਕੰਢੇ 'ਤੇ ਗੁਰੂ ਹਰਕ੍ਰਿਸ਼ਨ ਸਾਹਿਬ, ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵਾਂ ਦੇ ਅੰਗੀਠੇ ਦੀਆਂ ਯਾਦਗਾਰਾਂ ਵੀ ਕਾਇਮ ਕੀਤੀਆਂ। ਤੀਸਰਾ ਗੁਰਦੁਆਰਾ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਵਾਲੀ ਥਾਂ ਚਾਂਦਨੀ ਚੌਕ ਵਿਖੇ ਬਣਵਾਇਆ। ਇਸ ਤੋਂ ਇਲਾਵਾ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਵਾਲੀ ਥਾਂ 'ਤੇ ਅਤੇ ਜਿੱਥੇ ਉਨਾਂ ਦਾ ਦਾਹ ਸਸਕਾਰ ਕੀਤਾ ਗਿਆ ਉਨਾਂ ਥਾਵਾਂ 'ਤੇ ਗੁਰਦੁਆਰਿਆਂ ਦੇ ਨਿਰਮਾਣ ਦੀ ਯੋਜਨਾ ਤਿਆਰ ਕੀਤੀ ਗਈ। ਉਸ ਸਮੇਂ ਉਪਰੋਕਤ ਦੋਵੇਂ ਥਾਵਾਂ 'ਤੇ ਮਸਜਿਦਾਂ ਬਣੀਆਂ ਹੋਣ ਕਾਰਨ ਸਮੱਸਿਆਵਾਂ ਆ ਰਹੀਆਂ ਸਨ। ਸਭ ਤੋਂ ਪਹਿਲਾਂ ਸਿੱਖਾਂ ਨੇ ਮਸਜਿਦ ਨੂੰ ਢਾਹ ਕੇ 'ਰਕਾਬ ਗੰਜ' ਗੁਰਦੁਆਰੇ ਦੀ ਨੀਂਹ ਰੱਖੀ ਜਿਸ ਕਾਰਨ ਦਿੱਲੀ ਦੇ ਮੁਸਲਮਾਨਾਂ ਨੇ ਬਾਦਸ਼ਾਹ ਸ਼ਾਹ ਆਲਮ ਦੂਜੇ ਪ੍ਰਤੀ ਹੀ ਨਹੀਂ, ਸਗੋਂ ਸਿੱਖਾਂ ਵਿਰੁੱਧ ਵੀ ਆਪਣਾ ਵਿਰੋਧ ਪ੍ਰਗਟ ਕੀਤਾ। ਬਾਦਸ਼ਾਹ ਨੇ ਇਹ ਕਹਿੰਦੇ ਹੋਏ ਮੁਸਲਮਾਨਾਂ ਨੂੰ ਸ਼ਾਂਤ ਕੀਤਾ ਕਿ ਜੇਕਰ ਇਸ ਵਿਰੁੱਧ ਲੜਾਈ ਝਗੜਾ ਕੀਤਾ ਤਾਂ ਸਿੱਖਾਂ ਨੇ ਦਿੱਲੀ ਵਿੱਚੋਂ ਲੁੱਟ-ਖਸੁੱਟ ਦੇ ਨਾਲ਼-ਨਾਲ਼ ਕਤਲ-ਏ-ਆਮ ਵੀ ਕਰਨਾ ਹੈ। ਜਦੋਂ ਬਘੇਲ ਸਿੰਘ ਦੁਆਰਾ ਗੁਰਦੁਆਰਾ ਸੀਸ ਗੰਜ ਦੀ ਨੀਂਹ ਰੱਖਣੀ ਚਾਹੀ ਤਾਂ ਮੁਸਲਮਾਨਾਂ ਵੱਲੋਂ ਸਖ਼ਤ ਵਿਰੋਧ ਹੋਣਾ ਸ਼ੁਰੂ ਹੋ ਗਿਆ। ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ 'ਸਰਦਾਰ ਬਘੇਲ ਸਿੰਘ ਨੇ ਇੱਕ ਬੁੱਢੀ ਤੀਵੀਂ, ਜਿਸ ਦਾ ਖਾਵੰਦ ਉਸ ਸਮੇਂ ਮਸ਼ਕ ਲੈ ਕੇ ਗੁਰੂ ਤੇਗ ਬਹਾਦਰ ਪਾਸ ਖਲੋਤਾ ਸੀ, ਤੋਂ ਪੁੱਛਿਆ ਕਿ ਦੱਸ ਸ਼ਹਾਦਤ ਵਾਲੀ ਥਾਂ ਕਿਹੜੀ ਹੈ, ਇਸ ਉਪਰੰਤ ਉਸ ਨੇ ਦੱਸਿਆ ਕਿ ਬੋਹੜ ਦੇ ਦਰਖ਼ਤ ਪਾਸ ਹੈ, ਜਿੱਥੇ ਮਸਜਿਦ ਬਣੀ ਹੋਈ ਹੈ ਇੱਥੇ ਉਹ ਘਟਨਾ ਵਾਪਰੀ ਸੀ'। ਵਾਕਿਆ-ਏ-ਸ਼ਾਹ ਆਲਮ ਸਾਨੀ ਦੇ ਲਿਖਾਰੀ ਅਨੁਸਾਰ 'ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੀ ਦਖ਼ਲਅੰਦਾਜ਼ੀ ਨਾਲ਼ ਦਿੱਲੀ ਦੇ ਮੁਸਲਮਾਨਾਂ ਦੀ ਸਹਿਮਤੀ ਲੈ ਕੇ ਇਹ ਗੁਰਦੁਆਰਾ ਮਸਜਿਦ ਦੇ ਨਾਲ਼ ਵਾਲੀ ਦੀਵਾਰ ਨੂੰ ਢਾਹ ਕੇ ਬਣਾਇਆ ਗਿਆ ਅਤੇ ਇਸ ਦਾ ਨਾਂ ਗੁਰਦੁਆਰਾ ਸੀਸ ਗੰਜ ਰੱਖਿਆ ਗਿਆ'।

1857 ਈ. ਦੇ ਗ਼ਦਰ ਦੌਰਾਨ ਜੀਂਦ ਦੇ ਰਾਜਾ ਸਰੂਪ ਸਿੰਘ ਨੇ ਅੰਗਰੇਜ਼ਾਂ ਦੀ ਸਲਾਹ ਨਾਲ਼ ਇਸ ਮਸਜਿਦ ਨੂੰ ਢਾਹ ਕੇ ਇਸ ਗੁਰਦੁਆਰੇ ਦੇ ਚਾਰ-ਚੁਫ਼ੇਰੇ ਵਧੇਰੀ ਥਾਂ ਮਲ ਲਈ। ਛੇਵਾਂ ਗੁਰਦੁਆਰਾ ਮਜ਼ਨੂ ਦਾ ਟਿੱਲਾ ਵਾਲੀ ਥਾਂ 'ਤੇ ਬਣਵਾਇਆ ਗਿਆ, ਜਿੱਥੇ ਗੁਰੂ ਨਾਨਕ ਤੇ ਭਾਈ ਮਰਦਾਨਾ ਅਤੇ ਬਾਅਦ ਵਿੱਚ ਗੁਰੂ ਹਰਗੋਬਿੰਦ ਸਾਹਿਬ ਠਹਿਰੇ ਸਨ। ਸੱਤਵਾਂ ਗੁਰਦੁਆਰਾ ਮੋਤੀ ਬਾਗ਼ ਵਿਖੇ ਬਣਾਇਆ ਗਿਆ ਜਿੱਥੇ ਗੁਰੂ ਗੋਬਿੰਦ ਸਿੰਘ ਠਹਿਰੇ ਸਨ। ਸਰਦਾਰ ਬਘੇਲ ਸਿੰਘ ਨੇ ਉਨਾਂ ਸਾਰੀਆਂ ਥਾਵਾਂ 'ਤੇ ਗੁਰਦੁਆਰਿਆਂ ਦਾ ਨਿਰਮਾਣ ਕਰਵਾਇਆ ਜਿਹੜੀਆਂ ਗੁਰੂ ਸਾਹਿਬਾਨ ਦੀ ਯਾਦ ਨਾਲ਼ ਜੁੜੀਆਂ ਹੋਈਆਂ ਸਨ। ਜੀ. ਡਬਲਿਊ. ਫ਼ੌਰੈਸਟ ਜਿਸ ਨੇ ਚਿੱਠੀਆਂ, ਲਿਖਤਾਂ ਅਤੇ ਹੋਰ ਸਰਕਾਰੀ ਚਿੱਠੀਆਂ 1772 ਤੋਂ 1785 ਦੇ ਸਮੇਂ ਦੀਆਂ ਨੂੰ ਤਿੰਨ ਜਿਲਦਾਂ ਵਿੱਚ ਕਲਮਬੰਦ ਕੀਤਾ। ਤੀਸਰੀ ਜਿਲਦ ਵਿੱਚ ਉਨਾਂ ਵਰਣਨ ਕੀਤਾ ਹੈ ਕਿ 'ਇਨਾਂ ਗੁਰਦੁਆਰਿਆਂ ਦੇ ਨਾਂ 'ਤੇ ਬਹੁਤ ਸਾਰੀਆਂ ਧਰਮ-ਅਰਥ ਗ੍ਰਾਂਟਾਂ ਅਤੇ ਮਾਇਕ ਰੂਪ ਲੋਕਾਂ ਨੇ ਖੁੱਲੇ ਦਿਲ ਨਾਲ਼ ਸਹਾਇਤਾ ਕੀਤੀ'। ਇਸੇ ਤਰਾਂ ਦੇ ਵਿਚਾਰ ਬਾਅਦ ਵਿੱਚ ਰਤਨ ਸਿੰਘ ਭੰਗੂ ਨੇ ਵੀ ਦਿੱਤੇ। ਮੱਧਕਾਲੀਨ ਭਾਰਤ ਦੇ ਇਤਿਹਾਸਕਾਰਾਂ ਅਨੁਸਾਰ 1784 ਈਸਵੀ ਦੇ ਅਖ਼ੀਰਲੇ ਮਹੀਨੇ ਤੱਕ ਸਿੱਖਾਂ ਨੇ ਗੁਰਦੁਆਰਿਆਂ ਦੀ ਉਸਾਰੀ ਦਾ ਕੰਮ ਲਗਭਗ ਪੂਰਾ ਕਰ ਲਿਆ ਸੀ। ਦਸੰਬਰ ਮਹੀਨੇ ਦੇ ਅੰਤ ਸਮੇਂ ਸਿੱਖ ਸਰਦਾਰ ਬਘੇਲ ਸਿੰਘ ਆਪਣੇ ਮੁੱਖ ਦਫ਼ਤਰ ਸਬਜ਼ੀ ਮੰਡੀ ਤੋਂ ਇੱਕ ਵੱਡੇ ਜਲੂਸ ਦੀ ਸ਼ਕਲ ਵਿੱਚ ਦਿੱਲੀ ਦੇ ਲਾਲ ਕਿਲੇ ਵਿੱਚ ਸ਼ਾਹ ਆਲਮ ਨੂੰ ਮਿਲਣ ਗਏ। ਗਿਆਨੀ ਗਿਆਨ ਸਿੰਘ ਦੇ ਅਨੁਸਾਰ, 'ਮੁਸਲਮਾਨ ਮਸ਼ਾਲਚੀ ਅੱਗੇ-ਅੱਗੇ, ਸਿੱਖ ਸਰਦਾਰ ਸਜੇ ਹੋਏ ਘੋੜਿਆਂ ਉੱਪਰ ਤੇ ਬਘੇਲ ਸਿੰਘ ਇੱਕ ਖ਼ੂਬਸੂਰਤ ਸ਼ਿੰਗਾਰੇ ਹੋਏ ਹਾਥੀ ਉੱਪਰ ਬੈਠ ਕੇ ਸਿੱਖ ਫ਼ੌਜਾਂ ਨਾਲ਼ ਲਾਲ ਕਿਲੇ ਅੰਦਰ ਦਾਖ਼ਲ ਹੋਏ। ਸ਼ਾਹ ਆਲਮ ਬਘੇਲ ਸਿੰਘ ਦੇ ਸਵਾਗਤ ਲਈ ਦੀਵਾਨ-ਏ-ਆਮ ਵਿੱਚ ਖਲੋਤਾ ਸੀ। ਸਿੱਖ ਫ਼ੌਜਦਾਰਾਂ ਨੂੰ ਤੋਹਫਿਆਂ ਨਾਲ਼ ਨਿਵਾਜਿਆ ਗਿਆ। ਬਘੇਲ ਸਿੰਘ ਨੇ 12.5 ਪ੍ਰਤੀਸ਼ਤ ਚੂੰਗੀ ਕਰ ਆਪਣੇ ਕੋਲ਼ ਰੱਖਣ ਦਾ ਹੁਕਮ ਦਿੱਤਾ ਜੋ ਸ਼ਾਹ ਆਲਮ ਨੇ ਪ੍ਰਵਾਨ ਕਰ ਲਿਆ। ਇਸ ਤਰਾਂ ਸਿੱਖ ਸਰਦਾਰ ਬਘੇਲ ਸਿੰਘ ਨੇ 11 ਮਾਰਚ 1783 ਈ. ਤੋਂ ਜਨਵਰੀ 1784 ਈਸਵੀ ਤੱਕ ਦਿੱਲੀ ਦੇ ਸਿੰਘਾਸਣ 'ਤੇ ਆਪਣਾ ਅਧਿਕਾਰ ਸਥਾਪਤ ਰੱਖਿਆ ਅਤੇ ਆਪਣੇ ਵਾਅਦੇ ਮੁਤਾਬਕ ਜਨਵਰੀ 1784 ਈਸਵੀ ਵਿੱਚ ਸ਼ਾਹ ਆਲਮ ਨੂੰ ਦਿੱਲੀ ਦੀ ਬਾਦਸ਼ਾਹੀ ਵਾਪਸ ਕਰਦੇ ਹੋਏ ਆਪ ਪੰਜਾਬ ਪਰਤ ਆਏ।




# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ : 19**



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

ਜਹਾਨ ਖ਼ਾਂ, ਮੁਗ਼ਲਾਨੀ ਬੇਗ਼ਮ ਤੇ ਉਸਦੀ ਛੋਟੀ ਕੁਆਰੀ ਬੇਟੀ ਨੂੰ ਵੀ ਸ਼ਾਹਦਰਾ ਕੈਂਪ ਵਿੱਚ ਨਾਲ਼ ਲੈ ਆਇਆ ਸੀ। ਪਰ ਹੁਣ ਜਦੋਂ ਭੱਜਣ ਦੀ ਅਫ਼ਰਾ-ਤਫ਼ਰੀ ਮੱਚੀ ਤਾਂ ਬੇਗ਼ਮ ਤੇ ਉਸਦੀ ਬੇਟੀ ਦੀ ਕਿਸੇ ਨੂੰ ਸੁੱਧ ਨਾ ਰਹੀ। ਤਹਿਮਸ ਮਸਕੀਨ ਉਨਾਂ ਨੂੰ ਇੱਕ ਰਥ ਵਿੱਚ ਬਿਠਾਅ ਦੇ ਫੇਰ ਲਾਹੌਰ ਲੈ ਆਇਆ ਤੇ ਉਸ ਹਵੇਲੀ ਵਿੱਚ ਪਹੁੰਚਾ ਦਿੱਤਾ ਜਿਸ ਵਿੱਚ ਬੇਗ਼ਮ ਨੇ ਕਦੀ ਪੰਜਾਬ ਦੀ ਹਾਕਮ ਦੀ ਹੈਸੀਅਤ ਨਾਲ਼ ਰੰਗ-ਰਲੀਆਂ ਮਨਾਈਆਂ ਸਨ ਤੇ ਜਿਸ ਨੂੰ ਹੁਣ ਤੈਮੂਰ ਸ਼ਾਹ ਛੱਡ ਕੇ ਭੱਜ ਗਿਆ ਸੀ। ਬੇਗ਼ਮ ਹਵੇਲੀ ਵਿੱਚ ਪੈਰ ਰੱਖਦਿਆਂ ਹੀ ਖਿੜ-ਖਿੜ ਕਰਕੇ ਹੱਸਣ ਲੱਗ ਪਈ ਤੇ ਕਾਫ਼ੀ ਦੇਰ ਤੱਕ ਇੰਜ ਹੀ ਹੱਸਦੀ ਰਹੀ ਜਿਵੇਂ ਉਸਨੂੰ ਹਾਸੇ ਦਾ ਦੌਰਾ ਪੈ ਗਿਆ ਹੋਏ।

'ਖ਼ਾਲਾ ਜਾਨ ਅੱਜ ਬੜੇ ਖ਼ੁਸ਼ ਓ ? ਮੈਂ ਤੁਹਾਨੂੰ ਏਨਾ ਖ਼ੁਸ਼ ਪਹਿਲਾਂ ਕਦੀ ਨਹੀਂ ਦੇਖਿਆ।' ਸ਼ਾਦ ਅਲੀ ਉਰਫ਼ ਮੇਹਰ ਅਲੀ ਨੇ ਉਸਨੂੰ ਪਾਣੀ ਦਾ ਗਲਾਸ ਪੇਸ਼ ਕਰਦਿਆਂ ਹੋਇਆਂ ਕਿਹਾ।

'ਖ਼ੁਸ਼ੀ ਦਾ ਮੌਕਾ ਹੋਏ ਤਾਂ ਇਨਸਾਨ ਨੂੰ ਖ਼ੁਸ਼ ਹੋਣਾ ਹੀ ਚਾਹੀਦਾ ਏ।' ਬੇਗ਼ਮ ਨੇ ਜਵਾਬ ਦਿੱਤਾ ਤੇ ਪਾਣੀ ਦਾ ਘੁੱਟ ਭਰ ਕੇ ਬੋਲੀ, 'ਮੋਏ ਅਬਦਾਲੀ ਨੇ ਮੇਰੇ ਅਹਿਸਾਨਾਂ ਦਾ ਬਦਲਾ ਇਹ ਦਿੱਤਾ ਹਵੇਲੀ ਵਿੱਚੋਂ ਕੱਢ ਕੇ ਖੰਡਰ ਵਿੱਚ ਸੁੱਟ ਦਿੱਤਾ। ਜੇ ਕੋਈ ਬੇਗ਼ੁਨਾਹ ਦਾ ਦਿਲ ਦੁਖਾਂਦਾ ਏ, ਖ਼ੁਦਾ ਉਸਨੂੰ ਬਖ਼ਸ਼ਦਾ ਨਹੀਂ, ਜ਼ਰੂਰ ਸਜ਼ਾ ਦਿੰਦਾ ਏ। ਪਈ ਨਾ ਇਨਾਂ ਅਹਿਸਾਨ ਫ਼ਰਾਮੋਸ਼ਾਂ ਨੂੰ ਖ਼ੁਦਾ ਦੀ ਮਾਰ ?'

'ਪਈ, ਹਾਂ ਜੀ, ਬੜੀ ਬੁਰੀ ਮਾਰ ਪਈ।' ਸ਼ਾਦ ਅਲੀ ਨੇ ਸਮਰਥਨ ਦਿੱਤਾ।

'ਮੇਰਾ ਹੱਕ ਖੋਹ ਕੇ ਆਪਣੇ ਬੇਟੇ ਨੂੰ ਲਾਹੌਰ ਦਾ ਨਵਾਬ ਬਣਾਅ ਦਿੱਤਾ...ਇਹ ਨਹੀਂ ਸੋਚਿਆ ਕਿ ਮੈਂ ਇੱਕ ਔਰਤ ਦਾ ਹੱਕ ਖੋਹ ਰਿਹਾਂ। ਮੇਰੇ ਉੱਪਰ ਵੀ ਕੋਈ ਹੈ। ਲੈ ਲਿਆ ਨਾ ਹਕੂਮਤ ਦਾ ਮਜ਼ਾ। ਖ਼ੁਦਾ ਦੇ ਘਰ ਦੇਰ ਤਾਂ ਹੋ ਸਕਦੀ ਏ, ਹਨੇਰ ਨਹੀ ਹੁੰਦਾ। ਪਰ ਅਜੇ ਤਾਂ ਦੇਰ ਵੀ ਨਹੀਂ ਹੋਈ। ਹਾ-ਹਾ-ਹਾ-ਹਾ, ਦੇਰ ਵੀ ਨਹੀਂ ਹੋਈ।' ਉਹ ਫੇਰ ਉੱਚੀ-ਉੱਚੀ ਹੱਸੀ ਤੇ ਹੱਸਦੀ ਹੀ ਰਹੀ।

ਸ਼ਾਹ ਅਲੀ ਮਸਕੀਨ ਦਾ ਵਿਸ਼ਵਾਸ ਪਾਤਰ ਤਾਂ ਸੀ ਹੀ, ਉਸਨੇ ਬੇਗ਼ਮ ਨਾਲ਼ ਵੀ ਖ਼ਾਲਾ ਦਾ ਰਿਸ਼ਤਾ ਜੋੜ ਲਿਆ ਸੀ। ਉਹ ਉਸਨੂੰ ਪੁੱਤਰਾਂ ਵਾਂਗ ਪਿਆਰ ਕਰਦੀ ਸੀ ਤੇ ਉਸ ਦੇ ਸਾਹਮਣੇ ਆਪਣੇ ਦਿਲ ਦੀ ਗੱਲ ਕਹਿਣ ਵਿੱਚ ਜ਼ਰਾ ਵੀ ਸੰਕੋਚ ਨਹੀਂ ਸੀ ਕਰਦੀ।

'ਇਸ ਹਵੇਲੀ ਨੂੰ ਦੇਖਣ ਲਈ ਮੇਰੀਆਂ ਅੱਖਾਂ ਤਰਸ ਗਈਆਂ ਸਨ। ਕੌਣ ਜਾਣਦਾ ਸੀ ਕਿ ਇਹ ਦਿਨ ਵੀ ਆਏਗਾ! ਹਾ-ਹਾ-ਹਾ-ਹਾ, ਮੇਰੀ ਇਹ ਹਸਰਤ ਵੀ ਪੂਰੀ ਹੋਈ।'

ਇਸੇ ਸਮੇਂ ਮਸਕੀਨ ਅੰਦਰ ਆਇਆ। ਉਸਦੇ ਹੱਥ ਵਿੱਚ ਦੋ ਬੰਦੂਕਾਂ ਸਨ। ਇੱਕ ਬੰਦੂਕ ਸ਼ਾਦ ਅਲੀ ਵੱਲ ਵਧਾਅ ਕੇ ਬੋਲਿਆ, 'ਲੈ ਬਈ, ਹੁਣ ਤੱਕ ਤਾਂ ਤੂੰ ਕਲਮ ਚਲਾਈ ਏ, ਹੁਣ ਅਹਿ ਬੰਦੂਕ ਫੜ। ਲੁਟੇਰਿਆਂ ਦਾ ਸ਼ਹਿਰ ਵਿੱਚ ਘੁਸ ਆਉਣ ਦਾ ਖ਼ਤਰਾ ਏ...ਅਸੀਂ ਉਨਾਂ ਤੋਂ ਲੋਕਾਂ ਦੀ ਹਿਫਾਜ਼ਤ ਕਰਨੀ ਏਂ।'

'ਹਾਂ, ਜਾਓ। ਸਾਰੇ ਜਾਓ ਤੇ ਛੇਤੀ ਜਾਓ। ਹੁਣ ਅਸਾਂ ਸ਼ਹਿਰ ਦੇ ਹਾਕਮ ਹਾਂ ਤੇ ਅਸੀਂ ਆਪ ਆਪਣੀ ਰਿਆਸਤ ਦੀ ਹਿਫ਼ਾਜ਼ਤ ਕਰਨੀ ਏਂ।' ਬੇਗ਼ਮ ਨੇ ਇੰਜ ਕਿਹਾ ਜਿਵੇਂ ਸਭ ਕੁਝ ਉਸਦੇ ਹੁਕਮ ਨਾਲ਼ ਹੀ ਹੋ ਰਿਹਾ ਹੋਏ।

ਸ਼ਹਿਰ ਲਾਵਾਰਿਸ ਸੀ। ਸਭ ਪਾਸੇ ਅਫ਼ਰਾ-ਤਫ਼ਰੀ ਤੇ ਆਤੰਕ ਫ਼ੈਲਿਆ ਹੋਇਆ ਸੀ। ਲੁਟੇਰੇ ਤੇ ਚੋਰ-ਉੱਚਕੇ, ਖੁੱਲੇ-ਖੇਡ ਰਹੇ ਸਨ। ਉਹ ਨਿਆਸਰੇ ਲੋਕਾਂ ਤੋਂ ਪੈਸਾ-ਟਕਾ, ਕੱਪੜਾ-ਲੀੜਾ ਤੇ ਹੋਰ ਜੋ ਕੁਝ ਵੀ ਹੱਥ ਲੱਗਦਾ ਖੋਹ ਲੈ ਜਾਂਦੇ। ਮਸਕੀਨ ਨੇ, ਜਿੰਨੇ ਵੀ ਆਦਮੀ ਉਸਦੇ ਨਾਲ਼ ਸਨ, ਉਨਾਂ ਨਾਲ਼ ਰਲ਼ ਕੇ ਇਸ ਲੁੱਟ ਨੂੰ ਜਿੱਥੋਂ ਤੱਕ ਸੰਭਵ ਹੋ ਸਕਿਆ ਰੋਕਣ ਦੀ ਕੋਸ਼ਿਸ਼ ਕੀਤੀ। ਸੂਰਜ ਦੇ ਡੁੱਬਦਿਆਂ ਹੀ ਸ਼ਹਿਰ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ ਤੇ ਪਹਿਰਾ ਸਖ਼ਤ ਕਰ ਦਿੱਤਾ ਜਾਂਦਾ।

ਸ਼ਾਹਦਰ ਵਿੱਚੋਂ ਭੱਜਣ ਸਮੇਂ ਤੈਮੂਰ ਆਪਣੇ ਕਈ ਹਜ਼ਾਰ ਸਿਪਾਹੀ ਮੀਰ ਹਜ਼ਾਰਾ ਖ਼ਾਂ ਦੀ ਕਮਾਨ ਵਿੱਚ ਪਿੱਛੇ ਛੱਡ ਗਿਆ ਸੀ। 10 ਅਪ੍ਰੈਲ ਦੀ ਸਵੇਰ ਨੂੰ ਮਰਾਠਿਆਂ ਤੇ ਸਿੱਖਾਂ ਨੇ ਲਾਹੌਰ ਸ਼ਹਿਰ ਉੱਪਰ ਕਬਜ਼ਾ ਕੀਤਾ ਤੇ ਫੇਰ ਰਾਵੀ ਪਾਰ ਕਰਕੇ ਮੀਰ ਹਜ਼ਾਰਾ ਖ਼ਾਂ ਉਪਰ ਹੱਲਾ ਬੋਲ ਦਿੱਤਾ।

ਹਜ਼ਾਰਾ ਖ਼ਾਂ ਉਹਨਾਂ ਸਾਹਵੇਂ ਜ਼ਿਆਦਾ ਦੇਰ ਤੱਕ ਨਹੀਂ ਟਿਕ ਸਕਿਆ। ਥੋੜਾ ਚਿਰ ਲੜਨ ਪਿੱਛੋਂ ਭੱਜ ਖੜਾ ਹੋਇਆ, ਪਰ ਮਰਾਠਿਆਂ ਨੇ ਤੇ ਸਿੱਖਾਂ ਨੇ ਉਸਨੂੰ ਘੇਰ ਲਿਆ। ਹਜ਼ਾਰਾ ਖ਼ਾਂ ਤੇ ਉਸਦੇ ਸਾਰੇ ਸਿਪਾਹੀ ਫੜੇ ਗਏ।

ਤੈਮੂਰ ਸ਼ਾਹ ਤੇ ਜਹਾਨ ਖ਼ਾਂ ਨੇ ਇਹ ਖ਼ਬਰ ਸੁਣੀ ਤਾਂ ਸਿਰ ਉੱਤੇ ਪੈਰ ਰੱਖ ਕੇ ਇੰਜ ਭੱਜੇ ਕਿ ਲਾਹੌਰ ਦੇ ਉੱਤਰ-ਪੱਛਮ ਵਿੱਚ, ਕੋਈ ਪੰਤਾਲੀ ਕੋਹ ਕੇ ਫ਼ਾਸਲੇ 'ਤੇ, ਸਰਾਏ ਕਾਚੀ ਜਾ ਕੇ ਰੁਕੇ। ਮਰਾਠਿਆਂ ਨੇ ਸਿੱਖਾਂ ਨੇ ਉਹਨਾਂ ਦਾ ਪਿੱਛਾ ਕੀਤਾ। ਉਨਾਂ ਕੋਲ਼ ਘੇਰਾਬੰਦੀ ਕਰਨ ਦਾ ਸਮਾਂ ਨਹੀਂ ਸੀ। ਜਹਾਨ ਖ਼ਾਂ ਨੇ ਇਸ ਸਮੇਂ ਦਾ ਲਾਭ ਉਠਾਇਆ ਤੇ ਰਾਤ ਨੂੰ ਹੀ ਉਹ ਲੋਕ ਹਨੇਰੇ ਵਿੱਚ ਸਰਾਂ ਵਿੱਚੋਂ ਨਿਕਲ ਕੇ ਭੱਜ ਤੁਰੇ। ਅੱਗੇ ਚਨਾਬ ਦਰਿਆ ਸੀ ਜਿਸਦਾ ਵਹਾਅ ਖ਼ਾਸਾ ਤੇਜ਼ ਸੀ, ਪਾਟ ਚੌੜਾ ਤੇ ਪਾਣੀ ਠੰਡਾ। ਤੈਮੂਰ ਸ਼ਾਹ ਤੇ ਜਹਾਨ ਖ਼ਾਂ ਨੇ ਵਜੀਰਾਬਾਦ ਦੇ ਨੇੜਿਓਂ ਚਨਾਬ ਪਾਰ ਕੀਤਾ ਹੀ ਸੀ ਕਿ ਮਰਾਠਿਆਂ ਤੇ ਸਿੱਖਾਂ ਨੇ ਆ ਧਾਵਾ ਬੋਲਿਆ। ਸਾਰਾ ਸਾਮਾਨ, ਅਫ਼ਗ਼ਾਨ ਸਿਪਾਹੀ ਤੇ ਉਨਾਂ ਦੇ ਕੈਂਪ ਦਾ ਸਾਮਾਨ ਅਜੇ ਦਰਿਆ ਦੇ ਪੂਰਬੀ ਕੰਢੇ ਉੱਪਰ ਹੀ ਸੀ, ਜਿਹੜਾ ਸਿੱਖਾਂ ਤੇ ਮਰਾਠਿਆਂ ਦੇ ਹੱਥ ਆਇਆ। ਅਬਦਾਲੀ ਦਾ ਇੱਕ ਸਿਪਾਹੀ ਵੀ ਬਚ ਕੇ ਨਹੀਂ ਸੀ ਜਾ ਸਕਿਆ-ਕਈਆਂ ਨੂੰ ਕਤਲ ਕਰ ਦਿੱਤਾ ਗਿਆ ਸੀ ਤੇ ਕਈ ਕੈਦੀ ਬਣਾ ਲਏ ਗਏ ਸਨ।

ਸਿੱਖਾਂ ਨੇ ਜਿਹਨਾਂ ਅਫ਼ਗ਼ਾਨ ਸਿਪਾਹੀਆਂ ਨੂੰ ਕੈਦੀ ਬਣਾਇਆ ਉਨਾਂ ਨੂੰ ਉਹ ਅੰਮ੍ਰਿਤਸਰ ਲੈ ਆਏ। ਜਿਸ ਸਰੋਵਰ ਨੂੰ ਇਨਸਾਨਾਂ ਤੇ ਪਸ਼ੂਆਂ ਦੀਆਂ ਹੱਡੀਆਂ ਨਾਲ਼ ਭਰ ਦਿੱਤਾ ਗਿਆ ਸੀ, ਉਸਨੂੰ ਇਨਾਂ ਅਫ਼ਗ਼ਾਨ ਕੈਦੀਆਂ ਤੋਂ ਹੀ ਸਾਫ਼ ਕਰਵਾਇਆ ਗਿਆ।

ਪੰਜਾਬ ਉੱਪਰ ਮਰਾਠਿਆਂ ਦਾ ਕਬਜ਼ਾ ਹੋ ਗਿਆ। ਉਨਾਂ ਅਦੀਨਾ ਬੇਗ਼ ਨੂੰ ਲਾਹੌਰ ਦਾ ਨਵਾਬ ਥਾਪ ਦਿੱਤਾ ਤੇ ਸਮਝੌਤਾ ਹੋਇਆ ਕਿ ਉਹ ਮਰਾਠਿਆਂ ਨੂੰ 75 ਲੱਖ ਰੁਪਏ ਸਾਲਾਨਾ ਮਾਲੀਆ ਦਏਗਾ।

ਅਦੀਨਾ ਬੇਗ਼ ਨੂੰ ਲਾਹੌਰ ਵਿੱਚ ਰਹਿਣਾ ਪਸੰਦ ਨਹੀਂ ਸੀ। ਉਸਨੇ ਬਟਾਲੇ ਨੂੰ ਆਪਣਾ ਸਦਰ-ਮੁਕਾਮ (ਰਾਜਧਾਨੀ) ਬਣਾਇਆ। ਉਸਨੇ ਖ਼ਵਾਜ਼ਾ ਮਿਰਜ਼ਾ ਜਾਨ ਨੂੰ, ਜਿਹੜਾ ਹੁਣ ਉਸਦਾ ਜਵਾਈ ਵੀ ਸੀ, ਲਾਹੌਰ ਵਿੱਚ ਆਪਣਾ ਨਾਇਬ ਥਾਪ ਦਿੱਤਾ ਤੇ ਸਰਹਿੰਦ ਦੀ ਫ਼ੌਜਦਾਰੀ ਸਾਦਿਕ ਬੇਗ਼ ਨੂੰ ਦੇ ਦਿੱਤੀ। ਮੁਲਤਾਨੀ ਬੇਗ਼ਮ ਖ਼ਵਾਜ਼ਾ ਮਿਰਜ਼ਾ ਖ਼ਾਂ ਦੀ ਭਾਣਜੀ ਸੀ, ਪਰ ਉਹ ਉਸਨੂੰ ਲਾਹੌਰ ਵਿੱਚ ਰੱਖਣਾ ਨਹੀਂ ਚਾਹੁੰਦਾ ਸੀ। ਇਸ ਲਈ ਉਸਨੇ ਅਦੀਨਾ ਬੇਗ਼ ਨੂੰ ਕਿਹਾ, 'ਮੈਨੂੰ ਆਪਣੀ ਇਸ ਭਾਣਜੀ ਤੋਂ ਡਰ ਲੱਗਦਾ ਏ। ਉਸ ਦੇ ਦਿਮਾਗ਼ ਵਿੱਚ ਹਕੂਮਤ ਦੀ ਬੂ ਏ। ਪਤਾ ਨਹੀਂ ਕੀ-ਕੀ ਸਾਜਿਸ਼ ਰਚੇਗੀ ਉਹ ? ਬਿਹਤਰ ਹੈ ਜੇ ਤੁਸੀਂ ਉਸਦੀ ਰਹਾਇਸ਼ ਦਾ ਇੰਤਜਾਮ ਕਿੱਧਰੇ ਹੋਰ ਦਿਓ।'

ਅਦੀਨਾ ਬੇਗ਼ ਵੀ ਬੇਗ਼ਮ ਦੀ ਤਿਕੜਮਬਾਜੀ ਤੇ ਜੋੜ-ਤੋੜ ਦੀ ਮੁਹਾਰਤ ਬਾਰੇ ਜਾਣਦਾ ਸੀ। ਉਹ ਖ਼ਵਾਜ਼ਾ ਮਿਰਜ਼ਾ ਖ਼ਾਂ ਨਾਲ਼ ਸਹਿਮਤ ਹੋਇਆ ਸੋ ਮੁਗ਼ਲਾਨੀ ਬੇਗ਼ਮ ਨੂੰ ਆਪਣੇ ਨਾਲ਼ ਬਟਾਲੇ ਲੈ ਜਾਣ ਦਾ ਫ਼ੈਸਲਾ ਕਰ ਲਿਆ।

ਬੇਗ਼ਮ ਨੂੰ ਇਸ ਫ਼ੈਸਲੇ ਤੋਂ ਜਾਣੂੰ ਕਰਵਾਉਣ ਦਾ ਉਸਨੇ ਜਿਹੜਾ ਢੰਗ ਅਪਣਾਇਆ, ਉਹ ਉਸਦੀ ਆਪਣੀ ਤਿਕੜਮਬਾਜੀ ਦਾ ਸਬੂਤ ਸੀ। ਬੇਗ਼ਮ ਨੂੰ ਆਪਣੇ ਕੋਲ਼ ਬੁਲਾਉਣ ਦੀ ਬਜਾਏ ਉਹ ਆਪ ਉਸਦੀ ਖ਼ਿਦਮਤ ਵਿੱਚ ਜਾ ਹਾਜ਼ਰ ਹੋਇਆ ਤੇ ਬੜੀ ਹੀ ਨਿਮਰਤਾ ਨਾਲ਼ ਗੱਲ ਸ਼ੁਰੂ ਕੀਤੀ, 'ਲਾਹੌਰ ਦੇ ਇਸ ਪੁਰਾਣੇ ਸ਼ਹਿਰ ਵਿੱਚ ਰਹਿਣ ਨੂੰ ਜੀਆ ਨਹੀਂ ਕਰਦਾ। ਇਸ ਲਈ ਮੈਂ ਬਟਾਲੇ ਨੂੰ ਆਪਣਾ ਸਦਰ ਮੁਕਾਮ ਬਣਾਉਣ ਦਾ ਫ਼ੈਸਲਾ ਕੀਤਾ ਏ। ਮੇਰਾ ਖ਼ਿਆਲ ਏ ਕਿ ਤੁਸੀਂ ਵੀ ਮੇਰੇ ਨਾਲ਼ ਬਟਾਲੇ ਵਿੱਚ ਰਹਿਣਾ ਪਸੰਦ ਕਰੋਗੇ। ਤੁਸੀਂ ਮੇਰੇ ਕੋਲ਼ ਰਹੋਗੇ ਤਾਂ ਮੈਂ ਤੁਹਾਡਾ ਹਰ ਤਰਾਂ ਨਾਲ਼ ਖ਼ਿਆਲ ਰੱਖ ਸਕਾਂਗਾ ਤੇ ਤੁਹਾਨੂੰ ਕਿਸੇ ਕਿਸਮ ਦੀ ਔਖ ਨਹੀਂ ਹੋਣ ਦਿੱਤੀ ਜਾਏਗੀ। ਨਾਲ਼ੇ ਤੁਹਾਡੇ ਕੋਲ਼ ਰਹਿਣ ਦਾ ਮੈਨੂੰ ਇਹ ਫ਼ਾਇਦਾ ਹੋਏਗਾ



ਕਿ ਜਦੋਂ ਕਦੀ ਵੀ ਮੈਨੂੰ ਤੁਹਾਡੇ ਨਾਲ਼ ਸਲਾਹ-ਮਸ਼ਵਰਾ ਕਰਨ ਦੀ ਲੋੜ ਪਈ, ਮੈਨੂੰ ਬੜੀ ਅਸਾਨੀ ਰਹੇਗੀ। ਤੁਹਾਡੇ ਸਿਵਾਏ ਹੋਰ ਕੌਣ ਏਂ, ਜਿਸਦੀ ਰਾਇ ਉੱਪਰ ਮੈਂ ਭਰੋਸਾ ਕਰ ਸਕਾਂ ?' ਫੇਰ ਆਪਣੇ ਮੁਲਾਜ਼ਮਾਂ ਨੂੰ ਕਿਹਾ,'ਬੇਗ਼ਮ ਸਾਹਿਬਾ ਦੇ ਸਾਡੇ ਨਾਲ਼ ਚੱਲਣ ਦੀ ਤਿਆਰੀ ਕਰੋ।' ਇਹ ਬੇਨਤੀ ਨਹੀਂ ਇੱਕ ਸਭਿਅ ਹੁਕਮ ਸੀ ਤੇ ਉਸਦੇ ਇਸ ਹੁਕਮ ਦੀ ਪਾਲਣਾ ਹੋਈ।

ਅਦੀਨਾ ਬੇਗ਼ ਨੇ ਬਟਾਲੇ ਵਿੱਚ ਇੱਕ ਸ਼ਾਨਦਾਰ ਮਹਿਲ ਵਿੱਚ ਬੇਗ਼ਮ ਦੇ ਰਹਿਣ ਦਾ ਇੰਤਜ਼ਾਮ ਕਰ ਦਿੱਤਾ। ਉਸਦੀ ਦੋ ਹਜ਼ਾਰ ਰੁਪਏ ਮਹੀਨਾ ਪੈਨਸ਼ਨ ਲਾ ਦਿੱਤੀ ਤੇ ਕਿਚਨ ਲਈ ਪੰਜਾਹ ਰੁਪਏ ਰੋਜ਼ਾਨਾ ਭੱਤਾ ਬੰਨ ਦਿੱਤਾ। ਬੇਗ਼ਮ ਨੇ ਆਪਣੇ ਨੌਕਰ ਨੌਕਰਾਨੀਆਂ ਤੇ ਬੇਟੀ ਨੂੰ ਉਸ ਮਹਿਲ ਵਿੱਚ ਠਹਿਰਾਇਆ ਤੇ ਖ਼ੁਦ ਅਦੀਨਾ ਬੇਗ਼ ਨਾਲ਼ ਉਸਦੇ ਕੈਂਪ ਵਿੱਚ ਰਹਿਣ ਲੱਗੀ। ਅਦੀਨਾ ਬੇਗ਼ ਨੇ ਉਸਦੇ ਸਾਰੇ ਮੁਲਾਜ਼ਮਾਂ ਨਾਲ਼ ਨਰਮੀਂ ਭਰਿਆ ਵਰਤਾਅ ਕੀਤਾ। ਆਪਣੇ ਅਸਤਬਲ ਵਿੱਚੋਂ ਉਹਨਾਂ ਨੂੰ ਇੱਕ-ਇੱਕ ਘੋੜਾ ਦਿੱਤਾ ਤੇ ਸਾਰਿਆਂ ਦੀ ਚੰਗੀ ਤਨਖ਼ਾਹ ਬੰਨ ਦਿੱਤੀ ਜਿਹੜੀ ਉਨਾਂ ਨੂੰ ਸਮੇਂ ਸਿਰ ਮਿਲਦੀ ਰਹੀ।

ਅਦੀਨਾ ਬੇਗ਼ ਇੱਕ ਅਰਸੇ ਤੋਂ ਪੰਜਾਬ ਦੀ ਨਵਾਬੀ ਦਾ ਸੁਪਨਾ ਦੇਖ ਰਿਹਾ ਸੀ, ਉਹ ਸਾਕਾਰ ਹੋ ਗਿਆ। ਇਸ ਖ਼ੁਸ਼ੀ ਵਿੱਚ ਉਸਨੇ ਬਟਾਲੇ ਤੋਂ ਥੋੜੀ ਦੂਰ ਇੱਕ ਨਵਾਂ ਸ਼ਹਿਰ ਵਸਾਇਆ, ਜਿਸਦਾ ਨਾਂ ਉਸਨੇ ਆਪਣੇ ਨਾਂ ਉੱਪਰ ਅਦੀਨਾ ਨਗਰ ਰੱਖਿਆ। ਇਹੀ ਨਵਾਂ ਸ਼ਹਿਰ ਉਸਦੀ ਰਾਜਧਾਨੀ ਸੀ। ਨਵਾਬ ਤਾਂ ਭਾਵੇਂ ਉਹ ਬਣ ਗਿਆ, ਪਰ ਜੋ ਹਾਲਾਤ ਸਨ...ਉਨਾਂ ਨਾਲ਼ ਜੂਝਣਾ ਉਸਦੇ ਵੱਸ ਦਾ ਰੋਗ ਨਹੀਂ ਸੀ।

ਮੁਗ਼ਲਾਂ ਦਾ ਦਖ਼ਲ ਖ਼ਤਮ ਹੋਇਆ, ਹੁਣ ਮਰਾਠੇ ਵਿੱਚ ਆ ਅੜੇ। ਹੁਣ ਫੇਰ ਪੰਜਾਬ ਦੇ ਤਿੰਨ ਦਾਅਵੇਦਾਰ ਸਨ-ਅਬਦਾਲੀ, ਮਰਾਠੇ ਤੇ ਸਿੱਖ। ਅਸਲ ਸ਼ਕਤੀ ਸਿੱਖਾਂ ਦੀ ਸੀ। ਦਲ ਖ਼ਾਲਸਾ ਨਾ ਸਿਰਫ਼ ਇੱਕ ਹਥਿਆਰ ਬੰਦ ਗੁੱਟ ਸੀ, ਬਲਕਿ ਦੇਸ਼ ਤੇ ਧਰਮ ਦੀ ਅਜ਼ਾਦੀ ਲਈ ਲੜਨ ਵਾਲਾ ਇੱਕ ਲੋਕਪ੍ਰਿਆ ਅੰਦੋਲਨ ਵੀ ਸੀ। ਹਰੇਕ ਘਰ ਵਿੱਚੋਂ ਘੱਟੋ-ਘੱਟ ਇੱਕ ਮੁੰਡਾ ਸਿੱਖ ਜ਼ਰੂਰ ਬਣਦਾ ਸੀ। ਮੰਦਰ ਤੇ ਗੁਰਦੁਆਰੇ ਵਿੱਚ ਕੋਈ ਭੇਦ ਨਹੀਂ ਸੀ। ਗੀਤਾ ਤੇ ਗ੍ਰੰਥ ਸਾਹਿਬ ਦਾ ਹਰੇਕ ਘਰ ਵਿੱਚ ਇੱਕੋ ਜਿਹਾ ਆਦਰ ਕੀਤਾ ਜਾਂਦਾ ਸੀ। ਇਤਿਹਾਸ ਇੱਕ ਸੀ, ਮਿਥਿਹਾਸ ਇੱਕ ਸੀ ਤੇ ਕੁਰਬਾਨੀਆਂ ਦੀ ਲੰਮੀ ਪਰੰਪਰਾ ਨੇ ਬੱਚੇ ਬੱਚੇ ਨੂੰ ਇੱਕ ਮਜ਼ਬੂਤ ਕੜੀ ਵਿੱਚ ਪਰੋਅ ਦਿੱਤਾ ਸੀ। ਸੋ ਹੁਣ ਮੁਕਾਬਲਾ ਅਬਦਾਲੀ, ਮਰਾਠਿਆਂ ਤੇ ਸਿੱਖਾਂ ਨਾਲ਼ ਸੀ। ਅਦੀਨਾ ਬੇਗ਼ ਦੀ ਆਪਣੀ ਹੈਸੀਅਤ ਇਹ ਸੀ ਕਿ ਪਹਿਲਾਂ ਉਹ ਮੁਗ਼ਲਾਂ ਦੇ ਖੇਤ ਦੀ ਮੂਲੀ ਸੀ ਤੇ ਹੁਣ ਮਰਾਠਿਆਂ ਦੇ ਖੇਤ ਦੀ ਮੂਲੀ ਬਣਕੇ ਰਹਿ ਗਿਆ ਸੀ। ਖ਼ਾਲਸੇ ਇਸ ਮੂਲੀ ਨੂੰ ਇੱਕੋ ਝਟਕੇ ਵਿੱਚ ਪੁੱਟ ਕੇ ਸੁੱਟ ਸਕਦੇ ਸਨ, ਪਰ ਅਦੀਨਾ ਬੇਗ਼ ਨੇ ਖ਼ਾਲਸੇ ਦੀ ਜੜ ਪੁੱਟਣ ਦੀ ਠਾਣ ਲਈ। ਠਾਣ ਲੈਣਾ ਵੀ ਜ਼ਰੂਰੀ ਸੀ, ਕਿਉਂਕਿ ਉਨਾਂ ਦੇ ਹੁੰਦਿਆਂ ਨਾ ਉਹ ਮਾਲੀਆ ਉਗਰਾਅ ਸਕਦਾ ਸੀ ਤੇ ਨਾ ਮਰਾਠਿਆਂ ਨੂੰ 75 ਲੱਖ ਰੁਪਏ ਖ਼ਰਾਜ਼ ਦੇ ਸਕਦਾ ਸੀ।

ਅਦੀਨਾ ਬੇਗ਼ ਨੇ ਪਹਿਲਾਂ ਤਾਂ ਦਾਣਾ ਸੁੱਟਿਆ, ਪਰ ਖ਼ਾਲਸਾ ਦਾਣੇ ਉੱਪਰ ਡਿੱਗਣ ਵਾਲਾ ਨਹੀਂ ਸੀ। ਜੱਸਾ ਸਿੰਘ ਆਹਲੂਵਾਲੀਆ ਨੇ ਸਾਫ਼ ਕਹਿ ਦਿੱਤਾ, 'ਪੰਜਾਬ ਵਿੱਚ ਤੂੰ ਰਹੇਂਗਾ ਜਾਂ ਅਸੀਂ ਰਹਾਂਗੇ। ਤੈਥੋਂ ਜਿਹੜਾ ਜ਼ੋਰ ਲੱਗਦਾ ਏ, ਲਾ ਵੇਖ।' ਅਦੀਨਾ ਬੇਗ਼ ਵੀ ਪੰਜਾਬ ਵਿੱਚ ਪੈਦਾ ਹੋਇਆ ਸੀ ਤੇ ਉਹ ਜਾਣਦਾ ਸੀ ਕਿ ਸਿੱਖਾਂ ਉੱਪਰ ਕਦੋਂ ਤੇ ਕਿੰਜ ਵਾਰ ਕੀਤਾ ਜਾਏ। ਉਸ ਕੋਲ਼ ਦਸ ਹਜ਼ਾਰ ਘੋੜਸਵਾਰ ਤੇ ਪੈਦਲ ਫ਼ੌਜ ਆਪਣੀ ਸੀ। ਫੇਰ ਉਸਨੇ ਉਹ ਸਾਰੇ ਲੋਕ ਆਪਣੇ ਝੰਡੇ ਹੇਠ ਇਕੱਠੇ ਕਰ ਲਏ, ਜਿਨਾਂ ਦੇ ਸਵਾਰਥ ਦਲ ਖ਼ਾਲਸਾ ਨਾਲ਼ ਟਕਰਾਉਂਦੇ ਸਨ। ਇਹਨਾਂ ਲੋਕਾਂ ਨੇ ਪੰਜਾਬ ਦੇ ਵੱਖ-ਵੱਖ ਭਾਗਾਂ ਵਿੱਚ ਆਪੋ-ਆਪਣੀਆਂ ਜ਼ਿਮੀਂਦਾਰੀਆਂ ਤੇ ਆਪਣੀਆਂ-ਆਪਣੀਆਂ ਹਕੂਮਤਾਂ ਥਾਪ ਰੱਖੀਆਂ ਸਨ। ਜਿਵੇਂ ਸਿੰਧ ਸਾਗਰ ਦੁਆਬੇ ਵਿੱਚ ਗਖਰ, ਜੰਜੂਆ ਤੇ ਝੇਬਰ ਜ਼ਿਮੀਂਦਾਰ, ਦੁਆਬਾ ਚਜ ਵਿੱਚ ਚੌਧਰੀ ਰਹਿਮਤ ਖ਼ਾਂ ਬਾਰਾਇਚ, ਜੰਮੂ ਦਾ ਰਾਜਾ ਰਣਜੀਤ ਦੇਵ, ਰਚਨਾ ਦੁਆਬੇ ਦਾ ਚੌਧਰੀ ਮੀਰ ਮੁਹੰਮਦ ਚੱਥਾ, ਇੱਜ਼ਤ ਬਖ਼ਸ਼ ਭੱਟੀ ਤੇ ਹੋਰ ਜ਼ਿਮੀਂਦਾਰ, ਕਾਦੀਆਂ ਦਾ ਰਾਜਾ ਘਮੰਡ ਚੰਦ, ਨਿਧਾਨ ਸਿੰਘ ਰੰਧਾਵਾ ਤੇ ਮਿਰਜ਼ਾ ਮੁਹੰਮਦ ਅਨਵਰ, ਬਾਰੀ ਦੁਆਬੇ ਵਿੱਚ ਕਸੂਰ ਦੇ ਅਫ਼ਗ਼ਾਨ, ਕਪੂਰਥਲੇ ਦੇ ਰਾਏ ਇਬਰਾਹੀਮ ਆਦਿ। ਇਹ ਲੋਕ ਸਿੱਖਾਂ ਉੱਪਰ ਦੰਦ ਪੀਹ ਰਹੇ ਸਨ, ਹੁਣ ਉਹਨਾਂ ਨਾਲ਼ ਲੜਨ ਲਈ ਅਦੀਨਾ ਬੇਗ਼ ਨਾਲ਼ ਆ ਰਲ਼ੇ। ਕਹਾਵਤ ਹੈ ਕਿ 'ਡੁੱਬਦੇ ਨੂੰ ਤਿਨਕੇ ਦਾ ਸਹਾਰਾ'।

ਹੁਣ ਇਨਾਂ ਲੋਕਾਂ ਤੇ ਦਲ-ਖ਼ਾਲਸਾ ਵਿਚਕਾਰ ਝੜਪਾਂ ਹੋਣ ਲੱਗੀਆਂ। ਸਿੱਖਾਂ ਦੀ ਤਾਕਤ ਏਨੀ ਹੋ ਗਈ ਸੀ ਕਿ ਹੁਣ ਉਹਨਾਂ ਨੂੰ ਜੰਗਲਾਂ ਤੇ ਪਹਾੜਾਂ ਵਿੱਚ ਜਾ ਕੇ ਛੁਪਣ ਦੀ ਲੋੜ ਨਹੀਂ ਸੀ ਪੈਂਦੀ। ਉਹ ਆਹਮਣੇ-ਸਾਹਮਣੇ ਦੀ ਲੜਾਈ ਲੜਦੇ ਸਨ ਤੇ ਪਹਿਲ ਵੀ ਕਰ ਸਕਦੇ ਸਨ।

ਖ਼ਾਲਸਾ ਦਲ ਦੇ ਕੁਝ ਮਜ਼ਬੂਤ ਜੱਥਿਆਂ ਨੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਅਦੀਨਾ ਨਗਰ ਉੱਪਰ ਚੜਾਈ ਕਰ ਦਿੱਤੀ ਤਾਂ ਕਿ ਅਦੀਨਾ ਬੇਗ਼ ਨੂੰ ਪੰਜੀ ਦਾ ਭੌਂਣ ਵਿਖਾਇਆ ਜਾਏ। ਪਤਾ ਲੱਗਦਿਆਂ ਹੀ ਅਦੀਨਾ ਬੇਗ਼ ਨੇ ਦੀਵਾਨ ਹੀਰਾ ਮੱਲ ਤੇ ਜੰਡਿਆਲੇ ਦੇ ਗੁਰੂ ਆਕਿਲ ਦਾਸ ਨੂੰ ਉਨਾਂ ਦੇ ਵਿਰੁੱਧ ਮੁਕਾਬਲੇ ਲਈ ਰਵਾਨਾ ਕਰ ਦਿੱਤਾ। ਕਾਦੀਆਂ ਵਿੱਚ ਘਮਾਸਾਨ ਦਾ ਯੁੱਧ ਹੋਇਆ। 'ਧਾਏ ਫਟ' ਗੁਰੀਲਾ ਯੁੱਧ ਦਾ ਤਰੀਕਾ ਸੀ। ਆਹਮਣੇ-ਸਾਹਮਣੇ ਦੀ ਲੜਾਈ ਵਿੱਚ ਖ਼ਾਲਸਾ ਦਲ ਨੇ ਅਹਿਮਦ ਸ਼ਾਹ ਅਬਦਾਲੀ ਵਾਲਾ ਤਰੀਕਾ ਅਪਣਾ ਲਿਆ ਸੀ, ਜਿਸ ਅਨੁਸਾਰ ਦੋ ਸੌ ਘੋੜਸਵਾਰ ਮੈਦਾਨ ਵਿੱਚ ਆਉਂਦੇ, ਕੁਝ ਚਿਰ ਲੜਦੇ, ਫੇਰ ਬੜੇ ਸਧੇ ਹੋਏ ਢੰਗ ਨਾਲ਼ ਪਿੱਛੇ ਹਟਦੇ ਜਾਂਦੇ ਤੇ ਉਨਾਂ ਦੀ ਜਗਾ ਦੂਸਰੇ ਘੋੜਸਵਾਰ ਆ ਜਾਂਦੇ। ਮੈਦਾਨ ਵਿੱਚੋਂ ਹਟਣ ਵਾਲੇ ਘੋੜਸਵਾਰ ਪਿੱਛੇ ਆ ਕੇ ਆਪਣੇ ਘੋੜਿਆਂ ਨੂੰ ਚਰਨ ਲਈ ਛੱਡਦੇ ਤੇ ਆਪ ਵੀ ਆਰਾਮ ਕਰਦੇ। ਉਹ ਪਾਣੀ ਤੇ ਭੁੱਜੇ ਹੋਏ ਛੋਲੇ ਹਮੇਸ਼ਾ ਆਪਣੇ ਨਾਲ਼ ਰੱਖਦੇ ਸਨ। ਉਨਾਂ ਦਾ ਨਾਸ਼ਤਾ ਕਰਦੇ, ਬੰਦੂਕਾਂ ਵਿੱਚ ਬਰੂਦ ਭਰਦੇ ਤੇ ਇੰਜ ਤਾਜ਼ਾ ਦਮ ਹੋ ਕੇ ਲੜ ਰਹੇ ਸਵਾਰਾਂ ਦੀ ਜਗਾ ਲੈਣ ਲਈ ਮੁੜ ਮੈਦਾਨ ਵਿੱਚ ਪਰਤ ਆਉਂਦੇ। ਜੱਸਾ ਸਿੰਘ ਆਹਲੂਵਾਲੀਆ ਆਪਣੇ ਜੱਥੇ ਸਮੇਤ ਮੈਦਾਨ ਵਿੱਚ ਹਾਜ਼ਰ ਰਹਿੰਦੇ, ਜਿੱਥੇ ਕਿੱਧਰੇ ਦੁਸ਼ਮਣ ਦਾ ਦਬਾਅ ਦੇਖਦੇ, ਉੱਥੇ ਹੀ ਆਪਣੇ ਸਵਾਰਾਂ ਨਾਲ਼ ਮਦਦ ਲਈ ਪਹੁੰਚ ਜਾਂਦੇ। ਉਨਾਂ ਦੇ ਤੀਰ ਦਾ ਨਿਸ਼ਾਨਾ ਤੇ ਤਲਵਾਰ ਦਾ ਵਾਰ ਅਚੁੱਕ ਸਨ। ਦੁਸ਼ਮਣ ਉਨਾਂ ਅੱਗੇ ਪਾਣੀ ਨਹੀਂ ਸੀ ਮੰਗਦਾ। ਦੀਵਾਨ ਹੀਰਾ ਮੱਲ ਲੜਦਾ ਹੋਇਆ ਮਾਰਿਆ ਗਿਆ। ਗੁਰੂ ਆਕਿਲ ਦਾਸ ਨੇ ਬੜੀ ਮੁਸ਼ਕਲ ਨਾਲ਼ ਜਾਨ ਬਚਾਈ, ਦੁਸ਼ਮਣ ਸੈਨਾ ਵਿੱਚ ਭਗਦੜ ਮੱਚ ਗਈ। ਯੁੱਧ ਦਾ ਸਾਰਾ ਸਾਮਾਨ ਸਿੱਖਾਂ ਦੇ ਹੱਥ ਲੱਗਿਆ।

ਆਪਣੀ ਇਸ ਹਾਰ ਉੱਪਰ ਅਦੀਨਾ ਬੇਗ਼ ਸਿਟਪਿਟਾਅ ਗਿਆ। ਉਸਨੇ ਸਾਰੇ ਚੌਧਰੀਆਂ, ਨੰਬਰਦਾਰਾਂ ਤੇ ਜ਼ਿਮੀਂਦਾਰਾਂ ਨੂੰ ਇਕੱਠਾ ਕੀਤਾ ਤੇ ਉਨਾਂ ਨੂੰ ਸੌਂਹ ਪਵਾਈ ਕਿ ਉਹ ਸਿੱਖਾਂ ਨੂੰ ਨਸ਼ਟ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਉਸਨੇ ਹੁਕਮ ਦਿੱਤਾ ਕਿ ਸਿੱਖਾਂ ਨੂੰ ਪੰਜਾਬ ਦੇ ਕਿਸੇ ਵੀ ਜ਼ਿਲੇ ਤੇ ਪਰਗਨੇ ਵਿੱਚ ਟਿਕਣ ਨਾ ਦਿੱਤਾ ਜਾਏ। ਉਹਨਾਂ ਨੂੰ ਜਾਂ ਤਾਂ ਗ੍ਰਿਫ਼ਤਾਰ ਕਰਕੇ ਲਿਆਂਦਾ ਜਾਏ ਜਾਂ ਕਤਲ ਕਰ ਦਿੱਤਾ ਜਾਏ। ਮੀਰ ਅਜੀਜ਼ ਖ਼ਾਂ ਉਸਦਾ ਇੱਕ ਭਰੋਸੇ ਯੋਗ ਸਰਦਾਰ ਸੀ। ਅਦੀਨਾ ਬੇਗ਼ ਨੇ ਕਈ ਹਜ਼ਾਰ ਘੋੜਸਵਾਰ ਦੇ ਕੇ ਉਸਨੂੰ ਇਸੇ ਕੰਮ ਉੱਤੇ ਲਾ ਦਿੱਤਾ। ਉਸਨੇ ਇੱਕ ਹਜ਼ਾਰ ਤਰਖ਼ਾਨ ਭਰਤੀ ਕੀਤੇ, ਜਿਨਾਂ ਨੂੰ ਕੁਹਾੜੀਆਂ ਤੇ ਆਰਿਆਂ ਨਾਲ਼ ਸੰਘਣੇ ਜੰਗਲ ਕੱਟਣ ਉੱਪਰ ਲਾ ਦਿੱਤਾ ਗਿਆ ਤਾਂ ਕਿ ਸਿੱਖਾਂ ਦੇ ਛੁਪਣ ਲਈ ਕੋਈ ਜਗਾ ਨਾ ਰਹੇ। ਸਿੱਖ ਰਾਮ-ਰੌਣੀ ਕਿਲੇ ਵਿੱਚ ਚਲੇ ਗਏ। ਮੀਰ ਅਜੀਜ਼ ਖ਼ਾਂ ਨੇ ਕਿਲੇ ਨੂੰ ਘੇਰਾ ਪਾ ਲਿਆ। ਸਿੱਖ ਕਦੀ-ਕਦੀ ਬੜੀ ਵੱਡੀ ਗਿਣਤੀ ਵਿੱਚ ਧਾਵਾ ਬੋਲਦੇ ਸਨ ਤੇ ਦੁਸ਼ਮਣ ਸੈਨਾ ਦੇ ਅਨੇਕਾਂ ਸਿਪਾਹੀਆਂ ਨੂੰ ਮਾਰ ਕੇ, ਉਨਾਂ ਦੇ

ਹਥਿਆਰ ਤੇ ਰਸਦ ਖੋਹ ਕੇ, ਕਿਲੇ ਵਿੱਚ ਚਲੇ ਜਾਂਦੇ ਸਨ ਤੇ ਦਰਵਾਜ਼ੇ ਬੰਦ ਕਰ ਲੈਂਦੇ ਸਨ। ਘੇਰਾਬੰਦੀ ਲੰਮਾਂ ਸਮਾਂ ਚੱਲੀ। ਮੀਰ ਅਜੀਜ਼ ਖ਼ਾਂ ਖ਼ਾਲਸੇ ਦੇ ਹਮਲਿਆਂ ਤੋਂ ਤੰਗ ਆ ਗਿਆ। ਬੜੀਆਂ ਕੋਸ਼ਿਸ਼ਾਂ ਪਿੱਛੋਂ ਇੱਕ ਰਾਤ, ਉਹ ਕਿਲੇ ਦੀ ਕੰਧ ਢਾਉਣ ਵਿੱਚ ਸਫ਼ਲ ਹੋਇਆ। ਸਿੱਖਾਂ ਕੋਲ਼ ਹੁਣ ਲੜਨ ਦੇ ਸਿਵਾਏ ਕੋਈ ਹੋਰ ਚਾਰਾ ਨਹੀਂ ਸੀ। ਉਹ ਸਾਰੇ ਦੇ ਸਾਰੇ ਇਕੱਠੇ ਬਾਹਰ ਨਿਕਲ ਆਏ। ਘਮਾਸਾਨ ਦੀ ਲੜਾਈ ਵਿੱਚ ਕੁਝ ਮਾਰੇ ਗਏ, ਕੁਝ ਫੜੇ ਗਏ ਤੇ ਕਾਫ਼ੀ ਸਾਰੇ ਬਚ ਨਿਕਲੇ।

ਸਿੱਖ ਸਤਲੁਜ ਪਾਰ ਕਰਕੇ ਮਾਲਵੇ ਵਿੱਚ ਚਲੇ ਗਏ ਪਰ ਉੱਥੇ ਵੀ ਚੈਨ ਨਹੀਂ ਸੀ। ਸਰਹਿੰਦ ਦੇ ਹਾਕਮ ਸਾਦਿਕ ਬੇਗ਼ ਨੇ ਉਨਾਂ ਉੱਪਰ ਚੜਾਈ ਕਰ ਦਿੱਤੀ ਤੇ ਆਪਸ ਵਿੱਚ ਝੜਪਾਂ ਸ਼ੁਰੂ ਹੋ ਗਈਆਂ। ਖ਼ਾਲਸੇ ਨੇ ਫੇਰ ਗੁਰੀਲਾ ਯੁੱਧ ਦਾ 'ਧਾਏ ਫਟ' ਤਰੀਕਾ ਵਰਤਿਆ। ਉਹ ਦੁਸ਼ਮਣ ਉੱਤੇ ਤੇਜ਼ੀ ਨਾਲ਼ ਹਮਲਾ ਕਰਦੇ ਤੇ ਝਟਪਟ ਨੱਸ ਜਾਂਦੇ। ਦੁਸ਼ਮਣ ਪਿੱਛਾ ਕਰਦਾ ਤਾਂ ਪਲਟ ਕੇ ਫੇਰ ਵਾਰ ਸ਼ੁਰੂ ਕਰ ਦਿੰਦੇ ਤੇ ਫੇਰ ਭੱਜ ਪੈਂਦੇ। ਇਸ ਭੱਜ-ਦੌੜ ਵਿੱਚ ਸਾਦਿਕ ਬੇਗ਼ ਦੀਆਂ ਤੋਪਾਂ ਪਿੱਛੇ ਰਹਿ ਜਾਂਦੀਆਂ। ਇੰਜ ਸਿੱਖਾਂ ਨੂੰ ਮੌਕਾ ਮਿਲਦਾ, ਉਹ ਸਾਦਿਕ ਬੇਗ਼ ਦੇ ਸਿਪਾਹੀਆਂ ਦਾ ਸਫ਼ਾਇਆ ਕਰਨ ਲਈ ਪਲਟਦੇ...ਕਈਆਂ ਨੂੰ ਮਾਰ ਜਾਂਦੇ, ਕਈਆਂ ਨੂੰ ਫੱਟੜ ਕਰ ਦਿੰਦੇ ਤੇ ਆਪਣੇ ਫੱਟੜਾਂ ਨੂੰ ਚੁੱਕ ਕੇ ਨੱਠ ਜਾਂਦੇ।

ਇਹ ਝੜਪਾਂ ਚੱਲ ਹੀ ਰਹੀਆਂ ਸਨ ਕਿ ਅਦੀਨਾ ਬੇਗ਼ ਬੀਮਾਰ ਪੈ ਗਿਆ। ਕਿਸੇ ਲੜਾਈ ਵਿੱਚ ਉਸਦੀ ਛਾਤੀ ਵਿੱਚ ਗੋਲੀ ਲੱਗੀ ਸੀ। ਜ਼ਖ਼ਮ ਭਾਵੇਂ ਠੀਕ ਹੋ ਗਿਆ ਸੀ, ਫੇਰ ਵੀ ਉਸ ਵਿੱਚ ਕਦੇ-ਕਦੇ ਅਚਾਨਕ ਦਰਦ ਹੋਣ ਲੱਗ ਪੈਂਦਾ ਸੀ। ਖ਼ਾਸ ਤੌਰ 'ਤੇ ਬਰਸਾਤ ਦੇ ਦਿਨਾਂ ਵਿੱਚ, ਜਦੋਂ ਹਵਾ ਵਿੱਚ ਸਿਲ ਹੁੰਦੀ। ਇਹ ਦਰਦ ਅਤਿ ਡਾਢਾ ਤੇ ਭਿਆਨਕ ਹੁੰਦਾ...ਤੇ ਏਸੇ ਦਰਦ ਨਾਲ਼ 15 ਸਤੰਬਰ 1758 ਨੂੰ ਉਸਦੀ ਮੌਤ ਹੋ ਗਈ।

(ਚਲਦਾ...)

# ਕਿਸਾਨੀ ਬਾਰਾਮਾਂਹ

ਜਾਗ ਕਿਸਾਨਾ ਜਾਗ ਚੜ੍ਹਿਆ ਈ ਅੱਜ ਚੇਤ।
ਬਚਾ ਲੈ ਆਪਣੀ ਖੇਤੀ ਤੇ ਬਚਾ ਲੈ ਆਪਣੇ ਖੇਤ।
ਜਾਗ ਕਿਸਾਨਾ ਜਾਗ ਆਗ ਈ ਆ ਵੈਸਾਖੀ।
ਸੰਘਰਸ਼ੀ ਯੋਧਾ ਬਣ ਕੇ ਕਰਲੈ ਆਪਣੇ ਹੱਕਾਂ ਦੀ ਰਾਖੀ।
ਜਾਗ ਕਿਸਾਨਾ ਜਾਗ ਆ ਗਿਆ ਈ ਜੇਠ।
ਸਰਕਾਰ ਤੇਰੀਆਂ ਫ਼ਸਲਾਂ ਦੇ ਤੋੜ ਰਹੀ ਏ ਰੇਟ।
ਜਾਗ ਕਿਸਾਨਾ ਜਾਗ ਹੁਣ ਆਇਆ ਹੀ ਹਾੜ।
ਤੇਰੀਆਂ ਜਥੇਬੰਦੀਆਂ ਦੀ ਵੀ ਹੋ ਗਈ ਪਾਟੋਧਾੜ।
ਜਾਗ ਕਿਸਾਨਾ ਜਾਗ ਕਰਵਟ ਲੈ ਰਿਹਾ ਸਾਉਣ।
ਤੇਰੇ ਹੱਕਾਂ ਦੇ ਮਸਲੇ ਹੁੰਦੇ ਜਾ ਰਹੇ ਮੌਨ।
ਜਾਗ ਕਿਸਾਨਾ ਜਾਗ ਆ ਰਹੀ ਈ ਭਾਦਰੋਂ।
ਨਿਕਲ ਨਾ ਜਾਣ ਬਾਹਰ ਤੇਰੇ ਪੈਰ ਤੇਰੀ ਚਾਦਰੋਂ।
ਜਾਗ ਕਿਸਾਨਾ ਜਾਗ ਚੜ ਗਿਆ ਈ ਅੱਸੂ।
ਜੇ ਤੂੰ ਸੁੱਤਾ ਰਹਿ ਗਿਆ ਤੇਰੀ ਜਾਨ ਜੰਜਾਲਾਂ 'ਚ ਫਸੂ।
ਜਾਗ ਕਿਸਾਨਾ ਜਾਗ ਆਵੇ ਭੱਜਿਆ ਕੱਤਕ।
ਉੱਠ ਜਾਗ ਸੰਘਰਸ਼ ਵਿੱਢ ਲੰਘ ਨਾ ਜਾਵੇ ਵਕਤ।
ਜਾਗ ਕਿਸਾਨਾ ਜਾਗ ਬੂਹਾ ਖੜਕਾਵੇ ਮੱਘਰ।
ਜਗਾ ਆਪਣੀ ਜਮੀਰ ਨੂੰ ਤੇਰਾ ਖ਼ੂਨ ਜਾਵੇ ਪੰਘਰ।
ਜਾਗ ਕਿਸਾਨਾ ਜਾਗ ਕੜਕ ਰਿਹਾ ਈ ਪੋਹ।
ਕੋਈ ਪ੍ਰੋਸ ਕੇ ਨਾ ਦੇਂਦਾ ਹੱਕ ਲੈਣੇ ਪੈਂਦੇ ਖੋਹ।
ਜਾਗ ਕਿਸਾਨਾ ਜਾਗ ਆ ਚੁੱਕਿਆ ਈ ਮਾਘ।
ਚਿੱਟੀ ਤੇਰੀ ਪੱਗ ਨੂੰ ਕਿਤੇ ਲੱਗ ਨਾ ਜਾਵੇ ਦਾਗ।
ਜਾਗ ਕਿਸਾਨਾ ਜਾਗ ਲੰਘਿਆ ਸਾਲ ਆਇਆ ਫੱਗਣ।
ਤੇਰੇ ਜਾਗਣ ਨਾਲ਼ ਹੀ ਸੰਘਰਸ਼ੀ 'ਵਾ ਲੱਗੀ ਏ ਵਗਣ।

**ਡਾ. ਦਿਲਵਰ ਸਿੰਘ**
**94173-06371**

# ਨਵੇਂ ਮੁੱਖ ਮੰਤਰੀ ਜੀ ਪੰਜਾਬ ਨੂੰ ਬਚਾ ਲਿਓ

ਇੱਕੋ-ਇੱਕ ਮੰਗ ਸੀ ਤੁਹਾਡੀ ,
ਮੋਹਰ ਝਾੜੂ ਉੱਤੇ ਲਾ ਦਿਓ ।
ਵਾਰ-ਵਾਰ ਕਹਿੰਦੇ ਸੀ ,
ਆਮ ਆਦਮੀ ਨੂੰ ਜਿਤਾ ਦਿਓ ।
ਹੁਣ ਸਾਡੇ ਨਾਲ਼ ਕੀਤਾ ਸੀ ਜੋ ,
ਵਾਅਦਾ ਉਹ ਪੁਗਾ ਦਿਓ ।
ਪੰਜਾਬ ਨੂੰ ਨਸ਼ਾ ਮੁਕਤ ,
ਤੇ ਬੇਰੁਜ਼ਗਾਰੀ ਨੂੰ ਮਿਟਾ ਦਿਓ ।
ਨਾ ਰੁਲ਼ੇ ਕੋਈ ਧਰਨਿਆਂ 'ਤੇ
ਹੱਥ ਪਾਵੇ ਨਾ ਕੋਈ ,
ਚੁੰਨੀਆਂ,ਪੱਗਾਂ, ਪਰਨਿਆਂ 'ਤੇ
ਗ਼ਰੀਬ ਬੁੱਢੇ ਬਾਪੂ ਰੁਲ਼ਣ ਨਾ ਦੇਈਂ ਸੜਕਾਂ 'ਤੇ
ਨਾਅਰਾ ਕਿਸਾਨਾਂ ਦੇ ਹੱਕ ਵਿੱਚ ਲਾ ਦਿਓ।
ਟੈਂਕੀਆਂ ਨਾ ਹੋਣ ਘਰ ਕਿਸੇ ਦਾ ,
ਇਹ ਗੱਲ ਮਨ ਵਿੱਚ ਬਿਠਾ ਲਿਓ ।
ਸਮਾਜਿਕ ਸਿੱਖਿਆ, ਪੰਜਾਬੀ, ਹਿੰਦੀ,
ਪੋਸਟਾਂ ਦੀ ਗਿਣਤੀ ਵਧਾ ਦਿਓ ।
ਬੈਠੇ ਜੋ ਵਾਡਰ ਕੇਡਰ ਸਕੂਲਾਂ ਵਿੱਚ ,
ਉਹਨਾਂ ਦੀ ਬਦਲੀ ਨੇੜੇ ਕਰਵਾ ਦਿਓ ।
ਜੋ ਸਭ ਨਾਲ਼ ਨਿਆਂ ਕਰੇ ,
ਗਾਲੀ-ਗਲੋਚ ਤੋਂ ਪਰਹੇਜ਼ ਕਰੇ ,
ਐਸਾ ਸਿੱਖਿਆ ਮੰਤਰੀ ਬਣਾ ਦਿਓ।
ਓਵਰ ਏਜ ਜੋ ਹੋ ਚੁੱਕੇ ਬੇਰੁਜ਼ਗਾਰ ,
ਉਹਨਾਂ ਵੱਲ ਨਿਗਾ ਵੀ ਘੁਮਾ ਲਿਓ ।
ਭੁੱਖਾ ਨਾ ਮਰੇ , ਨਾ ਜਾਵੇ ਵਿਦੇਸ਼ ਕੋਈ ,
ਐਸਾ ਜੁਗਾੜ ਕੋਈ ਲਾ ਦਿਓ ।
ਏਕਾ ਭਾਈਚਾਰਾ ਹੋਵੇ ਸਭਨਾਂ ਵਿੱਚ ,
ਘਰ-ਘਰ ਪਿਆਰ ਦੀ ਜੋਤ ਜਗਾ ਦਿਓ।
ਲੋਕਾਂ ਦੀ ਲੋਕਾਂ ਲਈ ਸਰਕਾਰ ਹੋਵੇ ,
ਸਿਆਸਤ ਦਾ ਰੰਗ ਨਾ ਚੜ੍ਹਾ ਦਿਓ।
ਭ੍ਰਿਸ਼ਟਾਚਾਰ ਤੋਂ ਮੁਕਤ ਹੋਵੇ ਜੋ ,
ਨਵਾਂ ਨਰੋਆ ਪੰਜਾਬ ਬਣਾ ਦਿਓ ।
ਬੱਸ ਗਗਨ ਦੀ ਇਹੋ ਬੇਨਤੀ ਹੈ ,
ਨਵੇਂ ਮੁੱਖ ਮੰਤਰੀ ਜੀ ,
ਪੰਜਾਬ ਨੂੰ ਬਚਾ ਲਿਓ ।
ਪੰਜਾਬ ਨੂੰ ਬਚਾ ਲਿਓ ।



**ਗਗਨਦੀਪ ਕੌਰ ਧਾਲੀਵਾਲ**

# ਸ਼ਾਨਾਮੱਤੀ ਵਿਰਾਸਤ

ਭਾਗਾਂ ਨਾਲ਼ ਹਿੱਸੇ ਆਉਂਦੀ
ਸ਼ਾਨਾਮੱਤੀ ਵਿਰਾਸਤ
ਸੌਖੀ ਨਹੀਂ ਬਣਦੀ
ਵਿਰਾਸਤ ਦੀ ਸ਼ਾਨ
ਪੁਰਖਿਆਂ ਦੀ ਵੱਡੀ ਘਾਲਣਾ
ਤਾਅ ਉਮਰ ਪੈਂਦਾ
ਜ਼ਫ਼ਰ ਜਾਲਣਾ
ਵਿਰਲੇ ਹੀ ਸਾਂਭਦੇ
ਸ਼ਾਨਾਮੱਤੀ ਵਿਰਾਸਤ
ਹਰ ਪਲ , ਹਰ ਛਿਣ
ਸਿਦਕ , ਸਬਰ ਤੇ ਜੁਰਅੱਤ
ਮੰਗਦੀ ਏ ਵਿਰਾਸਤ
ਨਵੇਂ ਇਤਿਹਾਸ
ਸਿਰਜਦੀ ਏ ਵਿਰਾਸਤ
ਵੱਡੀਆਂ ਹਵੇਲੀਆਂ
ਉੱਚੇ ਕਿਲਿਆਂ ਦੀਆਂ ਨੀਹਾਂ
ਹਿਲਾ ਕੇ ਰੱਖ ਦਿੰਦੀ ਏ
ਸਧਾਰਨ ਘਰਾਂ 'ਚ
ਚਿਰਾਂ ਤੋਂ ਮਹਿਫ਼ੂਜ਼
ਰੱਖੀ ਹੁੰਦੀ
ਉਹੀ ਸ਼ਾਨਾਮੱਤੀ ਵਿਰਾਸਤ

**ਰਣਦੀਪ ਸਿੰਘ ਆਹਲੂਵਾਲੀਆ**

# 'ਵਿੱਚ ਮਾਰੂਥਲ ਜ਼ਿੰਦਗੀ ਮੇਰੀ'

ਵਿੱਚ ਮਾਰੂਥਲ ਹੈ ਜ਼ਿੰਦਗੀ ਅਟਕੀ,
ਆਣ ਕੋਈ ਬਚਾਵੇ,
ਆ ਕੇ ਕੋਈ ਅੱਜ ਦਰਵੇਸ,
ਮੰਜ਼ਿਲ ਤੱਕ ਪਹੁੰਚਾਵੇ,
ਰਾਹ-ਦਸੇਰਾ ਬਣ ਕੇ ਜੇ,
ਸਾਹਮਣੇ ਮੇਰੇ ਆ ਜਾਵੇ,
ਸਦਕੇ ਜਾਵਾਂ ਉਸ ਕਾਦਰ ਤੋਂ,
ਜੋ ਇਸ ਭਟਕਣ ਤੋਂ ਬਚਾਵੇ,
ਵਿੱਚ ਦੁੱਖਾਂ-ਗ਼ਮਾਂ ਲੰਘ ਗਈ ਜ਼ਿੰਦਗੀ ਮੇਰੀ,
ਹਨੇਰੀਆਂ ਆਣ ਗਿਰਾਇਆ,
ਨਹੀਂ ਡੋਲਿਆ ਸਿਦਕ ਮੇਰਾ,
ਤੇ ਨਾ ਹੀ ਮੈਂ ਘਬਰਾਇਆ,
ਪਤਾ ਨਹੀਂ ਕਦੋਂ ਮਿਲਣੀ ਮੰਜ਼ਿਲ ?
ਸੋਚ-ਸੋਚ ਮਨ ਭਰ ਆਇਆ,
ਇੱਕ ਉਸ ਕਾਦਰ 'ਤੇ ਹੈ ਭਰੋਸਾ,
ਜਿਸਨੇ ਇਹ ਸੰਸਾਰ ਬਣਾਇਆ,
ਮੁੱਕ ਜਾਵਣ ਇਹ ਲੰਮੜੇ ਮਾਰੂਥਲ,
ਉੱਡ ਜਾਣ ਡਰਾਉਣੀਆਂ ਕਾਲ਼ੀਆਂ ਘਟਾਵਾਂ,
ਕੇਵਲ ਉਸ ਖ਼ੁਦਾ ਦੇ ਭਰੋਸੇ ਮੈਂ,
ਜ਼ਿੰਦਗੀ ਵਿੱਚ ਅੱਗੇ ਤੁਰਦਾ ਜਾਵਾਂ,
ਜ਼ਿੰਦਗੀ ਦੇ ਸਫ਼ਰ ਵਿੱਚ ਔਖੇ ਰਾਹਾਂ 'ਤੇ
ਚਲਦੇ ਪਾਂਧੀ ਦੇ ਨਾਂ....।

**ਮਾਸਟਰ ਸੰਜੀਵ ਧਰਮਾਣੀ**
**9478561356**

# ਤੇਰੇ ਸਿਵੇ ਦਾ ਸੇਕ

ਤੇਰੇ ਸਿਵੇ ਦਾ ਸੇਕ ਗਿਆ ਛੇਕ ਸਾਨੂੰ
ਹੋਏ ਬਿਰਹਾ 'ਚ ਅਸੀਂ ਤਾਰ-ਤਾਰ ਸਿੰਘਾ
ਹੋਣੀ ਵਰਤਗੀ ਕੌਮ ਨਾਲ਼ ਦਗਾ ਹੋਇਆ
ਅੱਧ ਵਾਟਿਓਂ ਟੁੱਟੇ ਇਕਰਾਰ ਸਿੰਘਾ
ਹੰਝੂ ਪਲਕਾਂ ਦੇ ਬੂਹਿਓਂ ਸੁੱਕ ਚੱਲੇ
ਆਉਂਦਾ ਅਜੇ ਵੀ ਨਹੀਂ ਇਤਬਾਰ ਸਿੰਘਾ
ਤੂੰ ਤਾਂ ਕਿਰ ਗਿਓਂ ਮੁੱਠੀ 'ਚੋਂ ਰੇਤ ਵਾਂਗੂੰ
ਕੀਕਣ ਕਰੀਏ ਦੱਸ ਸਵੀਕਾਰ ਸਿੰਘਾ
ਤੇਰੇ ਲਾਂਬੂੰ 'ਚੋਂ ਨਕਸ਼ ਪੰਜਾਬ ਉਕਰੇ
ਕਰੇ ਮਿੱਟੀ ਨਾ ਮਿੱਟੀ ਇਜ਼ਹਾਰ ਸਿੰਘਾ
ਤੇਰੀ ਚਿਖਾ ਤੇ ਚੋਬਰਾਂ ਧਾਹ ਮਾਰੀ
ਤੈਨੂੰ ਰੋਇਆ ਅੱਜ ਕੁੱਲ ਸੰਸਾਰ ਸਿੰਘਾ
ਜਿੰਨਾਂ ਬੁੱਝ ਲਏ ਅਰਥੀ ਦੇ ਅਰਥ ਤੇਰੇ
ਰਾਖੀ ਰਾਖ ਦੀ ਬੈਠੇ ਸਰਦਾਰ ਸਿੰਘਾ
ਜਵਾਨੀ ਜਾਗੀ ਅੱਜ ਹੋਂਦ ਦੀ ਬਾਤ ਪਾਵੇ
ਜਿਹੜੀ ਪਾਕੇ ਤੂੰ ਗਿਓਂ ਵੰਗਾਰ ਸਿੰਘਾ
ਛਪਗੇ ਸਮੇਂ ਦੀ ਹਿੱਕ ਤੇ ਨਕਸ਼ ਤੇਰੇ
ਤੇਰੇ ਬੋਲ ਜਿਓਂ ਤੇਗ਼ ਦੀ ਧਾਰ ਸਿੰਘਾ
ਮਿਟ ਜਾਣਗੇ ਅੱਖਰ ਓਹ ਗ਼ਲਤ ਵਾਂਗੂੰ
ਸੀ ਆਖਦੇ ਜੋ ਤੈਨੂੰ ਗ਼ੱਦਾਰ ਸਿੰਘਾ
ਤੇਰੀ ਪੀੜ ਦੀ ਕਿੱਥੋਂ ਅਸੀਂ ਥਾਹ ਪਾਈ
ਕਿੱਥੋਂ ਪਰਖੀਏ ਤੇਰਾ ਕਿਰਦਾਰ ਸਿੰਘਾ
ਪੁੱਤ ਮਿੱਟੀ ਦਾ ਸੁੱਚੀ ਸੀ ਸੋਚ ਤੇਰੀ
ਪੰਜ-ਆਬ ਸੀ ਤੇਰਾ ਪਿਆਰ ਸਿੰਘਾ
ਸੁੱਚੇ ਹਰਫ਼ ਸਦੀਵੀ ਤੇਰੇ ਰਹਿਣ ਸੋਂਹਦੇ
ਤੇਰੇ ਹੱਥ ਜਿਓਂ ਸੋਂਹਦੀ ਤਲਵਾਰ ਸਿੰਘਾ
ਕੌਮੀ ਅਜ਼ਾਦੀ ਨਿਸ਼ਾਨਾ ਤੇਰਾ ਆਖ਼ਰੀ ਸੀ
ਇੱਛਾ ਆਖ਼ਰੀ ਸੀ ਪਾਹੁਲ ਖੰਡੇਧਾਰ ਸਿੰਘਾ

**ਸੁਖਦੀਪ ਸਿੰਘ ਬਰਨਾਲ਼ਾ**

# (ਨਵੇਂ ਸੰਮਤ 'ਤੇ ਦੇਸੀ ਮਹੀਨਿਆਂ ਦਾ ਲੇਖਾ-ਜੋਖਾ)

ਬੇਬੇ ਕਹਿੰਦੀ ਚੇਤਿਆਂ 'ਚ ਰੱਖੀਂ ਪੁੱਤਾ ਚੇਤ,
ਇਸ ਰੁੱਤੇ ਪੁੱਛੀਂ ਪਿਉ ਤੋਂ ਕਿਵੇਂ ਖ਼ੁਸ਼ ਹੁੰਦੇ ਖੇਤ।
ਵਿਸਾਖ ਮਹੀਨੇ ਨਾ ਭੁੱਲੀ ਇਤਿਹਾਸ ਤੂੰ ਵਿਸਾਖੀ ਦਾ,
ਜੱਟ ਸੀਰੀ ਸਾਂਝ ਪਾਉਂਦੇ ਕਣਕਾਂ ਨਾਲ਼ ਦਾਤੀ ਦਾ।
ਜੇਠ ਦਾ ਮਹੀਨਾ ਜ਼ੋਰ ਹੁੰਦਾ ਪੂਰਾ ਲੋਆਂ ਦਾ,
ਬੜਾ ਔਖਾ ਹੁੰਦਾ ਸਫ਼ਰ ਫਿਰ ਕੋਹਾਂ ਦਾ।
ਹਾੜ ਦੇ ਮਹੀਨੇ ਪਿੰਡੇ ਭੱਠੀ ਵਾਂਗ ਤਪਦੇ,
ਸਾਉਣ ਦੇ ਮਹੀਨੇ ਮੋਰ ਖ਼ੁਸ਼ੀ ਵਿੱਚ ਨੱਚਦੇ।
ਭਾਦੋਂ ਮਹੀਨੇ ਪੂਰਾ ਕਹਿਰ ਹੁੰਦਾ ਪਿੱਤ ਦਾ,
ਅੱਸੂ ਦਾ ਮਹੀਨਾ ਥੋੜ੍ਹਾ ਪਾਲੇ ਵੱਲ ਖਿੱਚਦਾ।
ਕੱਤੇ ਦੇ ਮਹੀਨੇ ਜੱਟ ਫ਼ਸਲਾਂ ਨੂੰ ਸਾਂਭ ਦਾ,
ਮੱਘਰ ਮਹੀਨੇ ਮਨ ਸਵੈਟਰਾਂ ਲਈ ਤਾਂਘ ਦਾ।
ਪੋਹ ਦੇ ਮਹੀਨੇ ਪਾਲ਼ਾ ਹੱਡਾਂ ਨੂੰ ਪੂਰਾ ਠਾਰਦਾ,
ਮਾਘ ਮਹੀਨਾ ਫਿਰ ਰੁੱਖਾਂ ਦੇ ਪੱਤੇ ਝਾੜਦਾ।
ਫੱਗਣ ਕੰਧੀਂ ਲੱਗਣਾ ਬੇਬੇ ਦੱਸ ਪਰਾਂ ਉੱਠਗੀ,
ਕੁਰੜ ਵਾਲੇ ਸੁਖਚੈਨ ਦੀ ਕਲਮ ਫਿਰ ਰੁਕਗੀ।

**ਸੁਖਚੈਨ ਸਿੰਘ ਕੁਰੜ**
**9463551814**

# ਇਹ ਵੀ ਜਾਣੋ



**ਮਾਸਟਰ ਸੰਜੀਵ ਧਰਮਾਣੀ**
**9478561356**

1. ਐਕਸ-ਰੇ ਮਸ਼ੀਨ ਦੀ ਖੋਜ ਕਿਸ ਨੇ ਕੀਤੀ ?
2. ਦਹੀਂ ਵਿੱਚ ਕਿਹੜਾ ਐਸਿਡ ਹੁੰਦਾ ਹੈ ?
3. ਵਿਸ਼ਵ ਵਣ ਦਿਵਸ ਕਦੋਂ ਮਨਾਇਆ ਜਾਂਦਾ ਹੈ ?
4. ਨਾਟੋ ( N.A.T.O.) ਤੋਂ ਕੀ ਭਾਵ ਹੈ ?
5. ਬਾਂਸ ਨ੍ਰਿਤ ਦਾ ਸੰਬੰਧ ਕਿਸ ਰਾਜ ਨਾਲ਼ ਹੈ ?
6. ਕੋਲੰਬੋ ਕਿਸ ਦੇਸ਼ ਦੀ ਰਾਜਧਾਨੀ ਹੈ ?
7. ਕਿਹੜਾ ਗ੍ਰਹਿ ਲਾਲ ਰੰਗ ਦਾ ਦਿਖਾਈ ਦਿੰਦਾ ਹੈ ?
8. ਦੁਨੀਆਂ ਦੀ ਕਿਹੜੀ ਅਜਿਹੀ ਥਾਂ ਹੈ ਜਿੱਥੇ 12000 ਫੁੱਟ ਤੋਂ 15000 ਫੁੱਟ ਤੱਕ ਦੀ ਉਚਾਈ 'ਤੇ ਲੋਕ ਵਸਦੇ ਹਨ ?
9. ਹਰੀ ਸਿੰਘ ਨਲਵਾ ਨਾਮ ਵਿੱਚ 'ਨਲਵਾ' (ਨਲੂਆ) ਸ਼ਬਦ ਤੋਂ ਕੀ ਭਾਵ ਹੈ ?
10. ਮਹਾਤਮਾ ਗਾਂਧੀ ਜੀ ਦਾ ਜਨਮ ਕਿੱਥੇ ਹੋਇਆ ਸੀ ?
11. ਸੰਤਰੇ ਦਾ ਰੁੱਖ ਕਿੰਨੇ ਸਾਲ ਤੱਕ ਫਲ਼ ਦਿੰਦਾ ਹੈ ?
12. ਜਾਪਾਨ ਦਾ ਪੁਰਾਣਾ ਨਾਂ ਕੀ ਸੀ ?
13. ਇੱਕ ਰੁਪਏ ਦੇ ਨੋਟ 'ਤੇ ਕਿਸ ਦੇ ਹਸਤਾਖ਼ਰ ਹੁੰਦੇ ਹਨ ?
14. ਸ੍ਰੀ ਅਨੰਦਪੁਰ ਸਾਹਿਬ ਵਿੱਚ ਮਨਾਏ ਜਾਂਦੇ ਪ੍ਰਸਿੱਧ ਤਿਉਹਾਰ ਦਾ ਨਾਂ ਕੀ ਹੈ ?
15. ਪ੍ਰਾਚੀਨ ਸਮੇਂ ਵਿੱਚ ਪੰਜਾਬ ਨੂੰ ਕਿਸ ਨਾਂ ਨਾਲ਼ ਜਾਣਿਆ ਜਾਂਦਾ ਸੀ ?
16. ਪੰਜਾਬ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਕੌਣ ਸੀ ?
17. ਸਿੰਘ ਸਭਾ ਲਹਿਰ ਕਦੋਂ ਸ਼ੁਰੂ ਹੋਈ ?
18. ਸਵਿਟਜ਼ਰਲੈਂਡ ਦੀ ਰਾਜਧਾਨੀ ਦਾ ਨਾਂ ਕੀ ਹੈ ?
19. ਵਿਸ਼ਵ ਬੈਂਕ ਦਾ ਮੁੱਖ ਦਫ਼ਤਰ ਕਿੱਥੇ ਹੈ ?
20. ਅੰਗਰੇਜ਼ਾਂ ਨੇ ਸਭ ਤੋਂ ਪਹਿਲਾਂ ਭਾਰਤ ਦੀ ਰਾਜਧਾਨੀ ਕਿੱਥੇ ਬਣਾਈ ?
21. ਹਿਮਾਚਲ-ਪ੍ਰਦੇਸ਼ ਦੀ ਰਾਜਧਾਨੀ ਕਿੱਥੇ ਹੈ ?
22. ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਜੀ ਨੂੰ ਫਾਂਸੀ ਕਦੋਂ ਦਿੱਤੀ ਗਈ ?
23. ਮਹਾਤਮਾ ਗਾਂਧੀ ਕਿਸ ਭਾਸ਼ਾ ਵਿੱਚ ਲਿਖਦੇ ਸਨ ?
24. ਦੁਨੀਆਂ ਦੀ ਸਭ ਤੋਂ ਉੱਚੀ ਰੇਲ ਪਟੜੀ ਕਿੱਥੇ ਹੈ ?
25. ਭਾਰਤ ਦੇ ਵਰਤਮਾਨ ਰਾਸ਼ਟਰਪਤੀ ਦਾ ਨਾਮ ਦੱਸੋ ?

**ਉੱਤਰ ਸਫ਼ਾ 30 'ਤੇ**

## ਕਿਸਾਨ ਫਿਰ ਅੰਦੋਲਨ...

ਪ੍ਰਗਟਾਈ ਗਈ ਕਿ ਪੁਲਿਸ ਪ੍ਰਸ਼ਾਸਨ ਅਤੇ ਸਰਕਾਰੀ ਵਕੀਲ ਮਿਲ ਕੇ ਦੋਸ਼ੀਆਂ ਨੂੰ ਬਚਾਉਣ ਅਤੇ ਬੇਕਸੂਰ ਕਿਸਾਨਾਂ ਨੂੰ ਫਸਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਡਾ. ਦਰਸ਼ਨ ਪਾਲ ਨੇ ਕਿਹਾ ਕਿ 9 ਦਸੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਨੂੰ ਦਿੱਤੇ ਲਿਖਤੀ ਭਰੋਸੇ ਦੀ ਸਮੀਖਿਆ ਦੌਰਾਨ ਪਾਇਆ ਕਿ ਤਿੰਨ ਮਹੀਨੇ ਬੀਤਣ ਦੇ ਬਾਵਜੂਦ ਸਰਕਾਰ ਨੇ ਇਸ 'ਤੇ ਅਮਲ ਨਹੀਂ ਕੀਤਾ। ਘੱਟੋ-ਘੱਟ ਸਮਰਥਨ ਮੁੱਲ 'ਤੇ ਕਮੇਟੀ ਬਣਾਉਣ ਦੇ ਭਰੋਸੇ ਦਾ ਕੋਈ ਪਤਾ ਨਹੀਂ ਲੱਗਾ। ਹਰਿਆਣਾ ਨੂੰ ਛੱਡ ਕੇ ਬਾਕੀ ਰਾਜਾਂ ਵਿੱਚ ਅੰਦੋਲਨ ਦੌਰਾਨ ਕਿਸਾਨਾਂ ਖ਼ਿਲਾਫ਼ ਦਰਜ ਪੁਲਿਸ ਕੇਸ ਵਾਪਸ ਨਹੀਂ ਲਏ ਗਏ। ਦੇਸ਼ ਭਰ ਵਿੱਚ ਰੇਲ ਰੋਕੋ ਅੰਦੋਲਨ ਦੌਰਾਨ ਦਰਜ ਹੋਏ ਕੇਸਾਂ ਬਾਰੇ ਵੀ ਕੁਝ ਨਹੀਂ ਹੋਇਆ।

ਸੰਯੁਕਤ ਕਿਸਾਨ ਮੋਰਚੇ ਦੀ ਬੈਠਕ ਸ਼ੁਰੂ ਹੋਈ ਤਾਂ ਯੋਗੇਂਦਰ ਯਾਦਵ ਦੀ ਅਗਵਾਈ ਵਾਲੇ ਧੜੇ ਨੇ ਸੰਯੁਕਤ ਸਮਾਜ ਮੋਰਚਾ ਬਣਾ ਕੇ ਚੋਣਾਂ ਲੜਨ ਵਾਲੇ ਆਗੂਆਂ ਨੂੰ ਮੀਟਿੰਗ ਵਿੱਚੋਂ ਬਾਹਰ ਜਾਣ ਲਈ ਆਖ ਦਿੱਤਾ। ਇਸ ਮਗਰੋਂ ਦੋਵਾਂ ਧਿਰਾਂ ਦਰਮਿਆਨ ਤਕਰਾਰ ਵੀ ਹੋਈ। ਸੰਯੁਕਤ ਸਮਾਜ ਮੋਰਚੇ ਵੱਲੋਂ ਚੋਣ ਲੜਨ ਵਾਲੇ ਬਲਬੀਰ ਸਿੰਘ ਰਾਜੇਵਾਲ, ਹਰਿਆਣਾ ਦੇ ਆਗੂ ਗੁਰਨਾਮ ਸਿੰਘ ਚੜੂਨੀ, ਬੋਧ ਸਿੰਘ ਮਾਨਸਾ, ਪ੍ਰੇਮ ਸਿੰਘ ਭੰਗੂ, ਕਵਲਪ੍ਰੀਤ ਸਿੰਘ ਪੰਨੂ ਨੇ ਵੱਖਰੀ ਪ੍ਰੈੱਸ ਕਾਨਫ਼ਰੰਸ ਕੀਤੀ ਤੇ ਚੋਣਾਂ ਲੜਨ ਦੇ ਫ਼ੈਸਲੇ ਬਾਰੇ ਤਰਕ ਦਿੱਤੇ। ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਦੇਸ਼ ਦੇ ਕਿਸਾਨਾਂ ਨੂੰ ਕਰਜ਼ਾ ਮੁਕਤ ਕਰਨ ਲਈ ਅੰਦੋਲਨ ਹੋਵੇਗਾ।

## ਕਾਂਗਰਸ ਵਿੱਚ ਬ਼ਗਾਵਤ..

ਸੋਨੀਆ ਗਾਂਧੀ ਵਲੋਂ ਪੰਜਾਬ ਦੇ ਕਾਂਗਰਸੀ ਸੰਸਦ ਮੈਂਬਰਾਂ ਨਾਲ ਚਰਚਾ

ਪੰਜਾਬ ਦੀ ਵੱਡੀ ਚੋਣ ਹਾਰ ਨੂੰ ਲੈ ਕੇ ਕਾਂਗਰਸ ਵਿਚ ਪੈਦਾ ਹੋਇਆ ਹੰਗਾਮਾ ਹੁਣ ਪਾਰਟੀ ਹਾਈਕਮਾਂਡ ਦੇ ਵੀ ਸਾਹਮਣੇ ਆ ਰਿਹਾ ਹੈ। ਸੂਬੇ ਦੇ ਪਾਰਟੀ ਸਾਂਸਦਾਂ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਜਿੱਥੇ ਚੋਣਾਂ ਤੋਂ ਠੀਕ ਪਹਿਲਾਂ ਪੰਜਾਬ ਵਿੱਚ ਹੋਈ ਫੇਰਬਦਲ ਨੂੰ ਹਾਰ ਦਾ ਇੱਕ ਕਾਰਨ ਦੱਸਿਆ, ਉੱਥੇ ਹੀ ਟਿਕਟਾਂ ਦੀ ਵੰਡ ਵਿੱਚ ਗੜਬੜੀ ਨੂੰ ਵੀ ਹਾਰ ਦਾ ਵੱਡਾ ਕਾਰਨ ਦੱਸਿਆ। ਇੰਨਾ ਹੀ ਨਹੀਂ ਪੰਜਾਬ ਦੇ ਇੰਚਾਰਜ ਹਰੀਸ਼ ਚੌਧਰੀ 'ਤੇ ਟਿਕਟਾਂ ਦੀ ਵੰਡ 'ਚ ਪੈਸੇ ਦੀ ਖੇਡ ਖੇਡਣ ਦਾ ਦੋਸ਼ ਲਾਇਆ ਤਾਂ ਸਕਰੀਨਿੰਗ ਕਮੇਟੀ ਦੇ ਪ੍ਰਧਾਨ ਅਜੇ ਮਾਕਨ 'ਤੇ ਵੀ ਕੁਝ ਸਾਂਸਦਾਂ ਨੇ ਸਵਾਲ ਚੁੱਕੇ।

ਪੰਜਾਬ 'ਚ ਹਾਰ ਨੂੰ ਲੈ ਕੇ ਕਾਂਗਰਸ ਵਿਚ ਮੰਥਨ

ਕਾਂਗਰਸ ਪ੍ਰਧਾਨ ਨੇ ਸੰਸਦ ਭਵਨ ਕੰਪਲੈਕਸ 'ਵਿਚ ਆਪਣੇ ਦਫਤਰ ਦੇ ਕਮਰੇ 'ਚ ਪੰਜਾਬ ਦੇ ਪਾਰਟੀ ਸੰਸਦ ਮੈਂਬਰਾਂ ਨਾਲ ਮੀਟਿੰਗ ਕੀਤੀ ਅਤੇ ਇਸੇ ਬੈਠਕ 'ਚ ਸੰਸਦ ਮੈਂਬਰਾਂ ਨੇ ਹਾਰ 'ਤੇ ਨਿਰਾਸ਼ਾ ਜ਼ਾਹਰ ਕਰਦੇ ਹੋਏ ਕਾਂਗਰਸ ਦੀ ਚੋਣ ਰਣਨੀਤੀ ਅਤੇ ਪ੍ਰਬੰਧਨ ਦੀਆਂ ਖਾਮੀਆਂ ਦਾ ਵੀ ਜ਼ਿਕਰ ਕੀਤਾ। ਪੰਜ ਰਾਜਾਂ 'ਚ ਹਾਰ ਤੋਂ ਬਾਅਦ ਸੋਨੀਆ ਗਾਂਧੀ ਨੇ ਸੰਗਠਨ ਦੀਆਂ ਕਮੀਆਂ ਨੂੰ ਦੂਰ ਕਰ ਕੇ ਬਦਲਾਅ ਲਿਆਉਣ ਦੀਆਂ ਕੋਸ਼ਿਸ਼ਾਂ ਤਹਿਤ ਪੰਜਾਬ ਦੇ ਕਾਂਗਰਸੀ ਸੰਸਦ ਮੈਂਬਰਾਂ ਨਾਲ ਕਰੀਬ ਡੇਢ ਘੰਟੇ ਤੱਕ ਚਰਚਾ ਕੀਤੀ। ਸੂਤਰਾਂ ਮੁਤਾਬਕ ਸੰਸਦ ਮੈਂਬਰਾਂ ਨੇ ਪਾਰਟੀ ਦੇ ਸੂਬਾ ਇੰਚਾਰਜ ਹਰੀਸ਼ ਚੌਧਰੀ 'ਤੇ ਹਮਲਾ ਬੋਲਦਿਆਂ ਕਿਹਾ ਕਿ ਟਿਕਟਾਂ ਦੀ ਵੰਡ 'ਚ ਪੈਸੇ ਦੀ ਖੇਡ ਹੈ।

# ਫਿਰ ਸ਼ੁਰੂ ਹੋ ਚੁੱਕੀ ਹੈ ਕੋਰੋਨਾ ਦੀ ਇੱਕ ਹੋਰ ਲਹਿਰ,

## ✪ ਚੀਨ ਵਿੱਚ ਲਾਕਡਾਊਨ, ਯੂਰਪ ਵਿੱਚ ਫਿਰ ਭਰੇ ਹਸਪਤਾਲ ✪ ਭਾਰਤ ਤੋਂ ਚੰਗੀ ਖ਼ਬਰ ਕੋਰੋਨਾ ਦੇ ਮਾਮਲੇ ਘਟ ਰਹੇ ਹਨ ✪ ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਕੋਰੋਨਾ ਪਾਜ਼ੇਟਿਵ

**ਲੰਡਨ:** ਕੀ ਦੁਨੀਆ ਵਿੱਚ ਕੋਰੋਨਾ ਮਹਾਮਾਰੀ ਦੀ ਇੱਕ ਹੋਰ ਲਹਿਰ ਸ਼ੁਰੂ ਹੋ ਗਈ ਹੈ? ਚੀਨ ਅਤੇ ਯੂਰਪ ਤੋਂ ਆ ਰਹੀਆਂ ਖ਼ਬਰਾਂ ਇਸ ਦਿਸ਼ਾ ਵੱਲ ਇਸ਼ਾਰਾ ਕਰ ਰਹੀਆਂ ਹਨ। ਚੀਨ ਵਿੱਚ ਦੋ ਸਾਲਾਂ ਬਾਅਦ ਕੋਰੋਨਾ ਦੇ ਰਿਕਾਰਡ ਮਾਮਲੇ ਆਏ ਹਨ ਤੇ ਦੋ ਵੱਡੇ ਸ਼ਹਿਰਾਂ ਵਿੱਚ ਲਾਕਡਾਊਨ ਲਗਾਉਣਾ ਪਿਆ ਹੈ। ਇੱਥੇ ਯੂਰਪੀਅਨ ਦੇਸ਼ਾਂ ਤੋਂ ਖ਼ਬਰ ਹੈ ਕਿ ਇੱਕ ਵਾਰ ਫਿਰ ਤੋਂ ਕੋਰੋਨਾ ਵਰਗੇ ਲੱਛਣਾਂ ਵਾਲੇ ਹਸਪਤਾਲ ਵਿੱਚ ਦਾਖ਼ਲ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ਼ ਵੱਧ ਰਹੀ ਹੈ। ਮਾਹਿਰਾਂ ਨੂੰ ਖ਼ਦਸ਼ਾ ਹੈ ਕਿ ਇਹ ਕੋਰੋਨਾ ਦੀ ਇੱਕ ਹੋਰ ਲਹਿਰ ਹੈ, ਜਿਸ ਦਾ ਅਸਰ ਦਿਖਾਈ ਦੇਣਾ ਸ਼ੁਰੂ ਹੋ ਗਿਆ ਹੈ। ਭਾਰਤ ਤੋਂ ਚੰਗੀ ਖ਼ਬਰ ਇਹ ਹੈ ਕਿ ਇੱਥੇ ਕੋਰੋਨਾ ਦੇ ਮਾਮਲੇ ਲਗਾਤਾਰ ਘਟ ਰਹੇ ਹਨ। ਲੋਕਾਂ ਨੂੰ ਮਾਸਕ ਪਹਿਨਣ, ਸਰੀਰਕ ਦੂਰੀ ਦੀ ਪਾਲਣਾ ਕਰਨ ਅਤੇ ਸਮੇਂ-ਸਮੇਂ 'ਤੇ ਹੱਥਾਂ ਦੀ ਸਫ਼ਾਈ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ।

ਯੂ.ਕੇ., ਆਇਰਲੈਂਡ, ਨੀਦਰਲੈਂਡ, ਸਵਿਟਜ਼ਰਲੈਂਡ ਤੇ ਇਟਲੀ ਵਰਗੇ ਦੇਸ਼ਾਂ ਨੇ ਪਿਛਲੇ ਹਫ਼ਤੇ ਰਿਪੋਰਟ ਕੀਤੇ ਕੋਵਿਡ -19 ਕੇਸਾਂ ਅਤੇ ਹਸਪਤਾਲ ਵਿੱਚ ਭਰਤੀ ਹੋਣ ਵਿੱਚ ਇੱਕ ਹੋਰ ਵਾਧਾ ਦੇਖਿਆ ਹੈ। ਸਕ੍ਰਿਪਸ ਰਿਸਰਚ ਟ੍ਰਾਂਸਲੇਸ਼ਨਲ ਇੰਸਟੀਚਿਊਟ ਦੇ ਸੰਸਥਾਪਕ ਐਰਿਕ ਟੋਪੋਲ, ਐੱਮ.ਡੀ. ਨੇ ਟਵੀਟ ਕੀਤਾ: 'ਅਗਲੀ ਲਹਿਰ ਯੂਰਪ ਵਿੱਚ ਸ਼ੁਰੂ ਹੋ ਗਈ ਹੈ।' ਨਵੇਂ ਮਰੀਜ਼ਾਂ ਦੇ ਅੰਕੜੇ ਇਸ ਦਿਸ਼ਾ ਵੱਲ ਇਸ਼ਾਰਾ ਕਰ ਰਹੇ ਹਨ। ਯੂਰਪ ਦੇ ਵੱਖ-ਵੱਖ ਦੇਸ਼ਾਂ ਨੇ ਲਗਭਗ ਇੱਕ ਮਹੀਨੇ ਬਾਅਦ ਨਿਯਮਾਂ ਵਿੱਚ ਢਿੱਲ ਦਿੱਤੀ ਸੀ ਤੇ ਹੁਣ ਮਾਮਲੇ ਮੁੜ ਵਧਣੇ ਸ਼ੁਰੂ ਹੋ ਗਏ ਹਨ। ਅਮਰੀਕਾ ਵਿੱਚ ਵੀ ਅਜਿਹਾ ਹੀ ਹੋਇਆ ਹੈ। ਹੁਣ ਸਵਾਲ ਉਠਾਇਆ ਜਾ ਰਿਹਾ ਹੈ ਕਿ ਕੀ ਛੋਟ ਦੇਣ ਵਿੱਚ ਜਲਦਬਾਜ਼ੀ ਭਾਰੀ ਪੈ ਸਕਦੀ ਹੈ।

ਚੀਨ ਨੇ ਐਤਵਾਰ ਨੂੰ 9 ਮਿਲੀਅਨ ਦੀ ਆਬਾਦੀ ਵਾਲੇ ਉੱਤਰ-ਪੂਰਬੀ ਸ਼ਹਿਰ ਚਾਂਗਚੁਨ ਵਿੱਚ ਕੋਰੋਨਾ ਦੇ ਮਾਮਲਿਆਂ ਵਿੱਚ ਤੇਜ਼ੀ ਨਾਲ਼ ਵਾਧੇ ਦੇ ਵਿਚਕਾਰ ਤਾਲਾਬੰਦੀ ਲਗਾਉਣ ਤੋਂ ਦੋ ਦਿਨ ਬਾਅਦ ਇੱਕ ਹੋਰ ਸ਼ਹਿਰ, ਸ਼ੇਨਜ਼ੇਨ ਨੂੰ ਬੰਦ ਕਰ ਦਿੱਤਾ। ਇਸ ਸ਼ਹਿਰ ਦੀ ਆਬਾਦੀ 17 ਕਰੋੜ ਤੋਂ ਵੱਧ ਹੈ।

### ਭਾਰਤ ਵਿੱਚ ਕੋਰੋਨਾ ਦੀ ਤਾਜ਼ਾ ਸਥਿਤੀ

ਭਾਰਤ ਵਿੱਚ ਕੇਂਦਰੀ ਸਿਹਤ ਮੰਤਰਾਲੇ ਵੱਲੋਂ ਬੀਤੇ ਸੋਮਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪਿਛਲੇ 24 ਘੰਟਿਆਂ ਵਿੱਚ ਦੇਸ਼ ਵਿੱਚ ਕੋਰੋਨਾ ਦੇ 2,503 ਨਵੇਂ ਮਾਮਲੇ ਦਰਜ ਕੀਤੇ ਗਏ ਹਨ। ਇਸ ਦੌਰਾਨ 27 ਮੌਤਾਂ ਹੋਈਆਂ। ਇਸ ਤਰਾਂ ਭਾਰਤ ਵਿੱਚ ਕੋਰੋਨਾ ਨਾਲ਼ ਮਰਨ ਵਾਲਿਆਂ ਦੀ ਗਿਣਤੀ 5,15,877 ਹੋ ਗਈ ਹੈ। ਐਕਟਿਵ ਕੇਸ 36,168 ਹਨ।

### ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਹੋਏ ਕੋਰੋਨਾ ਪਾਜ਼ੇਟਿਵ

ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਕੋਰੋਨਾ ਪਾਜ਼ੇਟਿਵ ਹੋ ਗਏ ਹਨ। ਬੀਤੇ ਐਤਵਾਰ ਨੂੰ ਓਬਾਮਾ ਨੇ ਖ਼ੁਦ ਆਪਣੇ ਟਵਿੱਟਰ ਅਕਾਊਂਟ ਤੋਂ ਇਹ ਜਾਣਕਾਰੀ ਦਿੱਤੀ। ਸਾਬਕਾ ਰਾਸ਼ਟਰਪਤੀ ਨੇ ਟਵਿੱਟਰ 'ਤੇ ਜਾਣਕਾਰੀ ਦਿੱਤੀ ਕਿ ਉਨਾਂ ਦੀ ਪਤਨੀ ਮਿਸ਼ੇਲ ਓਬਾਮਾ ਦਾ ਟੈਸਟ ਨੈਗੇਟਿਵ ਆਇਆ ਹੈ। ਓਬਾਮਾ ਨੇ ਟਵੀਟ ਕੀਤਾ, "ਮੈਂ ਹੁਣੇ ਹੀ ਕੋਰੋਨਾ ਲਈ ਸਕਾਰਾਤਮਕ ਟੈਸਟ ਕੀਤਾ ਹੈ। ਉਨਾਂ ਕਿਹਾ ਕਿ ਮੈਂ ਕੁਝ ਦਿਨਾਂ ਤੋਂ ਗਲੇ ਵਿੱਚ ਦਰਦ ਮਹਿਸੂਸ ਕਰ ਰਿਹਾ ਸੀ, ਪਰ ਮੈਂ ਠੀਕ ਮਹਿਸੂਸ ਕਰ ਰਿਹਾ ਹਾਂ।" ਡਾਕਟਰਾਂ ਨੇ ਵੀ ਪੁਸ਼ਟੀ ਕੀਤੀ ਹੈ ਕਿ ਉਹ ਕੋਰੋਨਾ ਪਾਜ਼ੇਟਿਵ ਹਨ। ਬਰਾਕ ਨੇ ਇਸ ਦੇ ਨਾਲ਼ ਕਿਹਾ ਕਿ ਮਿਸ਼ੇਲ ਤੇ ਮੈਂ ਸਰਕਾਰ ਦੁਆਰਾ ਤੇਜ਼ੀ ਨਾਲ਼ ਕੋਰੋਨਾ ਵੈਕਸੀਨ ਦੀ ਸ਼ੁਰੂਆਤ ਲਈ ਧੰਨਵਾਦੀ ਹਾਂ। ਉਨਾਂ ਦੱਸਿਆ ਕਿ ਟੀਕਾਕਰਨ ਕਾਰਨ ਮਿਸ਼ੇਲ ਦਾ ਟੈਸਟ ਨੈਗੇਟਿਵ ਆਇਆ ਹੈ। ਇਸ ਦੇ ਨਾਲ਼ ਹੀ ਓਬਾਮਾ ਨੇ ਲੋਕਾਂ ਨੂੰ ਜਲਦੀ ਟੀਕਾਕਰਨ ਕਰਵਾਉਣ ਲਈ ਵੀ ਕਿਹਾ। ਉਨਾਂ ਕਿਹਾ ਕਿ ਇਹ ਹੁਣ ਸਾਰਿਆਂ ਲਈ ਯਾਦ ਦਿਵਾਉਣ ਵਾਲੀ ਗੱਲ ਹੈ ਜੇਕਰ ਉਨਾਂ ਨੇ ਪਹਿਲਾਂ ਹੀ ਟੀਕਾਕਰਨ ਨਹੀਂ ਕੀਤਾ ਹੈ। ਓਬਾਮਾ ਨੇ ਕਿਹਾ ਕਿ ਜੇਕਰ ਕੋਰੋਨਾ ਦੇ ਮਾਮਲੇ ਘਟਦੇ ਹਨ ਤਾਂ ਵੀ ਸਾਰਿਆਂ ਨੂੰ ਟੀਕਾ ਲਗਵਾਉਣਾ ਚਾਹੀਦਾ ਹੈ।

ਇੱਥੇ ਜ਼ਿਕਰਯੋਗ ਹੈ ਕਿ ਦੁਨੀਆ ਦੇ ਸਭ ਤੋਂ ਪੁਰਾਣੇ ਮੈਡੀਕਲ ਜਰਨਲ 'ਦਿ ਲਾਂਸਟ' ਵਿੱਚ ਛਪੇ ਖੋਜ ਪੱਤਰ ਅਨੁਸਾਰ ਕੋਵਿਡ-19 ਦੀ ਮਹਾਂਮਾਰੀ ਕਾਰਨ ਭਾਰਤ ਵਿੱਚ 40 ਲੱਖ ਤੋਂ ਜ਼ਿਆਦਾ ਮੌਤਾਂ ਹੋਈਆਂ ਜਦੋਂਕਿ ਦਸੰਬਰ 2021 ਤੱਕ ਸਰਕਾਰੀ ਅੰਕੜਿਆਂ ਦੀ ਗਿਣਤੀ 4,80,000 ਤੋਂ ਕੁਝ ਵੱਧ ਸੀ। ਜੇ ਇਸ ਵਿਚਲੇ ਅੰਕੜਿਆਂ ਨੂੰ ਸਹੀ ਮੰਨਿਆ ਜਾਵੇ ਤਾਂ ਸਭ ਤੋਂ ਵੱਧ ਮੌਤਾਂ ਭਾਰਤ



ਵਿੱਚ ਹੋਈਆਂ ਜੋ ਸਾਰੀ ਦੁਨੀਆ ਵਿੱਚ ਕੋਵਿਡ ਕਾਰਨ ਹੋਈਆਂ ਮੌਤਾਂ ਦਾ 22 ਫ਼ੀਸਦੀ ਬਣਦੀਆਂ ਹਨ। ਭਾਰਤ ਸਰਕਾਰ ਨੇ ਇਸ ਖੋਜ ਪੱਤਰ ਨੂੰ ਗ਼ਲਤ ਅਤੇ ਗੁਮਰਾਹ ਕਰਨ ਵਾਲਾ ਦੱਸਿਆ ਹੈ। ਸਰਕਾਰ ਅਨੁਸਾਰ ਇਹ ਖੋਜ ਪੱਤਰ ਲਿਖਣ ਵਾਲਿਆਂ ਦਾ ਖੋਜ ਕਰਨ ਦਾ ਤਰੀਕਾ ਸਹੀ ਤੇ ਵਿਗਿਆਨਕ ਨਹੀਂ ਹੈ ਅਤੇ ਅਜਿਹੀਆਂ ਰਿਪੋਰਟਾਂ ਸਮਾਜ ਵਿੱਚ ਡਰ ਤੇ ਸਹਿਮ ਪੈਦਾ ਕਰ ਸਕਦੀਆਂ ਹਨ। ਪਹਿਲਾਂ ਵੀ ਸਰਕਾਰ ਨੇ ਵੱਧ ਮੌਤਾਂ ਹੋਣ ਦੀਆਂ ਰਿਪੋਰਟਾਂ ਨੂੰ ਗ਼ਲਤ ਦੱਸਿਆ ਸੀ।

'ਦਿ ਲਾਂਸਟ' ਰਸਾਲਾ 1823 ਵਿੱਚ ਇੰਗਲੈਂਡ ਦੇ ਸਰਜਨ ਥਾਮਸ ਵੈਕਲੀ ਨੇ ਸ਼ੁਰੂ ਕੀਤਾ। ਇਸ ਦਾ ਮਤਲਬ 'ਡਾਕਟਰੀ ਛੁਰੀ/ਸਕੈਲਪਲ' ਹੈ। ਹੋਰ ਵਿਗਿਆਨਕ ਰਸਾਲਿਆਂ ਵਾਂਗ 'ਦਿ ਲਾਂਸਟ' ਵੀ ਖੋਜ ਪੱਤਰਾਂ ਨੂੰ ਛਾਪਣ ਤੋਂ ਪਹਿਲਾਂ ਮਾਹਿਰਾਂ ਕੋਲ਼ ਭੇਜਦਾ ਹੈ ਅਤੇ ਬਹੁਗਿਣਤੀ ਮਾਹਿਰਾਂ ਦੀ ਸਹਿਮਤੀ ਮਗਰੋਂ ਹੀ ਕਿਸੇ ਖੋਜ ਪੱਤਰ ਨੂੰ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਕੁਝ ਖੋਜ ਪੱਤਰਾਂ ਬਾਰੇ ਵਾਦ-ਵਿਵਾਦ ਵੀ ਹੋਏ ਹਨ ਅਤੇ ਅਜਿਹੇ ਵਾਦ-ਵਿਵਾਦ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਹੀ ਵਿਚਾਰਿਆ ਜਾਂਦਾ ਹੈ। ਕੋਵਿਡ-19 ਦੌਰਾਨ 'ਦਿ ਲਾਂਸਟ' ਵਿੱਚ ਛਪੇ ਹਾਰਵਰਡ ਯੂਨੀਵਰਸਿਟੀ ਦੇ ਮਨਦੀਪ ਮਹਿਤਾ ਦੇ ਖੋਜ ਪੱਤਰ ਵਿੱਚ ਕਿਹਾ ਗਿਆ ਸੀ ਕਿ ਮਲੇਰੀਏ ਦਾ ਇਲਾਜ ਕਰਨ ਵਾਲੀਆਂ ਦਵਾਈਆਂ ਹਾਈਡਰੋਕਲੋਰੋਕੁਇਨ ਤੇ ਕਲੋਰੋਕੁਇਨ ਕੋਵਿਡ-19 ਦੀ ਬੀਮਾਰੀ ਦੇ ਇਲਾਜ ਵਾਸਤੇ ਕਾਰਗਰ ਨਹੀਂ ਹਨ। ਕੁਝ ਡਾਕਟਰਾਂ ਅਤੇ ਖੋਜਕਾਰਾਂ ਨੇ ਇਸ ਖੋਜ ਪੱਤਰ 'ਤੇ ਸਵਾਲ ਉਠਾਏ ਸਨ ਅਤੇ ਰਸਾਲੇ ਨੇ ਇਸ ਬਾਰੇ ਤਫ਼ਤੀਸ਼ ਕਰਵਾਉਣ ਦਾ ਫ਼ੈਸਲਾ ਕੀਤਾ। ਖੋਜਕਾਰ ਮਹਿਤਾ ਦੀ ਸੰਸਥਾ ਨੇ ਰਸਾਲੇ ਨੂੰ ਮੌਲਿਕ ਜਾਣਕਾਰੀ ਦੇਣ ਤੋਂ ਨਾਂਹ ਕਰ ਦਿੱਤੀ ਅਤੇ ਖੋਜ ਪੱਤਰ ਵਾਪਸ ਲੈ ਲਿਆ। ਬਾਅਦ ਵਿੱਚ ਖੋਜ ਪੱਤਰ ਵਿੱਚ ਦਿੱਤੀ ਜਾਣਕਾਰੀ ਸਹੀ ਸਾਬਿਤ ਹੋਈ ਸੀ। ਇਸ ਤਰਾਂ ਜੇ ਕਿਸੇ ਨੂੰ ਕਿਸੇ ਵਿਗਿਆਨਕ ਰਸਾਲੇ ਵਿੱਚ ਦਿੱਤੀ ਹੋਈ ਸਮੱਗਰੀ 'ਤੇ ਕੋਈ ਇਤਰਾਜ਼ ਹੋਵੇ ਤਾਂ ਉਸ 'ਤੇ ਵਿਗਿਆਨਕ ਤਰੀਕੇ ਨਾਲ਼ ਉਜ਼ਰ ਕੀਤੇ ਜਾਣੇ ਚਾਹੀਦੇ ਹਨ। ਇਸ ਖੋਜ ਰਸਾਲੇ ਦਾ ਇਤਿਹਾਸ ਦੱਸਦਾ ਹੈ ਕਿ ਇਹ ਰਸਾਲਾ ਖੋਜ ਪੱਤਰ ਤੇ ਅੰਕੜੇ ਜ਼ਿੰਮੇਵਾਰੀ ਨਾਲ਼ ਪੇਸ਼ ਕਰਦਾ ਹੈ।

ਭਾਰਤ ਸਰਕਾਰ ਨੂੰ ਵੀ ਆਪਣੇ ਅੰਕੜਿਆਂ ਦਾ ਜ਼ਿੰਮੇਵਾਰੀ ਨਾਲ਼ ਮੁਲਾਂਕਣ ਕਰਨਾ ਚਾਹੀਦਾ ਹੈ। ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦੀ ਹਸਪਤਾਲਾਂ ਤੇ ਡਾਕਟਰਾਂ ਤੱਕ ਕੋਈ ਪਹੁੰਚ ਨਹੀਂ ਹੈ। ਨਿੱਜੀ ਖੇਤਰ ਦੇ ਹਸਪਤਾਲ ਆਮ ਲੋਕਾਂ ਦੀ ਪਹੁੰਚ ਤੋਂ ਬਿਲਕੁਲ ਬਾਹਰ ਹਨ ਜਦੋਂਕਿ ਜਨਤਕ ਖੇਤਰ ਦਾ ਸਿਹਤ ਪ੍ਰਬੰਧ ਕਮਜ਼ੋਰ ਹੈ। ਕਰੋਨਾ ਦੀ ਪਹਿਲੀ ਲਹਿਰ ਦੌਰਾਨ ਤਾਂ ਡਾਕਟਰ ਅਤੇ ਸਿਹਤ ਵਿਗਿਆਨੀ ਖ਼ੁਦ ਸਹਿਮ ਵਿੱਚ ਜਕੜੇ ਦਿਸ ਰਹੇ ਸਨ ਜਦੋਂਕਿ ਕਰੋਨਾ ਦੀ ਦੂਸਰੀ ਲਹਿਰ ਦੌਰਾਨ ਬਹੁਤ ਸਾਰੇ ਮਰੀਜ਼ਾਂ ਨੇ ਹਸਪਤਾਲਾਂ ਦੇ ਬਾਹਰ ਹੀ ਦਮ ਤੋੜ ਦਿੱਤਾ ਸੀ; ਬੈੱਡਾਂ, ਆਕਸੀਜਨ, ਦਵਾਈਆਂ ਅਤੇ ਹੋਰ ਸਹੂਲਤਾਂ ਦੀ ਕਮੀ ਮੌਤਾਂ ਦਾ ਕਾਰਨ ਬਣੀ। ਹਸਪਤਾਲਾਂ ਅਤੇ ਸ਼ਮਸ਼ਾਨਘਾਟਾਂ ਦੇ ਬਾਹਰ ਕਤਾਰਾਂ ਨਜ਼ਰ ਆਈਆਂ। ਹਜ਼ਾਰਾਂ ਮਰੀਜ਼ ਤਾਂ ਕੋਵਿਡ-19 ਦਾ ਪਤਾ ਲਾਉਣ ਲਈ ਲੋੜੀਂਦਾ ਆਰ.ਟੀ.ਪੀ.ਸੀ.ਆਰ. ਜਾਂ ਕੋਈ ਹੋਰ ਟੈਸਟ ਵੀ ਨਾ ਕਰਾ ਸਕੇ। ਅਜਿਹੇ ਹਾਲਾਤ ਵਿੱਚ ਕੋਵਿਡ-19 ਕਾਰਨ ਹੋਈਆਂ ਮੌਤਾਂ ਦਾ ਸਹੀ ਅੰਦਾਜ਼ਾ ਲਗਾਉਣਾ ਸੰਭਵ ਨਹੀਂ ਹੈ। ਕੇਂਦਰ ਸਰਕਾਰ ਨੂੰ 'ਦਿ ਲਾਂਸਟ' ਜਿਹੇ ਖੋਜ ਰਸਾਲੇ ਵਿੱਚ ਪੇਸ਼ ਕੀਤੇ ਅੰਕੜਿਆਂ ਨੂੰ ਨਕਾਰਨ ਦੀ ਥਾਂ ਆਪਣੇ ਅੰਕੜਿਆਂ ਦੀ ਖੋਜ ਪੜਤਾਲ ਕਰਨ ਦੀ ਜ਼ਰੂਰਤ ਹੈ।



# ਪੰਜਾਬੀ ਪੱਤਰਕਾਰੀ, ਪੰਜਾਬੀ ਬੋਲੀ ਅਤੇ ਸਵੈ-ਚੇਤਨਤਾ ਦੀ ਘਾਟ

**ਅਵਤਾਰ ਸਿੰਘ**

ਬੋਲੀ ਕਿਸੇ ਵੀ ਕੌਮ ਅਤੇ ਭਾਈਚਾਰੇ ਦੀ ਹੋਂਦ ਦਾ ਥੰਮ ਹੁੰਦੀ ਹੈ। ਕੋਈ ਵੀ ਕੌਮ ਜਾਂ ਭਾਈਚਾਰਾ ਜਦੋਂ ਆਪਣੇ ਆਪ ਨੂੰ ਪਰਿਭਾਸ਼ਤ ਕਰਦਾ ਹੈ ਤਾਂ ਬੋਲੀ ਉਸ ਵਿੱਚ ਅਹਿਮ ਤੱਤ ਹੁੰਦੀ ਹੈ। ਬੇਸ਼ੱਕ ਕਿਸੇ ਕੌਮ ਜਾਂ ਭਾਈਚਾਰੇ ਨੂੰ ਪਰਿਭਾਸ਼ਤ ਕਰਨ ਲਈ ਹੋਰ ਵੀ ਬਹੁਤ ਸਾਰੇ ਤੱਤ ਅਹਿਮ ਭੂਮਿਕਾ ਨਿਭਾਉਂਦੇ ਹਨ ਪਰ ਬੋਲੀ ਇਨਾਂ ਵਿੱਚੋਂ ਕਾਫ਼ੀ ਮਹੱਤਵਪੂਰਨ ਤੱਤ ਹੁੰਦਾ ਹੈ। ਬੋਲੀ ਹੀ ਕਿਸੇ ਕੌਮ ਜਾਂ ਭਾਈਚਾਰੇ ਦੀ ਵਿਲੱਖਣਤਾ ਅਤੇ ਨਿਆਰੇਪਣ ਨੂੰ ਦਰਸਾਉਂਦੀ ਹੈ। ਇਹ ਸਾਨੂੰ ਜਿੱਥੇ ਆਪਣੇ ਅਤੀਤ ਨਾਲ਼ ਜੋੜ ਕੇ ਰੱਖਦੀ ਹੈ, ਉੱਥੇ ਸਾਡੇ ਭਵਿੱਖ ਦੇ ਰਾਹ ਵੀ ਰੁਸ਼ਨਾਉਂਦੀ ਹੈ। ਹਰ ਕੌਮ ਅਤੇ ਭਾਈਚਾਰਾ ਆਪਣੇ ਪੁਰਾਤਨ ਧਰਮ ਗ੍ਰੰਥਾਂ, ਲੋਕ ਗਾਥਾਵਾਂ, ਸਾਹਿਤ ਦੇ ਵੱਖ-ਵੱਖ ਰੂਪਾਂ ਅਤੇ ਕਿਰਤ ਸੱਭਿਆਚਾਰ ਰਾਹੀਂ ਘੜੇ ਗਏ ਸ਼ਬਦਾਂ, ਮੁਹਾਵਰਿਆਂ ਰਾਹੀਂ ਆਪਣੇ ਆਪ ਨੂੰ ਅੱਗੇ ਵਧਾਉਂਦਾ ਹੈ। ਉਸ ਦਾ ਭਵਿੱਖ ਉਸ ਦੀ ਹੋਂਦ ਭਾਵ ਬੋਲੀ ਦੀ ਪਵਿੱਤਰਤਾ ਅਤੇ ਸੁੱਚਤਾ ਉੱਤੇ ਨਿਰਭਰ ਕਰਦਾ ਹੈ। ਉਹ ਆਪਣੇ ਸੁਨਹਿਰੇ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਹੀ ਆਪਣੇ ਭਵਿੱਖ ਦੀ ਘਾੜਤ ਘੜਦਾ ਹੈ।

ਇਤਿਹਾਸ ਦੱਸਦਾ ਹੈ ਕਿ ਸਮਾਂ ਬੀਤਣ ਦੇ ਨਾਲ਼-ਨਾਲ਼ ਹਰ ਬੋਲੀ ਵਿੱਚ ਨਵੇਂ ਸ਼ਬਦ ਜੁੜਦੇ ਜਾਂਦੇ ਹਨ ਅਤੇ ਕੁਝ ਪੁਰਾਣੇ ਅਲੋਪ ਹੋ ਜਾਂਦੇ ਹਨ। ਇਹ ਬੋਲੀਆਂ ਦੇ ਇਤਿਹਾਸ ਦਾ ਇੱਕ ਮਹੱਤਵਪੂਰਨ ਅੰਗ ਰਿਹਾ ਹੈ। ਸਮੇਂ-ਸਮੇਂ ਤੇ ਬੋਲੀਆਂ ਨਵੇਂ ਸ਼ਬਦਾਂ ਨੂੰ ਆਪਣੀ ਵਰਣਮਾਲਾ ਵਿੱਚ ਸਤਿਕਾਰਤ ਥਾਂ ਦਿੰਦੀਆਂ ਆਈਆਂ ਹਨ। ਜਿਉਂ-ਜਿਉਂ ਮਨੁੱਖੀ ਸੱਭਿਅਤਾ ਵਿਕਾਸ ਕਰਦੀ ਹੈ, ਉਸ ਸਾਹਮਣੇ ਨਵੇਂ-ਨਵੇਂ ਕੰਮਕਾਜ ਅਤੇ ਨਵੇਂ ਸੰਦ ਈਜਾਦ ਹੋ ਕੇ ਆਉਂਦੇ ਰਹਿੰਦੇ ਹਨ। ਇਸ ਨਵੇਂ ਕਿਰਤ ਸੱਭਿਆਚਾਰ ਨੇ ਜੋ ਨਵੇਂ ਸੰਦ ਘੜੇ ਜਾਂ ਉਸ ਦੇ ਨਾਲ਼ ਜੋ ਨਵਾਂ ਕਿਰਤ ਸੱਭਿਆਚਾਰ ਸਿਰਜਿਆ, ਉਸ ਕਾਰਨ ਹਰ ਬੋਲੀ ਨੇ ਨਵੇਂ ਸ਼ਬਦਾਂ ਦੀ ਘਾੜਤ ਘੜੀ ਅਤੇ ਉਨਾਂ ਨੂੰ ਆਪਣੀ ਵਰਣਮਾਲਾ ਦਾ ਹਿੱਸਾ ਬਣਾਇਆ। ਹਲ਼ਾਂ, ਪੰਜਾਲੀਆਂ, ਸਣਘਿਆਂ, ਤੰਗਲ਼ੀਆਂ ਅਤੇ ਸੁਹਾਗਿਆਂ ਨਾਲ਼ ਖੇਤੀ ਕਰਦੇ-ਕਰਦੇ ਜਦੋਂ ਪੰਜਾਬੀ ਟਰੈਕਟਰਾਂ, ਤਵੀਆਂ, ਹਾਲ਼ਿਆਂ, ਕੰਬਾਇਨਾਂ, ਰੀਪਰਾਂ ਅਤੇ ਸੀਡਰਾਂ ਤੱਕ ਪਹੁੰਚ ਗਏ ਤਾਂ ਬੋਲੀ ਵਿੱਚ ਬਹੁਤ ਸਾਰੇ ਨਵੇਂ ਸ਼ਬਦ ਸ਼ਾਮਲ ਹੋ ਗਏ। ਇਨਾਂ ਸ਼ਬਦਾਂ ਨੇ ਹੌਲ਼ੀ-ਹੌਲ਼ੀ ਪੰਜਾਬੀ ਬੋਲੀ ਦੇ ਢਾਂਚੇ ਵਿੱਚ ਆਪਣੀ ਸਤਿਕਾਰਤ ਥਾਂ ਬਣਾ ਲਈ। ਹੁਣ ਕੰਬਾਇਨ, ਟਰੈਕਟਰ, ਰੀਪਰ ਅਤੇ ਸੀਡਰ ਬੋਲੀ ਦਾ ਹਿੱਸਾ ਬਣ ਗਏ ਹਨ ਅਤੇ ਬੋਲੀ ਨੇ ਇਨਾਂ ਸ਼ਬਦਾਂ ਨੂੰ ਆਪਣੇ ਢਾਂਚੇ ਵਿੱਚ ਸਮੋ ਵੀ ਲਿਆ ਹੈ।

ਇਹ ਬੋਲੀਆਂ ਦੀ ਸਕਾਰਤਮਕ ਕਿਰਿਆ ਦਾ ਹਿੱਸਾ ਹੈ। ਸਮੇਂ ਅਤੇ ਸਥਾਨ ਨੇ ਕਿਸੇ ਬੋਲੀ ਨੂੰ ਬੋਲਣ ਵਾਲੇ ਲੋਕਾਂ ਲਈ ਜੋ ਹਾਲਾਤ ਪੈਦਾ ਕੀਤੇ ਉਸ ਕੌਮ ਅਤੇ ਭਾਈਚਾਰੇ ਨੇ ਇਸ ਕਾਰਨ ਪੈਦਾ ਹੋਏ ਨਵੇਂ ਸ਼ਬਦਾਂ ਨੂੰ ਆਪਣੇ ਵਿੱਚ ਸਮੋ ਲਿਆ। ਇਹ ਪੰਜਾਬੀ ਨਾਲ਼ ਹੀ ਨਹੀਂ ਵਾਪਰਿਆ ਬਲਕਿ ਹਰ ਬੋਲੀ ਨਾਲ਼ ਵਾਪਰਿਆ ਹੈ ਅਤੇ ਵਾਪਰ ਰਿਹਾ ਹੈ। ਜਿਹੜੇ ਸ਼ਬਦ ਸਾਡੀ ਵਰਣਮਾਲਾ ਵਿੱਚ ਨਹੀਂ ਸਨ, ਉਨਾਂ ਨੂੰ ਆਪਣੇ ਕਿਰਤ ਸੱਭਿਆਚਾਰ ਅਤੇ ਹੋਰ ਲੋੜਾਂ ਲਈ ਜਦੋਂ ਬੋਲੀ ਆਪਣੇ ਪਰਿਵਾਰ ਦਾ ਹਿੱਸਾ ਬਣਾ ਲੈਂਦੀ ਹੈ ਤਾਂ ਉਸ ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੁੰਦਾ। ਪਰ ਬੋਲੀਆਂ ਦੀ ਹੋਂਦ, ਨਿਆਰੇਪਣ ਅਤੇ ਸੁੱਚਤਾ ਬਾਰੇ ਸੁਆਲ ਉਦੋਂ ਖੜੇ ਹੁੰਦੇ ਹਨ ਜਦੋਂ ਆਪਣੀ ਬੋਲੀ ਵਿੱਚ ਬਹੁਤ ਹੀ ਸਿਹਤਮੰਦ ਅਤੇ ਨਿਰਾਲੇ ਸ਼ਬਦਾਂ ਦਾ ਭੰਡਾਰ ਹੋਣ ਦੇ ਬਾਵਜੂਦ ਵੀ ਅਸੀਂ ਕਿਸੇ ਬੇਗ਼ਾਨੀ ਬੋਲੀ ਦੇ ਬੇਗ਼ਾਨੇ ਸ਼ਬਦਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਲੱਗ ਜਾਂਦੇ ਹਨ। ਕਿਸੇ ਹੋਰ ਬੋਲੀ ਦੇ ਸ਼ਬਦ ਉਸ ਬੋਲੀ ਲਈ ਨਿਆਰੇ ਅਤੇ ਸੁੱਚੇ ਹੋ ਸਕਦੇ ਹਨ ਪਰ ਉਹ ਪੰਜਾਬੀ ਵਿੱਚ ਆ ਕੇ ਨਾ ਤਾਂ ਉਹ ਗੌਰਵ ਮਹਿਸੂਸ ਕਰਵਾਉਂਦੇ ਹਨ ਅਤੇ ਨਾ ਹੀ ਰੂਹ ਦੀ ਸੰਤੁਸ਼ਟੀ ਕਰਵਾਉਂਦੇ ਹਨ। ਅਜਿਹੇ ਸ਼ਬਦਾਂ ਨੂੰ ਬੋਲਣ ਵੇਲੇ ਸਾਡੀ ਰੂਹ ਨੂੰ ਇਹ ਮਹਿਸੂਸ ਹੁੰਦਾ ਜਿਵੇਂ ਅਸੀਂ ਕੋਈ ਪਾਪ ਕਰ ਰਹੇ ਹੋਈਏ। ਉਹ ਸ਼ਬਦ ਜਿਹੜੇ ਸਾਡੇ ਸੰਘ ਦੇ ਸੂਤ ਨਹੀਂ ਬੈਠਦੇ, ਜਿਨਾਂ ਦੀ ਧੂਲੀ ਵਿੱਚੋਂ ਪੰਜਾਬੀਅਤ ਦੀ ਖ਼ੁਸ਼ਬੂ ਨਹੀਂ ਆਉਂਦੀ ਅਤੇ ਜਿਹੜੇ ਸਾਨੂੰ ਆਪਣੀ ਮਾਂ ਧਰਤੀ ਪੰਜਾਬ ਨਾਲ਼ੋਂ ਤੋੜ ਲੈਂਦੇ ਹਨ ਅਜਿਹੇ ਸ਼ਬਦਾਂ ਦਾ ਪ੍ਰਚਲਨ ਇੱਕ ਸੱਚੇ-ਸੁੱਚੇ ਪੰਜਾਬੀ ਨੂੰ ਕਾਫ਼ੀ ਚੁੱਭਦਾ ਹੈ। ਇੱਕ ਪੀੜ ਮਹਿਸੂਸ ਹੁੰਦੀ ਹੈ ਜਦੋਂ ਅਜਿਹੇ ਸ਼ਬਦ ਵਾਰ ਵਾਰ ਸਾਡੇ ਸਾਹਮਣੇ ਆਉਂਦੇ ਹਨ, ਲਿਖਤੀ ਰੂਪ ਵਿੱਚ ਵੀ ਅਤੇ ਕਿਤੇ-ਕਿਤੇ ਉਚਾਰਨ ਦੇ ਰੂਪ ਵਿੱਚ ਵੀ।

ਅਸੀਂ ਇਸ ਪਰਚੇ ਰਾਹੀਂ ਉਨਾਂ ਕੁਝ ਕੁ ਸ਼ਬਦਾਂ ਜਾਂ ਵਾਕਅੰਸ਼ਾਂ ਦਾ ਜ਼ਿਕਰ ਕਰਾਂਗੇ ਜਿਹੜੇ ਵਾਰ-ਵਾਰ ਹਰ ਰੋਜ਼ ਸਾਡੇ ਸੀਨੇ ਵਿੱਚ ਵੱਜਦੇ ਹਨ ਅਤੇ ਜਿਨਾਂ ਨੂੰ ਅਸੀਂ ਆਪਣੀ ਸਵੈ-ਚੇਤਨਤਾ ਦੀ ਘਾਟ ਕਾਰਨ ਆਪਣੀ ਵਰਣਮਾਲਾ ਦਾ ਹਿੱਸਾ ਬਣਾਈ ਜਾ ਰਹੇ ਹਾਂ। ਪਹਿਲਾਂ-ਪਹਿਲ ਇਹ ਸ਼ਬਦ ਪੰਜਾਬੀ ਅਖ਼ਬਾਰਾਂ ਵਿੱਚ ਛਪਣੇ ਸ਼ੁਰੂ ਹੋਏ ਅਤੇ ਫਿਰ ਇਹ ਪੰਜਾਬੀ ਸਾਹਿਤ ਦੀਆਂ ਬਹੁਤ ਸਾਰੀਆਂ ਕਿਤਾਬਾਂ ਵਿੱਚ ਵੀ ਸ਼ਾਮਲ ਹੋ ਗਏ। ਪੰਜਾਬੀ ਅਖ਼ਬਾਰਾਂ ਵਿੱਚ ਇਹ ਅਲਾਮਤ ਬਹੁਤ ਦੇਰ ਤੋਂ ਸ਼ੁਰੂ ਹੋਈ ਹੋਈ ਹੈ। ਅਸੀਂ ਆਪਣੇ ਤੌਰ ’ਤੇ ਇਨਾਂ ਬਾਰੇ 1987 ਆਵਾਜ਼ ਚੁੱਕਣੀ ਸ਼ੁਰੂ ਕੀਤੀ ਸੀ। ਇੱਕ ਪੰਜਾਬੀ ਰਸਾਲੇ ਵਿੱਚ ਅਸੀਂ ਅਜਿਹੇ ਬੇਗ਼ਾਨੇ ਸ਼ਬਦਾਂ ਨੂੰ ‘ਕਾਂਗਿਆਰੀ’ ਦੇ ਸਿਰਲੇਖ ਅਧੀਨ ਛਾਪਣਾ ਅਰੰਭ ਕੀਤਾ ਅਤੇ ਨਾਲ਼ ਹੀ ਉਨਾਂ ਦੇ ਸ਼ੁੱਧ ਪੰਜਾਬੀ ਬਦਲ ਵੀ ਦੇਣੇ ਅਰੰਭ ਕੀਤੇ ਸੀ। ਪਰ ਪੰਜਾਬੀ ਅਖ਼ਬਾਰਾਂ ਦੇ ਸੰਪਾਦਕਾਂ ਨੂੰ ਸ਼ਾਇਦ ਹੋਰ ਜ਼ਰੂਰੀ ਕੰਮਾਂ ਨੇ ਘੇਰਿਆ ਹੋਇਆ ਹੈ, ਇਸ ਲਈ ਸਾਡੇ ਵੱਡੇ ਯਤਨਾਂ ਦੇ ਬਾਵਜੂਦ ਵੀ ਪੰਜਾਬੀ ਅਖ਼ਬਾਰਾਂ ਦੇ ਸੰਪਾਦਕਾਂ ਨੂੰ ਸ਼ੁੱਧ ਪੰਜਾਬੀ ਸ਼ਬਦਾਂ ਦੀ ਵਰਤੋਂ ਬਾਰੇ ਕੋਈ ਸਪੱਸ਼ਟ ਦਿਸ਼ਾ-ਨਿਰਦੇਸ਼ ਲਿਆਉਣ ਦਾ ਕਦੇ ਯਤਨ ਹੀ ਨਹੀਂ ਕੀਤਾ। ਇਹ ਗੱਲ ਮੈਂ ਅਖ਼ਬਾਰੀ ਦੁਨੀਆਂ ਦੇ ਆਪਣੇ ਨਿੱਜੀ ਤਜ਼ਰਬੇ ਤੋਂ ਆਖ ਰਿਹਾ ਹਾਂ। ਜਿਸ ਦਾ ਨਤੀਜਾ ਇਹ ਹੋਇਆ ਕਿ ਹੁਣ ਬਹੁਤ ਸਾਰੇ ਅਜਿਹੇ ਸ਼ਬਦ ਸਾਡੇ ਸਾਹਮਣੇ ਜਬਰੀ ਪਰੋਸੇ ਜਾ ਰਹੇ ਹਨ ਜਿਨਾਂ ਦੇ ਬਹੁਤ ਹੀ ਖ਼ੂਬਸੂਰਤ ਅਤੇ ਸੁੱਚੇ ਪੰਜਾਬੀ ਸ਼ਬਦ ਮੌਜੂਦ ਹਨ।

ਉਦਾਹਰਨ ਦੇ ਤੌਰ ਤੇ-

ਮਹਿਲਾ — ਔਰਤ
ਪਰਾਜਤ — ਹਾਰ
ਮਵੇਛੀ — ਜਾਨਵਰ
ਪੁਰਸਕਾਰ — ਇਨਾਮ
ਕਠਿਨ — ਔਖਾ
ਮੰਤਰਾਲਾ — ਵਿਭਾਗ
ਅੰਤਰਿੰਗ — ਅੰਤਰਿਮ
ਵਿੱਤੀ ਸਹਾਇਤਾ — ਮਾਲੀ ਸਹਾਇਤਾ
ਆਰੋਪ — ਦੋਸ਼
ਔਸ਼ਧੀ — ਦਵਾਈ
ਪਰਸਤਾਵ — ਮਤਾ
ਚਪੇਟ — ਲਪੇਟ
ਪ੍ਰਕੋਪ — ਕਹਿਰ
ਉਪਭੋਗਤਾ — ਖਪਤਕਾਰ
ਵਿਕਲਪ — ਬਦਲ
ਦੇਹਾਂਤ — ਮੌਤ
ਮਿਠਾਈ — ਮਠਿਆਈ
ਹੱਤਿਆ — ਕਤਲ

ਇਸ ਤਰਾਂ ਅਸੀਂ ਕੁਝ ਪੰਜਾਬੀ ਅਖ਼ਬਾਰਾਂ ਦੀਆਂ ਸੁਰਖ਼ੀਆਂ ਆਪਣੇ ਪਾਠਕਾਂ ਨਾਲ਼ ਸਾਂਝੀਆਂ ਕਰਨੀਆਂ ਚਾਹੁੰਦੇ ਹਾਂ ਜਿਨਾਂ ਨਾਲ਼ ਸਮੱਸਿਆ ਦੀ ਗੰਭੀਰਤਾ ਸਾਹਮਣੇ ਆ ਜਾਵੇਗੀ।

1. 80 ਸਾਲ ਤੋਂ ਵਧੇਰੇ ਉਮਰ ਵਾਲੇ ਬਜ਼ੁਰਗਾਂ ਅਤੇ ਦਿਵਿਆਂਗਨਾ ਨੂੰ ਵੋਟ ਪਾਉਣ ਦੀ ਅਪੀਲ (3 ਫ਼ਰਵਰੀ)
2. ਚਾਈਨਾ ਡੋਰ ਵੇਚਣ ਅਤੇ ਸਟੋਰ ਕਰਨ ਤੇ ਪਾਬੰਦੀ (3 ਫ਼ਰਵਰੀ)
3. ਰੇਪ ਪੀੜਤਾ ਨੂੰ ਇਨਸਾਫ਼ ਦੀ ਮੰਗ (3 ਫ਼ਰਵਰੀ)
4. ਵਿਧਾਨ ਸਭਾ ਚੋਣਾਂ ਲਈ ਆਬਜ਼ਰਬਰਾਂ ਨੇ ਪਬਲਿਕ ਡੀਲੰਗ ਲਈ ਕੀਤਾ ਸਮਾਂ ਨਿਰਧਾਰਤ (3 ਫ਼ਰਵਰੀ)
5. ਜ਼ਿਲੇ ਵਿੱਚ 18 ਤੋਂ 20 ਫ਼ਰਵਰੀ ਤੱਕ ਰਹੇਗਾ ਡਰਾਈ ਡੇਅ। (3 ਫ਼ਰਵਰੀ)
6. ਲਤਾ ਮੰਗੇਸ਼ਕਰ ਨੂੰ ਮਿਲੇ ਕਈ ਪੁਰਸਕਾਰ (7 ਫ਼ਰਵਰੀ)
7. ਅਕਾਲੀ ਦਲ ਨੇ ਜ਼ਿਲਾ ਗੁਰਦਾਸਪੁਰ ਤੋਂ ਕਦੇ ਮਹਿਲਾ ਨੂੰ ਟਿਕਟ ਨਾ ਦਿੱਤੀ। (5 ਫ਼ਰਵਰੀ)
8. ਪੁਲਿਸ ਵੱਲੋਂ ਚਲਾਏ ਤਲਾਸ਼ੀ ਅਭਿਆਨ ਦੌਰਾਨ ਨਸ਼ੀਲੇ ਪਦਾਰਥ ਮਿਲੇ। (10 ਫ਼ਰਵਰੀ)

ਇਸ ਪਰਚੇ ਦੀਆਂ ਸੀਮਤਾਈਆਂ ਦੇ ਮੱਦੇਨਜ਼ਰ ਅਸੀਂ ਕੁਝ ਕੁ ਉਦਾਹਰਨਾਂ ਹੀ ਦਿੱਤੀਆਂ ਹਨ ਕਿ ਗੱਲ ਸਮਝਦੀ ਕੀਤੀ ਜਾ ਸਕੇ। ਮੁੱਖ ਮਸਲਾ ਉਨਾਂ ਬੇਗ਼ਾਨੇ ਸ਼ਬਦਾਂ ਦੀ ਜਬਰੀ ਘੁਸਪੈਠ ਦਾ ਹੈ ਜੋ ਸਾਡੀ ਸਵੈ-ਚੇਤਨਤਾ ਦੀ ਘਾਟ ਕਰਕੇ ਇੱਕ ਮਹਾਂਮਾਰੀ ਬਣਦਾ ਜਾ ਰਿਹਾ ਹੈ।

**ਬਾਕੀ ਸਫ਼ਾ 31 ’ਤੇ**

# ਵਿਸ਼ਵ ਦੀ ਆਰਥਿਕਤਾ ਤੇ ਰੋਜ਼ਗਾਰ ਸੰਕਟ ਵਿੱਚ

**ਨਵਜੋਤ**

ਸੰਸਾਰ ਅਰਥਚਾਰੇ ਦੀ ਮੌਜੂਦਾ ਹਾਲਤ ਦੁਨੀਆ ਭਰ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਤੇਜ਼ੀ ਨਾਲ਼ ਫੈਲ ਰਹੀ ਬੇਰੁਜ਼ਗਾਰੀ, ਉਜਰਤਾਂ ਵਿੱਚ ਕਾਟਾਂ, ਜਨਤਕ ਸਹੂਲਤਾਂ ਦੇ ਦਾਇਰੇ ਦਾ ਸੁੰਗੜਦੇ ਜਾਣਾ, ਤੇਜ਼ੀ ਨਾਲ਼ ਹੋ ਰਿਹਾ ਨਿੱਜੀਕਰਨ, ਮਹਿੰਗਾਈ ਵਿੱਚ ਵਾਧੇ ਆਦਿ ਵਰਗੀਆਂ ਕਈ ਸਮੱਸਿਆਵਾਂ ਹਨ ਜੋ ਦੁਨੀਆ ਭਰ ਦੇ ਕਿਰਤੀ ਲੋਕਾਂ ਅੱਗੇ ਮੂੰਹ ਅੱਡੀ ਖੜੀਆਂ ਹਨ। ਇਨਾਂ ਸਮੱਸਿਆਵਾਂ ਨਾਲ਼ ਪੈਦਾ ਹੋ ਰਹੇ ਰੋਹ ਦਾ ਵੱਖੋ-ਵੱਖ ਰੂਪਾਂ ਵਿੱਚ ਪ੍ਰਗਟਾਵਾ ਹੋ ਰਿਹਾ ਹੈ, ਚਾਹੇ ਉਹ ਕਜ਼ਾਕਸਤਾਨ ਵਿੱਚ ਲੋਕਾਂ ਦਾ ਸੰਘਰਸ਼ ਹੋਵੇ ਜਾਂ ਪੋਲੈਂਡ ਤੇ ਤੁਰਕੀ ਦੇ ਮਜ਼ਦੂਰਾਂ ਦੀਆਂ ਹੜਤਾਲਾਂ ਜਾਂ ਫੇਰ ਭਾਰਤ ਵਿੱਚ ਕਿਰਤੀਆਂ ਦੇ ਵੱਖ-ਵੱਖ ਸੰਘਰਸ਼। ਸਰਕਾਰਾਂ ਲਈ ਜਿੱਥੇ ਇਹ ਸੰਘਰਸ਼ ਵੱਡੀ ਸਿਰਦਰਦੀ ਦਾ ਕਾਰਨ ਬਣਦੇ ਜਾ ਰਹੇ ਹਨ, ਉੱਥੇ ਦੂਜੇ ਹੱਥ ਸਰਮਾਏਦਾਰਾਂ ਦੀ ਲਗਾਤਾਰ ਘਟਦੀ ਮੁਨਾਫ਼ਾਦਾਇਕਤਾ, ਕਰਜ਼ੇ ਤੇ ਮਹਿੰਗਾਈ ਵਿੱਚ ਵਾਧੇ ਆਦਿ ਵੀ ਇਨਾਂ ਦੀ ਬੇਚੈਨੀ ਵਿੱਚ ਚੌਗੁਣਾ ਇਜ਼ਾਫਾ ਕਰ ਰਹੇ ਹਨ।

ਕਰੋਨਾ ਕਾਲ-2020 ਵਿੱਚ ਇੱਕ ਪਾਸੇ ਸਰਕਾਰਾਂ ਨੇ ਲੋਕਾਂ ਉੱਤੇ ਪਾਬੰਦੀਆਂ ਲਾਈਆਂ ਤੇ ਦੂਜੇ ਪਾਸੇ ਮੁਨਾਫ਼ਿਆਂ ਨੂੰ ਹੁਲਾਰਾ ਦੇਣ ਲਈ ਨੀਵੀਆਂ ਦਰਾਂ ਉੱਤੇ ਕਰਜ਼ੇ ਦੀ ਰਸਾਈ ਕਰਵਾਈ ਤੇ ਨਾਲ਼ੇ ਖ਼ੁਦ ਕਰਜ਼ਾਈ ਹੋ ਕੇ ਸਰਮਾਏਦਾਰਾਂ ਨੂੰ ਅਰਬਾਂ ਡਾਲਰਾਂ ਦੀਆਂ ਸਬਸਿਡੀਆਂ ਉਪਲੱਬਧ ਕਰਵਾਈਆਂ। ਸਿੱਟੇ ਵੱਜੋਂ 2020 ਅੰਦਰ ਇੱਕ ਸਾਲ ਵਿੱਚ ਕਰਜ਼ੇ ਵਿੱਚ ਜਿੰਨਾ ਵਾਧਾ ਦਰਜ ਕੀਤਾ ਗਿਆ ਓਨਾ ਦੂਜੀ ਸੰਸਾਰ ਜੰਗ ਤੋਂ ਬਾਅਦ ਨਹੀਂ ਕੀਤਾ ਗਿਆ ਸੀ।

ਫ਼ਰਵਰੀ 2022 ਦੀ ਸ਼ੁਰੂਆਤ ਵਿੱਚ ਸੰਸਾਰ ਅਰਥਚਾਰੇ ਸਿਰ ਕੁੱਲ ਕਰਜ਼ਾ 281 ਖ਼ਰਬ ਡਾਲਰ ਦੇ ਅੰਕੜੇ ਨੂੰ ਛੂਹ ਚੁੱਕਿਆ ਸੀ ਤੇ ਹਾਲ ਦੀ ਘੜੀ ਇਸ ਦੇ ਹੇਠਾਂ ਆਉਣ ਦੇ ਕੋਈ ਅਸਾਰ ਨਜ਼ਰ ਨਹੀਂ ਆ ਰਹੇ। ਸੰਸਾਰ ਪੱਧਰ ਉੱਤੇ ਮੁਨਾਫ਼ਾਦਾਇਕਤਾ ਇੰਨੀ ਹੇਠਾਂ ਆ ਚੁੱਕੀ ਹੈ ਕਿ ਵਧੇਰੇ ਕਰਜ਼ਾ ਲਏ ਬਿਨਾਂ ਇਸ ਦਾ ਚੱਲਦੇ ਰਹਿਣਾ ਨਾਮੁਮਕਿਨ ਹੋ ਚੁੱਕਿਆ ਹੈ। ਕਰਜ਼ੇ ਲੈਣ ਦੀ ਪ੍ਰਕਿਰਿਆ ਵੀ ਅੰਤਹੀਣ ਨਹੀਂ ਚੱਲ ਸਕਦੀ, ਕਰਜ਼ਾ ਵਾਪਸ ਕਰਨਾ ਹੀ ਪੈਂਦਾ ਹੈ ਤੇ ਅਸਲ ਪੈਦਾਵਾਰ ਦੇ ਖੇਤਰ ਵਿੱਚ ਮੁਨਾਫ਼ਿਆਂ ਦੀ ਤੋਟ ਕਾਰਨ ਕਰਜ਼ਾ ਵਾਪਸ ਕਰਨ ਵਿੱਚ ਪਹਿਲਾਂ ਹੀ ਸਮੱਸਿਆ ਆ ਰਹੀ ਸੀ ਤੇ ਉੱਤੋਂ ਵਧਦੀ ਮਹਿੰਗਾਈ ਕਾਰਨ ਕਈ ਵੱਡੇ ਦੇਸ਼ਾਂ ਦੇ ਕੇਂਦਰੀ ਬੈਂਕਾਂ ਨੇ 2022 ਵਿੱਚ ਵਿਆਜ ਦਰਾਂ ਵਧਾਉਣ ਦਾ ਐਲਾਨ ਕੀਤਾ ਹੈ।

ਮੌਜੂਦਾ ਢਾਂਚੇ ਅੰਦਰ ਆਰਥਿਕ ਸੰਕਟ ਦਾ ਬੁਨਿਆਦੀ ਕਾਰਨ ਮੁਨਾਫ਼ੇ ਦੀ ਡਿੱਗਦੀ ਦਰ ਹੈ। ਵਧਦੇ ਕਰਜ਼ੇ ਦੇ ਨਾਲ਼-ਨਾਲ਼ ਮੁਨਾਫ਼ਿਆਂ ਦੀ ਤੋਟ ਨੇ ਅੱਜ ਸੰਸਾਰ ਅਰਥਚਾਰੇ ਲਈ ਜੋ ਸਮੱਸਿਆਵਾਂ ਪੈਦਾ ਕੀਤੀਆਂ ਹਨ, ਉਹ ਹਨ ਸੰਸਾਰ ਅਰਥਚਾਰੇ ਦਾ ਬੁਲਬੁਲਾ ਤੇ ਮਹਿੰਗਾਈ। ਜਦੋਂ ਪੈਦਾਵਾਰ ਦੇ ਖੇਤਰ ਵਿੱਚ ਮੁਨਾਫ਼ੇ ਸੁੰਗੜ ਜਾਂਦੇ ਹਨ ਤਾਂ ਸਰਮਾਏਦਾਰ ਵਧੇਰੇ ਮੁਨਾਫ਼ੇ ਕਮਾਉਣ ਲਈ ਸੱਟੇਬਾਜ਼ੀ ਵੱਲ ਰੁਖ਼ ਕਰਦੇ ਹਨ। ਪੈਦਾਵਾਰੀ ਖੇਤਰ ਵਿੱਚ ਨਿਵੇਸ਼ ਕਰਨ ਦੀ ਥਾਂ ਸ਼ੇਅਰ ਬਾਜ਼ਾਰ ਆਦਿ ਰਾਹੀਂ ਤੁਰਤ ਮੁਨਾਫ਼ੇ ਕਮਾਉਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਕਰੋਨਾ ਕਾਲ ਵਿੱਚ ਵੱਖੋ-ਵੱਖ ਦੇਸ਼ਾਂ ਦੀਆਂ ਸਰਕਾਰਾਂ ਤੇ ਬੈਂਕਾਂ ਨੇ ਸਰਮਾਏਦਾਰਾਂ ਨੂੰ ਜੋ ਸਸਤੀਆਂ ਦਰਾਂ ਉੱਤੇ ਕਰਜ਼ਾ ਉਪਲਬਧ ਕਰਵਾਇਆ ਉਸ ਨੂੰ ਇਨਾਂ ਸਰਮਾਏਦਾਰਾਂ ਨੇ ਮੁੱਖ ਤੌਰ ਉੱਤੇ ਪੈਦਾਵਾਰ ਵਧਾਉਣ ਦੀ ਥਾਂ ਸੱਟਾ ਬਾਜ਼ਾਰ ਲਈ ਵਰਤਿਆ ਜਿਸ ਨਾਲ਼ ਕੰਪਨੀਆਂ ਦੇ ਸ਼ੇਅਰਾਂ ਦੀ ਮੰਗ ਵਧਣ ਨਾਲ਼ ਇਨਾਂ ਦੇ ਸ਼ੇਅਰਾਂ ਦੀ ਕੀਮਤ ਵਧੀ ਤੇ ਇਨਾਂ ਕੰਪਨੀਆਂ ਦੀ ਕੁੱਲ ਕੀਮਤ ਵੀ ਵਧੀ। ਪੈਦਾਵਾਰੀ ਖੇਤਰ ਵਿੱਚ ਕੋਈ ਵੀ ਨਿਵੇਸ਼ ਨਹੀਂ ਹੋਇਆ, ਇਸ ਕਰਕੇ ਇਨਾਂ ਕੰਪਨੀਆਂ ਦੀ ਕੀਮਤ ਤੇ ਇਨਾਂ ਦੇ ਸ਼ੇਅਰਾਂ ਦੀ ਕੀਮਤ ਵਧਣਾ ਇੱਕ ਬੁਲਬੁਲਾ ਹੈ, ਯਾਨੀ ਅਸਲ ਪੈਦਾਵਾਰ ਨਾਲ਼ ਇਸ ਦਾ ਕੋਈ ਸੰਬੰਧ ਨਹੀਂ। ਇਨਾਂ ਕੰਪਨੀਆਂ ਨੂੰ ਉਨਾਂ ਲੋਕਾਂ ਨੂੰ ਜਿਨਾਂ ਕੋਲ਼ ਇਨਾਂ ਦੇ ਸ਼ੇਅਰ ਆਦਿ ਹੁੰਦੇ ਹਨ, ਨੂੰ ਆਪਣੇ ਮੁਨਾਫ਼ਿਆਂ ਵਿੱਚੋਂ ਅਦਾਇਗੀ ਕਰਨੀ ਹੁੰਦੀ ਹੈ ਤੇ ਇਹ ਅਦਾਇਗੀ ਅੰਤਿਮ ਰੂਪ ਵਿੱਚ ਅਸਲ ਪੈਦਾਵਾਰ ਤੋਂ ਕਮਾਏ ਮੁਨਾਫ਼ਿਆਂ ਰਾਹੀਂ ਹੀ ਹੋ ਸਕਦੀ ਹੈ। ਅਸਲ ਵਿੱਚ ਕਿਸੇ ਕੰਪਨੀ ਦੇ ਸ਼ੇਅਰ ਖ਼ਰੀਦਣ ਦਾ ਮਤਲਬ ਹੀ ਉਸ ਦੇ ਮੁਨਾਫ਼ਿਆਂ ਵਿੱਚ ਹਿੱਸਾ (ਸ਼ੇਅਰ) ਹੈ। ਮੁਨਾਫ਼ਿਆਂ ਦੀ ਤੋਟ ਕਾਰਨ ਤੇ ਪੈਦਾਵਾਰ ਵਿੱਚ ਨਿਵੇਸ਼ ਨਾ ਕਰਨ ਕਾਰਨ ਜਦੋਂ ਇਹ ਅਦਾਇਗੀ ਸੰਭਵ ਨਹੀਂ ਰਹਿੰਦੀ ਤਾਂ ਸ਼ੇਅਰ ਧਾਰਕ ਛੇਤੀ ਸ਼ੇਅਰ ਵੇਚਣ ਦੀ ਕਰਦੇ ਹਨ ਜਿਸ ਨਾਲ਼ ਸ਼ੇਅਰਾਂ ਤੇ ਕੰਪਨੀ ਦੀ ਕੀਮਤ ਹੋਰ ਹੇਠਾਂ ਆ ਜਾਂਦੀ ਹੈ, ਜਾਂ ਫੇਰ ਬੈਂਕਾਂ, ਸਰਕਾਰਾਂ ਤੋਂ ਵਧੇਰੇ ਕਰਜ਼ਾ ਹਾਸਲ ਕਰਕੇ ਇਸ ਬੁਲਬੁਲੇ ਨੂੰ ਵਧੇਰੇ ਫੁਲਾਇਆ ਜਾਂਦਾ ਹੈ। ਕਰੋਨਾ ਕਾਲ ਤੋਂ ਇਹੀ ਬੁਲਬੁਲਾ ਵੱਧ ਤੋਂ ਵੱਧ ਫੁਲਾਇਆ ਜਾ ਰਿਹਾ ਹੈ, ਪਰ ਅਰਥਚਾਰੇ ਦਾ ਤਰਕ ਹੈ ਕਿ ਜਿੰਨਾ ਵੱਡਾ ਬੁਲਬੁਲਾ ਹੋਵੇਗਾ ਓਨਾ ਹੀ ਵਧੇਰੇ ਵੱਡਾ ਆਰਥਿਕ ਸੰਕਟ ਦਾ ਫੁਟਾਰਾ।

ਮਹਿੰਗਾਈ ਦੀਆਂ ਤੰਦਾਂ ਵੀ ਮੁਨਾਫ਼ਿਆਂ ਦੇ ਸੁੰਗੜਨ ਨਾਲ਼ ਹੀ ਜੁੜਦੀਆਂ ਹਨ। ਕਰੋਨਾ ਕਾਲ ਵਿੱਚ ਕਿਰਤੀਆਂ ਨੂੰ ਫ਼ਾਕੇ ਕੱਟਣੇ ਪੈ ਰਹੇ ਸਨ ਤੇ ਦੂਜੇ ਪਾਸੇ ਉੱਚ ਤੇ ਦਰਮਿਆਨੇ ਮੱਧ ਵਰਗ ਤੇ ਸਰਮਾਏਦਾਰਾਂ ਕੋਲ਼ ਬਾਜ਼ਾਰ ਆਦਿ ਬੰਦ ਰਹਿਣ ਕਾਰਨ ਧਨ ਇੱਕੱਠਾ ਹੋ ਰਿਹਾ ਸੀ। ਕਰੋਨਾ ਪਾਬੰਦੀਆਂ ਖ਼ਤਮ ਹੋਣ ਮਗਰੋਂ ਮੱਧ ਵਰਗ ਤੇ ਸਰਮਾਏਦਾਰਾਂ ਦਾ ਇੱਕੱਠਾ ਹੋਇਆ ਧਨ ਵਸਤਾਂ ਸੇਵਾਵਾਂ ਲਈ ਮੰਗ ਵੱਜੋਂ ਸਾਹਮਣੇ ਆਇਆ। ਨਾਲ਼ ਹੀ ਜਦੋਂ ਪੈਦਾਵਾਰ ਮੁੜ ਸ਼ੁਰੂ ਹੋਣ ਲੱਗੀ ਤਾਂ ਮਸ਼ੀਨਾਂ, ਕੱਚੇ ਮਾਲ ਆਦਿ ਲਈ ਵੀ ਮੰਗ ਵਧੀ। ਪਰ ਪੈਦਾਵਾਰ ਦੇ ਖੇਤਰ ਵਿੱਚ ਮੁਨਾਫ਼ੇ ਦੀ ਦਰ ਹੇਠਾਂ ਹੋਣ ਕਰਕੇ ਸਰਮਾਏਦਾਰਾਂ ਨੇ ਸਸਤੀਆਂ ਦਰਾਂ ’ਤੇ ਲਏ ਕਰਜ਼ੇ ਤੇ ਸਬਸਿਡੀਆਂ ਨੂੰ ਪੈਦਾਵਾਰ ਵਧਾਉਣ ਦੀ ਥਾਵੇਂ ਸੱਟੇਬਾਜ਼ੀ ਲਈ ਵਰਤਿਆ। ਇਸ ਕਰਕੇ ਬਾਜ਼ਾਰ ਵਿੱਚ ਪੈਦਾ ਹੋਈ ਵਸਤਾਂ, ਸੇਵਾਵਾਂ, ਮਸ਼ੀਨਾਂ, ਕੱਚੇ ਮਾਲ ਆਦਿ ਦੀ ਮੰਗ ਨਾਲ਼ੋਂ ਪੂਰਤੀ ਕਾਫ਼ੀ ਹੇਠਾਂ ਰਹਿ ਗਈ ਜਿਸ ਨਾਲ਼ ਕੀਮਤਾਂ ਵਿੱਚ ਵੱਡਾ ਉਛਾਲ ਆਇਆ। ਮਹਿੰਗਾਈ ਦਾ ਦੂਜਾ ਕਾਰਨ ਹੈ ਕਰੋਨਾ ਕਾਲ ਸਮੇਂ ਵੱਖੋ-ਵੱਖ ਦੇਸ਼ਾਂ ਦੀਆਂ ਸਰਕਾਰਾਂ ਤੇ ਕੇਂਦਰੀ ਬੈਂਕਾਂ ਵੱਲੋਂ ਮੁਦਰਾ ਦੀ ਪੂਰਤੀ ਵਧਾਉਣਾ ਜਿਸ ਦਾ ਕਾਰਨ ਵੀ ਵਿਆਜ ਦੀਆਂ ਦਰਾਂ ਨੂੰ ਹੇਠਾਂ ਰੱਖ ਕੇ ਸਸਤਾ ਕਰਜ਼ਾ ਸਰਮਾਏਦਾਰਾਂ ਲਈ ਉਪਲਬਧ ਕਰਾਉਣਾ ਸੀ। ਮੁਦਰਾ ਦੀ ਪੂਰਤੀ ਵਿੱਚ ਵਾਧਾ ਤੇ ਪੈਦਾਵਾਰ ਦਾ ਓਨੀ ਦਰ ਨਾਲ਼ ਨਾ ਵਧਣਾ ਵੀ ਮਹਿੰਗਾਈ ਦਾ ਇੱਕ ਕਾਰਨ ਬਣਦਾ ਹੈ ਤੇ ਇਸ ਮਾਮਲੇ ਵਿੱਚ ਵੀ ਬਣਿਆ ਹੈ। ਇਨਾਂ ਦੋਹਾਂ ਕਾਰਨਾਂ ਕਰਕੇ ਮਹਿੰਗਾਈ ਵਿੱਚ ਜੋ ਵਾਧਾ ਹੋਇਆ ਹੈ, ਉਸ ਨੇ ਕਿਰਤੀ ਲੋਕਾਈ ਦਾ ਸਾਹ-ਸੱਤ ਨਿਚੋੜ ਕੇ ਰੱਖ ਦਿੱਤਾ ਹੈ।

ਹੁਣ ਦੁਨੀਆ ਭਰ ਦੀਆਂ ਸਰਕਾਰਾਂ ਕੋਲ਼ ਦੋ ਬਦਲ ਹਨ, ਪਹਿਲਾ ਇਹ ਕਿ ਉਹ ਵਿਆਜ ਦਰਾਂ ਨੀਵੀਆਂ ਰੱਖਣ ਤੇ ਮਹਿੰਗਾਈ ਵਿੱਚ ਹੁੰਦੇ ਵਾਧੇ ਨੂੰ ਨੱਥ ਪਾਉਣ ਲਈ ਕੋਈ ਕਦਮ ਨਾ ਚੁੱਕਣ। ਇਸ ਨਾਲ਼ ਮਹਿੰਗਾਈ ਵਿੱਚ ਵਾਧਾ ਜਾਰੀ ਰਹੇਗਾ ਤੇ ਆਮ ਲੋਕਾਈ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾਵੇਗੀ। ਦੂਜਾ ਵਿਕਲਪ ਹੈ ਵਿਆਜ ਦਰਾਂ ਉੱਪਰ ਚੁੱਕ ਕੇ ਮਹਿੰਗਾਈ ਨੂੰ ਨੱਥ ਪਾਉਣ ਦੀ ਕੋਸ਼ਿਸ਼ ਕਰਨੀ, ਸਿੱਟੇ ਵੱਜੋਂ ਸਰਮਾਏਦਾਰਾਂ ਨੂੰ ਕਰਜ਼ਾ ਵਧੇਰੀਆਂ ਵਿਆਜ ਦਰਾਂ ਉੱਤੇ ਹਾਸਲ ਹੋਵੇਗਾ ਤੇ ਉਹ ਆਪਣੀ ਸੱਟੇਬਾਜ਼ੀ ਪਹਿਲਾਂ ਵਾਂਗ ਜਾਰੀ ਨਹੀਂ ਰੱਖ ਸਕਣਗੇ। ਇਸ ਨਾਲ਼ ਸੱਟਾ ਬਾਜ਼ਾਰ ਦਾ ਬੁਲਬੁਲਾ ਫੁੱਟਣ ਦਾ ਖ਼ਤਰਾ ਬਣੇਗਾ ਜੋ ਪੂਰੇ ਸਰਮਾਏਦਾਰਾ ਅਰਥਚਾਰੇ ਵਿੱਚ ਹੀ ਸੰਕਟ ਦੇ ਫੁਟਾਰੇ ਦਾ ਕਾਰਨ ਬਣ ਸਕਦਾ ਹੈ। ਇਸ ਨਾਲ਼ ਵੀ ਅਰਥਚਾਰੇ ਵਿੱਚ ਭਿਅੰਕਰ ਬੇਰੁਜ਼ਗਾਰੀ, ਗ਼ਰੀਬੀ ਤੇ ਭੁੱਖਮਰੀ ਦਾ ਪਸਾਰ ਹੋਵੇਗਾ। ਬਹੁਤਿਆਂ ਅਨੁਮਾਨਾਂ ਅਨੁਸਾਰ ਸੰਯੁਕਤ ਰਾਜ ਅਮਰੀਕਾ ਦੇ ਅਰਥਚਾਰੇ ਦੀ ਵਾਧਾ ਦਰ ਵੀ ਮਾਮੂਲੀ ਰਹਿਣ ਦੀ ਉਮੀਦ ਹੈ। ਫ਼ੈਡਰਲ ਰਿਜ਼ਰਵ ਵੱਲੋਂ ਵਿਆਜ ਦਰ ਵਧਾਉਣ ਦੇ ਐਲਾਨ ਮਗਰੋਂ 3 ਫ਼ਰਵਰੀ ਨੂੰ ਫੇਸਬੁੱਕ ਦੇ ਸ਼ੇਅਰਾਂ ਦੀ ਕੀਮਤ ਵਿੱਚ 26% ਗਿਰਾਵਟ ਦਰਜ ਹੋਈ ਜਿਸ ਨੇ ਕੰਪਨੀ ਦੀ ਕੁੱਲ ਕੀਮਤ ਨੂੰ 230 ਅਰਬ ਡਾਲਰ ਨਾਲ਼ ਘਟਾ ਦਿੱਤਾ। ਇਹ ਤੱਥ ਸੰਸਾਰ ਅਰਥਚਾਰੇ ਦੇ ਡੂੰਘੇ ਸੰਕਟ ਵਿੱਚ ਹੋਣ ਦੀ ਗਵਾਹੀ ਭਰਦੇ ਹਨ।

# ਭਾਸ਼ਾ ਦਾ ਮਿਆਰੀਕਰਨ

**ਰਿਪਨਜੋਤ ਕੌਰ ਸੋਨੀ ਬੱਗਾ**

**9878753423**

ਟਕਸਾਲੀ ਬੋਲੀ ਦਾ ਮਿਆਰ ਸਭ ਤੋ ਉੱਚਾ ਹੈ ਮੇਰੇ ਪਿਤਾ ਜੀ ਡਾ. ਸੋਨੀ ਬਚਪਨ ਤੋਂ ਹੀ ਸਾਡੇ ਘਰ ਵਿੱਚ ਸਾਨੂੰ ਬੋਲਣ ਵੇਲੇ ਟੋਕ ਦਿੰਦੇ ਸਨ ਜੇਕਰ ਅਸੀਂ ਗ਼ਲਤ ਭਾਸ਼ਾ ਬੋਲਦੇ ਸੀ। ਜਿਵੇਂ ਕਿ ਪੰਜਾਬੀ ਗਾਣਿਆਂ ਅਤੇ ਪੰਜਾਬੀ ਫ਼ਿਲਮਾਂ ਵਿੱਚ ਮਲਵਈ ਬੋਲੀ ਦਾ ਦਬਦਬਾ ਹੈ, ਉਵੇਂ ਹੀ ਪਿਛਲੇ ਕੁਝ ਸਾਲਾਂ ਵਿੱਚ ਬਹੁਤ ਸਾਰਾ ਸਾਹਿਤ ਮਾਲਵੇ ਵਿੱਚੋਂ ਆਇਆ ਹੈ। ਟਕਸਾਲੀ ਬੋਲੀ ਹਮੇਸ਼ਾ ਕਿਸੇ ਪ੍ਰਾਂਤ ਦੇ ਮੱਧ ਭਾਗ ਦੀ ਉਪਬੋਲੀ ਹੀ ਹੁੰਦੀ ਹੈ, ਜੋ ਕਿ ਮੌਖਿਕ ਅਤੇ ਸਮਾਜਿਕ ਤੌਰ ’ਤੇ ਆਪਣਾਈ ਹੁੰਦੀ ਹੈ। ਪੰਜਾਬ ਦੀ ਵੰਡ ਤੋਂ ਪਹਿਲਾਂ ਦਾ ਉਹ ਖੇਤਰ ਮਾਝੇ ਦਾ ਸੀ। ਇਸ ਲਈ ਇਸ ਖੇਤਰ ਵਿੱਚ ਬੋਲੀ ਜਾਣ ਵਾਲ਼ੀ ਬੋਲੀ ਨੂੰ ਹੀ ਕੇਂਦਰੀ/ਟਕਸਾਲੀ ਜਾਂ ਸਾਹਿਤਿਕ ਬੋਲੀ ਦਾ ਦਰਜਾ ਮਿਲ਼ਿਆ ਹੈ, ਦੂਜਾ ਟਕਸਾਲੀ ਭਾਸ਼ਾ ਵਿਆਕਰਣਿਕ ਪਖੋਂ ਮਾਂਜੀ ਸੁਆਰੀ ਅਤੇ ਬਾਕੀ ਉਪ ਭਾਸ਼ਾਵਾਂ ਦਾ ਨਿਚੋੜ ਹੁੰਦਾ ਹੈ, ਟਕਸਾਲੀ ਭਾਸ਼ਾ ਨੂੰ ਹੀ ਡਿਕਸ਼ਨਰੀ, ਸ਼ਬਦਕੋਸ਼, ਅਤੇ ਹਰ ਪ੍ਰਕਾਰ ਦੇ ਸ਼ਬਦ-ਭੰਡਾਰ ਲਈ ਵਰਤਿਆ ਜਾਂਦਾ ਹੈ। 1947 ਦੀ ਵੰਡ ਤੋਂ ਪਹਿਲਾਂ ਦੇ ਭਾਰਤ ਦੇ ਪੁਰਾਤਨ ਪੰਜਾਬ ਦੇ ਮਾਝੇ ਦੇ ਖੇਤਰ ਵਿੱਚ ਲਾਹੌਰ, ਨਾਰੋਵਾਲ, ਕਸੂਰ, ਅੰਮ੍ਰਿਤਸਰ, ਬਟਾਲਾ, ਗੁਰਦਾਸਪੁਰ ਪਠਾਨਕੋਟ ਦੇ ਇਲਾਕੇ ਆਉਂਦੇ ਸਨ, ਦੀ ਬੋਲੀ ਬਹੁਤ ਹੀ ਮਿੱਠੀ ਤੇ ਪਿਆਰੀ ਬੋਲੀ ਹੈ। ਜੇਕਰ ਥੋੜਾ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਪੰਜਾਬੀ ਲਿਖਣ ਪੜਨ ਦਾ ਕੰਮ ਅੰਗਰੇਜ਼ਾਂ ਦੁਆਰਾ ਅਪਣਾਏ ਹੋਏ ਸਕੂਲ, ਕਾਲਜ, ਯੂਨੀਵਰਸਿਟੀਆਂ ਦੇ ਨਾਲ਼ ਸ਼ੁਰੂ ਹੁੰਦਾ ਹੈ।

ਪਹਿਲਾਂ ਬਹੁਤ ਸਾਰੇ ਕਾਲਜ ਲਾਹੌਰ ਤੇ ਅੰਮ੍ਰਿਤਸਰ ਵਿੱਚ ਆਏ ਜਿਵੇਂ ਖ਼ਾਲਸਾ ਕਾਲਜ, ਅੰਮ੍ਰਿਤਸਰ ਸਿੱਖ ਨੈਸ਼ਨਲ ਕਾਲਜ ਕਾਦੀਆਂ, ਪੰਜਾਬ ਯੂਨੀਵਰਸਿਟੀ ਲਾਹੌਰ ਆਦਿ। ਪੰਜਾਬੀ ਦੇ ਪਹਿਲੇ-ਪਹਿਲ ਬਹੁਤੇ ਵਿਦਵਾਨ ਇਨਾਂ ਕਾਲਜਾਂ ’ਚੋਂ ਪੜੇ ਮਝੈਲ ਸਨ ਤੇ ਉਹ ਬੋਲੀ ਸਰਕਾਰੀ ਬੋਲੀ ਵਾਂਗ ਮੰਨੀ ਗਈ, ਜਿਸ ਨੂੰ ਟਕਸਾਲੀ ਬੋਲੀ ਮੰਨਦੇ ਹਾਂ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਆਉਣ ਨਾਲ਼ ਬੋਲੀ ਦਾ ਮੁਹਾਂਦਰਾ ਬਦਲਿਆ ਤੇ ਪੰਜਾਬੀ ਬੋਲੀ ਵਿੱਚ ਬਹੁਤ ਵੱਡੇ-ਵੱਡੇ ਖੋਜ ਕਾਰਜ ਹੋਏ। ਜੇ ਟਕਸਾਲੀ ਬੋਲੀ (ਮਾਝੇ ਦੀ) ਸਾਡੇ ਮਿਆਰੀਕਰਨ ਦਾ ਮਾਪ ਹੈ, ਤੇ ਕੀ ਮਾਲਵੇ ਦੇ ਲਹਿਜ਼ੇ ਨੂੰ ਗ਼ਲਤ ਮੰਨਿਆ ਜਾ ਸਕਦਾ ਹੈ, ਇਹ ਪ੍ਰਸ਼ਨ ਮੇਰੇ ਨਾਲ਼ ਕਿਸੇ ਸੱਜਣ ਨੇ ਸਾਂਝਾ ਕੀਤਾ, ਇਸ ਦੇ ਜਵਾਬ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਅੱਜ ਕੱਲ ਦੇ ਮੀਡੀਆ ਦੇ ਦੌਰ ਨੂੰ ਦੇਖਦੇ ਹੋਏ ਅਸੀਂ ਦੂਜੀਆਂ ਉਪ-ਭਾਸ਼ਾਵਾਂ ਵਿੱਚ ਕਿਸੇ ਨੂੰ ਲਿਖਣ ਤੋਂ ਨਹੀਂ ਰੋਕ ਸਕਦੇ, ਪਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਟਕਸਾਲੀ ਬੋਲੀ ਦੀ ਹੀ ਵਰਤੋਂ ਕੀਤੀ ਜਾਵੇ, ਇਸ ਵਿੱਚ ਸੁਹਰਿਦਤਾ ਹੈ ਪਰ ਇੱਕ ਵਾਰ ਜਿਹੜੇ ਸ਼ਬਦ-ਜੋੜ ਨਿਸ਼ਚਿਤ ਕਰ ਲਏ ਜਾਣ, ਉਹਨਾਂ ’ਤੇ ਡਟ ਕੇ ਪਹਿਰਾ ਦਿੱਤਾ ਜਾਵੇ। ਘਰ-ਘਰ ਟਕਸਾਲ ਨਾ ਖੋਲੀ ਜਾਵੇ ਭਾਵ ਜਿਵੇਂ ਕਿਸੇ ਦਾ ਦਿਲ ਕਰਦਾ ਹੈ, ਉਵੇਂ ਹੀ ਲਿਖੀ ਜਾਵੇ, ਅਖੇ: ਨੌਂ ਪੂਰਬੀਏ, ਤੇਰਾਂ ਚੁੱਲੇ। ਕੁਝ ਲੋਕ ਇਸ ਵਿਚਾਰਧਾਰਾ ਦੇ ਵੀ ਹਨ ਕਿ ਬੋਲੀ ਨੂੰ ਖੁੱਲਾ ਛੱਡ ਦਿਓ, ਇਸ ’ਤੇ ਕੋਈ ਬੰਧਨ ਨਾ ਹੋਵੇ, ਇਸ ਨੂੰ ਵਿਗਸਣ ਦਿਓ। ਇਸ ਦਾ ਕਿੰਨੀ ਕੁ ਦੇਰ ਤੱਕ ਹੋਰ ਵਿਕਾਸ ਕਰੀ ਜਾਣਾ ਹੈ? ਇਉਂ ਤਾਂ ਗੁਰਮੁਖੀ ਵਿੱਚ ਦੂਜੇ ਸ਼ਬਦ ਜ਼ਿਆਦਾ ਹੋ ਜਾਣਗੇ। ਸ਼ਬਦ-ਜੋੜ ਕੋਸ਼ ਦੇ ਸ਼ਬਦ-ਰੂਪਾਂ ਨੂੰ ਅਪਣਾਉਣ ਅਤੇ ਇਸ ਉੱਤੇ ਡਟ ਕੇ ਪਹਿਰਾ ਦੇਣ ਦੀ ਲੋੜ ਹੈ। ਅੱਜ ਕੱਲ ਲੋਕ ਸਾਹਿਤ ਲਿਖਣ ਵਾਸਤੇ ਲੋਕਲ ਡਾਈਲੈਕਟ ਵਰਤ ਲੈਂਦੇ ਹਨ, ਪਰ ਪੰਜਾਬੀ ਟ੍ਰਿਬਿਊਨ ਅਖ਼ਬਾਰ ਨੇ ਅਪਣਾ ਮਿਆਰੀਕਰਨ ਉਹੀ ਹੀ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਆਨਲਾਈਨ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿੱਚ ਕਵਿਤਾਵਾਂ ਅਤੇ ਹੋਰ ਵਾਰਤਿਕ ਵਿੱਚ ਕਈ ਵਾਰੀ ਬਹੁਤ ਅਸ਼ੁੱਧੀਆਂ ਹੁੰਦੀਆਂ ਹਨ। ਮੇਰੇ ਵਰਗਾ, ਜਦੋਂ ਕੋਈ ਸਾਹਿਤਕ ਗਰੁੱਪ ਵਿੱਚ ਗ਼ਲਤ ਲਿਖਦਾ ਹੈ ਉਸਨੂੰ ਸਹੀ ਵੀ ਕਰ ਦਿੰਦਾ ਹੈ, ਕਿਉਂਕਿ ਵਟਸੱਪ ਦੇ ਗਰੁੱਪਾਂ ਰਾਹੀਂ ਕਿੱਥੇ ਪਹੁੰਚ ਜਾਣਾ ਨਾ ਕੋਈ ਪਤਾ ਨਹੀਂ, ਇਸ ਲਈ ਹਮੇਸ਼ਾ ਲਿਖਣ ਲਈ ਸਹੀ ਵਿਆਕਰਨਿਕ ਭਾਸ਼ਾ ਹੀ ਵਰਤੋ।

ਬਾਕੀ ਇਹ ਗੱਲ ਹੈ ਕਿ ਪੰਜਾਬੀ ਭਾਸ਼ਾ ਵਿੱਚ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਆ ਗਏ ਹਨ। ਉਹ ਆਉਣਗੇ




ਹੀ ਉਸ ਦਾ ਕਾਰਨ ਇਹ ਹੈ ਕਿ ਅਸੀਂ ਆਮ ਤੌਰ ’ਤੇ ਸਕੂਲਾਂ ਵਿੱਚ ਜਿਹੋ ਜਿਹੇ ਮਿਆਰ ਦੀ ਪੰਜਾਬੀ/ਗੁਰਮੁਖੀ ਪੜਾਵਾਂਗੇ ਸਾਡੇ ਬੱਚੇ ਉਹੀ ਸਿੱਖਣਗੇ ਅਤੇ ਬੋਲਣਗੇ। ਅੰਗਰੇਜ਼ੀ ਮਾਧਿਅਮ ਸੀ.ਬੀ.ਐੱਸ.ਈ ਵਿੱਚ ਪੰਜਾਬੀ ਦੇ ਵਿਸ਼ੇ ਦਾ ਸਿਲੇਬਸ ਬਹੁਤ ਸੌਖਾ ਹੁੰਦਾ ਸੀ, ਮੈਂ ਆਪਣੇ ਪਿਤਾ ਜੀ ਨੂੰ ਦੱਸਿਆ ਉਨਾਂ ਨੇ ਪਿਛਲੇ ਕੁਝ ਸਾਲਾਂ ਵਿੱਚ ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ ਨਾਲ਼ ਪੱਤਰ ਵਿਹਾਰ ਕੀਤਾ, ਹੋ ਸਕਦੈ ਬਹੁਤ ਸਾਰੇ ਵਿਦਵਾਨ ਪੰਜਾਬੀ ਦੇ ਦੂਜੇ ਵਿਦਵਾਨਾਂ ਨੇ ਵੀ ਕੀਤਾ ਹੋਵੇ, ਮੇਰੇ ਸੁਣਨ ਵਿੱਚ ਆਇਆ ਹੈ ਕਿ ਹੈ ਇਸ ਸਾਲ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੀ ਦਸਵੀਂ ਦੀ ਪੰਜਾਬੀ ਦਾ ਸਿਲੇਬਸ ਹੀ ਸੀ.ਬੀ. ਐੱਸ.ਈ ਨੇ ਲਗਾਇਆ ਹੈ ਅਤੇ ਹੌਲ਼ੀ-ਹੌਲ਼ੀ ਬਾਕੀ ਜਮਾਤਾਂ ਦੇ ਸਿਲੇਬਸ ਦਾ ਮਿਆਰ ਵੀ ਉੱਪਰ ਚੁੱਕਿਆ ਹੈ, ਜਿਸ ਨੂੰ ਦੇਖਦੇ ਹੋਏ ਪੰਜਾਬ ਵਿੱਚ ਪੜੇ ਜਾਣ ਵਾਲੇ ਦੂਜੇ ਵੱਡੇ ਬੋਰਡ (ਅੰਗਰੇਜ਼ੀ ਮਾਧਿਅਮ ਲਈ) ਆਈ.ਸੀ.ਐੱਸ. ਈ ਨੇ ਵੀ ਸੁਧਾਰ ਕੀਤਾ ਹੈ। ਮੇਰੀ ਇੱਕ ਖ਼ੁਦ ਪੰਜਾਬੀ ਮਾਧਿਅਮ ਵਿੱਚ ਪੜੇ, ਕਾਲਜ ਦੇ ਪ੍ਰੋਫ਼ੈਸਰ ਨਾਲ਼ ਗੱਲ ਹੋ ਰਹੀ ਸੀ, ਉਹ ਕਹਿੰਦੇ ਬੱਚਿਆਂ ਨੂੰ ਅਸੀਂ ਪੰਜਾਬੀ ਘਰ ਸਿਖਾ ਲਵਾਂਗੇ ਆਪੇ, ਕੋਈ ਜ਼ਰੂਰਤ ਨਹੀਂ ਹੈ ਸਕੂਲਾਂ ਵਿੱਚ ਪੜਾਉਣ ਦੀ। ਮੈਂ ਉਨਾਂ ਨੂੰ ਕਿਹਾ ਕਿ ਜਦੋਂ ਅਸੀਂ ਕੋਈ ਭਾਸ਼ਾ ਪੜਦੇ ਹਾਂ, ਉਸਦੀਆਂ ਧੁਨੀਆਂ ਬੋਲ-ਬੋਲ ਕੇ ਉਸ ਭਾਸ਼ਾ ਨੂੰ ਸਿੱਖਦੇ ਹਾਂ। ਜਿਸ ਬੰਦੇ ਨੇ ਜਿਹੜੀ ਭਾਸ਼ਾ ਨਹੀਂ ਪੜੀ ਹੋਵੇਗੀ ਉਸ ਨੂੰ ਉਸ ਭਾਸ਼ਾ ਨੂੰ ਬੋਲਣ ਦੀ ਮੁਹਾਰਤ ਨਹੀਂ ਆਵੇਗੀ। ਇਸ ਲਈ ਠੀਕ ਉਚਾਰਨ ਲਈ, ਅਤੇ ਉਸ ਭਾਸ਼ਾ ਦਾ ਸਾਹਿਤ ਪੜਨ ਲਈ, ਸਭ ਤੋਂ ਜ਼ਰੂਰੀ ਹੈ ਭਾਸ਼ਾ ਤੁਹਾਨੂੰ ਪੜਨੀ ਆਵੇ, ਭਾਵੇਂ ਘਰ ਦੇ ਮਾਹੌਲ ਤੋਂ ਬੱਚਾ ਭਾਸ਼ਾ ਦੇ ਬੜੇ ਢੁਕਵੇਂ ਸ਼ਬਦ ਸਿੱਖਦਾ ਹੈ। ਸਾਡੇ ਸਮੇਂ ਵਿੱਚ ਸਾਨੂੰ ਦੋ ਅਖ਼ਬਾਰਾਂ ਪੜਨੀਆਂ ਲਾਜ਼ਮੀ ਸਨ। ਇੱਕ ਪੰਜਾਬੀ ਦੀ ਅਤੇ ਇੱਕ ਅੰਗਰੇਜ਼ੀ ਦੀ, ਸਾਹਮਣੇ ਬੈਠ ਕੇ ਪੜਾਉਂਦੇ ਸਨ।

ਅੱਗੋਂ ਉਹ ਜਨਾਬ ਮੈਨੂੰ ਕਹਿੰਦੇ ਕਿ ਪੰਜਾਬੀ ਸਾਹਿਤ ਪੜ ਕੇ ਕੀ ਕਰਨਾ ਹੈ, ਉਸ ਨੇ ਉਸ ਦਾ ਢਿੱਡ ਤਾਂ ਨਹੀਂ ਭਰਨਾ, ਮੈਂ ਕਿਹਾ ਜ਼ਿੰਦਗੀ ਦੇ ਕਿਸੇ ਪੜਾਅ ਤੇ ਆ ਕੇ ਰੂਹ ਨੂੰ ਭਰਨ ਲਈ ਉਸ ਨੂੰ ਅਪਣੀਆਂ ਜੜਾਂ ਹੀ ਦਿਖਦੀਆਂ ਹਨ, ਜੋ ਕਿ ਉਸ ਨੂੰ ਆਪਣੀ ਭਾਸ਼ਾ ਵਿਚਲੇ ਸਾਹਿਤ ਵਿੱਚ ਹੀ ਮਿਲਣਗੀਆਂ, ਤੁਸੀਂ ਇਸ ਦੂਰ ਅੰਦੇਸ਼ੀ ਸੋਚ ਨੂੰ ਅਪਣਾ ਕੇ ਚੱਲੋ। ਅੱਜ ਕੱਲ ਛੋਟੀ ਉਮਰੇ ਹੀ ਬੱਚੇ ਡਿਪਰੈਸ਼ਨ ਅਤੇ ਹੋਰ ਅਜਿਹੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਜੋ ਅਸੀਂ ਜਾਂ ਸਾਡੇ ਬਜੁਰਗਾਂ ਨੇ ਬਹੁਤ ਘੱਟ ਸੁਣੀਆਂ ਸਨ, ਕਾਰਨ ਸਮਾਜਿਕ ਤੌਰ ’ਤੇ ਇਕੱਲਤਾ ਅਤੇ ਬੌਧਿਕ ਤੌਰ ’ਤੇ ਵੀ। ਆਪਣੇ ਬੱਚਿਆਂ ਦੀ ਬੌਧਿਕ ਇਕੱਲਤਾ ਦਾ ਕਾਰਨ ਅਣਜਾਣਪੁਣੇ ਵਿੱਚ ਅਸੀਂ ਮਾਪੇ ਹੀ ਹੋਵਾਂਗੇ। ਅਸੀਂ ਦੂਜੀਆਂ ਭਾਸ਼ਾਵਾਂ ਦੇ ਰੋਅਬ ਵਿੱਚ ਆ ਕੇ ਆਪਣੀ ਭਾਸ਼ਾ ਤੋਂ ਮੁਨਕਰ ਹੋ ਜਾਈਏ ਇਹ ਕਿਵੇਂ ਹੋ ਸਕਦਾ ਹੈ, ਮੈਂ ਇਹੋ ਜਿਹੇ ਵਿਚਾਰਾਂ ਵਾਲੇ ਬੁੱਧੀਜੀਵੀਆਂ ਨਾਲ਼ ਬਿਲਕੁਲ ਵੀ ਸਹਿਮਤ ਨਹੀਂ ਹਾਂ।

# ਚੰਨਣ ਦਾ ਟਾਂਗਾ



**ਗੁਰਨਾਮ ਨਿੱਜਰ**

ਹਾੜ ਮਹੀਨੇ ਦੀ ਤਿੱਖੜ ਦੁਪਹਿਰ ਤੇ ਵਗਦੀ ਤੱਤੀ ਲੋਅ ਜਿੱਥੇ ਲੋਕਾਂ ਦੇ ਜਿਸਮ ਝੁਲਸਦੀ ਉੱਥੇ ਸਰੀਰਾਂ ’ਚੋਂ ਵਗਦਾ ਮੁੜਕਾ (ਪਸੀਨਾ) ਲੀੜੇ ਗੜੁੱਚ ਕਰੀ ਜਾਂਦਾ। ਵਾ-ਵਰੋਲੇ ਕਣਕ ਦੇ ਵੱਢਾਂ ’ਚੋਂ ਘਾਹ/ਕੱਖ ਨੂੰ ਭੰਬੀਰੀ ਵਾਂਗ ਘੁਮਾਉਂਦੇ ਅਕਾਸ਼ ਵਿੱਚ ਉੱਡਾ ਆਪਣੀ ਕਲਾਕਾਰੀ ਦਾ ਤਮਾਸ਼ਾ ਕਰਦੇ। ਜਦੋਂ ਗਰਮੀ ਨਾਲ਼ ਕਾਂ ਦੀ ਅੱਖ ਨਿਕਲਣ ਵਰਗੇ ਹਲਾਤ ਹੋਣ ਤਾਂ ਚੰਨਣ ਦਾ ਟਾਂਗਾ ਰਾਹਗੀਰਾਂ ਵਾਸਤੇ ਮੰਜ਼ਿਲਾਂ ਤੱਕ ਪਾਰ ਉਤਾਰਾ ਕਰਨ ਲਈ ਆਣ ਬਹੁੜਦਾ।

ਚੰਨਣ ਨੇ ਘੋੜੀ ਦੇ ਅੱਗੋਂ ਫੱਕ ਤੇ ਵੰਡ ਵਾਲੀ ਬੋਰੀ ਚੁੱਕੀ। ਘੋੜੀ ਨੂੰ ਪਾਣੀ ਪਿਆਇਆ ਤੇ ਬਾਕੀ ਬਚਿਆ ਪਾਣੀ ਟਾਂਗੇ ਦੇ ਪਹੀਆਂ-ਗਜਾਂ ’ਤੇ ਪਾ ਦਿੱਤਾ ਤਾਂ ਕਿ ਲੋਹੇ ਦਾ ਚਾੜਿਆ ਹਾਲ ਗਰਮ ਹੋਕੇ ਉੱਤਰ ਨਾ ਜਾਵੇ। ਉਸ ਸਵਾਰੀਆਂ ਨੂੰ ਹੋਕਾ ਦੇ ਅਵਾਜ਼ ਮਾਰੀ, ‘ਆ ਜਾਓ ਭਾਈ ਬਲੱੜਵਾਲ ਤੋਂ ਅਜਨਾਲਾ, ਬਲੱੜਵਾਲ ਤੋਂ ਅਜਨਾਲਾ ਜਾਣ ਵਾਲੇ।’

ਚੰਨਣ ਦੀ ਮਾਖਿਓਂ ਮਿੱਠੀ ਬੋਲ ਬਾਣੀ ਤੇ ਮਿਲਾਪੜਾ ਸੁਭਾਅ ਹਰੇਕ ਨੂੰ ਆਪਣੇ ਵੱਲ ਖਿੱਚਦਾ। ਉਸਦੇ ਟਾਂਗੇ ਵਿੱਚ ਹਰ ਕੋਈ ਚਾਂਈ-ਚਾਂਈ ਛਾਲ ਮਾਰਕੇ ਬੈਠਣ ਨੂੰ ਕਾਹਲਾ ਹੁੰਦਾ। ਚੰਨਣ ਛੋਟੇ ਬੱਚਿਆਂ ਅਤੇ ਸਵਾਰੀ ਦੇ ਹੱਥਲੇ 10-20 ਸੇਰ (ਕਿੱਲੋ) ਸਮਾਨ ਦਾ ਕਦੀ ਕੋਈ ਕਿਰਾਇਆ ਨਾ ਵਸੂਲਦਾ। ਅਜਨਾਲੇ ਜਾਣ ਲਈ ਟਾਂਗਾ ਸਵਾਰੀਆਂ ਨਾਲ਼ ਭਰ ਚੁੱਕਾ ਸੀ, ਪ੍ਰੰਤੂ ਅੱਡੇ ਤੇ ਖੜੀਆਂ ਬਾਕੀ ਸਵਾਰੀਆਂ ਸ਼ਹਿਰ ਨੂੰ ਹੋਰ ਸਾਧਨ ਨਾ ਹੋਣ ਕਰਕੇ, ਟਾਂਗੇ ਉੱਤੇ ਬਹਿਣ ਲਈ ਟਾਂਗੇ ਨੂੰ ਹਾਲੇ ਵੀ ਘੇਰੀ ਖੜੀਆਂ ਸਨ।

ਲਗਦੀ ਵਾਹੇ, ਉਹ ਰੱਬ ਦਾ ਬੰਦਾ, ਕਦੀ ਕਿਸੇ ਨੂੰ ਟਾਂਗੇ ਤੇ ਬਹਿਣ ਤੋਂ ਨਾ ਰੋਕਦਾ। ਹਸੂੰ-ਹਸੂੰ ਕਰਦੇ ਖਿੜੇ ਚਹਿਰੇ ਦੇ ਮਾਲਕ, ਚੰਨਣ ਨੇ ਸਾਰਿਆਂ ਨੂੰ ਹੀ ਟਾਂਗੇ ਦੇ ਅੱਗੇ ਪਿੱਛੇ ਕਰਕੇ ਬੈਠਾ ਲਿਆ।

ਚੰਨਣ ਨੇ ਘੋੜੀ ਦੀ ਲਗਾਮ ਖਿੱਚਕੇ ਢਿੱਲੀ ਛੱਡੀ, ਟਾਂਗੇ ਨਾਲ਼ ਕੁਝ ਕਦਮ ਦੌੜਿਆ



ਹਰਫ਼ਾਂ ਦੇ ਨੂਰ

ਅਤੇ ਪਲਾਕੀ ਮਾਰ ਬਾਂਸ (ਬੰਬੂ) ਉੱਤੇ ਬੈਠ ਗਿਆ। ਘੋੜੀ ਨੂੰ, ‘ਚੱਲ ਬਿੱਲੋ’ ਆਖ, ਇੱਕ ਪੋਲਾ ਜੇਹਾ ਛਾਂਟਾ ਉਸਦੇ ਲੱਕ ’ਤੇ ਜੜਿਆ ਤਾਂ ਬਿੱਲੋ ਆਪਣੇ ਪੂਰੇ ਬਲਬੂਤੇ ਨਾਲ਼ ਟਾਂਗਾ ਖਿੱਚ ਅਜਨਾਲੇ ਸ਼ਹਿਰ ਨੂੰ ਰਵਾਨਾ ਹੋ ਤੁਰੀ।

ਹਾਲੇ ਟਾਂਗਾ ਥੋੜਾ ਹੀ ਚਲਿਆ ਸੀ ਕਿ ਟਾਂਗਾ ਦਾਬੂ ਹੋ ਗਿਆ (ਅਗਲੇ ਪਾਸੇ ਵੱਧ ਭਾਰ)। ਚੰਨਣ ਨੇ ਅਗਲੀ ਸੀਟ ਦੇ ਪੈਰਾਂ ਵਿੱਚੋਂ ਦੋ ਜੁਆਕ ਕੁੱਛੜ ਚੁੱਕੇ ਅਤੇ ਪਿਛਲੀਆਂ ਸਵਾਰੀਆਂ ਦੇ ਪੈਰਾਂ ਵਿੱਚ ਬੈਠਾ ਦਿੱਤੇ। ਅਗਲੀ ਸੀਟ ’ਤੇ ਬੈਠੀਆਂ ਸਵਾਰੀਆਂ ਨੂੰ ਪਿੱਛੇ ਨੂੰ ਢੋਹ ਲਾ ਕੇ ਬਹਿਣ ਲਈ ਕਿਹਾ ਤਾਂ ਘੋੜੀ ਤੇ ਪਿਆ ਵਾਧੂ ਭਾਰ ਲੱਥ ਗਿਆ। ਟਾਂਗਾ ਸਾਵਾਂ ਹੋ ਸੜਕ ’ਤੇ ਦਗੜ-ਦਗੜ ਦੌੜਨ ਲੱਗਾ।

ਚੰਨਣ ਦਾ ਘੋੜੀ ਨੂੰ ਵਡਿਆ ਕੇ ਬੁਲਾਉਣਾ, ‘ਚਲ ਬਿੱਲੋ, ਰੁੱਕ ਬਿੱਲੋ’ ਉਸਦੇ ਮੂੰਹੋਂ ਬੜਾ ਫੱਬਦਾ। ਘੋੜੀ ਬਿੱਲੋ ਜਦੋਂ ਸੜਕ ਤੇ ਦੌੜਦੀ ਤਾਂ ਉਸਦੇ ਪੌੜਾਂ ’ਤੇ ਲੱਗੀਆਂ ਲੋਹੇ ਦੀਆਂ ਖੁਰੀਆਂ ਦੀ ਟਪੱਕ ਅਤੇ ਚੰਨਣ ਵੱਲੋਂ ਟਾਂਗੇ ਦੇ ਪਹੀਆਂ ਉੱਤੇ ਛਾਂਟੇ ਨੂੰ ਲਾਉਣ ਨਾਲ਼ ਛਿੜਦੀ ਛੰਨਕਾਰ ਅਲੋਕਾਰ ਸੰਗੀਤ ਨਾਲ਼, ਵਾਤਾਵਰਨ ਨੂੰ ਖ਼ੁਸ਼ਗੁਵਾਰ ਬਣਾ ਦਿੰਦੀ।

ਚੰਨਣ ਸੜਕ ’ਤੇ ਆ ਜਾ ਰਹੇ ਆਵਾਜਾਈ ਦੇ ਸਾਧਨਾਂ ਤੋਂ ਅੱਗੇ ਲੰਘਣ ਜਾਂ ਲੰਘਾਉਣ ਲਈ ਰਸਤਾ ਲੈਣ ਦੇਣ ਲਈ ਜਦੋਂ ਅਵਾਜ਼ ਦੇ ਕਹਿੰਦਾ, ‘ਸੋਹਣਿਆ ਲਾਗੇ, ਜੀਊਣ ਜੋਗਿਆ ਲਾਗੇ ਤਾਂ ਸਭਦੇ ਮਨਾਂ ਨੂੰ ਮੋਹ ਲੈਂਦਾ… ਲੋਕ ਖ਼ੁਸ਼ੀ ਖ਼ੁਸ਼ਾਲੀ ਟਾਂਗੇ ਨੂੰ ਰਸਤਾ ਦੇ ਦਿੰਦੇ।

ਉਸਦੇ ਮੋਹਵਿੰਨੇ ਵਿਹਾਰ ਨੂੰ ਵੇਖ ਕਿਸੇ ਪਾਕਿਸਤਾਨੀ ਗੀਤਕਾਰ ਦੀਆਂ ਸਤਰਾਂ ਯਾਦ ਆ ਗਈਆਂ :-

‘ਟਾਂਗਾ ਲਾਹੌਰ ਦਾ ਹੋਵੇ ਭਾਵੇਂ ਝੰਗ ਦਾ,
ਟਾਂਗੇ ਵਾਲਾ ਖ਼ੈਰ ਮੰਗਦਾ।’

ਟਾਂਗੇ ਵਿੱਚ ਲੋੜੋਂ ਵਧ ਭਾਰ ਨਾਲ਼ ਘੋੜੀ ਬਿੱਲੋ ਮੁੜਕੇ ਨਾਲ਼ ਭਿੱਜੀ ਪਈ ਸੀ।

ਚੰਨਣ ਨੇ ਜਦੋਂ ‘ਚਲ ਬਿਲੋ’ ਕਿਹਾ ਤਾਂ ਉਸ ਰੋਸ ਵਜੋਂ ਫੁੜਕੜਾ ਮਾਰਿਆ…ਬਿੱਲੋ ਦੀਆਂ ਅੱਖਾਂ ਵਿੱਚੋਂ ਵਗਦਾ ਪਾਣੀ ਬੇ-ਜ਼ੁਬਾਨ ਨਾਲ਼ ਹੋ ਰਹੀ ਧੱਕੇਸ਼ਾਹੀ ਦੀ ਗਵਾਹੀ ਭਰਦਾ ਲੱਗਿਆ। ਇਹ ਚੰਨਣ ਦੀ ਆਰਥਿਕ ਮਜ਼ਬੂਰੀ ਸੀ ਜਾਂ ਉਸਦੇ ਸਾਊ ਸੁਭਾਅ ਦੀ ਕਮੀ ਇਹ ਤਾਂ ਚੰਨਣ ਜਾਣਦਾ ਹੋਊ। ਪਰ ਟਾਂਗੇ ਦੀ ਕੀਤੀ ਸਵਾਰੀ ਅਭੁੱਲ ਯਾਦ ਬਣ ਗਈ।

ਸਮੇਂ ਦੀ ਤਬਦੀਲੀ ਕਾਰਨ ਟਾਂਗਾ ਤਾਂ ਹੁਣ ਟਾਵਾਂ-ਟਾਵਾਂ ਹੀ ਵੇਖਣ ਨੂੰ ਨਸੀਬ ਹੁੰਦਾ ਹੈ। ਦੋਸਤੋ ਜੀਵਨ ਦੇ ਰੁਝੇਵਿਆਂ ’ਚੋਂ ਜੇ ਕਦੇ ਫ਼ੁਰਸਤ ਦੇ ਪਲ ਮਿਲ ਜਾਣ ਅਤੇ ਸਬੱਬ ਬਣ ਜਾਏ ਟਾਂਗੇ ਦਾ ਹੂਟਾ ਲੈਣ ਦਾ ਤਾਂ ਇਹ ਮੌਕਾ ਖੁੰਝਾਇਓ ਨਾ।

# (ਖ਼ਤ)

## ਰੁੱਤ ਨਵਿਆਂ ਦੀ ਆਈ ਐ.....



**ਸੰਜੀਵ ਸਿੰਘ ਸੈਣੀ, ਮੋਹਾਲੀ**

ਪੰਜਾਬੀਆਂ ਨੇ ਖੁੱਲੇ ਦਿਲ ਨਾਲ਼ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ ਹਨ। 117 ਵਿੱਚੋਂ 92 ਸੀਟਾਂ ’ਤੇ ਜਿੱਤ ਹਾਸਲ ਕਰ ਕੇ ਆਮ ਆਦਮੀ ਪਾਰਟੀ ਵੱਡੀ ਪਾਰਟੀ ਬਣ ਕੇ ਉੱਭਰੀ ਹੈ। ਰਵਾਇਤੀ ਸਿਆਸੀ ਪਾਰਟੀਆਂ ਤੋਂ ਅੱਕੇ ਲੋਕਾਂ ਨੇ ਨਵੀਂ ਪਾਰਟੀ ਆਮ ਆਦਮੀ ਪਾਰਟੀ ਨੂੰ ਇੱਕ ਵਾਰ ਮੌਕਾ ਦਿੱਤਾ ਹੈ। ਅਜਿਹੀ ਸੁਨਾਮੀ ਆਈ ਕਿ ਰਵਾਇਤੀ ਪਾਰਟੀਆਂ ਦੇ ਵੱਡੇ ਵੱਡੇ ਰੁੱਖ ਜੜੋਂ ਉੱਖੜ ਗਏ। ਆਪ ਪਾਰਟੀ ਤੇ ਹੁਣ ਵੱਡੀ ਜ਼ਿੰਮੇਵਾਰੀ ਹੈ। ਦਿਨ ਪ੍ਰਤੀ ਦਿਨ ਪੰਜਾਬ ਖ਼ਾਲੀ ਹੋ ਰਿਹਾ ਹੈ। ਤਕਰੀਬਨ ਹਰ ਰੋਜ਼ ਦੋ ਸੌ ਤੋਂ ਢਾਈ ਸੌ ਬੱਚਾ ਵਿਦੇਸ਼ ਜਾ ਰਿਹਾ ਹੈ। ਮਾਂ-ਬਾਪ ਕਰਜ਼ਾ ਚੁੱਕ ਕੇ ਬੱਚਿਆਂ ਨੂੰ ਪੜਾਈ ਲਈ ਵਿਦੇਸ਼ ਭੇਜ ਰਹੇ ਹਨ। ਸੂਬੇ ਅੰਦਰ ਬੇਰੁਜ਼ਗਾਰੀ ਬਹੁਤ ਵੱਡਾ ਮਸਲਾ ਹੈ। ਪੜਿਆ-ਲਿਖਿਆ ਨੌਜਵਾਨ ਵਿਦੇਸ਼ਾਂ ਨੂੰ ਉਡਾਰੀ ਮਾਰ ਰਿਹਾ ਹੈ। ਸਰਕਾਰੀ ਦਫ਼ਤਰਾਂ ਤਹਿਸੀਲਾਂ ਵਿੱਚ ਭ੍ਰਿਸ਼ਟਾਚਾਰ ਦਾ ਬਹੁਤ ਬੋਲਬਾਲਾ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਸਰਕਾਰੀ ਦਫ਼ਤਰਾਂ ਵਿੱਚ ਅਧਿਕਾਰੀ ਸਮੇਂ ਸਿਰ ਨਹੀਂ ਪੁੱਜਦੇ। ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਾਉਣ ਲਈ ਲੋਕਾਂ ਨੂੰ ਬਹੁਤ ਜ਼ਿਆਦਾ ਜੁੱਤੀਆਂ ਘਸਾਉਣੀਆਂ ਪੈਂਦੀਆਂ ਹਨ। ਕਈ ਵਾਰ ਤਾਂ ਅਜਿਹਾ ਹੁੰਦਾ ਹੈ ਕਿ ਅਧਿਕਾਰੀ ਲੋਕਾਂ ਨੂੰ ਦਫ਼ਤਰਾਂ ਦੇ ਬਹੁਤ ਵਾਰ ਚੱਕਰ ਲਗਵਾਉਂਦੇ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਲੋਕਾਂ ਦੀ ਖੱਜਲ-ਖੁਆਰੀ ਸਾਰਾ ਦਿਨ ਦਫ਼ਤਰਾਂ ਵਿੱਚ ਆਮ ਦੇਖੀ ਜਾਂਦੀ ਹੈ। ਆਵਾਰਾ ਪਸ਼ੂਆਂ ਨੇ ਕਿਸਾਨਾਂ ਦੀਆਂ ਫ਼ਸਲਾਂ ਦਾ ਉਜਾੜਾ ਕੀਤਾ ਹੋਇਆ ਹੈ। ਸ਼ਹਿਰਾਂ ਵਿੱਚ ਇਹ ਪਸ਼ੂ ਕਈ ਤਰਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਦਿੰਦੇ ਹਨ। ਭਿਆਨਕ ਸੜਕ ਹਾਦਸਿਆਂ ਕਾਰਨ ਬੇਕਸੂਰ ਲੋਕਾਂ ਦੀ ਜਾਨ ਚਲੀ ਜਾਂਦੀ ਹੈ। ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ। ਕੋਈ ਦਿਨ ਅਜਿਹਾ ਹੋਣਾ ਜਦੋਂ ਕੋਈ ਮਾਂ ਦਾ ਪੁੱਤ ਚਿੱਟੇ ਦੀ ਭੇਟ ਨਾ ਚੜਿਆ ਹੋਵੇ। ਹੁਣ ਤਾਂ ਕੁੜੀਆਂ ਵੀ ਚਿੱਟੇ ਦੀ ਆਦੀ ਹੋ ਚੁੱਕੀਆਂ ਹਨ। ਨਸ਼ਾ ਘੁਣ ਵਾਂਗ ਪੰਜਾਬ ਦੀ ਜਵਾਨੀ ਨੂੰ ਖੋਖਲਾ ਕਰ ਰਿਹਾ ਹੈ। ਪਿੱਛੇ ਜਿਹੇ ਹਲਕਾ ਖਡੂਰ ਸਾਹਿਬ ਵਿਖੇ ਇੱਕ ਔਰਤ ਦੀ ਚਿੱਟਾ ਵੇਚਦੇ ਦੀ ਵੀਡੀਓ ਵਾਇਰਲ ਹੋਈ। ਹੋਰ ਤਾਂ ਹੋਰ ਨਸ਼ੇੜੀ ਨਸ਼ੇ ਦੀ ਭਰਪਾਈ ਲਈ ਮਾਂ-ਬਾਪ ਨੂੰ ਵੀ ਮਾਰ ਰਹੇ ਹਨ। ਪਿੱਛੇ ਜਿਹੇ ਖ਼ਬਰ ਪੜਨ ਨੂੰ ਮਿਲੀ ਕਿ ਇੱਕ ਨਸ਼ੇੜੀ ਨੌਜਵਾਨ ਨੇ ਨਸ਼ੇ ਦੀ ਖ਼ਾਤਰ ਆਪਣੇ ਘਰ ਦਾ ਸਮਾਨ ਤੱਕ ਵੇਚ ਦਿੱਤਾ। ਹਾਲਾਂਕਿ ਜਦੋਂ ਮਾਨਯੋਗ ਭਗਵੰਤ ਮਾਨ ਜੀ ਪਿੰਡਾਂ ’ਚ ਜਾਂਦੇ ਸਨ ਤਾਂ ਮਾਵਾਂ ਭਗਵੰਤ ਮਾਨ ਕੋਲ਼ ਆਪਣੇ ਦੁੱਖੜੇ ਰੋਂਦੀਆਂ ਸਨ ਅਤੇ ਕਹਿੰਦੀਆਂ ਸਨ ਪੁੱਤ ਜਵਾਨੀ ਨੂੰ ਬਚਾ ਲੈ। ਕਿਸਾਨ ਹਰ ਰੋਜ਼ ਖ਼ੁਦਕੁਸ਼ੀ ਕਰ ਰਿਹਾ ਹੈ। ਕਰਜ਼ੇ ਦੀ ਪੰਡ ਬਹੁਤ ਭਾਰੀ ਹੈ। ਜਦੋਂ ਸਮੇਂ ਸਿਰ ਕਰਜ਼ਾ ਨਹੀਂ ਉੱਤਰਦਾ ਫਿਰ ਕਿਸਾਨ ਖ਼ੁਦਕੁਸ਼ੀ ਕਰ ਰਿਹਾ ਹੈ। ਹਸਪਤਾਲਾਂ ’ਚ ਬਹੁਤ ਬੁਰਾ ਹਾਲ ਹੈ। ਹਸਪਤਾਲਾਂ ਵਿੱਚ ਡਾਕਟਰ ਸਮੇਂ ਸਿਰ ਨਹੀਂ ਪੁੱਜਦੇ। ਮੈਡੀਕਲ ਸਟਾਫ਼ ਅਤੇ ਡਾਕਟਰਾਂ ਦੀ ਕਮੀ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ। ਆਮ ਜਨਤਾ ਦੇ ਟੈਕਸਾਂ ਦਾ ਬੋਝ ਘੱਟ ਹੋਣਾ ਚਾਹੀਦਾ ਹੈ। ਅਵਾਰਾ ਕੁੱਤਿਆਂ ਦੀ ਸਮੱਸਿਆ ਬਹੁਤ ਜ਼ਿਆਦਾ ਗੰਭੀਰ ਮਸਲਾ ਹੈ। ਲੋਕਾਂ ਦਾ ਜੀਊਣਾ ਦੁੱਭਰ ਹੋ ਚੁੱਕਿਆ ਹੈ। ਝੁੰਡ ਬਣਾ ਕੇ ਇਹ ਅਵਾਰਾ ਕੁੱਤੇ ਲੋਕਾਂ ’ਤੇ ਹਮਲਾ ਕਰ ਦਿੰਦੇ ਹਨ। ਪਿੱਛੇ ਜਿਹੇ ਖੰਨਾ ਸ਼ਹਿਰ ਦੇ ਕਿਸੇ ਪਿੰਡ ਵਿੱਚ ਛੋਟੇ ਜਿਹੇ ਬੱਚੇ ਨੂੰ ਕੁੱਤਿਆਂ ਨੇ ਨੋਚ-ਨੋਚ ਕੇ ਖਾ ਲਿਆ। ਲੋਕਾਂ ਨੂੰ ਸੈਰ ਕਰਨ ਲਈ ਪਾਰਕਾਂ ਵਿੱਚ ਹੀ ਇਨਾਂ ਆਵਾਰਾ ਕੁੱਤਿਆਂ ਨਾਲ਼ ਮੁਕਾਬਲਾ ਕਰਨਾ ਪੈਂਦਾ ਹੈ।

**ਬਾਕੀ ਸਫ਼ਾ 30 ’ਤੇ**

# ਕੱਚੇ ਚੌਲ਼...



**ਮਨਦੀਪ ਰਿੰਪੀ, ਰੂਪਨਗਰ**

**98143 85918**

ਹਾਜ਼ਰੀ ਲਾਉਣ ਤੋਂ ਬਾਅਦ ਮੈਂ ਹੱਥ ਵਿੱਚ ਚਾਕ ਹਾਲੇ ਚੁੱਕਿਆ ਹੀ ਸੀ ਕਿ ਮੇਰੇ ਫ਼ੋਨ ਦੀ ਘੰਟੀ ਵੱਜਣ ਲੱਗੀ। ਫ਼ੋਨ ਮੈਂ ਆਪਣੇ ਪਰਸ 'ਚੋਂ ਨਹੀਂ ਸੀ ਕੱਢਿਆ। ਸੋਚਿਆ ਬਾਅਦ ਵਿੱਚ ਵੇਖਦੀ ਕਿਹਦਾ ਫ਼ੋਨ ਪਰ ਫਿਰ ਮਨ 'ਚ ਖ਼ਿਆਲ ਆਇਆ ਕਿ ਕਿਧਰੇ ਕੋਈ ਜ਼ਿਆਦਾ ਜ਼ਰੂਰੀ ਨਾ ਹੋਵੇ। ਕਿਤੇ ਦਫ਼ਤਰ ਜਾਂ ਸੈਂਟਰ ਸਕੂਲ 'ਚ ਕੋਈ ਜ਼ਿਆਦਾ ਜ਼ਰੂਰੀ ਡਾਕ ਨਾ ਮੰਗੀ ਹੋਵੇ। ਉਂਜ ਵੀ ਹੁਣ ਤਾਂ ਇੰਜ ਲੱਗਦਾ ਜਿਵੇਂ ਇਹ ਮੋਬਾਇਲ ਫ਼ੋਨ ਮੇਰੇ ਜੀਅ ਦਾ ਜੰਜਾਲ ਬਣ ਗਿਆ ਹੋਵੇ। ਘੜੀ-ਮੁੜੀ ਟੂੰਅ-ਟੂੰਅ ਹੁੰਦੀ ਰਹਿੰਦੀ ਮੈਸੇਜਾਂ ਨਾਲ਼। ਜੇ ਬੰਦਾ ਰਿੰਗ ਆਫ਼ ਕਰੇ ਤਾਂ ਕਈ ਵਾਰ ਜ਼ਰੂਰੀ ਫ਼ੋਨ ਕਾਲ ਵੀ ਮਿੱਸ ਹੋ ਜਾਂਦੇ। ਫਿਰ ਉਲਾਂਭੇ ਝੱਲਣੇ ਪੈਂਦੇ ਅਖੇ ਤੁਸੀਂ ਫ਼ੋਨ ਕਿਉਂ ਨਹੀਂ ਚੁੱਕਿਆ?... ਬਹੁਤ ਜ਼ਰੂਰੀ ਜ਼ੂਮ ਮੀਟਿੰਗ ਸੀ... ਤੁਸੀਂ ਅਟੈਂਡ ਕਰਨ ਤੋਂ ਵਾਂਝੇ ਰਹਿ ਗਏ...ਹੁਣ ਤੁਹਾਨੂੰ ਲਿਖਤੀ ਜਵਾਬਦੇਹੀ ਦੇਣੀ ਪੈਣੀ। ਇਸ ਜਵਾਬਦੇਹੀ ਵਰਗੇ ਭਾਰੇ ਭਰਕਮ ਸ਼ਬਦ ਤੋਂ ਡਰਦੀ ਮੈਂ ਫ਼ੋਨ ਦੀ ਰਿੰਗ ਚਾਹੁੰਦੇ ਹੋਏ ਵੀ ਆਫ਼ ਨਹੀਂ ਕਰਦੀ।

ਜਦੋਂ ਮੈਂ ਫ਼ੋਨ ਪਰਸ 'ਚੋਂ ਕੱਢਿਆ ਸਕ੍ਰੀਨ 'ਤੇ ਮੇਰੀ ਸਹੇਲੀ ਕੁਲਜੀਤ ਦਾ ਨਾਂ ਵੇਖ ਮੈਥੋਂ ਫ਼ੋਨ ਕੰਨ ਨਾਲ਼ ਲਾਏ ਬਗ਼ੈਰ ਨਾ ਰਿਹਾ ਗਿਆ। ਉਂਝ ਵੀ ਅੱਜ ਕਿੰਨੇ ਚਿਰ ਮਗਰੋਂ ਉਹਦੇ ਨਾਲ਼ ਗੱਲ ਹੋ ਰਹੀ ਸੀ। ਉਹ ਕੰਮਾਂ ਦੇ ਰੁਝੇਵਿਆਂ ਵਿੱਚ ਰੁੱਝੀ ਕਦੇ ਹੀ ਮੈਨੂੰ ਫ਼ੋਨ ਕਰਦੀ ਜਦੋਂ ਕੋਈ ਬਹੁਤ ਜ਼ਰੂਰੀ ਗੱਲ ਹੋਵੇ। ਇਸ ਲਈ ਮੈਂ ਉਹਦਾ ਫ਼ੋਨ ਮਿਸ ਨਹੀਂ ਸੀ ਕਰਨਾ ਚਾਹੁੰਦੀ। ਅੱਜ ਮੈਂ ਕੁਲਜੀਤ ਨਾਲ਼ ਗੱਲ ਕਰਦਿਆਂ ਕਰਦਿਆਂ ਸੁੰਨ ਹੋ ਗਈ। ਮੈਨੂੰ ਇੰਜ ਲੱਗ ਰਿਹਾ ਸੀ ਜਿਵੇਂ ਮੇਰੇ ਅੰਦਰੋਂ ਕੁਝ ਭੁਰ ਰਿਹਾ ਹੋਵੇ। ਮੇਰੇ ਕਾਲਜੇ 'ਚ ਚੀਸ ਉੱਠੀ ਤੇ ਮੇਰੀਆਂ ਅੱਖਾਂ ਭਰ ਆਈਆਂ, ਮੇਰਾ ਗਲਾ ਰੁੰਦਿਆਂ ਗਿਆ। ਮੈਂ ਉਹਦੀਆਂ ਗੱਲਾਂ ਦਾ ਹੁੰਗਾਰਾ ਭਰਨਾ ਵੀ ਜਿਵੇਂ ਭੁੱਲ ਗਈ ਤੇ ਮੇਰੀਆਂ ਅੱਖਾਂ 'ਚੋਂ ਹੰਝੂ ਮੱਲਕ ਦੇ ਕੇ ਮੇਰੇ ਟੇਬਲ 'ਤੇ ਪਏ ਰਜਿਸਟਰ 'ਤੇ ਡਿੱਗ ਪਏ। ਮੈਂ ਉਨਾਂ ਹੰਝੂਆਂ ਨੂੰ ਸਾਫ਼ ਕਰਦੇ ਹੋਏ ਬੱਚਿਆਂ ਵੱਲ ਵੇਖਣ ਲੱਗੀ ਜਿਹੜੇ ਆਪਣੀਆਂ-ਆਪਣੀਆਂ ਗੱਲਾਂ ਵਿੱਚ ਮਸਤ ਸਨ ਤੇ ਇੱਕ-ਦੋ ਬੱਚੇ ਮੈਨੂੰ ਨੀਝ ਲਾ ਵੇਖ ਰਹੇ ਸਨ। ਕੁਲਜੀਤ ਦਾ ਫ਼ੋਨ ਤਾਂ ਕੱਟਿਆ ਗਿਆ ਪਰ ਨਾਲ਼ ਹੀ ਮੈਨੂੰ ਇੰਜ ਲੱਗਿਆ ਜਿਵੇਂ ਅੱਜ ਕੁਲਜੀਤ ਦੇ ਫ਼ੋਨ ਨੇ ਮੇਰੀਆਂ ਪੁਰਾਣੀਆਂ ਯਾਦਾਂ ਨੂੰ ਗੁਲਾਮੇ ਤੋਂ ਫੜ ਧੱਕੇ ਨਾਲ਼ ਮੇਰੀ ਗੋਦੀ ਵਿੱਚ ਬਿਠਾ ਦਿੱਤਾ ਹੋਵੇ। ਇਹ ਯਾਦਾਂ ਮੈਨੂੰ ਬਹੁਤ ਕੌੜੀਆਂ ਜਾਪਦੀਆ ਸਨ। ਜਦੋਂ ਕਦੇ ਇਹ ਯਾਦਾਂ ਮੈਨੂੰ ਘੇਰਦੀਆਂ ਮੇਰਾ ਮਨ ਇੱਕ ਅਜੀਬ ਜਿਹੀ ਕੁੜੱਤਣ ਨਾਲ਼ ਭਰ ਜਾਂਦਾ। ਨੇਹਾ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗਦਾ। ਨੇਹਾ ਜਿਹਦੇ ਨਾਲ਼ ਮੈਨੂੰ ਕਦੇ ਬਹੁਤ ਮੋਹ ਸੀ। ਜਿਹੜੇ ਸਕੂਲ ਵਿੱਚ ਮੈਂ ਪਹਿਲਾਂ ਪੜ੍ਹਾਉਂਦੀ ਸੀ ਨੇਹਾ ਦੀ ਉਸ ਸਕੂਲ ਵਿੱਚ ਪਹਿਲੀ ਜੁਆਇਨਿੰਗ ਸੀ। ਉਹ ਬਹੁਤ ਮਿਲਣਸਾਰ, ਹਸਮੁੱਖ ਤੇ ਹੌਸਲੇ ਵਾਲੀ ਕੁੜੀ ਸੀ। ਹਾਲੇ ਕੁਝ ਕੁ ਮਹੀਨੇ ਹੀ ਹੋਏ ਸਨ ਉਹਨੂੰ ਸਾਡੇ ਸਕੂਲ ਵਿੱਚ ਆਈ ਨੂੰ, ਉਹ ਰੋਜ਼ ਕੋਈ ਨਾ ਕੋਈ ਕਿੱਸਾ ਸੁਣਾਉਂਦੀ..ਉਹਦੇ ਲਈ ਨਿੱਤ ਨਵੇਂ ਭੱਜੇ ਆਉਂਦੇ ਰਿਸ਼ਤਿਆ ਬਾਰੇ। ਰਿਸ਼ਤੇ ਤਾਂ ਆਪੇ ਹੀ ਆਉਣੇ ਸਨ ਪੜ੍ਹੀ-ਲਿਖੀ, ਸਰਕਾਰੀ ਨੌਕਰੀ ਤੇ ਉੱਪਰੋਂ ਰੱਜ ਕੇ ਸੋਹਣੀ। ਨੇਹਾ ਮੈਨੂੰ ਆਪਣੀ ਛੋਟੀ ਭੈਣ ਰਿੰਕੀ ਵਰਗੀ ਜਾਪਦੀ। ਸਾਡੀ ਦੋਵਾਂ ਦੀ ਆਪਸ ਵਿੱਚ ਖ਼ੂਬ ਬਣਦੀ ਪਰ ਨੇਹਾ ਲਈ ਜਿਹੜੇ ਵੀ ਰਿਸ਼ਤੇ ਆਉਂਦੇ ਕਿਸੇ ਨਾ ਕਿਸੇ ਕਾਰਨ ਸਿਰੇ ਨਾ ਚੜਦੇ। ਜੇ ਮੁੰਡਾ ਕਿਤੇ ਚੰਗੀ ਨੌਕਰੀ 'ਤੇ ਹੁੰਦਾ ਤਾਂ ਉਹ ਨੇਹਾ ਦੇ ਰੰਗ-ਰੂਪ ਦੇ ਬਰਾਬਰ ਦਾ ਨਾ ਹੁੰਦਾ। ਨੇਹਾ ਅਕਸਰ ਆਖਦੀ, 'ਮੁੰਡੇ ਦਾ ਰੰਗ ਕੁਝ ਜ਼ਿਆਦਾ ਹੀ ਧੁਆਂਖਿਆ ਹੋਇਆ ਸੀ...ਜਿਹਨੇ ਰਿਸ਼ਤੇ ਦੀ ਗੱਲ ਤੋਰੀ ਵੇਖਣਾ ਤਾਂ ਚਾਹੀਦਾ ਸੀ ਕਿ ਕੁੜੀ ਲਈ ਮੁੰਡਾ ਚਾਹੀਦਾ ਕੋਈ ਨਜ਼ਰ-ਬੱਟੂ ਥੋੜਾ, ਲੋਕ ਵੀ ਹੱਦ ਕਰਦੇ...।'

ਜੇ ਮੁੰਡੇ ਦਾ ਰੰਗ ਸੁੱਖ ਨਾਲ਼ ਚੰਗਾ ਹੁੰਦਾ ਤਾਂ ਗੱਲ ਨੈਣ-ਨਕਸ਼ਾਂ 'ਤੇ ਆ ਕੇ ਰੁਕ ਜਾਂਦੀ। ਕਦੇ ਆਖਦੀ ਨੱਕ ਫ਼ਿੰਨਾ...ਕਦੇ ਉਹਨੂੰ ਅੱਖਾਂ ਭੈਂਗੀਆਂ ਲੱਗਦਿਆਂ। ਕਿਸੇ ਨੂੰ ਆਖਦੀ, 'ਨਿੱਕੀਆਂ-ਨਿੱਕੀਆਂ ਅੱਖਾਂ ਜਿਵੇਂ ਕੰਧ 'ਚ ਤਰੇੜ ਆਈ ਹੋਵੇ।'

ਮੈਂ ਉਸ ਨੂੰ ਬਥੇਰਾ ਸਮਝਾਉਂਦੀ ਰੰਗ ਤਾਂ ਪਰਮਾਤਮਾ ਦੇ ਬਣਾਏ ਹੋਏ ਦੋ ਹੀ ਨੇ ...ਬੰਦੇ ਦੀ ਸੂਰਤ ਨਾਲ਼ੋਂ ਸੀਰਤ ਚੰਗੀ ਹੋਵੇ ...ਪਰ ਉਹ ਹੱਸ ਕੇ ਆਖਦੀ,' ਅੱਛਾ ਜੀ! ਸੂਰਤ ਪਿੱਛੇ ਕੀ ਪਤਾ ਸੀਰਤ ਕਿਹੋ ਜਿਹੀ ਹੋਵੇ? ਉਹ ਤਾਂ ਨਸੀਬਾਂ ਦੀ ਗੱਲ ਐ... ਪਰ ਜੋ ਸਾਹਮਣੇ ਦਿਖਦਾ ਉਹ ਤਾਂ ਚੰਗਾ ਵਿਚਾਰ ਲਈਏ...ਨਾਲ਼ੇ ਉਂਜ ਵੀ ਬੰਦਾ ਨਾਲ਼ ਤੁਰਿਆ ਜਾਂਦਾ ਤਾਂ ਜੱਚਣਾ ਈ ਚਾਹੀਦਾ'।

ਫਿਰ ਇੱਕ ਦਿਨ ਉਹਨੇ ਮੇਰੇ ਮੂਹਰੇ ਬਰਫ਼ੀ ਦਾ ਡੱਬਾ ਲਿਆ ਧਰਿਆ ਪਰ ਮੂੰਹੋਂ ਕੁਝ ਨਾ ਆਖਿਆ। ਮੈਨੂੰ ਉਹਦੀਆਂ ਅੱਖਾਂ 'ਚ ਉੱਭਰੀ ਹੋਈ ਸ਼ਰਾਰਤ ਭਰੀ ਹਾਸੀ ਦਾ ਅੰਦਾਜ਼ਾ ਲਾਉਣ ਵਿੱਚ ਦੇਰ ਨਾ ਲੱਗੀ। ਮੈਂ ਉਹਨੂੰ ਮੁਬਾਰਕਬਾਦ ਦਿੰਦਿਆਂ ਆਪਣੀ ਬੁੱਕਲ ਵਿੱਚ ਲੈ ਲਿਆ। ਉਹ ਬਹੁਤ ਖ਼ੁਸ਼ ਸੀ ਤੇ ਮੈਂ ਝੂਠਾ ਜਿਹਾ ਮੂੰਹ ਬਣਾ ਕੇ ਰੋਸਾ ਵੀ ਕੀਤਾ ਕਿ ਉਹਨੇ ਮੈਨੂੰ ਸੱਦਿਆ ਵੀ ਨਹੀਂ ਤੇ ਚੁੱਪ ਚੁਪੀਤੇ ..।

ਉਹ ਹੱਸ ਕੇ ਆਖਣ ਲੱਗੀ, 'ਐਨੀ ਛੇਤੀ-ਛੇਤੀ ਹੋਇਆ ਸਭ... ਮੈਨੂੰ ਤਾਂ ਆਪ ਨਹੀਂ ਕੁਝ ਸੁੱਝਿਆ ..ਸ਼ੁੱਕਰਵਾਰ ਜਦੋਂ ਮੈਂ ਘਰ ਪਹੁੰਚੀ ਤਾਂ ਇਨਾਂ ਦੇ ਭੂਆ ਜੀ ਸਾਡੇ ਘਰ ਆਏ ਬੈਠੇ ਸਨ ...ਉਹ ਸਾਡੀ ਰਿਸ਼ਤੇਦਾਰੀ ਵਿੱਚੋਂ ਨੇ...ਉਨਾਂ ਹੀ ਸਾਡਾ ਸਾਕ ਕਰਵਾਇਆ... ਪਰਸੋਂ ਦੂਜੇ ਸ਼ਨੀਵਾਰ ਦੀ ਛੁੱਟੀ ਆ ਗਈ ਤੇ ਉੱਦਣ ਹੀ ਸਾਰੀ ਗੱਲ-ਬਾਤ ਪੱਕੀ ਹੋ ਗਈ ਤੇ ਕੱਲ ਸਾਦੇ ਜਿਹੇ ਢੰਗ ਨਾਲ਼ ਸਾਡੇ ਕੁੜਮਾਈ ਕਰ ਦਿੱਤੀ ਘਰਦਿਆਂ ਨੇ'

ਮੈਂ ਉਹਨੂੰ ਹੱਸਦੇ ਹੋਏ ਪੁੱਛਿਆ, 'ਖ਼ੁਸ਼ ਐ ਹੁਣ? ਹੁਣ ਦੱਸ ਤੇਰੇ ਨਾਲ਼ ਤੁਰਿਆ ਜਾਂਦਾ ਜੱਚਦਾ ਕਿ ਨਹੀਂ ... ਨਜ਼ਰ-ਬੱਟੂ ਤਾਂ ਨਈ ਲੱਗਦਾ'।

ਉਹ ਮੇਰੀਆਂ ਗੱਲਾਂ ਸੁਣ ਹੱਸ ਪਈ। ਉਹਦੀਆਂ ਗੱਲ੍ਹਾਂ ਸੰਗ ਨਾਲ਼ ਲਾਲ ਹੋ ਗਈਆਂ। ਉਹਨੇ ਦੱਸਿਆ ਕਿ ਮੁੰਡਾ ਇੰਜੀਨੀਅਰ ਹੈ। ਹਾਲੇ ਮਸਾਂ ਹਫ਼ਤਾ ਕੁ ਲੰਘਿਆ ਹੋਣਾ ਕਿ ਇੱਕ ਨੌਜਵਾਨ ਮੇਰੇ ਸਕੂਲ ਵਿੱਚ ਆ ਮੈਥੋਂ ਨੇਹਾ ਬਾਰੇ ਪੁੱਛਣ ਲੱਗਿਆ। ਮੈਂ ਉਸ ਨੌਜਵਾਨ ਨੂੰ ਦਫ਼ਤਰ ਵਿੱਚ ਬਿਠਾਇਆ। ਐਨੇ ਨੂੰ ਨੇਹਾ ਵੀ ਆ ਗਈ। ਉਸ ਨੌਜਵਾਨ ਨਾਲ਼ ਉਹਨੇ ਮੇਰੀ ਰਸਮੀ ਤੌਰ 'ਤੇ ਜਾਣ-ਪਛਾਣ ਕਰਵਾਈ। ਭਾਵੇਂ ਮੈਂ ਉਸ ਨੌਜਵਾਨ ਨੂੰ ਵੇਖਦੇ ਸਾਰ ਬੁੱਝ ਲਿਆ ਸੀ ਕਿ ਉਹ ਕੌਣ ਹੈ? ਨੇਹਾ ਨੇ ਉਹਦੀਆਂ ਫ਼ੋਟੋਆਂ ਮੈਨੂੰ ਫ਼ੋਨ 'ਤੇ ਦਿਖਾਈਆਂ ਹੋਈਆ ਸਨ। ਹੁਣ ਉਹ ਦੂਏ-ਤੀਏ ਦਿਨ ਸਕੂਲ ਵਿੱਚ ਆ ਬੈਠਦਾ। ਮੈਨੂੰ ਉਹਦਾ ਇੰਜ ਰੋਜ਼ ਸਾਡੇ ਸਕੂਲ ਗੇੜੇ ਮਾਰਨਾ ਚੰਗਾ ਨਾ ਲੱਗਦਾ। ਨੇਹਾ ਦਾ ਫ਼ੋਨ ਹਰ ਘੜੀਆਂ ਕੰਨਾਂ ਨਾਲ਼ ਲੱਗਿਆ ਰਹਿੰਦਾ। ਪਤਾ ਨਹੀਂ ਉਹ ਫ਼ੋਨ 'ਤੇ ਕਿੰਨੀਆਂ ਗੱਲਾਂ ਕਰਦੇ, ਮੈਂ ਹੈਰਾਨ ਹੁੰਦੀ ਪਰ ਫੇਰ ਸੋਚਦੀ ਇਹ ਉਮਰ ਹੀ ਅਜਿਹੀ ਹੁੰਦੀ। ਮੈਂ ਗੱਲੀਂ-ਬਾਤੀ ਨੇਹਾ ਨੂੰ ਸਮਝਾਉਣਾ ਆਪਣਾ ਫ਼ਰਜ਼ ਸਮਝਿਆ ਕਿ ਹਾਲੇ ਨਵਾਂ-ਨਵਾਂ ਰਿਸ਼ਤਾ...ਬਹੁਤੀਆਂ ਗੱਲਾਂ ਵੀ ਚੰਗੀਆਂ ਨਹੀਂ...ਆਪਣੇ ਦਿਲ ਦੇ ਭੇਤ ਕਿਸੇ ਅੱਗੇ ਫ਼ਰੋਲਣ ਦੀ ਕਾਹਲ਼ੀ ਨਹੀਂ ਕਰੀਦੀ। ਮੇਰੀਆਂ ਗੱਲਾਂ ਸੁਣ ਉਹਦੇ ਮੱਥੇ 'ਤੇ ਵੱਟ ਪੈਂਦੇ ਮੈਨੂੰ ਸਾਫ਼ ਦਿਖਾਈ ਦੇਣ ਲੱਗੇ। ਮੈ ਉਹਨੂੰ ਕੁਝ ਵੀ ਕਹਿਣ ਤੋਂ ਡਰਨ ਲੱਗੀ। ਉਹ ਨੌਜਵਾਨ ਜਿਸ ਦਾ ਨਾਂ ਸੂਰਜ ਸੀ ਦੇ ਗੇੜੇ ਸਾਡੇ ਸਕੂਲ 'ਚ ਹੋਰ ਵਧਣ ਲੱਗੇ। ਕਦੇ ਉਹ ਨੇਹਾ ਨੂੰ ਛੱਡਣ ਆਉਂਦਾ ਤੇ ਕਦੇ ਲੈਣ। ਮੈਂ ਹੈਰਾਨ ਹੁੰਦੀ ਕਿ ਉਹਨੂੰ ਰੋਜ਼-ਰੋਜ਼ ਐਨਾ ਸਮਾਂ ਕਿੰਜ ਮਿਲ ਜਾਂਦਾ? ਉਹ ਡਿਊਟੀ 'ਤੇ ਕਿਹੜੇ ਵੇਲੇ ਜਾਂਦਾ ਹੋਊ? ਮੈਨੂੰ ਉਂਜ ਵੀ ਉਸ ਨੌਜਵਾਨ ਦਾ ਵਤੀਰਾ ਹੁਣ ਬੜਾ ਅਜੀਬ ਲੱਗਦਾ।

ਪਤਾ ਨਹੀਂ ਕਿਉਂ ਮੇਰੇ ਮਨ ਨੂੰ ਹਰ ਵੇਲੇ ਇੱਕ ਧੁੜਕੂ ਜਿਹਾ ਲੱਗਿਆ ਰਹਿੰਦਾ ਜਿਵੇਂ ਨੇਹਾ ਨਾਲ਼ ਕੋਈ ਬਹੁਤ ਵੱਡਾ ਧੋਖਾ ਹੋਣ ਵਾਲਾ...ਪਰ ਮੈਂ ਚਾਹੁੰਦੀ ਹੋਈ ਵੀ ਉਸ ਨੂੰ ਕੁਝ ਨਾ ਕਹਿ ਸਕਦੀ। ਇੱਕ ਦਿਨ ਨੇਹਾ ਕੋਈ ਜ਼ਰੂਰੀ ਕੰਮ ਦਾ ਬਹਾਨਾ ਬਣਾ ਅੱਧੇ ਦਿਨ ਦੀ ਛੁੱਟੀ ਲੈ ਕੇ ਚਲੇ ਗਈ। ਛੁੱਟੀ ਤੋਂ ਬਾਅਦ ਜਦੋਂ ਮੈਂ ਘਰ ਪਹੁੰਚੀ ਤਾਂ ਨੇਹਾ ਦੀ ਮਿਸ ਕਾਲ ਆਈ ਵੇਖੀ। ਦੁਬਾਰਾ ਫ਼ੋਨ ਕੀਤਾ ਤਾਂ ਉਹ ਆਖਣ ਲੱਗੀ ਕਿ ਜੇਕਰ ਘਰੋਂ ਕੋਈ ਫ਼ੋਨ ਆਇਆ ਤਾਂ ਤੁਸੀਂ ਆਖ ਦਿਓ ਕਿ ਕੋਈ ਜ਼ਰੂਰੀ ਡਾਕ ਲੈ ਦਫ਼ਤਰ ਜਾਣਾ ਪਿਆ। ਇਸ ਕਾਰਨ ਲੇਟ ਹੋ ਸਕਦੀ ਹੈ। ਮੈਂ ਅੱਗੋਂ ਕੁਝ ਆਖਾਂ, ਇਸ ਤੋਂ ਪਹਿਲਾਂ ਹੀ ਉਸ ਨੇ ਫ਼ੋਨ ਕੱਟ ਦਿੱਤਾ। ਮੈਨੂੰ ਨੇਹਾ ਦੇ ਇਸ ਝੂਠ 'ਤੇ ਬਹੁਤ ਗ਼ੁੱਸਾ ਆਇਆ ਪਰ ਮੈਂ ਕੀ ਕਹਿ ਸਕਦੀ ਸਾਂ ਹੁਣ?

ਅਗਲੇ ਦਿਨ ਮੁੜ ਉਹ ਨੌਜਵਾਨ ਸੂਰਜ ਉਹਨੂੰ ਛੱਡਣ ਸਕੂਲ ਆਇਆ। ਮੈਂ ਉਸ ਨੌਜਵਾਨ ਨੂੰ ਆਖ ਦਿੱਤਾ ਕਿ ਤੁਸੀਂ ਸਕੂਲ ਨਾ ਆਇਆ ਕਰੋ ...ਚੰਗਾ ਨਹੀਂ ਲੱਗਦਾ...ਪਿੰਡ ਦੇ ਲੋਕਾਂ ਨੂੰ ਤਰਾਂ-ਤਰਾਂ ਦੀਆਂ ਗੱਲਾਂ ਕਰਨ ਦਾ ਮੌਕਾ ਨਾ ਦਿਓ ਤਾਂ ਚੰਗਾ... ਨੌਜਵਾਨ ਬਿਨਾਂ ਕੁਝ ਆਖਿਆਂ ਮੱਥੇ ਵੱਟ ਪਾ ਕਾਹਲ਼ੇ-ਕਾਹਲ਼ੇ ਕਦਮ ਪੁੱਟ ਉੱਥੋਂ ਚਲਾ ਗਿਆ। ਉਹਦੇ ਜਾਣ ਤੋਂ ਬਾਅਦ ਨੇਹਾ ਗ਼ੁੱਸੇ ਨਾਲ਼ ਆਖਣ ਲੱਗੀ, 'ਮੈਡਮ! ਉਹ ਮੇਰਾ ਹੋਣ ਵਾਲਾ ਘਰਵਾਲਾ... ਤਾਂ ਕੀ ਹੋਇਆ ਜੇ ਉਹ ਮੈਨੂੰ ਛੱਡਣ ਜਾਂ ਲੈਣ ਆਉਂਦਾ?...ਤੁਹਾਨੂੰ ਕਿਉਂ ਬੁਰਾ ਲੱਗਦੈ? ਉਹ ਕਿਹੜਾ ਮੇਰੇ ਲਈ ਹੁਣ ਗ਼ੈਰ ਐ...ਜਿਹਦੀਆਂ ਲੋਕ ਗੱਲਾਂ ਬਣਾਉਣ...'

ਮੈਂ ਨੇਹਾ ਦੀਆਂ ਗੱਲਾਂ ਸੁਣ ਉਹਨੂੰ ਪਿਆਰ ਨਾਲ਼ ਸਮਝਾਉਣ ਦੀ ਕੋਸ਼ਿਸ਼ ਕੀਤੀ, 'ਦੇਖ! ਹਾਲੇ ਤੁਹਾਡਾ ਰਿਸ਼ਤਾ ਕੱਚੇ ਚੌਲ਼ਾਂ ਜਿਹਾ...' ਨੇਹਾ ਮੇਰੀ ਗੱਲ ਨੂੰ ਵਿੱਚ ਹੀ ਕੱਟਦੀ ਹੋਈ ਆਖਣ ਲੱਗੀ, 'ਕੱਚਿਆਂ ਚੌਲ਼ਾਂ ਵਰਗੀ ਕੋਈ ਗੱਲ ਨਹੀਂ... ਪਿੰਡ ਦੇ ਲੋਕਾਂ ਨੂੰ ਤਾਂ ਕੋਈ ਤਕਲੀਫ਼ ਨਹੀਂ...ਪਰ ਤੁਹਾਡੀ ਪਤਾ ਨਹੀਂ ਕੀ ਸਮੱਸਿਆ...ਜਿਹੜੇ ਮੇਰੇ ਨਾਲ਼ ਖਾਰ ਖਾਂਦੇ...' ਮੈਂ ਨੇਹਾ ਦੀਆਂ ਐਨੀਆਂ ਕੌੜੀਆਂ ਗੱਲਾਂ ਸੁਣ ਹੋਰ ਕੁਝ ਵੀ ਕਹਿਣ ਤੋਂ ਅਸਮਰਥ ਹੋ ਗਈ ਤੇ ਮੁੜ ਕਦੇ ਵੀ ਕੁਝ ਨਾ ਕਹਿਣ ਦਾ ਮਨ ਹੀ ਮਨ ਫ਼ੈਸਲਾ ਕਰ ਲਿਆ। ਕੁਲਜੀਤ ਨੇ ਵੀ ਉਹਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਦੇਖ ਰਿਸ਼ਤੇ ਦੀ ਇੱਕ ਮਾਣ ਮਰਿਆਦਾ ਹੁੰਦੀ ਐ...ਇਹ ਮਰਿਆਦਾ ਬਣਾਈ ਰੱਖਣੀ ਕੋਈ ਬਹੁਤੀ ਸੌਖੀ ਨਹੀਂ ਹੁੰਦੀ...ਨਵੇਂ ਸਹੇੜੇ ਰਿਸ਼ਤਿਆਂ ਦੇ ਰਾਹ ਵਿੱਚ ਹਰ ਕਦਮ ਬਹੁਤ ਬੋਚ-ਬੋਚ ਧਰਨਾ ਪੈਂਦਾ...ਨੀਤੂ ਮੈਡਮ ਕੁਝ ਗ਼ਲਤ ਨਹੀਂ ਕਹਿ ਰਹੇ...ਪਰ ਨੇਹਾ ਕੁਲਜੀਤ ਨਾਲ਼ ਵੀ ਉਲਝ ਪਈ।

ਮੈਂ ਨੇਹਾ ਨੂੰ ਬੁਲਾਉਣਾ ਬਹੁਤ ਘੱਟ ਕਰ ਦਿੱਤਾ ਤੇ ਨੇਹਾ ਵੀ ਹੁਣ ਮੇਰੇ ਕੋਲ਼ ਘੱਟ ਹੀ ਖੜਦੀ-ਬੈਠਦੀ। ਇੱਕ ਦਿਨ ਉਹ ਸਕੂਲ ਨਾ ਆਈ। ਭਾਵੇਂ ਰਜਿਸਟਰ ਵਿੱਚ ਉਹਦੀ ਛੁੱਟੀ ਭਰੀ ਹੋਈ ਸੀ ਪਰ ਉਹ ਸਕੂਲ ਵਿੱਚ ਹਾਜ਼ਰ ਨਾ ਹੋ ਕੇ ਵੀ ਮੇਰੇ ਮਨ ਵਿੱਚ ਹਾਜ਼ਰੀ ਲੁਆ ਸਾਰਾ ਦਿਨ ਘੁੰਮਦੀ ਰਹੀ। ਜਦੋਂ ਅਗਲੇ ਦਿਨ ਉਹ ਸਕੂਲ ਆਈ, ਉਹਦਾ ਗੁੰਮ-ਸੁੰਮ ਅਤੇ ਮੁਰਝਾਇਆ ਚਿਹਰਾ ਵੇਖ... ਮੇਰੇ ਮਨ ਵਿੱਚ ਅਜੀਬ-ਅਜੀਬ ਖ਼ਿਆਲ ਦਸਤਕ ਦੇਣ ਲੱਗੇ। ਇੱਕ ਵਾਰ ਤਾਂ ਮੇਰਾ ਮਨ ਕੀਤਾ ਕਿ ਮੈਂ ਉਸ ਨੂੰ ਬੁਲਾਵਾਂ ਤੇ ਇੱਕ ਵੱਡੀ ਭੈਣ ਵਾਂਗੂੰ ਉਹਦੇ ਚਿਹਰੇ 'ਤੇ ਫੈਲੀ ਉਦਾਸੀ ਦਾ ਕਾਰਨ ਪੁੱਛਾਂ ...ਪਰ ਮੈਂ ਚਾਹੁੰਦੇ ਹੋਏ ਵੀ ਚੁੱਪੀ ਵੱਟੀ ਰੱਖੀ। ਮੈਂ ਆਪਣੇ ਮਨ ਵਿੱਚ ਉੱਗੀਆਂ ਉੱਬੜ-ਖਾਬੜ ਸੋਚਾਂ ਨੂੰ ਕੁਲਜੀਤ ਨਾਲ਼ ਸਾਂਝਾ ਕੀਤਿਆਂ ਬਗ਼ੈਰ ਨਾ ਰਹਿ ਸਕੀ। ਮੈਂ ਕੁਲਜੀਤ ਨੂੰ ਉਹਦੇ ਨਾਲ਼ ਗੱਲ ਕਰ ਉਹਦੀ ਚਿੰਤਾ ਦੂਰ ਕਰਨ ਲਈ ਕਿਹਾ। ਜਦੋਂ ਕੁਲਜੀਤ ਓਹਦੇ ਨਾਲ਼ ਗੱਲ ਕਰਨ ਲੱਗੀ ਤਾਂ ਉਹ ਫਿੱਸ ਪਈ ਤੇ ਕੁਲਜੀਤ ਦੇ ਗਲ ਲੱਗ, ਅੱਖਾਂ ਭਰਦੀ ਹੋਈ ਆਖਣ ਲੱਗੀ, 'ਮੈਡਮ! ਸੂਰਜ ਮੇਰੇ 'ਤੇ ਗ਼ਲਤ ਸ਼ੱਕ ਕਰਦਾ... ਉਹ ਹੁਣ ਪਹਿਲਾਂ ਵਰਗਾ ਨਹੀਂ ਰਿਹਾ... ਉਹ ਗੱਲ-ਗੱਲ 'ਤੇ ਮੈਨੂੰ ਪੁੱਛਦਾ ਕਿ ਤੇਰੀ ਪਹਿਲਾਂ ਕਿਸੇ ਮੁੰਡੇ ਨਾਲ਼ ਦੋਸਤੀ ...ਜਾਂ ਕੋਈ ਮੁੰਡਾ ਤੈਨੂੰ ਪਸੰਦ ਸੀ?' ਮੈਂ ਉਹਨੂੰ ਕਿੰਨੀ ਵਾਰ ਆਖ ਚੁੱਕੀ ਹਾਂ ਕਿ ਮੇਰੇ ਨਾਲ਼ ਅਜਿਹੀਆਂ ਗੱਲਾਂ ਨਾ ਕਰਿਆ ਕਰ ...ਪਰ ਉਹਦੀ ਸੂਈ ਹਮੇਸ਼ਾਂ ਅਜਿਹੀਆਂ ਗੱਲਾਂ 'ਤੇ ਹੀ ਅੜੀ ਰਹਿੰਦੀ।

ਜੇਕਰ ਅਸੀਂ ਕਿਧਰੇ ਇਕੱਠੇ ਜਾਂਦੇ ਤਾਂ ਅਕਸਰ ਆਖਦਾ, 'ਵੇਖ! ਉਹ ਮੁੰਡਾ ਤੇਰੇ ਵੱਲ ਕਿੰਜ ਘੂਰ-ਘੂਰ ਕੇ ਵੇਖ ਰਿਹਾ... ਮੇਰਾ ਜੀਅ ਕਰਦਾ ਧੌਣ ਤੋਂ ਫੜਕੇ ਮਰੋੜ ਸੁੱਟਾਂ... ਤੂੰ ਜਾਣਦੀ ਤਾਂ ਨਹੀਂ ਉਸ ਮੁੰਡੇ ਨੂੰ?... ਤੂੰ ਵੀ ਬਹੁਤਾ ਏਧਰ ਉਧਰ ਨਾ ਵੇਖਿਆ ਕਰ... ਅੱਛਾ! ਕਾਲਜ ਟਾਈਮ 'ਚ ਕਿੰਨੇ ਕੁ ਮੁੰਡਿਆਂ ਨੂੰ ਤੂੰ ਜਾਣਦੀ ਸੀ?'

ਮੈਨੂੰ ਉਹਦੀਆਂ ਇਹ ਅਜੀਬ ਗੱਲਾਂ ਬਹੁਤ ਚੁੱਭਦੀਆਂ। ਮੈਂ ਉਸ ਨੂੰ ਕਿੰਨੀ ਵਾਰ ਸਮਝਾ ਚੁੱਕੀ ਹਾਂ ਕਿ ਜਮਾਤ ਵਿੱਚ ਪੜਦੇ ਵਿਦਿਆਰਥੀਆਂ ਨੂੰ ਮੈਂ ਜਾਣਦੀ ਸਾਂ ਤੇ ਉਹ ਮੈਨੂੰ...ਪਰ ਕਦੇ ਕਿਸੇ ਨਾਲ਼ ਮੈਂ ਗ਼ਲਤ ਨਹੀਂ ਸਾਂ...ਉਲਟਾ ਉਹ ਮੈਨੂੰ ਤੰਜ਼ ਕੱਸਦਾ,'ਤੂੰ ਐਨੀ ਸੋਹਣੀ...ਕਿਸੇ ਨਾ ਕਿਸੇ ਮੁੰਡੇ ਨੇ ਤਾਂ ਕਦੇ ਨਾ ਕਦੇ ਤੇਰਾ ਰਾਹ ਜ਼ਰੂਰ ਰੋਕਿਆ ਹੋਣਾ ਤੇ ਤੇਰੇ ਮਨ ਵਿੱਚ ਵੀ ਉਹਦੇ ਲਈ ਕੋਈ ਨਾ ਕੋਈ ਖ਼ਿਆਲ ਜ਼ਰੂਰ ਆਇਆ ਹੋਣਾ... ਦੱਸ, ਮੈਂ ਕਿਹੜਾ ਉਹਨੂੰ ਪੁੱਛਣ ਚੱਲਿਆ...'

ਮੈਂ ਉਹਨੂੰ ਸਮਝਾ- ਸਮਝਾ ਥੱਕ ਗਈ ਹਾਂ ਕਿ ਕਾਲਜ ਲਾਈਫ਼ ਬਹੁਤ ਪਿੱਛੇ ਛੁੱਟ ਗਈ ਐ...ਹੁਣ ਆਪਾਂ ਆਉਣ ਵਾਲੀ ਜ਼ਿੰਦਗੀ ਬਾਰੇ ਸੋਚੀਏ... ਇਸ ਗੱਲ 'ਤੇ ਉਹ ਚੁੱਪੀ ਵੱਟ ਲੈਂਦਾ ਤੇ ਫੇਰ ਮੁੜ ਮੇਰੀ ਕਿਸੇ ਗੱਲ ਦਾ ਹੁੰਗਾਰਾ ਵੀ ਨਹੀਂ ਭਰਦਾ। ਹੁਣ ਤਾਂ ਮੈਨੂੰ ਇੰਜ ਲੱਗਦਾ ਜਿਵੇਂ ਮੈਂ ਬਹੁਤ ਵੱਡੀ ਗ਼ਲਤੀ ਕਰ ਬੈਠੀ ਉਸ ਨੂੰ ਆਪਣਾ ਲਾਈਫ਼ ਪਾਰਟਨਰ ਚੁਣ ਕੇ...ਪਰ ਹੁਣ ਮੈਂ ਕੀ ਕਰਾਂ?... ਕੁਝ ਸਮਝ ਨਹੀਂ ਆਉਂਦਾ ਤੇ ਅਗਲੇ ਮਹੀਨੇ ਸਾਡਾ ਵਿਆਹ ਐ। ਮੇਰੇ ਘਰ ਦੇ ਸਾਰੇ ਖ਼ੁਸ਼ ਨੇ...ਇਸ ਲਈ ਮੈਂ ਵਿਆਹ ਤੋਂ ਵੀ ਇਨਕਾਰ ਨਹੀਂ ਕਰ ਸਕਦੀ...।

ਕੁਲਜੀਤ ਮੈਡਮ ਨੇ ਉਸ ਨੂੰ ਸਮਝਾਇਆ ਅਤੇ ਹਿੰਮਤ ਦਿੱਤੀ ਕਿ ਇੱਕ ਵਾਰੀ ਇਸ ਬਾਰੇ ਆਪਣੇ ਘਰਦਿਆਂ ਨਾਲ਼ ਗੱਲ ਕਰੇ ...ਉਹ ਕੋਈ ਨਾ ਕੋਈ ਹੱਲ ਜ਼ਰੂਰ ਕੱਢਣਗੇ ਅਤੇ ਸੂਰਜ ਨਾਲ਼ ਥੋੜੇ ਦਿਨ ਗੱਲ ਬਿਲਕੁਲ ਨਾ ਕਰੇ ...ਤਾਂ ਕਿ ਉਸ ਨੂੰ ਵੀ ਸਮਝ ਆਵੇ ਕਿ ਕੋਈ ਵੀ ਰਿਸ਼ਤਾ ਵਿਸਵਾਸ਼ ਦੀ ਬੁਨਿਆਦ 'ਤੇ ਹੀ ਟਿਕਦਾ ਹੈ... ਰਿਸ਼ਤਾ ਬਣਨ ਤੋਂ ਪਹਿਲਾਂ ਹੀ ਆਏ ਸ਼ੱਕ ਦੇ ਘੇਰਿਆਂ ਵਿੱਚ ਕੋਈ ਵੀ ਰਿਸ਼ਤਾ ਠਹਿਰ ਨਹੀਂ ਸਕਦਾ।

ਨੇਹਾ ਦੇ ਮਨ ਵਿੱਚ ਜਿਹੜੀ ਗੰਢ ਬੱਝ ਚੁੱਕੀ ਸੀ ਉਹ ਸਮੇਂ ਦੇ ਫੇਰ ਨਾਲ਼ ਹੋਰ ਵੀ ਪੀਢੀ ਹੋ ਰਹੀ ਸੀ। ਉਸ ਨੇ ਸੂਰਜ ਨਾਲ਼ ਗੱਲ ਕਰਨੀ ਬਹੁਤ ਹੀ ਘਟਾ ਦਿੱਤੀ ਅਤੇ ਉਹ ਸਕੂਲ ਵਿੱਚ ਉਦਾਸ ਜਿਹੀ ਰਹਿਣ ਲੱਗੀ। ਉਸ ਨੂੰ ਆਪਣੇ ਵਿਆਹ ਦਾ ਚਾਅ ਗੁਆਚਿਆ ਜਿਹਾ ਲੱਗਦਾ। ਮੈਥੋਂ ਉਹਦੀ ਇਹ ਹਾਲਤ ਵੇਖੀ ਨਾ ਗਈ। ਇੱਕ ਦਿਨ ਮੈਂ ਅੱਧੀ ਛੁੱਟੀ ਵੇਲੇ ਉਹਦੇ ਕੋਲ਼ ਜਾ ਬੈਠੀ ਤੇ ਉਹਦਾ ਹਾਲ-ਚਾਲ ਪੁੱਛਣ ਲੱਗੀ। ਉਹ ਬਹੁਤ ਹੀ ਬੁਝੇ ਜਿਹੇ ਸੁਰ ਵਿੱਚ ਮੇਰੀਆਂ ਪੁੱਛੀਆਂ ਗੱਲਾਂ ਦਾ ਜਵਾਬ ਦਿੰਦੀ ਰਹੀ। ਜਿੰਨੀ ਕੁ ਮੈਂ ਗੱਲ ਕਰਾਂ ਉਨਾ ਕੁ ਹੀ ਉਹ ਹੁੰਗਾਰਾ ਭਰਦੀ। ਉਹ ਵੀ ਫ਼ਾਰਮੈਲਿਟੀ ਦੇ ਤੌਰ 'ਤੇ। ਮੈਨੂੰ ਉਹਦਾ ਇਹ ਵਤੀਰਾ ਬਹੁਤ ਚੁੱਭ ਰਿਹਾ ਸੀ। ਮੈਂ ਮਨ ਕਰੜਾ ਜਿਹਾ ਕਰਕੇ ਉੱਥੋਂ ਉੱਠ ਆਪਣੀ ਜਮਾਤ ਵਿੱਚ ਆ ਗਈ ਪਰ ਮੇਰੀਆਂ ਸੋਚਾਂ ਉਹਦੇ ਆਲੇ-ਦੁਆਲੇ ਹੀ ਘੁੰਮਦੀਆਂ ਰਹੀਆਂ। ਮੇਰਾ ਜੀਅ ਕਰੇ ਮੈਂ ਉਹਨੂੰ ਕਹਾਂ ਕਿ ਹਾਲੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ... ਇਨਕਾਰ ਕਰਦੇ ਇਸ ਰਿਸ਼ਤੇ ਤੋਂ ਜਿਹਨੂੰ ਪਹਿਲਾਂ ਹੀ ਸ਼ੱਕ ਦੀਆਂ ਤੰਦਾਂ ਉਲਝਾ ਬੈਠੀਆਂ ....ਤੇਰੇ ਮਾਂ-ਪਿਓ ਵੀ ਤੇਰੀ ਹਾਲਤ ਸਮਝ ਲੈਣਗੇ .... ਇੱਕ ਵਾਰ ਉਨਾਂ ਨਾਲ਼ ਗੱਲ ਕਰਕੇ ਤਾਂ ਵੇਖ ... ।

ਅਗਲੇ ਦਿਨ ਜਦੋਂ ਮੈਂ ਸਕੂਲ ਪਹੁੰਚੀ ਉਸ ਦਾ ਮੁਰਝਾਇਆ ਚਿਹਰਾ ਅੱਜ ਕੁੱਝ ਠੀਕ ਲੱਗ ਰਿਹਾ ਸੀ। ਮੈਂ ਕੁਲਜੀਤ ਮੈਡਮ ਨੂੰ ਪੁੱਛਿਆਂ ਤਾਂ ਉਨਾਂ ਦੱਸਿਆ ਕਿ ਪਿਛਲੇ ਹਫ਼ਤੇ ਨੇਹਾ ਨੇ ਆਪਣੀ ਵੱਡੀ ਭੈਣ ਨਾਲ਼ ਸੂਰਜ ਦੇ ਅਜਿਹੇ ਵਰਤਾਓ ਬਾਰੇ ਗੱਲ ਕੀਤੀ ਸੀ ਜਿਹੜੀ ਛੇਤੀ ਹੀ ਸਾਰੇ ਪਰਿਵਾਰਕ ਮੈਂਬਰਾਂ ਤੱਕ ਪੁੱਜਦੀ ਹੋ ਗਈ। ਭੂਆ ਵਿਚੋਲਣ ਤੱਕ ਵੀ ਗੱਲ ਅੱਪੜਨ ਵਿੱਚ ਦੇਰ ਨਾ ਲੱਗੀ। ਦੋਹਾਂ ਪਰਿਵਾਰਾਂ ਨੇ ਸੂਰਜ ਤੇ ਨੇਹਾ ਦੇ ਮਨਾਂ ਵਿੱਚ ਆਈਆਂ ਗੁੰਝਲਾਂ ਨੂੰ ਖੋਲਣ ਲਈ ਉਨਾਂ ਨੂੰ ਆਹਮੋ- ਸਾਹਮਣੇ ਬਿਠਾ ਕੇ ਗੱਲ ਸਪੱਸ਼ਟ ਕਰਨ ਦਾ ਮਤਾ ਪੁਗਾ ਲਿਆ ਤਾਂ ਜੋ ਭਵਿੱਖ ਵਿੱਚ ਉਨਾਂ ਦੀ ਵਿਆਹੁਤਾ ਜ਼ਿੰਦਗੀ ਵਿੱਚ ਕਿਸੇ ਤਰਾਂ ਦੀ ਗੰਢ ਕਿਸੇ ਦੇ ਵੀ ਮਨ ਵਿੱਚ ਬੱਝੀ ਨਾ ਰਹੇ। ਕੱਲ ਸੂਰਜ ਨੇ ਆਪਣੇ ਮਨ ਵਿੱਚ ਆਏ ਇਨਾਂ ਬੇਲੋੜੇ ਵਾਵਰੋਲਿਆਂ ਲਈ ਮੁਆਫ਼ੀ ਮੰਗਣ ਲੱਗਿਆਂ ਦੇਰ ਨਾ ਲਾਈ। ਉਹ ਆਪਣੇ ਵਤੀਰੇ ਤੋਂ ਸ਼ਰਮਿੰਦਾ ਹੈ ਤੇ ਉਹਨੇ ਵਾਅਦਾ ਕੀਤਾ ਕਿ ਅੱਗੇ ਤੋਂ ਕਦੇ ਵੀ ਅਜਿਹੀ ਘਟੀਆ ਗੱਲ ਨਹੀਂ ਕਰੇਗਾ। ਆਪਣੀ ਗ਼ਲਤੀ ਦਾ ਉਸ ਨੂੰ ਹੁਣ ਅਹਿਸਾਸ ਹੋ ਗਿਆ ਹੈ।

ਮੈਂ ਕੁਲਜੀਤ ਮੈਡਮ ਦੀ ਗੱਲ ਸੁਣ ਕੇ ਮੁੜ ਤੋਂ ਚੁੱਪ ਹੋ ਗਈ ਤੇ ਸੋਚਣ ਲੱਗੀ ਕਿ ਔਰਤ ਕਿੰਨੀ ਭੋਲ਼ੀ ਹੁੰਦੀ ਹੈ... ਜਿਹਨੂੰ ਪਿਆਰ ਕਰਦੀ ਹੈ ਕਿੰਨੀ ਛੇਤੀ ਉਸ 'ਤੇ ਇਤਬਾਰ ਕਰ ਲੈਂਦੀ ਹੈ...ਪਰ ਮੈਨੂੰ ਸੂਰਜ 'ਤੇ ਭੋਰਾ ਵੀ ਭਰੋਸਾ ਨਹੀਂ ਸੀ...ਮੇਰੇ ਮਨ ਅੰਦਰ ਅਜੀਬ ਜਿਹੇ ਸਵਾਲ ਉੱਠ ਰਹੇ ਸਨ ਕਿ ਕੀ ਸੱਚਮੁੱਚ ਸੂਰਜ ਮੁੜ ਅਜਿਹੇ ਸਵਾਲ ਉਸ ਦੇ ਸਾਹਮਣੇ ਨਹੀਂ ਦੁਹਰਾਏਗਾ?...ਕਿਉਂਕਿ ਜਿਸ ਰਿਸ਼ਤੇ ਦੀ ਸ਼ੁਰੂਆਤ ਹੀ ਅਜਿਹੇ ਪ੍ਰਸ਼ਨਾਂ 'ਤੇ ਹੋਵੇ... ਉਸ ਰਿਸ਼ਤੇ ਦੀ ਉਮਰ ਕਿੰਨੀ ਕੁ ਹੋ ਸਕਦੀ ਹੈ? ਮੈਂ ਮੁੜ ਨੇਹਾ ਨੂੰ ਸਮਝਾਉਣਾ ਚਾਹੁੰਦੀ ਸਾਂ ਪਰ ਚਾਹ ਕੇ ਵੀ ਉਸ ਦੇ ਖਿੜੇ ਚਿਹਰੇ ਨੂੰ ਵੇਖ ਕੁਝ ਨਾ ਆਖ ਸਕੀ। ਉਸ ਨੇ ਆਪਣੇ ਵਿਆਹ ਦਾ ਕਾਰਡ ਤੇ ਮਠਿਆਈ ਦਾ ਡੱਬਾ ਜਦੋਂ ਮੈਨੂੰ ਦਿੱਤਾ, ਮੈਨੂੰ ਉਹਦੀਆਂ ਅੱਖਾਂ ਵਿੱਚ ਅਜੀਬ ਜਿਹੇ ਪ੍ਰਸ਼ਨਾਂ ਦੇ ਪਰਛਾਵਿਆਂ ਦੀ ਗੂੜੀ ਝਲਕ ਮਹਿਸੂਸ ਹੋਈ...ਪਤਾ ਨਹੀਂ ਇਹ ਮੇਰੇ ਮਨ ਦਾ ਵਹਿਮ ਸੀ ਜਾਂ ਕੁਝ ਹੋਰ...ਮੈਨੂੰ ਇੰਜ ਲੱਗਿਆ ਜਿਵੇਂ ਉਹ ਕਹਿ ਰਹੀ ਹੋਵੇ ਕਿ ਮੈਂ ਜਿੱਤ ਗਈ ਹਾਂ...ਦੇਖੋ ਮੇਰੇ ਹੱਥਾਂ 'ਤੇ ਰੰਗਲੀ ਮਹਿੰਦੀ ਲੱਗਣ ਜਾ ਰਹੀ ਹੈ...ਹੁਣ ਸੂਰਜ ਭਾਵੇਂ ਮੈਨੂੰ ਲੈਣ ਆਵੇ ਭਾਵੇਂ ਛੱਡਣ...ਤੁਸੀਂ ਕੀ ਕਹਿ ਕੇ ਰੋਕੋਗੇ?... ਤੁਹਾਡੇ ਕੱਚੇ ਚੌਲ਼ ਤੁਹਾਨੂੰ ਮੁਬਾਰਕ...।

ਮੈਨੂੰ ਉਹਦੀਆਂ ਅੱਖਾਂ ਦੀ ਚਮਕ ਤੋਂ ਭੈਅ ਜਿਹਾ ਆਇਆ ਤੇ ਮੇਰੇ ਬੁੱਲਾਂ ਤੋਂ 'ਮੁਬਾਰਕਬਾਦ' ਸ਼ਬਦ ਵੀ ਮਸਾਂ ਹੀ ਉੱਘੜਿਆ।

**ਬਾਕੀ ਸਫ਼ਾ 30 'ਤੇ**




## ਪਾਠਕਾਂ ਦਾ ਨਜ਼ਰੀਆ

### ਬਾਦਲਾਂ ਦੀ ਹਾਰ ’ਤੇ ਜਥੇਦਾਰ ਹਰਪ੍ਰੀਤ ਸਿੰਘ ਦੇ ਗ਼ੈਰ-ਸਿਧਾਂਤਕ ਵਿਚਾਰ

ਸ਼੍ਰੋਮਣੀ ਅਕਾਲੀ ਦਲ, ਜੋ ਅਸਲ ਵਿੱਚ ਇੱਕ ਭਿਆਨਕ ਗੈਂਗ ਮਾਫ਼ੀਆ ਤੇ ਕੇਂਦਰ ਦੇ ਏਜੰਟ ਬਾਦਲ ਪਰਿਵਾਰ ਦੀ ਭਿਆਨਕ ਹਾਰ ’ਤੇ ਜਥੇਦਾਰ ਹਰਪ੍ਰੀਤ ਸਿੰਘ ਨੇ ਵਿਚਾਰ ਪ੍ਰਗਟ ਕਰਦਿਆਂ ਸਿੱਖ ਸੰਗਤ ਨੂੰ ਗੁਮਰਾਹ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਉਹਨਾਂ ਨੇ ਪ੍ਰਕਾਸ਼ ਸਿੰਘ ਬਾਦਲ ਦੀ ਤਰਜ਼ ’ਤੇ ਸਿੱਖਾਂ ਨੂੰ ਭਾਵੁਕ ਕਰਨ ਦੀ ਨਾਕਾਮਯਾਬ ਕੋਸ਼ਿਸ਼ ਕਰਦਿਆਂ ਕਿਹਾ ਕਿ ਉਹਨਾਂ ਨੂੰ ਦੇਸ਼ਾਂ-ਵਿਦੇਸ਼ਾਂ ਤੋਂ ਸੁਹਿਰਦ ਸਿੱਖਾਂ, ਸਿੱਖ ਸੰਗਤਾਂ ਦੇ ਸੁਨੇਹੇ ਮਿਲ ਰਹੇ ਨੇ ਕਿ ਅਕਾਲੀ ਦਲ ਹਾਰ ਗਿਆ, ਬਹੁਤ ਮਾੜਾ ਹੋਇਆ। ਉਹਨਾਂ ਅਕਾਲੀ ਦਲ ’ਤੇ ਕਾਬਜ਼ ਸਿੱਖੀ ਦਾ ਘਾਣ ਕਰਵਾਉਣ ਵਾਲੇ ਬਾਦਲ ਪਰਿਵਾਰ ਤੇ ਇਸ ਦੇ ਗੈਂਗ ਨੂੰ ਸਹੀ ਅਕਾਲੀ ਦਲ ਦੀਆਂ ਕੁਰਬਾਨੀਆਂ ਨਾਲ਼ ਤੁਲਨਾ ਕਰਕੇ ਇੱਕ ਕੁ਼ਫਰ ਤੋਲਿਆ ਹੈ।

ਜਥੇਦਾਰ ਸਾਹਿਬ ਯਾਦ ਰੱਖਿਓ ਰਸੂਲ ਹਮਜ਼ਾਤੋਵ ਨੇ ਲਿਖਿਆ ਸੀ, ‘ਜੇ ਤੁਸੀਂ ਇਤਿਹਾਸ ’ਤੇ ਪਿਸਤੌਲ਼ ਨਾਲ਼ ਗੋਲੀ ਚਲਾਓਗੇ ਤਾਂ ਭਵਿੱਖ ਤੁਹਾਨੂੰ ਤੋਪ ਨਾਲ਼ ਫੁੰਡੇਗਾ’

ਤੁਸੀਂ ਬਾਦਲਾਂ ਦੇ ਹਿਤਾਂ ਲਈ ਅਕਾਲੀ ਦਲ ਦੀਆਂ ਕੁਰਬਾਨੀ ਦੀ ਤੌਹੀਨ ਨਾ ਕਰੋ। ਇਤਿਹਾਸ ਕਦੇ ਤੁਹਾਨੂੰ ਮਾਫ਼ ਨਹੀਂ ਕਰੇਗਾ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ 14 ਦਸੰਬਰ 1920 ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਆਗਿਆ ਨਾਲ਼ ਸ਼ੁਰੂ ਕੀਤਾ ਅਕਾਲੀ ਦਲ ਦੇ ਅਕਾਲੀਆਂ ਦੀਆਂ ਬਹੁਤ ਕੁਰਬਾਨੀਆਂ ਸਨ, ਉਸ ਵੇਲੇ ਦੀ ਬ੍ਰਿਟਿਸ਼ ਸਾਮਰਾਜ ਦੀ ਸ਼ਹਿ ’ਤੇ ਗੁਰੂ ਘਰਾਂ ਵਿੱਚ ਕਾਬਜ਼ ਮਹੰਤ ਮਾਫ਼ੀਆ ਵਿਰੁੱਧ ਤੇ ਨਾਲ਼ ਹੀ ਅੰਗਰੇਜ਼ ਸਾਮਰਾਜ ਵਿਰੁੱਧ ਉਹਨਾਂ ਨੇ ਸਿੱਖੀ ਸਿਧਾਂਤਾਂ ਅਧਾਰਿਤ ਜਾਨ ਹੂਲਵੀਆਂ ਕੁਰਬਾਨੀਆਂ ਦਿੱਤੀਆਂ। ਫਿਰ ਜਿਵੇਂ ਹੀ ਉਹ ਕੁਰਸੀ ’ਤੇ ਲਾਲਾਂ ਸੁੱਟਦੇ ਹੋਏ, ਕਾਬਜ਼ ਹੋ ਗਏ ਤਾਂ ਉਹ ਅਕਾਲੀ ਦਲ ਪਹਿਲਾ ਵਾਲਾ ਅਕਾਲੀ ਦਲ ਨਹੀਂ ਰਿਹਾ, ਉਹ ਸੁਰਜੀਤ ਸਿੰਘ ਬਰਨਾਲ਼ੇ ਤੋਂ ਲੈ ਕੇ ਪ੍ਰਕਾਸ਼ ਸਿੰਘ ਬਾਦਲ ਤੱਕ ਸਭ ਇੰਡੀਅਨ ਸਟੇਟ ਦੇ ਏਜੰਟ ਬਣ ਗਏ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੇਲੇ ਤੋਂ ਲੈ ਕੇ ਸਿੱਖ ਨੌਜਵਾਨਾਂ ਦੇ ਕਾਤਲ ਸੁਮੇਧ ਸੈਣੀ ਨੂੰ ਪੰਜਾਬ ਪੁਲਿਸ ਦਾ ਮੁਖੀ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਦਮਾਸ਼ ਸਿਰਸਾ ਡੇਰਾ ਦੇ ਮੁਖੀ ਨਾਲ਼ ਯਾਰਾਨਾ, ਚਿੱਟੇ ਨਾਲ਼ ਪੰਜਾਬ ਨੌਜਵਾਨਾਂ ਦੇ ਬਲਦੇ ਸਿਵੇ, ਇਨਸਾਫ਼ ਮੰਗ ਰਹੇ ਨਿਰਦੋਸ਼ ਸਿੱਖਾਂ ’ਤੇ ਗੋਲੀਆਂ ਚਲਾ ਕੇ ਦੋ ਨੂੰ ਸ਼ਹੀਦ ਕਰਨ ਤੱਕ, ਉਹਨਾਂ ਨੇ ਹਰ ਥਾਂ ਗ਼ੱਦਾਰਾਂ ਦੀ ਭੂਮਿਕਾ ਨਿਭਾਈ। ਪ੍ਰਕਾਸ਼ ਸਿੰਘ ਬਾਦਲ ਕੰਪਨੀ ਦੇ ਕਾਲ਼ੇ ਕਾਰਨਾਮਿਆਂ ਦੀ ਗਿਣਤੀ ਕੀਤੀ ਜਾਵੇ ਤਾਂ ਇਹ ਅਮਰੀਕਾ ਸਾਮਰਾਜ ਦੇ ਜ਼ੁਲਮਾਂ ਵਾਂਗ ਇੱਕ ਬਹੁਤ ਲੰਮਾ ਕਾਲ਼ਾ ਇਤਿਹਾਸ ਹੋਵੇਗਾ।

‘ਆਪ’ ਇੱਕ ਟੇਟਰ ਕੇਜਰੀਵਾਲ ਦੀ ਪਾਰਟੀ ਪੰਜਾਬ ਦਾ ਕੋਈ ਹਮਦਰਦੀ ਨਹੀਂ, ਉਹ ਵੀ ਆਰ.ਐੱਸ.ਐੱਸ. ਦਾ ਇੱਕ ਹੋਰ ਵੱਖਰਾ ਮਖੌਟਾਧਾਰੀ ਵਿੰਗ ਹੈ, ਪਰ ਪੰਜਾਬੀਆਂ ਕੋਲ਼ ਬਾਦਲ ਮਾਫ਼ੀਆ ਤੋਂ ਛੁਟਕਾਰਾ ਪਾਉਣ ਲਈ ਕੋਈ ਰਾਹ ਨਹੀਂ ਸੀ, ਇੱਕਲੇ ਪੰਜਾਬੀਆਂ ਜਾਂ ਸਿੱਖਾਂ ਨੇ ਹੀ ਨਹੀਂ, ਸਗੋਂ ਕੁਦਰਤ ਨੇ ਵੀ ਤੁਹਾਡੇ ਮਾਲਕ ਬਾਦਲਾਂ ਨੂੰ ਕਰਨੀ ਦਾ ਫਲ਼ ਚਖਾ ਦਿੱਤਾ। ਕਿਉਂਕਿ ਜਿਹਨਾਂ ਧਾਰਮਿਕ ਕੁਰੀਤੀਆਂ ਵਿਰੁੱਧ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਹੋਈ ਸੀ, ਹੁਣ ਇੱਕ ਸਦੀ ਬਾਅਦ ਇਸ ਤੋਂ ਵੀ ਭਿਆਨਕ ਕੁਰੀਤੀਆਂ ਅਕਾਲੀ ਦਲ ’ਤੇ ਕਾਬਜ਼ ਕੰਪਨੀ ਤੇ ਇਸ ਕਮੇਟੀ ਵਿੱਚ ਹਨ।

ਜਥੇਦਾਰ ਜੀ! ਘੱਟੋ ਘੱਟ ਤੁਸੀਂ ਬਾਦਲ ਮਾਫ਼ੀਆ ਦੇ ਪਿੱਛਲੱਗ ਨਾ ਬਣੋ। ਸਿੱਖ ਸੰਗਤ ਨੂੰ ਗੁਮਰਾਹ ਕਰਨ ਦਾ ਤੁਹਾਡੇ ਕੋਲ਼ ਕੋਈ ਹੱਕ ਨਹੀਂ।

**ਪੱਤਰਕਾਰ ਬਲਜਿੰਦਰ ਸਿੰਘ ਕੋਟਭਾਰਾ**

### ‘ਆਪ’ ਦੀ ਜਿੱਤ ਜਾਂ ਪੰਜਾਬ ਦੇ ਅਕਰੋਸ਼ ਦੀ ਜਿੱਤ..?

‘ਆਪ’ ਕਿਵੇਂ ਏਡਾ ਭਾਰੀ ਬਹੁਮਤ ਲੈ ਗਈ? ਇਹਦੇ ਵਿੱਚ ਆਪ ਦੀ ਕਾਰਗੁਜ਼ਾਰੀ ਦਾ ਰੱਤੀ ਭਰ ਵੀ ਰੋਲ਼ ਨਹੀਂ। ਅਸਲ ਵਿੱਚ ਮੁੱਖ ਰੋਲ਼ ਪੰਜਾਬ ਵਿੱਚ ਵਿਆਪਤ ਸੰਕਟ ਵਿੱਚੋਂ ਨਿਕਲਿਆ ਪੰਜਾਬੀਆਂ ਦਾ ਤਿੱਖਾ ਰੋਹ ਸੀ। ਏਸ ਰੋਹ ਦੀ ਚਿੰਗਾਰੀ ਤਿੱਖੀ ਤਰਾਂ ਧੁੱਖ ਰਹੀ ਸੀ, ਉਹਨਾਂ ਵਿਰੁੱਧ ਜਿਨਾਂ ਪੰਜਾਬ ਨਾਲ਼ ਧ੍ਰੋਹ ਕਮਾਇਆ ਸੀ। ਰਾਜੇ ਸ਼ੀਂਹ ਹੋ ਚੁੱਕੇ ਸਨ, ਖ਼ੂਨ ਮੂੰਹ ਨੂੰ ਲੱਗ ਚੁੱਕਿਆ ਸੀ। ਪੰਜਾਬ ਦੀਆਂ ਨਰੋਈਆਂ ਨੈਤਿਕ ਕਦਰਾਂ ਕੀਮਤਾਂ ਨੂੰ ਮਧੋਲ਼ਿਆ ਜਾ ਰਿਹਾ ਸੀ। ਪੰਜਾਬ ਏਸ ਵੇਲੇ ਖੁੰਗਲ ਹੋਇਆ ਪਿਐ। ਕਿਸੇ ਵੇਲੇ ਵਸਦਾ ਰਸਦਾ ਪੰਜਾਬ ਨਮੋਸ਼ੀ ਦਾ ਮਾਰਿਆ ਬਾਹਰ ਨੂੰ ਦੌੜ ਰਿਹੈ। ਘਰ ਰੁਜ਼ਗਾਰ ਨਹੀਂ, ਬਾਹਰ ਧੱਕੇ ਮਿਲ ਰਹੇ ਨੇ। ਬਹੁਤੇ ਨਿਰਾਸ਼ ਨੌਜਵਾਨਾਂ ਨੂੰ ਚਿੱਟੇ ਨੇ ਚੱਟ ਲਿਐ ਤੇ ਕੁੱਝ ਨੌਜਵਾਨ ਗੈਂਗਵਾਰ ਦੇ ਢਏ ਚੜ ਕੇ ਆਪਸ ਵਿੱਚ ਜਾਂ ਪੁਲਸੀਆਂ ਗੋਲੀ ਨਾਲ਼ ਮਰ ਖੱਪ ਰਹੇ ਨੇ। ਨੌਜਵਾਨ ਵੀ ਕਿੱਥੇ ਜਾਣ? ਉਹਨਾਂ ਨੂੰ ਸਾਡੀ ਰਾਜਨੀਤੀ ਨੇ ਕੋਈ ਥਹੁ ਪੱਲਾ ਫੜਾਇਆ ਈ ਨਹੀਂ। ਸਾਡੀ ਰਾਜਨੀਤੀ ਫੜਾਵੇ ਵੀ ਕਿਵੇਂ? ਉਹ ਤਾਂ ਖ਼ੁਦ ਗੈਂਗਸਟਰ ਬਣੀ ਹੋਈ ਹੈ। ਪੰਜਾਬ ਦੇ ਸਾਰੇ ਦੇ ਸਾਰੇ ਰਿਸੋਰਸਜ਼ ਨੂੰ ਬੋਝਿਆਂ ਵਿੱਚ ਪਾ ਰੱਖਿਐ ਸਾਡੀ ਰਾਜਨੀਤੀ ਨੇ, ਬਚਾਇਆ ਈ ਕੀ ਹੈ ਜਿਹੜਾ ਨੌਜਵਾਨਾਂ ਨੂੰ ਕੋਈ ਕੰਮ ਦੇ ਸਕੇ ਤੇ ਏਦਾਂ ਪੰਜਾਬ ਦਾ ਪੂਰੇ ਦਾ ਪੂਰਾ ਇਨਫ਼ਰਾਸਟਰਕਚਰ ਹਿਲਾ ਕੇ ਰੱਖ ਦਿੱਤਾ ਇਹਨਾਂ ਨੇ, ਜਿਵੇਂ ਪੰਜਾਬ ਨਾ ਹੋ ਗਿਆ ਕੋਈ ਵੱਡਾ ਲੁੱਟ ਦਾ ਖ਼ਜ਼ਾਨਾ ਹੋ ਗਿਆ ਕਿ ਚਹੁੰ ਹੱਥੀਂ ਲੁੱਟੀ ਜਾਉ। ਅਖ਼ੀਰ ਫਿਰ ਪਾਪ ਦੇ ਘੜੇ ਨੇ ਤਾਂ ਭਰਨਾ ਹੀ ਸੀ। ਏਸ ਪਾਪ ਦੇ ਘੜੇ ਤੋਂ ਪਹਿਲਾ ਢੱਕਣ ਬਰਗਾੜੀ ਮੋਰਚੇ ਨੇ ਚੱਕਿਆ ਬੇਅਦਬੀ ਸੰਬੰਧੀ, ਫੇਰ ਕਿਸਾਨੀ ਮੋਰਚੇ ਨੇ। ਪੰਜਾਬ ਦਾ ਰੋਹ ਵੱਖ-ਵੱਖ ਰੂਪਾਂ ਵਿੱਚ ਚੱਲ ਰਿਹਾ ਸੀ,ਬਸ ਕੇਵਲ ਪਛਾਣਨ ਦੀ ਹੀ ਤਾਂ ਲੋੜ ਸੀ। ਅਗਰ ਏਸ ਰੋਹ ਨੂੰ ਪੂਰੇ ਜਬੇ ਵਿੱਚ ਕੋਈ ਥਾਂ ਮਿਲੀ ਹੈ ਤਾਂ ਉਹ ਦਿੱਲੀ ਦਾ ਕਿਸਾਨ ਮੋਰਚਾ ਹੀ ਸੀ। ਇਹ ਮੋਰਚਾ ਪੰਜਾਬ ਦੇ ਰੋਹ ਦਾ ਜੁਝਾਰੂ ਪ੍ਰਤੀਕ ਸੀ। ਏਸ ਰੋਹ ਨੇ ਦਰਸਾ ਦਿੱਤਾ ਸੀ ਕਿ ਪੰਜਾਬ ਕਰਵੱਟ ਲੈ ਚੁੱਕਿਐ।ਅਗਰ ਏਸ ਮੋਰਚੇ ਵਿੱਚੋਂ ਸਮਾਂ ਰਹਿੰਦਿਆਂ ਕੋਈ ਰਾਜਨੀਤਿਕ ਧਿਰ ਨਿਕਲ ਆਉਂਦੀ ਤਾਂ ਨਿਸ਼ਚੇ ਹੀ ਓਸ ਨੇ ਹੀ ਜਿੱਤਣਾ ਸੀ,ਉਹ ਪੰਜਾਬ ਦੀ ਔਰਗੈਨਿਕ ਕਿਸਮ ਦੀ ਪਾਰਟੀ ਹੁੰਦੀ। ਕੇਂਦਰ ਦੀ ਬੀਜੇਪੀ ਵੀ ਸ਼ਾਇਦ ਸਮਝ ਚੁੱਕੀ ਸੀ ਕਿ ਅਗਰ ਤਿੰਨ ਕਨੂੰਨਾਂ ਨੂੰ ਪੰਜਾਬ ਦੀ ਚੋਣ ਤੱਕ ਲੇਟ ਕੀਤਾ ਜਾਵੇ ਤਾਂ ਜੋ ਕੋਈ ਸਮੇਂ ਰਹਿੰਦਿਆਂ ਸ਼ਰੀਕ ਰਾਜਨੀਤਕ ਧਿਰ ਨਾ ਗਲ਼ ਪੈ ਜਾਵੇ ਜਿਹੜੀ ਦੇਸ਼ ਦੀ ਆਤਮਾ ਨੂੰ ਜਗਾ ਦੇਵੇ। ਏਸ ਕੂਟਨੀਤੀ ਤੇ ਚੱਲਦਿਆਂ ਬੀਜੇਪੀ ਸਫ਼ਲ ਰਹੀ ਹੈ ਜਿਸ ਨਾਲ਼ ਕਿਸਾਨ ਮੋਰਚੇ ਵਿੱਚੋਂ ਪੰਜਾਬ ਚੋਣਾਂ ਦੇ ਲਾਗੇ ਨਿਕਲੀ ਸ.ਸ.ਮ. ਬੁਰੀ ਤਰਾਂ ਪੱਛੜ ਕੇ ਰਹਿ ਗਈ। ਤਿੰਨ ਕਨੂੰਨ ਅਗਰ ਪੰਜ ਸੱਤ ਮਹੀਨੇ ਪਹਿਲਾਂ ਕਿਤੇ ਬੀਜੇਪੀ ਵਾਪਸ ਲੈ ਲੈਂਦੀ ਤਾਂ ਨਿਸਚੇ ਹੀ ਕਿਸਾਨੀ ਮੋਰਚੇ ’ਚੋਂ ਨਿਕਲੀ ਰਾਜਨੀਤਕ ਧਿਰ ਅੱਜ ਪੰਜਾਬ ਦੀ ਹਾਕਮ ਹੁੰਦੀ। ਮੌਜੂਦਾ ਦੌਰ ਅੰਦਰ ਪੰਜਾਬ ਦੇ ਰੋਹ ਨੂੰ ‘ਆਪ’ ਨੂੰ ਵੀ ਤੇ ਪੰਜਾਬ ਦੇ ਚਿੰਤਕਾਂ ਨੂੰ ਸਮਝਣਾ ਪੈਣੈ ਤੇ ਤਾਰਕਿਕ ਢੰਗ ਨਾਲ਼ ਸੰਵਾਦ ਰਚਾਉਣਾ ਪੈਣੈ, ਨਹੀਂ ਤਾਂ ਇਹ ਰੋਹ ਕਿਸੇ ਕੁਰੱਖ਼ਤ ਰੂਪ ਵਿੱਚ ਸਾਹਮਣੇ ਆ ਸਕਦੈ। ਆਮ ਆਦਮੀ ਪਾਰਟੀ ਵੀ ਦੋ ਚਾਰ ਮਹੀਨੇ ਹਨੀਮੂਨ ਪੀਰੀਅਡ ਪੂਰਾ ਕਰ ਲਵੇ, ਅੱਗੇ ਪੰਜਾਬ ਰੋਹ ਦੇ ਜੰਗਲ ਦੀ ਅੱਗ ਤਪਸ਼ ਨਾਲ਼ ਭੋਇੰ ਤੱਤੀ ਕਰੀ ਬੈਠੀ ਹੈ ਜੀਹਦੇ ’ਤੇ ਰਾਜਭਾਗ ’ਤੇ ਕਾਬਜ਼ ਸੱਤਾ ਨੂੰ ਪੈਰ ਬਚਾ ਕੇ ਚੱਲਣਾ ਪੈਣੈ।

**ਅਮਰਜੀਤ ਅਰਪਨ**

### ਜੰਗ ਕਬਰਸਤਾਨ ਪੈਦਾ ਕਰਦੀ ਹੈ

ਦੋ ਵਿਸ਼ਵ ਸ਼ਕਤੀਆਂ, ਅਮਰੀਕਾ ਅਤੇ ਰੂਸ ਦੀ ਹੈਂਕੜਬਾਜ਼ੀ ਦਾ ਸ਼ਿਕਾਰ ਯੂਕਰੇਨ ਅੱਜ ਅੱਗ ਵਿੱਚ ਸੜ ਰਿਹਾ ਹੈ। ਜੰਗ ਕਾਰਨ ਲੱਖਾਂ ਲੋਕ ਘਰ-ਬਾਰ ਛੱਡ ਕੇ ਗੁਆਂਢੀ ਮੁਲਕ ਰੋਮਾਨੀਆ, ਹੰਗਰੀ, ਪੋਲੈਂਡ ਅਤੇ ਸਲੋਵਾਕੀਆ ਦੀਆਂ ਸਰਹੱਦਾਂ ਪਾਰ ਕਰਕੇ ਸ਼ਰਨਾਰਥੀਆਂ ਦੇ ਰੂਪ ਵਿੱਚ ਪਨਾਹ ਲੈਣ ਲਈ ਮਜਬੂਰ ਹਨ। ਹੁਣ ਤੱਕ ਜੰਗ ਵਿੱਚ ਬਹੁਤ ਸਾਰੇ ਸੈਨਿਕ ਅਤੇ ਆਮ ਲੋਕਾਂ ਦੇ ਮਾਰੇ ਜਾਣ ਦੀਆਂ ਖ਼ਬਰਾਂ ਹਨ। ਸਾਡੇ ਦੇਸ਼ ਦੇ ਵੀ 15 ਹਜ਼ਾਰ ਦੇ ਲਗਭਗ ਲੋਕ, ਜਿਨਾਂ ਵਿੱਚੋਂ ਜ਼ਿਆਦਾਤਰ ਐੱਮ.ਬੀ.ਬੀ.ਐੱਸ. ਦੇ ਵਿਦਿਆਰਥੀ ਹਨ, ਯੂਕਰੇਨ ਵਿੱਚ ਫਸੇ ਹੋਏ ਹਨ। ਇਨਾਂ ਵਿੱਚੋਂ ਕੁਝ ਤਾਂ ਗੁਆਂਢੀ ਮੁਲਕਾਂ ਦੀਆਂ ਸਰਹੱਦਾਂ ਤੱਕ ਪਹੁੰਚ ਕਰਨ ਵਾਲਿਆਂ ਨੂੰ ਭਾਰਤ ਲਿਆਂਦਾ ਜਾ ਚੁੱਕਾ ਹੈ ਪ੍ਰੰਤੂ ਬਹੁਤ ਸਾਰੇ ਵਿਦਿਆਰਥੀ ਅਜੇ ਵੀ ਮੌਤ ਦੇ ਸਾਏ ਹੇਠ ਬੰਕਰਾਂ ਜਾਂ ਜ਼ਮੀਨਦੋਜ਼ ਮੈਟਰੋ ਸਟੇਸ਼ਨਾਂ ਵਿੱਚ ਪਨਾਹ ਲਈ ਬੈਠੇ ਹਨ। ਇਨਾਂ ਕੋਲ਼ ਪਾਣੀ ਅਤੇ ਖਾਣ ਵਾਲੀਆਂ ਵਸਤੂਆਂ ਦੀ ਕਮੀ ਹੋ ਰਹੀ ਹੈ। ਬੇਗ਼ੁਨਾਹ ਲੋਕਾਂ ਦੀਆਂ ਲਹੂ ਭਿੱਜੀਆਂ ਤਸਵੀਰਾਂ ਹੰਕਾਰੀ ਮਾਨਸਿਕਤਾ ਦੇ ਡੰਗੇ ਹਾਕਮਾਂ ਨੂੰ ਸਵਾਲ ਕਰਦੀਆਂ ਹਨ ਕਿ ਸਾਡਾ ਗ਼ੁਨਾਹ ਕੀ ਹੈ? ਜ਼ਖ਼ਮੀ ਹੋਏ ਨੰਨੇ-ਮੁੰਨੇ ਬੱਚਿਆਂ ਦੇ ਕੁਰਲਾਉਣ ਦੀਆਂ ਅਵਾਜ਼ਾਂ ਵੀ ਸਾਮਰਾਜੀ ਸੋਚ ਵਾਲਿਆਂ ਦੇ ਦਿਲਾਂ ’ਤੇ ਅਸਰ ਨਹੀਂ ਕਰ ਰਹੀਆਂ।

ਜੰਗ ਦੇ ਵਪਾਰੀ ਯੁੱਧ ਨੂੰ ਇੱਕ ਖੇਡ ਦੀ ਤਰਾਂ ਸਮਝਦੇ ਹਨ। ਪਰ ਉਹ ਇਹ ਨਹੀਂ ਸੋਚਦੇ ਕਿ ਇਹ ਖੇਡ ਲੱਖਾਂ ਲੋਕਾਂ ਦਾ ਕਬਰਸਤਾਨ ਪੈਦਾ ਕਰਦੀ ਹੈ। ਉਨਾਂ ਦਾ ਮਕਸਦ ਕੇਵਲ ਬਾਰੂਦੀ ਹਥਿਆਰਾਂ ਦਾ ਵਪਾਰ ਕਰਨਾ ਹੈ। ਇੱਥੇ ਯੁੱਧ ਦਾ ਵਪਾਰ ਕਰਨ ਵਾਲਿਆਂ ਨੂੰ ਸਵਾਲ ਹੈ ਕਿ ਕੁਦਰਤ ਦੁਆਰਾ ਪੈਦਾ ਕੀਤੀ ਖ਼ਲਕਤ ਦੀ ਹੋਣੀ ਲਿਖਣ ਵਾਲੇ ਇਹ ਲੋਕ ਕੌਣ ਹੁੰਦੇ ਹਨ? ਮਨੁੱਖ ਦੀ ਜ਼ਿੰਦਗੀ ਨੂੰ ਇੰਨੀ ਸਸਤੀ ਕਰਨ ਦਾ ਹੱਕ ਇਨਾਂ ਲੋਕਾਂ ਨੂੰ ਕਿਸ ਨੇ ਦਿੱਤਾ ਹੈ? ਖੋਜਾਰਥੀਆਂ ਅਨੁਸਾਰ ਜੰਗ ਨਾਲ਼ ਸਿਰਫ਼ ਉਨਾਂ ਥਾਂਵਾਂ ਨੂੰ ਹੀ ਨੁਕਸਾਨ ਨਹੀਂ ਹੋਵੇਗਾ ਜਿੱਥੇ ਪਰਮਾਣੂ ਬੰਬ ਡਿੱਗਣਗੇ, ਸਗੋਂ ਪੂਰੀ ਦੁਨੀਆ ਪ੍ਰਭਾਵਿਤ ਹੋਵੇਗੀ। ਇਸ ਨਾਲ਼ ਹੀ ਇਹ ਜੰਗ ਪੂਰੀ ਦੁਨੀਆਂ ਨੂੰ ਜਲਵਾਯੂ ਪਰਿਵਰਤਨ ਨਾਲ਼ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਵੱਲ ਲੈ ਜਾਵੇਗੀ। ਇਸ ਤਰਾਂ ਅਜੋਕੇ ਹਥਿਆਰ ਲਗਾਤਾਰ ਵਿਕਸਤ ਹੋ ਰਹੇ ਹਨ, ਜਿਨਾਂ ਨੂੰ ਪਿਛਲਿਆਂ ਨਾਲ਼ੋਂ ਵੀ ਵੱਧ ਮਾਰੂ ਬਣਾਉਣ ਦੀ ਦੌੜ ਲੱਗੀ ਹੋਈ ਹੈ। ਅਜੋਕੀ ਜੰਗ ਦੀ ਭਿਆਨਕ ਤਸਵੀਰ ਕੀ ਹੋਵੇਗੀ, ਇਹ ਸਾਰੇ ਚੰਗੀ ਤਰਾਂ ਸਮਝ ਸਕਦੇ ਹਨ। ਦਰਅਸਲ, ਅਮਰੀਕਾ ਦੀ ਨੀਤੀ ਹਮੇਸ਼ਾ ਹੀ ਛੋਟੇ ਦੇਸ਼ਾਂ ਨੂੰ ਅੱਗ ਵਿੱਚ ਝੋਕਣ ਵਾਲੀ ਰਹੀ ਹੈ। ਇਸ ਤੋਂ ਪਹਿਲਾਂ ਦੀ ਤਸਵੀਰ ਅਫ਼ਗਾਨਿਸਤਾਨ, ਇਰਾਕ, ਸੀਰੀਆ ਅਤੇ ਦੱਖਣੀ ਅਮਰੀਕਾ ਦੇ ਚਿੱਲੀ ਵਰਗੇ ਦੇਸ਼ਾਂ ਤੋਂ ਲਈ ਜਾ ਸਕਦੀ ਹੈ। ਇਸਦਾ ਮੁੱਖ ਮਕਸਦ ਛੋਟੇ ਦੇਸ਼ਾਂ ਵਿੱਚ ਆਪਣੀਆਂ ਕਠਪੁਤਲੀ ਸਰਕਾਰਾਂ ਬਣਾ ਕੇ ਕੇਵਲ ਉੱਥੋਂ ਦੇ ਕੁਦਰਤੀ ਸੋਮਿਆਂ ਦੀ ਲੁੱਟ ਖਸੁੱਟ ਕਰਨ ਤੋਂ ਵੱਧ ਹੋਰ ਕੁਝ ਨਹੀਂ। ਅੱਜ ਯੂਕਰੇਨ ਵਰਗੇ ਦੇਸ਼ਾਂ ਨੂੰ ਕੂਟਨੀਤੀ ਤੋਂ ਕੰਮ ਲੈਣਾ ਚਾਹੀਦਾ ਹੈ। ਉਨਾਂ ਨੂੰ ਸਮਝਣਾ ਚਾਹੀਦਾ ਹੈ ਕਿ ਰੂਸ ਉਸ ਦਾ ਗੁਆਂਢੀ ਦੇਸ਼ ਹੈ ਅਤੇ ਜ਼ਿਆਦਾਤਰ ਰੂਸ ਪੱਖੀ ਸੱਭਿਆਚਾਰ ਦੇ ਲੋਕ ਹੀ ਉਸ ਦੇ ਵਾਸੀ ਹਨ। ਇਸ ਸਮੇਂ ਅਮਰੀਕਾ ਤੇ ਉਸ ਦੇ ਭਾਈਵਾਲ ਦੇਸ਼ਾਂ ਨੇ ਯੂਕਰੇਨ ਨੂੰ ਇੱਕਲਾ ਲੜਾਈ ਵਿੱਚ ਛੱਡ ਦਿੱਤਾ ਹੈ। ਯੂਕਰੇਨ ਨੂੰ ਇਹ ਗੱਲ ਚੰਗੀ ਤਰਾਂ ਸਮਝਣੀ ਚਾਹੀਦੀ ਹੈ ਕਿ ਕੱਲ ਤੱਕ ਜਿਹੜਾ ਅਮਰੀਕਾ ਉਸ ਨਾਲ਼ ਖੜੇ ਹੋਣ ਦਾ ਦਾਅਵਾ ਕਰਦਾ ਸੀ, ਉਹ ਅੱਜ ਆਪਣੀ ਫ਼ੌਜ ਭੇਜਣ ਤੋਂ ਕਿਉਂ ਇਨਕਾਰੀ ਹੋ ਰਿਹਾ ਹੈ?

ਕੁੱਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਇਹ ਜੰਗ ਬੰਦ ਕਰਨ ਦਾ ਇੱਕੋ-ਇੱਕ ਹੱਲ ਯੂਕਰੇਨ ਦੁਆਰਾ ਰੂਸ ਨਾਲ਼ ਸਮਝੌਤਾ ਕਰਨ ਦਾ ਹੈ।

**ਹਰਨੰਦ ਸਿੰਘ ਬੱਲਿਆਂਵਾਲਾ**



# ਪੰਜਾਬ ਦੇ ਸਿਆਸੀ ਮਹਾਂਰਥੀਆਂ ਨੂੰ ਹਰਾਉਣ ਵਾਲੇ ਆਪ ਦੇ ਨਵੇਂ ਚਿਹਰੇ

**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਹਾਲੀਆ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਪੰਜਾਬੀਆਂ ਨੇ 1960ਵਿਆਂ ਅਤੇ 1970ਵਿਆਂ ਵਿੱਚ ਉੱਭਰੀ ਸਿਆਸੀ ਜਮਾਤ ਨੂੰ ਨੇਸਤੋਨਾਬੂਦ ਕਰ ਕੇ ਇੱਕ ਨਵੀਂ ਸਿਆਸੀ ਸਫ਼ਬੰਦੀ ਨੂੰ ਜਨਮ ਦਿੱਤਾ ਹੈ ਜਿਹੜੀ ਆਉਣ ਵਾਲੇ ਪੰਜ ਸਾਲਾਂ ਵਿੱਚ ਪੰਜਾਬ ਦੀ ਸਿਆਸਤ ਦੀ ਦਿਸ਼ਾ ਤੈਅ ਕਰੇਗੀ। ਆਮ ਆਦਮੀ ਪਾਰਟੀ ਦੇ ਰੂਪ ਵਿੱਚ ਉੱਭਰੀ ਇਹ ਸਫ਼ਬੰਦੀ ਪੰਜਾਬ ਦੇ ਅਰਥਚਾਰੇ, ਖੇਤੀ ਖੇਤਰ, ਸਿਹਤ, ਵਿੱਦਿਆ, ਬੁਨਿਆਦੀ ਢਾਂਚੇ ਅਤੇ ਹੋਰ ਖੇਤਰਾਂ ਬਾਰੇ ਮਹੱਤਵਪੂਰਨ ਫ਼ੈਸਲੇ ਕਰੇਗੀ। ਪਾਰਟੀ ਨੇ ਵੱਡੇ ਵਾਅਦੇ ਕੀਤੇ ਹਨ; ਉਸ ਸਾਹਮਣੇ ਚੁਣੌਤੀਆਂ ਵੀ ਬਹੁਤ ਵੱਡੀਆਂ ਹਨ ਅਤੇ ਉਸ ਦੁਆਰਾ ਪੰਜਾਬੀਆਂ ਦੇ ਮਨਾਂ ਵਿੱਚ ਪੈਦਾ ਕੀਤੇ ਗਏ ਆਸਾਂ-ਉਮੀਦਾਂ ਦੇ ਸੰਸਾਰ ਦੇ ਪਾਸਾਰ ਵੀ ਬਹੁਤ ਵਿਸ਼ਾਲ ਤੇ ਵਿਰਾਟ ਹਨ। ਕੈਪਟਨ ਅਮਰਿੰਦਰ ਸਿੰਘ ਦੇ ਸਾਢੇ ਚਾਰ ਸਾਲਾਂ ਦੇ ਰਾਜ ਨੇ ਪੰਜਾਬੀਆਂ ਵਿੱਚ ਇਹ ਸਮਝ ਪੈਦਾ ਕੀਤੀ ਕਿ ਕਾਂਗਰਸ ਤੇ ਅਕਾਲੀ ਦਲ ਇੱਕੋ ਸਿੱਕੇ ਦੇ ਦੋ ਪਾਸੇ ਹਨ; ਉਨਾਂ ਵਿੱਚ ਉਹ ਸਿਆਸੀ ਜਮਾਤ ਕਾਬਜ਼ ਹੈ ਜਿਸ ਦੀ ਪ੍ਰਤੀਬੱਧਤਾ ਸਿਰਫ਼ ਧਨ, ਸੱਤਾ ਅਤੇ ਪਰਿਵਾਰਵਾਦ ਨਾਲ਼ ਹੈ, ਲੋਕਾਂ ਨਾਲ਼ ਨਹੀਂ। ਕਈ ਦਹਾਕਿਆਂ ਤੋਂ ਪੰਜਾਬ ਵਿੱਚ ਰਿਸ਼ਵਤਖ਼ੋਰੀ, ਦਲਾਲਗਿਰੀ ਤੇ ਲੁੱਟ ਦਾ ਬਾਜ਼ਾਰ ਗਰਮ ਰਿਹਾ ਹੈ; ਵਿੱਦਿਆ ਤੇ ਸਿਹਤ ਦੇ ਖੇਤਰਾਂ ਵਿੱਚ ਵੱਡੀ ਗਿਰਾਵਟ ਆਈ; ਲੋਕ ਦਫ਼ਤਰਾਂ ਤੇ ਥਾਣਿਆਂ ਵਿੱਚ ਖ਼ੁਆਰ ਹੁੰਦੇ ਰਹੇ। ਇਨਾਂ ਵਰਤਾਰਿਆਂ ਨੇ ਲੋਕਾਂ ਵਿੱਚ ਵੱਡੀ ਪੱਧਰ ’ਤੇ ਨਿਰਾਸ਼ਾ ਪੈਦਾ ਕੀਤੀ ਹੈ। ਕਿਸਾਨ ਅੰਦੋਲਨ ਦੇ ਆਗੂ ਸਿਆਸੀ ਸ਼ਕਤੀ ਤਾਂ ਨਾ ਬਣ ਸਕੇ ਪਰ ਅੰਦੋਲਨ ਨੇ ਉਹ ਜ਼ਮੀਨ ਪੈਦਾ ਕੀਤੀ ਜਿਸ ’ਤੇ ਇਸ ਤਬਦੀਲੀ ਦੀ ਫ਼ਸਲ ਤੇਜ਼ੀ ਨਾਲ਼ ਪੁੰਗਰੀ, ਪਣਪੀ ਤੇ ਨਿੱਸਰੀ। ‘ਆਪ’ ਦਾ ਉਭਾਰ ਪੰਜਾਬੀਆਂ ਦੀ ਤਤਕਾਲੀਨ ਸਿਆਸੀ ਜਮਾਤ ਪ੍ਰਤੀ ਉਪਰਾਮਤਾ ਅਤੇ ਉਸ ਨੂੰ ਨਕਾਰਨ ਵਿੱਚੋਂ ਪੈਦਾ ਹੋਇਆ ਜਿਸ ਕਾਰਨ ਵੱਡੇ-ਵੱਡੇ ਪੰਜਾਬ ਦੇ ਸਿਆਸੀ ਮਹਾਰਥੀ ਹਾਰ ਗਏ। ਆਪ ਪਾਰਟੀ ਦੀ ਜਿੱਤ ਪੰਜਾਬੀਆਂ ਦੇ ਕਿਰਦਾਰ ਦੇ ਇੱਕ ਅਜ਼ੀਮ ਪੱਖ, ਕਿ ਉਨਾਂ ਵਿੱਚ ਬਰਦਾਸ਼ਤ ਕਰਨ ਦਾ ਬਹੁਤ ਮਾਦਾ ਹੈ ਪਰ ਜਦ ਸ਼ਾਸਕ ਇੱਕ ਖ਼ਾਸ ਹੱਦ ਤੋਂ ਅਗਾਂਹ ਵਧ ਕੇ ਲੋਕ-ਵਿਰੋਧੀ ਬਣ ਜਾਣ ਤਾਂ ਉਹ (ਪੰਜਾਬੀ) ਵੱਡੇ ਤੋਂ ਵੱਡੇ ਸਿਆਸਤਦਾਨਾਂ ਨੂੰ ਵੀ ਮਿੱਟੀ ਵਿੱਚ ਰੋਲ ਸਕਦੇ ਹਨ, ਨੂੰ ਉਜਾਗਰ ਕਰਦੀ ਹੈ।

ਸਭ ਤੋਂ ਪ੍ਰਮੁੱਖ ਸਵਾਲ ਇਹ ਹੈ ਕਿ ਪੰਜਾਬੀਆਂ ਦੇ ਮਨ ਵਿੱਚ 2014 (ਜਦੋਂ ‘ਆਪ’ ਦੀ ਪੰਜਾਬ ਵਿੱਚ ਨਾ ਤਾਂ ਮਜ਼ਬੂਤ ਜਥੇਬੰਦੀ ਸੀ ਅਤੇ ਨਾ ਸਿਆਸੀ ਮੌਜੂਦਗੀ) ਵਿੱਚ ‘ਆਪ’ ਲਈ ਉੱਭਾਰ ਕਿਉਂ ਪੈਦਾ ਹੋ ਗਿਆ ਸੀ। ਉਸ ਸਮੇਂ ‘ਆਪ’ ਨੇ ਉੱਤਰ ਪ੍ਰਦੇਸ਼, ਹਰਿਆਣਾ, ਮਹਾਰਾਸ਼ਟਰ, ਉੜੀਸਾ ਅਤੇ ਹੋਰ ਸੂਬਿਆਂ ਵਿੱਚ ਲੋਕ ਸਭਾ ਦੀਆਂ ਚੋਣਾਂ ਲੜੀਆਂ ਪਰ ਹੁੰਗਾਰਾ ਸਿਰਫ਼ ਪੰਜਾਬ ਤੋਂ ਕਿਉਂ ਮਿਲਿਆ, ਉਹ ਵੀ ਕਿਸੇ ਵਿਸ਼ੇਸ਼ ਯਤਨ ਤੋਂ ਬਿਨਾਂ? ਹਰ ਖ਼ਿੱਤੇ ਦੇ ਲੋਕਾਂ ਵਿੱਚ ਸੋਚਣ, ਅਮਲ ਕਰਨ ਅਤੇ ਆਪਣੀ ਜ਼ਿੰਦਗੀ ਨੂੰ ਸੇਧ ਦੇਣ ਦੇ ਵਿਸ਼ੇਸ਼ ਢੰਗ-ਤਰੀਕੇ ਅਤੇ ਰਵਾਇਤਾਂ ਹੁੰਦੀਆਂ ਹਨ। ਤਰਾਂ-ਤਰਾਂ ਦੇ ਜਾਤੀ, ਜਮਾਤੀ ਤੇ ਹੋਰ ਵਖਰੇਵਿਆਂ ਦੇ ਬਾਵਜੂਦ ਪੰਜਾਬੀਆਂ ਦੀ ਜ਼ਿੰਦਗੀ ਦਾ ਸਾਂਝਾ ਧੁਰਾ ਉਨਾਂ ਦੇ ਮਨਾਂ ਵਿੱਚ ਸ੍ਵੈਮਾਣ ਨਾਲ਼ ਜੀਊਣ ਦੀ ਖ਼ਾਹਿਸ਼ ਹੈ। ਇਸ ਵਾਰ ਦੇ ਚੋਣ ਨਤੀਜੇ ਕਿਸੇ ਸਿਆਸੀ ਸੁਨਾਮੀ ਤੋਂ ਘੱਟ ਨਹੀਂ ਹਨ, ਜਿਸ ਨੇ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਚਰਨਜੀਤ ਸਿੰਘ ਚੰਨੀ ਅਤੇ ਨਵਜੋਤ ਸਿੰਘ ਸਿੱਧੂ ਵਰਗੇ ਦਿੱਗਜਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੈ। ਪਰ ਰੋਚਕ ਗੱਲ ਇਹ ਹੈ ਕਿ ਇਨਾਂ ਨੂੰ ਹਰਾਉਣ ਵਾਲੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਿਲਕੁਲ ਨਵੇਂ ਚਿਹਰੇ ਹਨ। ਆਓ ਜਾਣਦੇ ਹਾਂ ਉਨਾਂ ਕੁਝ ਚਿਹਰਿਆਂ ਬਾਰੇ ਜਿਨਾਂ ਪੰਜਾਬ ਦੀ ਸਿਆਸਤ ਦੇ ਮਹਾਰਥੀਆਂ ਨੂੰ ਚਿੱਤ ਕੀਤਾ ਹੈ।













**ਜੀਵਨਜੋਤ ਕੌਰ - ਅੰਮ੍ਰਿਤਸਰ ਪੂਰਬੀ ਸੀਟ**

ਜੀਵਨਜੋਤ ਕੌਰ ਪੰਜਾਬ ਦੀ ਅੰਮ੍ਰਿਤਸਰ ਪੂਰਬੀ ਸੀਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਨ। ਇਸੇ ਸੀਟ ਤੋਂ ਪੰਜਾਬ ਦੀ ਸਿਆਸਤ ਦੇ ਦੋ ਵੱਡੇ ਚਿਹਰਿਆਂ, ਕਾਂਗਰਸ ਦੇ ਨਵਜੋਤ ਸਿੰਘ ਸਿੱਧੂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਨੇ ਵੀ ਚੋਣਾਂ ਲੜੀਆਂ ਹਨ। ਜੀਵਨਜੋਤ ਕੌਰ ਮੁਤਾਬਿਕ ਉਹ ਪਿਛਲੇ 20-25 ਸਾਲਾਂ ਤੋਂ ਸਮਾਜਿਕ ਕੰਮਾਂ ’ਚ ਕਾਫ਼ੀ ਸਰਗਰਮ ਰਹੇ ਹਨ। ਉਨਾਂ ਦੱਸਿਆ ਸੀ ਕਿ ਉਨਾਂ ਨੇ ਕਦੇ ਸਿਆਸਤ ਬਾਰੇ ਤਾਂ ਨਹੀਂ ਸੋਚਿਆ ਸੀ ਪਰ ਉਨਾਂ ਨੂੰ ਸਕੂਲ ਦੇ ਦਿਨਾਂ ਤੋਂ ਹੀ ਇਸ ਤਰਾਂ ਜਾਣਿਆ ਜਾਂਦਾ ਸੀ ਕਿ ਜਦੋਂ ਉਹ ਪ੍ਰਿੰਸੀਪਲ ਦਫ਼ਤਰ ਜਾਂਦੇ ਸਨ ਤਾਂ ਸੋਚਿਆ ਜਾਂਦਾ ਸੀ ਕਿ ਜ਼ਰੂਰ ਕੋਈ ਪੰਗਾ ਹੋਵੇਗਾ, ਜਿਹੜਾ ਜੀਵਨਜੋਤ ਉੱਥੇ ਆਏ ਹਨ।

ਉਹ ਕਹਿੰਦੇ ਹਨ ਕਿ ਇੱਕ ਔਰਤ ਦਾ ਇੱਥੋਂ ਤੱਕ ਆ ਜਾਣਾ ਪਰਿਵਾਰ ਦੇ ਸਹਿਯੋਗ ਬਿਨਾਂ ਸੰਭਵ ਨਹੀਂ ਅਤੇ ਉਨਾਂ ਨੂੰ ਵਿਆਹ ਤੋਂ ਬਾਅਦ ਵੀ ਇਹ ਸਹਿਯੋਗ ਮਿਲਦਾ ਰਿਹਾ। ਸ਼੍ਰੀ ਹੇਮਕੁੰਟ ਐਜੂਕੇਸ਼ਨ ਸੁਸਾਇਟੀ ਸੰਸਥਾ ਵਿੱਚ 1992 ’ਚ ਇੱਕ ਸਕੂਲ ਖੋਲਿਆ ਗਿਆ ਸੀ ਅਤੇ ਉਸ ਦੌਰਾਨ ਜੀਵਨਜੋਤ ਆਪ ਵੀ ਪੜ੍ਹਾਈ ਕਰ ਰਹੇ ਸਨ। ਉਨਾਂ ਮੁਤਾਬਿਕ, ਉਸੇ ਸਮੇਂ ਉਨਾਂ ਨੇ ਉਸ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਸੀ। ਜੀਵਨਜੋਤ ਮੁਤਾਬਿਕ, ਉਨਾਂ ਨੇ ‘ਇਕੋਸ਼ੀ’ ਨਾਮ ਦਾ ਇੱਕ ਪ੍ਰੋਜੈਕਟ ਵੀ ਚਲਾਇਆ ਹੈ। ਉਨਾਂ ਨੂੰ ਪੈਡ ਵੂਮੈਨ ਆਫ਼ ਪੰਜਾਬ ਦੇ ਨਾਮ ਨਾਲ਼ ਵੀ ਜਾਣਿਆ ਜਾਂਦਾ ਹੈ ਅਤੇ ਉਹ ਰੀਯੂਜ਼ੇਬਲ ਸੈਨੇਟਰੀ ਪੈਡ ਪਰਮੋਟ ਕਰਦੇ ਹਨ।

**ਗੁਰਮੀਤ ਸਿੰਘ ਖੁੱਡੀਆਂ - ਲੰਬੀ**

ਗੁਰਮੀਤ ਸਿੰਘ ਖੁੱਡੀਆਂ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਅਧੀਨ ਪੈਂਦੇ ਪਿੰਡ ਖੁੱਡੀਆਂ ਮਹਾਂ ਸਿੰਘ ਦੇ ਰਹਿਣ ਵਾਲੇ ਹਨ। ਉਹ 59 ਸਾਲਾਂ ਦੇ ਹਨ ਅਤੇ ਬਾਰਵੀਂ ਪਾਸ ਹਨ। ਗੁਰਮੀਤ ਸਿੰਘ ਖੁੱਡੀਆਂ ਦੇ ਪਿਤਾ ਜਗਦੇਵ ਸਿੰਘ ਖੁੱਡੀਆਂ 1989 ਵਿੱਚ ਫ਼ਰੀਦਕੋਟ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਚੁਣੇ ਗਏ ਸਨ। ਗੁਰਮੀਤ ਸਿੰਘ ਖੁੱਡੀਆ ਆਪਣੇ ਪਿਤਾ ਦੀ ਮੌਤ ਤੋਂ ਬਾਅਦ  ਵਿੱਚ ਸ਼ਾਮਿਲ ਹੋ ਗਏ ਸਨ। ਲੰਮਾ ਸਮਾਂ ਕਾਂਗਰਸ ਵਿੱਚ ਰਹਿਣ ਤੋਂ ਬਾਅਦ ਉਹ ਹਾਲ ਹੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਨ। ਆਮ ਆਦਮੀ ਪਾਰਟੀ ਵੱਲੋਂ ਉਨਾਂ ਨੂੰ ਵਿਧਾਨ ਸਭਾ ਹਲਕਾ ਲੰਬੀ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਸੀ ਅਤੇ ਉਨਾਂ ਦਾ ਮੁਕਾਬਲਾ 5 ਵਾਰ ਮੁੱਖ ਮੰਤਰੀ ਰਹੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨਾਲ਼ ਸੀ। ਜਿਸ ਵਿੱਚ ਖੁੱਡੀਆਂ ਵਰਗੇ ਪੰਜਾਬ ਦੇ ਨਹੀਂ ਬਲਕਿ ਭਾਰਤ ਦੇ ਸੀਨੀਅਰ ਸਿਆਸਤਦਾਨ ਸਮਝੇ ਜਾਂਦੇ ਪ੍ਰਕਾਸ਼ ਸਿੰਘ ਬਾਦਲ ਨੂੰ ਹਰਾਉਣ ਵਿੱਚ ਕਾਮਯਾਬੀ ਹਾਸਲ ਕੀਤੀ ਹੈ।

**ਲਾਭ ਸਿੰਘ ਉੱਗੋਕੇ - ਭਦੌੜ**

ਲਾਭ ਸਿੰਘ ਉੱਗੋਕੇ (35 ਸਾਲ) ਆਮ ਆਦਮੀ ਪਾਰਟੀ ਦੇ ਭਦੌੜ ਤੋਂ ਉਮੀਦਵਾਰ ਹਨ। ਲਾਭ ਸਿੰਘ ਉੱਗੋਕੇ ਭਦੌੜ ਹਲਕੇ ਦੇ ਪਿੰਡ ਉੱਗੋਕੇ ਵਿੱਚ ਹੀ ਰਹਿੰਦੇ ਹਨ। ਉੱਗੋਕੇ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਮੋਬਾਇਲਾਂ ਦੀ ਦੁਕਾਨ ਚਲਾਉਂਦੇ ਸਨ।

ਲਾਭ ਸਿੰਘ ਦੇ ਪਿਤਾ ਡਰਾਈਵਰ ਹਨ ਅਤੇ ਉਨਾਂ ਦੀ ਮਾਤਾ ਪਿੰਡ ਦੇ ਹੀ ਸਕੂਲ ਵਿੱਚ ਸਫ਼ਾਈ ਸੇਵਕ ਦੇ ਤੌਰ ’ਤੇ ਕੰਮ ਕਰਦੇ ਹਨ। ਉੱਗੋਕੇ ਨੇ ਸਾਲ 2013 ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ ਸੀ। ਸਾਲ 2017 ਵਿੱਚ ਉਸਨੇ ਭਦੌੜ ਤੋਂ ‘ਆਪ’ ਦੇ ਪਿਰਮਲ ਸਿੰਘ ਖ਼ਾਲਸਾ ਦੀ ਚੋਣ ਮੁਹਿੰਮ ਵਿੱਚ ਸਰਗਰਮੀ ਨਾਲ਼ ਹਿੱਸਾ ਲਿਆ ਸੀ। ਪਿਰਮਲ ਸਿੰਘ ਖ਼ਾਲਸਾ ਪਹਿਲਾਂ ਖਹਿਰਾ ਧੜੇ ਨਾਲ਼ ਚਲੇ ਗਏ ਸਨ ਅਤੇ ਬਾਅਦ ਵਿੱਚ ਉਨਾਂ ਕਾਂਗਰਸ ਜੁਆਇਨ ਕਰ ਲਈ ਸੀ। ਇਸ ਵਾਰ ਆਮ ਆਦਮੀ ਪਾਰਟੀ ਵੱਲੋਂ ਉੱਗੋਕੇ ਨੂੰ ਟਿਕਟ ਦਿੱਤੀ ਗਈ ਸੀ ਅਤੇ ਉਨਾਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵੱਡੇ ਮਾਰਜਨ ਨਾਲ਼ ਹਰਾਇਆ।

**ਜਗਦੀਪ ਕੰਬੋਜ ਗੋਲਡੀ - ਆਮ ਆਦਮੀ ਪਾਰਟੀ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਮੁਕਾਬਲੇ ਚੋਣ ਲੜਨ ਵਾਲੇ ਜਗਦੀਪ ਸਿੰਘ ਗੋਲਡੀ ਕੰਬੋਜ ਜਲਾਲਾਬਾਦ ਦੇ ਰਹਿਣ ਵਾਲੇ ਹਨ।

ਉਹ ਐੱਲ.ਐੱਲ.ਬੀ. ਪਾਸ ਹਨ ਅਤੇ ਆਲ ਇੰਡੀਆ ਯੂਥ ਕਾਂਗਰਸ ਦੇ ਅਹੁਦੇਦਾਰ ਵੀ ਰਹਿ ਚੁੱਕੇ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ ਉਨਾਂ ਨੂੰ ਪਾਰਟੀ ਵੱਲੋਂ ਟਿਕਟ ਨਾ ਦਿੱਤੇ ਜਾਣ ਕਾਰਨ ਉਨਾਂ ਨੇ ਜਲਾਲਾਬਾਦ ਤੋਂ ਆਜ਼ਾਦ ਰੂਪ ਵਿੱਚ ਵੀ ਚੋਣ ਲੜੀ ਸੀ ਅਤੇ ਹੁਣ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ।

2017 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਆਜ਼ਾਦ ਤੌਰ ’ਤੇ ਚੋਣ ਲੜਨ ਵਜੋਂ ਉਨਾਂ ਨੂੰ ਅਠਵੰਜਾ ਸੌ ਵੋਟ ਮਿਲੇ ਸਨ ਅਤੇ ਇਸ ਵਾਰ ਉਨਾਂ ਨੇ ਸੁਖਬੀਰ ਸਿੰਘ ਬਾਦਲ ਨੂੰ ਚੋਣ ਵਿੱਚ ਹਰਾਇਆ ਹੈ।

**ਜਗਰੂਪ ਸਿੰਘ ਗਿੱਲ - ਬਠਿੰਡਾ ਸ਼ਹਿਰੀ**

ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਹਰਾਉਣ ਵਾਲੇ ਜਗਰੂਪ ਸਿੰਘ ਗਿੱਲ ਜ਼ਿਲਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਰਹਿ ਚੁੱਕੇ ਹਨ। ਕਿਸੇ ਵੇਲੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਰਹੇ ਜਗਰੂਪ ਸਿੰਘ ਗਿੱਲ 1979 ਤੋਂ ਕੌਂਸਲਰ ਬਣਦੇ ਆ ਰਹੇ ਹਨ। ਇਸ ਵਾਰ ਉਹ ਸੱਤਵੀਂ ਵਾਰ ਕੌਂਸਲਰ ਚੁਣੇ ਗਏ ਸਨ। ਜਗਰੂਪ ਸਿੰਘ ਗਿੱਲ 1992 ਤੋਂ ਲੈ ਕੇ 1997 ਤੱਕ ਨਗਰਪਾਲਿਕਾ ਬਠਿੰਡਾ ਦੇ ਪ੍ਰਧਾਨ ਵੀ ਰਹੇ ਹਨ। ਹਾਲ ਹੀ ਵਿੱਚ ਉਹ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਨ ਅਤੇ ਪਾਰਟੀ ਨੇ ਉਨਾਂ ਨੂੰ ਬਠਿੰਡਾ ਸ਼ਹਿਰੀ ਤੋਂ ਮਨਪ੍ਰੀਤ ਸਿੰਘ ਬਾਦਲ ਦੇ ਖ਼ਿਲਾਫ਼ ਉਮੀਦਵਾਰ ਬਣਾਇਆ ਸੀ।

**ਅਜੀਤਪਾਲ ਸਿੰਘ ਕੋਹਲੀ - ਪਟਿਆਲਾ ਸ਼ਹਿਰੀ**

ਅਜੀਤਪਾਲ ਕੋਹਲੀ ਪੁਰਾਣੇ ਅਕਾਲੀ ਦਲ ਨਾਲ਼ ਜੁੜੇ ਪਰਿਵਾਰ ’ਚੋਂ ਹਨ ਅਤੇ ਪਹਿਲਾਂ ਅਕਾਲੀ ਦਲ ਦੀ ਸਰਕਾਰ ਵੇਲੇ 2007 ਤੋਂ 2012 ਤੱਕ ਪਟਿਆਲਾ ਦੇ ਮੇਅਰ ਵੀ ਰਹੇ ਹਨ। ਕੁਝ ਸਮਾਂ ਪਹਿਲਾਂ ਹੀ ਉਹ ਆਪ ਪਾਰਟੀ ਵਿੱਚ ਸ਼ਾਮਲ ਹੋਏ ਹਨ। ਅਜੀਤਪਾਲ ਸਿੰਘ ਕੋਹਲੀ ਨੇ ਪਟਿਆਲਾ ਸ਼ਹਿਰੀ ਤੋਂ ਕੈਪਟਨ ਦੇ ਖ਼ਿਲਾਫ਼ ‘ਆਪ’ ਤੋਂ ਚੋਣ ਲੜੀ ’ਤੇ ਜਿੱਤੇ। ਉਨਾਂ ਦੇ ਪਿਤਾ ਸੁਰਜੀਤ ਸਿੰਘ ਕੋਹਲੀ ਐੱਮ.ਐੱਲ.ਏ. ਰਹਿ ਚੁੱਕੇ ਹਨ। ਅਜੀਤਪਾਲ ਕੋਹਲੀ ਪੋਸਟ ਗਰੇਜੂਏਟ ਹਨ ਅਤੇ ਉਨਾਂ ਨੇ 2006 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐੱਮ.ਏ. ਰਾਜਨੀਤੀ ਸਾਸ਼ਤਰ ਵਿੱਚ ਕੀਤੀ ਹੈ। 43 ਸਾਲਾ ਕੋਹਲੀ ਆਪਣਾ ਟਰਾਂਸਪੋਰਟ ਦਾ ਬਿਜ਼ਨਸ ਕਰਦੇ ਹਨ।

**ਡਾਕਟਰ ਚਰਨਜੀਤ ਸਿੰਘ - ਚਮਕੌਰ ਸਾਹਿਬ**

ਚਮਕੌਰ ਸਾਹਿਬ ਸੀਟ ਤੋਂ ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਹਰਾਉਣ ਵਾਲੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਦਾ ਨਾਂ ਵੀ ਚਰਨਜੀਤ ਸਿੰਘ ਹੀ ਹੈ। ਉਹ ਇਲ਼ਾਕੇ ਦੇ ਹੀ ਜੰਮਪਲ ਹਨ ਅਤੇ ਪੇਸ਼ੇ ਵਜੋਂ ਅੱਖਾਂ ਦੇ ਡਾਕਟਰ ਹਨ। ਉਹ ਇਲਾਕੇ ਵਿੱਚ ਲੰਬੇ ਸਮੇਂ ਤੋਂ ਸਮਾਜ ਸੇਵਾ ਕਰਦੇ ਆ ਰਹੇ ਹਨ। ਜਿਸ ਕਾਰਨ ਉਨਾਂ ਦਾ ਇਲਾਕੇ ਵਿੱਚ ਕਾਫ਼ੀ ਸਤਿਕਾਰ ਹੈ। ਉਹ ਨੇਤਰ ਵਿਗਿਆਨ ਵਿੱਚ ਐੱਮ.ਐੱਸ. ਹਨ ਅਤੇ ਪੀ.ਜੀ.ਆਈ. ਚੰਡੀਗੜ੍ਹ ਵਿਖੇ ਡਿਊਟੀ ਨਿਭਾ ਚੁੱਕੇ ਹਨ। ਉਹ ਹਰ ਵਕਤ ਲੋਕਾਂ ਦੀ ਮਦਦ ਲਈ ਤਿਆਰ ਰਹਿੰਦੇ ਹਨ ਅਤੇ ਲੋਕ ਮੁੱਦਿਆਂ ਨੂੰ ਸਮੇਂ-ਸਮੇਂ ਉਠਾਉਂਦੇ ਰਹਿੰਦੇ ਹਨ। ਉਹ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਖ਼ਿਲਾਫ਼ ਚਮਕੌਰ ਸਾਹਿਬ ਤੋਂ ਚੋਣ ਲੜੇ ਹਨ।

## ਭਾਈ ਜਸਵਿੰਦਰ ਸਿੰਘ ਜੰਡੀ ਜੀ ਨੂੰ ਸਦਮਾ, ਮਾਤਾ ਜੀ ਚੱਲ ਵਸੇ



**ਅੰਮ੍ਰਿਤਸਰ ਟਾਈਮਜ਼:** ਫ਼ਰੀਮਾਂਟ: ਗੁਰਦੁਆਰਾ ਸਾਹਿਬ ਫ਼ਰੀਮਾਂਟ ਦੀ ਸੁਪਰੀਮ ਕੌਂਸਲ ਦੇ ਮੈਂਬਰ ਭਾਈ ਜਸਵਿੰਦਰ ਸਿੰਘ ਜੰਡੀ ਜੀ ਦੀ ਮਾਤਾ ਸਰਦਾਰਨੀ ਪ੍ਰਕਾਸ਼ ਕੌਰ ਜੰਡੀ ਜੀ ਅੱਜ ਸਵੇਰੇ ਅਕਾਲ ਚਲਾਣਾ ਕਰ ਗਏ ਹਨ। ਉਹ ਪਿਛਲੇ ਕੁਝ ਦਿਨਾਂ ਤੋਂ ਬੀਮਾਰ ਚੱਲ ਰਹੇ ਸਨ। ਅਸੀਂ ਅਦਾਰਾ ਅੰਮ੍ਰਿਤਸਰ ਟਾਈਮਜ਼ ਵੱਲੋਂ ਅਰਦਾਸ ਕਰਦੇ ਹਾਂ ਕਿ ਅਕਾਲ ਪੁਰਖ ਵਾਹਿਗੁਰੂ ਜੀ ਮਾਤਾ ਜੀ ਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।  ਪਰਿਵਾਰ ਨਾਲ਼ ਦੁੱਖ ਸਾਂਝਾ ਕਰਨ ਲਈ ਆਪ ਜੀ ਉਹਨਾਂ ਦੇ ਸਪੁੱਤਰ ਭਾਈ ਜਸਵਿੰਦਰ ਸਿੰਘ ਜੰਡੀ ਨਾਲ਼ 510-584-7172 ਤੇ ਕਾਲ ਕਰ ਸਕਦੇ ਹੋ।

## ਕੱਚੇ ਚੌਲ਼...

ਮੈਂ ਮਨ ਹੀ ਮਨ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਇਹ ਸਭ ਮੇਰੇ ਮਨ ਦਾ ਵਹਿਮ ਹੀ ਹੋਵੇ... ਨੇਹਾ ਦੀ ਵਿਆਹੁਤਾ ਜ਼ਿੰਦਗੀ ਖ਼ੁਸ਼ੀਆਂ ਭਰੀ ਹੋਵੇ ਪਰ ਫੇਰ ਵੀ ਪਤਾ ਨਹੀਂ ਕਿਉਂ ਮੇਰਾ ਉਹਦੇ ਵਿਆਹ ’ਤੇ ਜਾਣ ਲਈ ਦਿਲ ਨਾ ਮੰਨਿਆ। ਮੈਂ ਸ਼ਗਨ ਵੀ ਕੁਲਜੀਤ ਮੈਡਮ ਕੋਲ਼ ਘੱਲਿਆ ਤੇ ਬਹਾਨਾ ਘੜ ਦਿੱਤਾ ਕਿ ਮੇਰੇ ਸਹੁਰਿਆਂ ਵਿੱਚ ਕਿਸੇ ਖ਼ਾਸ ਰਿਸ਼ਤੇਦਾਰੀ ਵਿੱਚ ਵਿਆਹ ਹੈ...ਮੇਰਾ ਉੱਥੇ ਜਾਏ ਬਗ਼ੈਰ ਨਹੀਂ ਸਰਨਾ। ਵਿਆਹ ਹੋ ਗਿਆ ਪਰ ਮੈਨੂੰ ਇਸ ਗੱਲ ਦਾ ਹਮੇਸ਼ਾ ਮਲਾਲ ਰਿਹਾ ਕਿ ਜੇਕਰ ਮੈਂ ਵਿਆਹ ’ਤੇ ਨਹੀਂ ਸਾਂ ਗਈ... ਤਾਂ ਨੇਹਾ ਨੇ ਮੈਨੂੰ ਇੱਕ ਵਾਰ ਵੀ ਸੱਚੀ-ਝੂਠੀ ਫ਼ੋਨ ’ਤੇ ਨਹੀਂ ਪੁੱਛਿਆ ਕਿ ਮੈਡਮ ਤੁਸੀਂ ਵਿਆਹ ’ਤੇ ਕਿਉਂ ਨਹੀਂ ਪਹੁੰਚੇ ? ਨੇਹਾ ਥੋੜੇ ਦਿਨਾਂ ਬਾਅਦ ਸਕੂਲ ਆਉਣ ਲੱਗੀ । ਸੂਰਜ ਰੋਜ਼ ਹੀ ਉਸ ਨੂੰ ਛੱਡਣ ਆਉਂਦਾ ਤੇ ਦੁਪਹਿਰ ਵੇਲੇ ਉਹ ਆਪ ਹੀ ਚਲੀ ਜਾਂਦੀ। ਕਈ ਵਾਰ ਜਦੋਂ ਸੂਰਜ ਨੇਹਾ ਨੂੰ ਸਕੂਲ ਛੱਡਣ ਆਉਂਦਾ ਤਾਂ ਸਕੂਲ ਅੰਦਰ ਆ ਕੇ ਸਭ ਨੂੰ ਮਿਲ ਕੇ ਜਾਂਦਾ ਤੇ ਮੈਨੂੰ ਵੀ ‘ਸਤਿ ਸ੍ਰੀ ਅਕਾਲ’ ਬੁਲਾਉਂਦਾ... ਤਾਂ ਮੈਨੂੰ ਇੰਜ ਲੱਗਦਾ ਜਿਵੇਂ ਕਹਿ ਰਿਹਾ ਹੋਵੇ ...ਵੇਖੋ! ਤੁਸੀਂ ਮੈਨੂੰ ਰੋਕ ਨਹੀਂ ਸਕਦੇ... ਹੁਣ ਸਾਡਾ ਰਿਸ਼ਤਾ ਕੱਚੇ ਚੌਲ਼ਾਂ ਵਰਗਾ ਨਹੀਂ ਰਿਹਾ ...।

ਛੇ ਕੁ ਮਹੀਨੇ ਬਾਅਦ ਹੀ ਮੇਰੀ ਬਦਲੀ ਸਾਡੇ ਪਿੰਡ ਦੇ ਨੇੜਲੇ ਸਕੂਲ ਵਿੱਚ ਹੋ ਗਈ । ਮੁੜ ਮੇਰਾ ਨੇਹਾ ਨਾਲ਼ ਕਦੇ ਕੋਈ ਰਾਬਤਾ ਕਾਇਮ ਨਾ ਹੋਇਆ ...ਪਰ ਕੁਲਜੀਤ ਮੈਡਮ ਨਾਲ਼ ਅਕਸਰ ਮੇਰੀ ਗੱਲ-ਬਾਤ ਹੁੰਦੀ ਰਹੀ । ਸਾਲ ਕੁ ਮਗਰੋਂ ਮੈਨੂੰ ਪਤਾ ਲੱਗਿਆ ਕਿ ਨੇਹਾ ਦੀ ਵੀ ਬਦਲੀ ਹੋ ਗਈ ਹੈ, ਉਸ ਦੇ ਸਹੁਰਿਆਂ ਦੇ ਨੇੜਲੇ ਕਿਸੇ ਪਿੰਡ ਵਿੱਚ ।

ਇੱਕ ਦਿਨ ਕੁਲਜੀਤ ਮੈਡਮ ਨੇ ਦੱਸਿਆ ਕਿ ਨੇਹਾ ਆਪਣੇ ਆਪ ਵਿੱਚ ਹੀ ਖੋਈ ਰਹਿੰਦੀ ਹੈ। ਸੂਰਜ ਨਸ਼ੇ ਕਰਦਾ...ਜਿਸਦਾ ਉਸ ਨੂੰ ਵਿਆਹ ਤੋਂ ਬਾਅਦ ਪਤਾ ਲੱਗਿਆ। ਉਹ ਨਿੱਕੀ-ਨਿੱਕੀ ਗੱਲ ’ਤੇ ਨੇਹਾ ਨਾਲ਼ ਬਹੁਤ ਲੜਦਾ ਝਗੜਦਾ । ਜੇਕਰ ਨੇਹਾ ਕੁਝ ਆਖਦੀ ਤਾਂ ਕਿੰਨੇ-ਕਿੰਨੇ ਦਿਨ ਘਰੋਂ ਲਾਪਤਾ ਰਹਿੰਦਾ ਅਤੇ ਆਪਣੇ ਦੋਸਤਾਂ ਨਾਲ਼ ਪਤਾ ਨਹੀਂ ਕਿੱਥੇ-ਕਿੱਥੇ ਘੁੰਮਦਾ ਰਹਿੰਦਾ। ਹੋਰ ਤਾਂ ਹੋਰ ਫ਼ੋਨ ਵੀ ਅਕਸਰ ਸਵਿੱਚ ਆਫ਼ ਰੱਖਦਾ, ਜਿਸ ਕਾਰਨ ਨੇਹਾ ਬਹੁਤ ਪਰੇਸ਼ਾਨ ਰਹਿੰਦੀ। ਉਹਦਾ ਸਹੁਰਾ ਪਰਿਵਾਰ ਵੀ ਉਲਟਾ ਉਹਦੇ ਸਿਰ ’ਤੇ ਦੋਸ਼ ਮੜ੍ਹਦਾ ਕਿ ਉਹਨੂੰ ਕੀ ਲੋੜ ਸੀ ਸੂਰਜ ਨੂੰ ਕੁਝ ਕਹਿਣ ਦੀ ?... ਹੁਣ ਤਾਂ ਉਹ ਇੱਕ ਧੀ ਦੀ ਮਾਂ ਵੀ ਬਣ ਗਈ ...ਪਰ ਨੇਹਾ ਹੁਣ ਪਹਿਲਾਂ ਵਾਲੀ ਨੇਹਾ ਨਹੀਂ ਰਹੀ। ਸੂਰਜ ਨੇਹਾ ਦੇ ਫ਼ੋਨ ਨੂੰ ਵਾਰ-ਵਾਰ ਚੈੱਕ ਕਰਦਾ ਰਹਿੰਦਾ । ਜਦੋਂ ਨੇਹਾ ਘਰ ਹੁੰਦੀ ਉਹਦਾ ਫ਼ੋਨ ਸੂਰਜ ਕੋਲ਼ ਹੀ ਹੁੰਦਾ। ਕਿਸ ਦਾ ਫ਼ੋਨ ਆਇਆ ? ਕਿਸ ਦਾ ਮੈਸੇਜ ਆਇਆ ? ਕਿਸ ਨਾਲ਼ ਕਦੋਂ ਤੇ ਕਿੰਨੀ ਦੇਰ ਗੱਲ ਹੋਈ ... ਇਸ ਸਭ ਕੁਝ ਦਾ ਸੂਰਜ ਦੀ ਦਿਮਾਗ਼ ਦੀ ਮੈਮਰੀ ਵਿੱਚ ਰਿਕਾਰਡ ਰਹਿੰਦਾ । ਜਿਸ ਕਾਰਨ ਨੇਹਾ ਨੂੰ ਘੁਟਣ ਮਹਿਸੂਸ ਹੁੰਦੀ ਪਰ ਉਹ ਕੁਝ ਨਾ ਕਹਿੰਦੀ ਆਪਣੇ ਰਿਸ਼ਤੇ ਨੂੰ ਬਚਾਉਣ ਲਈ । ਜਦੋਂ ਵੀ ਮੈਂ ਕੁਲਜੀਤ ਮੈਡਮ ਤੋਂ ਅਜਿਹੀਆਂ ਗੱਲਾਂ ਸੁਣਦੀ ਤਾਂ ਮੈਨੂੰ ਬਹੁਤ ਦੁੱਖ ਹੁੰਦਾ ਮੁੜ ਮੇਰੇ ਦਿਮਾਗ਼ ਵਿੱਚ ‘ਕੱਚੇ ਚੌਲ਼ਾਂ’ ਵਾਲੀ ਗੱਲ ਰਿੱਝਣ ਲੱਗਦੀ ...।

ਪਰ ਅੱਜ ਜਿਹੜੀ ਗੱਲ ਕੁਲਜੀਤ ਮੈਡਮ ਨੇ ਫ਼ੋਨ ਤੇ ਦੱਸੀ ਉਹ ਗੱਲ ਸੁਣ ਕੇ ਤਾਂ ਮੈਂ ਧੁਰ ਅੰਦਰ ਤੱਕ ਹਿੱਲ ਗਈ। ਅੱਜ ਕੁਲਜੀਤ ਮੈਡਮ ਨੇ ਮੈਨੂੰ ਦੱਸਿਆ ਕਿ ਨੇਹਾ ਦਾ ਸੂਰਜ ਉਸ ਦੀ ਜ਼ਿੰਦਗੀ ਵਿੱਚ ਹਨੇਰਾ ਭਰ ਗਿਆ... ਉਹ ਦੋ ਦਿਨਾਂ ਤੋਂ ਘਰ ਨਹੀਂ ਸੀ ਪਰਤਿਆ ਤੇ ਅੱਜ ਸਵੇਰੇ ਉਹ ਨਹੀਂ ਉਸ ਦੀ ਲਾਸ਼ ਆਈ...ਮੈਡੀਕਲ ਰਿਪੋਰਟ ਅਨੁਸਾਰ ਉਸ ਨੇ ਨਸ਼ਾ ਜ਼ਿਆਦਾ ਕਰ ਲਿਆ ਸੀ ਜਿਸ ਕਾਰਨ ਉਸਦੀ ਮੌਤ ਹੋ ਗਈ...ਕੁਲਜੀਤ ਮੈਡਮ ਦੀ ਗੱਲ ਸੁਣ ਮੇਰੇ ਮਨ ’ਚੋਂ ਬਹੁਤ ਦਰਦਨਾਕ ਹੂਕ ਨਿਕਲੀ ਤੇ ਮੇਰੇ ਮੂੰਹੋਂ ਇੱਕਦਮ ਨਿਕਲਿਆ, ‘ਕੱਚੇ ਚੌਲ਼ !’

## (ਖ਼ਤ)

ਕਈ ਹਲਕਿਆਂ ਵਿੱਚ ਨਜਾਇਜ਼ ਮਾਈਨਿੰਗ ਦਾ ਬਹੁਤ ਵੱਡਾ ਮਸਲਾ ਹੈ। ਮਾਈਨਿੰਗ ਮਾਫ਼ੀਆ ਨੂੰ ਖ਼ਤਮ ਕਰਨਾ ਚਾਹੀਦਾ ਹੈ। ਹੋਰ ਵੀ ਬਹੁਤ ਸਮੱਸਿਆਵਾਂ ਹਨ। ਉਮੀਦ ਰੱਖਦੇ ਹਾਂ ਕਿ ਆਪ ਪਾਰਟੀ ਲੋਕਾਂ ਦੀ ਆਸਾਂ ’ਤੇ ਖ਼ਰਾ ਉੱਤਰੇਗੀ।

## ਇਹ ਵੀ ਜਾਣੋ ...

ਉੱਤਰ :-

1. ਡਬਲਿਊ. ਕੇ. ਰਾਂਟਜਨ ਨੇ
2. ਐਸਟਿਕ ਐਸਿਡ
3. 21 ਮਾਰਚ
4. ਨਾਰਥ ਐਟਲਾਂਟਿਕ ਟ੍ਰੀਟੀ ਆਰਗੇਨਾਈਜੇਸ਼ਨ
5. ਮਿਜ਼ੋਰਮ
6. ਸ਼੍ਰੀਲੰਕਾ
7. ਮੰਗਲ ਗ੍ਰਹਿ
8. ਲੱਦਾਖ
9. ਸ਼ੇਰ
10. ਪੋਰਬੰਦਰ
11. 25 ਸਾਲ
12. ਨਿੱਪਨ
13. ਸਕੱਤਰ, ਵਿੱਤ ਮੰਤਰਾਲਾ ਦੇ
14. ਹੋਲਾ-ਮਹੱਲਾ
15. ਸਪਤ ਸਿੰਧੂ, ਪੰਚਨਦ
16. ਰਾਜਿੰਦਰ ਕੌਰ ਭੱਠਲ
17. 1873 ਵਿੱਚ
18. ਬਰਨ
19. ਵਾਸ਼ਿੰਗਟਨ
20. ਕਲਕੱਤਾ
21. ਸ਼ਿਮਲਾ
22. 23 ਮਾਰਚ, 1931 ਨੂੰ
23. ਅੰਗਰੇਜ਼ੀ
24. ਪੇਰੂ
25. ਸ੍ਰੀ ਰਾਮਨਾਥ ਕੋਵਿੰਦ

## ‘ਕਿਹੋ ਜਿਹਾ ਹੋਵੇ...

ਖ਼ਾਲਸੇ ਦਾ ਦੈਵੀ ਅਨੁਭਵ ਅਗਮ ਅਗੋਚਰ ਹੈ ਪਰ ਧਰਤੀ ਅਤੇ ਮਨੁੱਖ ਦਾ ਦਿਲ ਇਸ ਦੇ ਘਰ ਹਨ। ਉਹ ਕਿਤੇ ਵੀ ਚਲਾ ਜਾਵੇ ਆਖ਼ਰ ਘਰ ਦੀ ਅਪਣੱਤ ਉਸ ਨੂੰ ਘਰ ਲੈ ਆਵੇਗੀ। ਇਸ ਅਪਣੱਤ ਦਾ ਸਦਕਾ ਉਹ ਜ਼ਿੰਦਗੀ ਨੂੰ ਬਹਾਨੀ ਤੌਰ ਉੱਤੇ ਹਰੀ-ਭਰੀ ਰੱਖੇਗਾ।

ਕੋਈ ਵੀ ਨਸ਼ਾ ਸਿੱਖ ਇਖ਼ਲਾਕ ਦੀ ਪਾਕੀਜ਼ਗੀ ਦੇ ਅਨੁਕੂਲ ਨਹੀਂ। ਖ਼ਾਲਸਾ ਹਰ ਕਿਸਮ ਦੇ ਨਸ਼ੇ ਦਾ ਪੂਰਨ ਤਿਆਗ ਕਰੇਗਾ। ਖ਼ਾਲਸੇ ਨੇ ਤਮਾਕੂ ਨੂੰ ਨਸ਼ਿਆਂ ਵਿੱਚੋਂ ਸਭ ਤੋਂ ਨਖਿੱਧ ਮੰਨਿਆ ਹੈ ਅਤੇ ਇਸ ਨੂੰ ਵੱਡੀਆਂ ਕੁਰਹਿਤਾਂ ਵਿੱਚ ਸ਼ਾਮਲ ਕੀਤਾ ਗਿਆ ਹੈ, ਪਰ ਗੁਰਬਾਣੀ ਵਿੱਚ ਸ਼ਰਾਬ ਪੀਣ ਦਾ ਵੀ ਸਿੱਧੇ ਅਤੇ ਅਸਿੱਧੇ ਦੋਹਾਂ ਵਿੱਚ ਸਖ਼ਤ ਵਿਰੋਧ ਕੀਤਾ ਗਿਆ ਹੈ। ਗੁਰਬਾਣੀ ਵਿੱਚ ਨਸ਼ਿਆਂ ਦੇ ਅਸਿੱਧੇ ਵਿਰੋਧ ਦੇ ਅਨੇਕਾਂ ਦ੍ਰਿਸ਼ਟਾਂਤ ਮਿਲਦੇ ਹਨ। ਉਸ ਦੀ ਉੱਪਰ ਅਸਾਂ ਇੱਕ ਉਦਾਹਰਣ ਦਿੱਤੀ ਹੈ। ਸ਼ਰਾਬ ਪੀਣ ਦੇ ਸਿੱਧੇ ਵਿਰੋਧ ਦੀ ਇੱਕ ਸਿੱਧੀ ਉਦਾਹਰਣ ਹੇਠਾਂ ਦਰਜ ਕਰਦੇ ਹਾਂ :-

**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥**
**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥**

## ਗੁਰਮਤਿ ਸੰਗੀਤ ਵਿੱਚ...

ਗੁਰੂ ਹਰਿਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਬੇਸ਼ੱਕ ਰਾਜਨੀਤਿਕ ਹਾਲਾਤ ਅਨੁਕੂਲ ਨਾ ਹੋਣ ਦੇ ਕਾਰਨ ਗੁਰਬਾਣੀ ਨਹੀਂ ਰਚੀ ਜਾ ਸਕੀ ਪ੍ਰੰਤੂ ਕੀਰਤਨ ਦੀ ਪਰੰਪਰਾ ਗੁਰੂ ਦਰਬਾਰਾਂ ਵਿੱਚ ਜਿਉਂ ਦੀ ਤਿਉਂ ਚਲਦੀ ਰਹੀ। ਗੁਰੂ ਹਰਿਗੋਬਿੰਦ ਜੀ ਦੇ ਸਮੇਂ ਕੀਰਤਨਕਾਰਾਂ ਦੀ ਢਾਡੀ ਪ੍ਰਥਾ ਪ੍ਰਫੁੱਲਤ ਹੋਈ। ਸਿੱਖ ਸੰਗਤਾਂ ਨੂੰ ਉਤਸ਼ਾਹਿਤ ਕਰਨ ਲਈ ਢਾਡੀ ਵਾਰ ਗਾਇਨ ਕਰਦੇ ਸਨ। ਭਾਈ ਅਬਦੁੱਲਾ ਅਤੇ ਭਾਈ ਨੱਥਾ ਜੀ ਢਾਡੀ ਇਸੇ ਸਮੇਂ ਵਿੱਚ ਹੋਏ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਰਾਗੀ ਅਤੇ ਢਾਡੀ ਕੀਰਤਨਕਾਰਾਂ ਦੇ ਨਾਲ਼ ਰਬਾਬੀ ਕੀਰਤਨਕਾਰਾਂ ਦਾ ਮਹੱਤਵਪੂਰਨ ਯੋਗਦਾਨ ਰਿਹਾ। ਇਸ ਸਮੇਂ ਰਬਾਬੀ ਕੀਰਤਨਕਾਰ ਤਾਊਸ ਨਾਮ ਦੇ ਸਾਜ਼ ਦਾ ਵੀ ਪ੍ਰਯੋਗ ਕੀਰਤਨ ਵਿੱਚ ਕਰਨ ਲੱਗੇ। ਚੰਡੀ ਚਰਿੱਤਰ ਵਿੱਚ ਰਬਾਬੀਆਂ ਦਾ ਉਲੇਖ ਇਸ ਤਰਾਂ ਆਇਆ ਹੈ :-

ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੈ॥

ਗੁਰੂ ਸਾਹਿਬਾਨਾਂ ਉਪਰੰਤ ਰਬਾਬੀ ਪਰੰਪਰਾ- ਗੁਰੂ ਕਾਲ ਉਪਰੰਤ ਜਿਨਾਂ ਰਬਾਬੀ ਕੀਰਤਨਕਾਰਾਂ ਨੇ ਕੀਰਤਨ ਦੀ ਪਰੰਪਰਾ ਵਿੱਚ ਯੋਗਦਾਨ ਦਿੱਤਾ ਉਨਾਂ ਵਿੱਚੋਂ ਪ੍ਰਮੁੱਖ ਹਨ- ਭਾਈ ਬਾਬਕ (ਭਾਈ ਸੱਤੇ ਦੇ ਪੁੱਤਰ), ਭਾਈ ਚਤਰਾ (ਭਾਈ ਬਾਬਕ ਦੇ ਪੁੱਤਰ), ਭਾਈ ਸਾਦੂ ਤੇ ਭਾਈ ਬਾਦੂ, ਨੱਥਾ, ਅਬਦੁੱਲਾ, ਭੀਖਾ, ਜਾਲਪ, ਸਾਲ, ਰਾਮੂ, ਦੀਆ, ਨਸੌੜੀ, ਪਾਂਧਾ, ਬੁੱਲਾ ਅਤੇ ਸ਼ਾਹ ਹੁਸੈਨ ਆਦਿ। ਗੁਰੂ ਗੋਬਿੰਦ ਸਿੰਘ ਜੀ ਦੇ ਬਾਅਦ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਕੀਰਤਨ ਦਾ ਪ੍ਰਵਾਹ ਕੁਝ ਟੁੱਟ ਜਿਹਾ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਰਬਾਬੀ ਮਾਸਕ ਵੇਤਨ ਲੈ ਕੇ ਕੀਰਤਨ ਕਰਨ ਲੱਗ ਪਏ ਸਨ। ਭਾਈ ਮਨਸਾ ਸਿੰਘ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਸਨ। 1900 ਈ. ਦੇ ਲਗਭਗ ਭਾਈ ਚਾਂਦ ਸ੍ਰੀ ਅੰਮ੍ਰਿਤਸਰ ਸਾਬਿ ਦੇ ਹਜ਼ੂਰੀ ਰਾਗੀ ਸਨ। ਇਸ ਤੋਂ ਪਿਛੋਂ ਇਨਾਂ ਦੇ ਸ਼ਗਿਰਦ ਗੁਰਮੁਖ ਸਿੰਘ, ਭਾਈ ਹਰਸਾ ਸਿੰਘ ਧਰੁੱਪਦੀਏ ਅਤੇ ਭਾਈ ਉੱਤਮ ਸਿੰਘ ਉੱਤਮ ਕੀਰਤਨਕਾਰ ਸਨ। ਭਾਈ ਉੱਤਮ ਸਿੰਘ ਦਿਲਰੁਬਾ ਵਜਾਉਣ ਵਿੱਚ ਨਿਪੁੰਨ ਸਨ ਅਤੇ ਅਨੇਕ ਰਾਗੀ ਅਤੇ ਰਬਾਬੀ ਇਨਾਂ ਤੋਂ ਸੰਗੀਤ ਦੀ ਸਿੱਖਿਆ ਲੈਂਦੇ ਸਨ। 19ਵੀਂ ਸ਼ਤਾਬਦੀ ਦੇ ਅੰਤ ਵਿੱਚ ਭਾਈ ਸੰਤ ਰਬਾਬੀ ਅਤੇ ਭਾਈ ਵਧਵਾ ਰਬਾਬੀ ਕੀਰਤਨਕਾਰ ਹੋਏ। 20ਵੀਂ ਸਦੀ ਦੇ ਉੱਤਰ-ਅਰਧ ਵਿੱਚ ਭਾਈ ਅਰੂੜਾ ਬਹੁਮੁਖੀ ਪ੍ਰਤਿਭਾ ਦੇ ਰਾਗੀ ਸਨ ਅਤੇ ਉਹ ਤਾਊਸ, ਰਬਾਬ, ਤਬਲਾ, ਹਾਰਮੋਨੀਅਮ ਆਦਿ ਸਾਜ਼ ਵਜਾਉਣ ਵਿੱਚ ਨਿਪੁੰਨ ਸਨ।

ਅਜ਼ਾਦੀ ਤੋਂ ਪਿਛੋਂ ਰਬਾਬੀ ਪਰੰਪਰਾ- ਅਜ਼ਾਦੀ ਤੋਂ ਪਿੱਛੋਂ ਜ਼ਿਆਦਾਤਰ ਰਬਾਬੀ ਕੀਰਤਨਕਾਰ ਪਾਕਿਸਤਾਨ ਚਲੇ ਗਏ। ਉੱਥੇ ਰਬਾਬੀ ਕੀਰਤਨਕਾਰਾਂ ਨੂੰ ਬਹੁਤ ਮਾਣ-ਸਨਮਾਨ ਨਹੀਂ ਮਿਲ ਸਕਿਆ। ਇਸ ਲਈ ਰਬਾਬੀ ਕੀਰਤਨਕਾਰਾਂ ਦੀ ਪ੍ਰਥਾ ਕੁਝ ਧੁੰਦਲੀ ਪੈ ਗਈ। ਫਿਰ ਵੀ ਅਜ਼ਾਦੀ ਤੋਂ ਪਿੱਛੋਂ ਜਿਨਾਂ ਰਬਾਬੀ ਕੀਰਤਨਕਾਰਾਂ ਦਾ ਗੁਰਮੁਤਿ ਸੰਗੀਤ ਨੂੰ ਪ੍ਰਫੁੱਲਿਤ ਕਰਨ ਵਿੱਚ ਵਿਸ਼ੇਸ਼ ਯੋਗਦਾਨ ਰਿਹਾ ਉਨਾਂ ਦੇ ਨਾਮ ਇਸਤਰਾਂ ਹਨ- ਭਾਈ ਹਰਸਾ ਸਿੰਘ, ਗੁਰਮੁਖ ਸਿੰਘ, ਦਰਸ਼ਨ ਸਿੰਘ ਕੋਮਲ, ਬਚਿੱਤਰ ਸਿੰਘ, ਭਾਈ ਧਿਆਨ ਸਿੰਘ, ਭਾਈ ਬਾਤਮ ਸਿੰਘ, ਭਾਈ ਸਨਮੁਖ ਸਿੰਘ, ਭਾਈ ਹਰਦਿੱਤ ਸਿੰਘ, ਭਾਈ ਜਵਾਲਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਲਾਭ ਸਿੰਘ, ਭਾਈ ਸ਼ਾਮ ਸਿੰਘ, ਭਾਈ ਸੁੰਦਰ ਸਿੰਘ, ਭਾਈ ਦੇਸਾ, ਭਾਈ ਸੰਤਾ, ਭਾਈ ਚਾਂਦ ਆਦਿ।

ਵਰਤਮਾਨ ਵਿੱਚ ਗੁਰੂ ਦਰਬਾਰ ਵਿੱਚ ਰਾਗੀ ਅਤੇ ਰਬਾਬੀ ਕੀਰਤਨਕਾਰਾਂ ਦੀ ਮਿਲੀ-ਜੁਲੀ ਪਰੰਪਰਾ ਹੈ। ਰਬਾਬੀ ਕੀਰਤਨਕਾਰਾਂ ਦੀ ਅਲੱਗ ਰੂਪ ਵਿੱਚ ਕੋਈ ਪਹਿਚਾਣ ਜਾਂ ਕੋਈ ਪਰੰਪਰਾ ਵਰਤਮਾਨ ਸਮੇਂ ਧੁੰਦਲੀ ਨਜ਼ਰ ਆਉਂਦੀ ਹੈ। ਕੀਰਤਨ ਵਿੱਚ ਉਸਦਾ ਸਥਾਨ ਹਾਰਮੋਨੀਅਮ ਅਤੇ ਤਬਲਾ ਸਾਜ਼ਾਂ ਨੇ ਲੈ ਲਿਆ ਹੈ। ਕੋਈ-ਕੋਈ ਕੀਰਤਨਕਾਰ ਅੱਜ ਵੀ ਆਪਣਾ ਸੰਬੰਧ ਭਾਈ ਮਰਦਾਨੇ ਨਾਲ਼ ਜੋੜ ਕੇ ਰਬਾਬੀ ਪਰੰਪਰਾ ਦੇ ਕਹਾਉਂਦੇ ਹਨ। ਗੁਰੂ ਦਰਬਾਰ ਵਿੱਚ ਇਹਨਾਂ ਰਬਾਬੀ ਕੀਰਤਨਕਾਰਾਂ ਦੇ ਅਨਮੋਲ ਯੋਗਦਾਨ ਦੇ ਕਾਰਨ ਹੀ ਉਨਾਂ ਨੂੰ ਉਤਨਾ ਹੀ ਸਨਮਾਨ ਦਿੱਤਾ ਜਾਂਦਾ ਹੈ।

## ਪੰਜਾਬ ਦੀ ਸਿਆਸਤ...

ਇਹ ਪਾਰਟੀ ਲਗਾਤਾਰ ਹਾਸ਼ੀਏ ਵੱਲ ਵਧ ਰਹੀ ਹੈ ਅਤੇ ਇਸ ਦੀ ਲੀਡਰਸ਼ਿਪ ਆਪਣੀ ਭੂਮਿਕਾ ਮੁੜ ਤਲਾਸ਼ਣ ਤੋਂ ਇਨਕਾਰੀ ਜਾਪਦੀ ਹੈ। ਵਿਰੋਧੀ ਧਿਰ ਦੀ ਅਗਵਾਈ ਦੇ ਸੰਕਟ ਦੇ ਇਸ ਪ੍ਰਸੰਗ ਵਿੱਚ ਕੇਜਰੀਵਾਲ ਇੱਕੋ ਵੇਲੇ ‘ਭਾਰਤ ਮਾਤਾ ਕੀ ਜੈ’ ਅਤੇ ‘ਇਨਕਲਾਬ ਜ਼ਿੰਦਾਬਾਦ’ ਦੇ ਦੋ ਵੱਖੋ-ਵੱਖਰੇ ਮਿਜ਼ਾਜ ਦੇ ਨਾਅਰੇ ਲਾ ਕੇ ਉੱਭਰ ਰਹੇ ਹਨ। ਇੰਝ ਜਾਪਦਾ ਹੈ ਕਿ ਕੇਜਰੀਵਾਲ ਦੇ ‘ਇਨਕਲਾਬ’ ਦੇ ਵਾਅਦੇ ਨਾਲ਼ 2024 ਦਾ ਮਹਾ ਮੁਕਾਬਲਾ ਹੋਰ ਭਖ਼ ਗਿਆ ਹੈ

## ਸਿੱਖ ਐਜੂਕੇਸ਼ਨ ਕੌਂਸਲ...

ਇਸੇ ਤਰਜ਼ ’ਤੇ ਹੋਰਨਾਂ ਧਰਮਾਂ ਅਤੇ ਦਾਰਸ਼ਨਿਕ ਪਰੰਪਰਾਵਾਂ ਦੇ ਸਰੋਤ ਗ੍ਰੰਥਾਂ ਦਾ ਪੰਜਾਬੀ ਵਿੱਚ ਅਨੁਵਾਦ ਅਤੇ ਆਲੋਚਨਾ ਹੋਣਾ ਹਾਲੇ ਬਾਕੀ ਹੈ। ਇਨਾਂ ਵਿਦਵਾਨਾਂ ਤੋਂ ਇਲਾਵਾ ਜਸਵਿੰਦਰ ਕੌਰ, ਡਾ. ਰਾਜਵਿੰਦਰ ਸਿੰਘ, ਵਿਕਰਮਜੀਤ ਸਿੰਘ ਤਹਿਰਾ, ਡਾ. ਲਖਵੀਰ ਸਿੰਘ, ਡਾ. ਚਰਨਜੀਵ ਸਿੰਘ, ਡਾ. ਜਤਿੰਦਰਪਾਲ ਸਿੰਘ, ਕੰਵਰ ਬਰਾੜ ਵੱਲੋਂ ਪੰਜਾਬੀ ਬੋਲੀ ਨਾਲ਼ ਸੰਬੰਧਿਤ ਆਪੋ ਆਪਣੇ ਵਿਚਾਰ ਸਾਂਝੇ ਕੀਤੇ ਗਏ।

ਵਿਦਵਾਨਾਂ ਅਤੇ ਖੋਜਾਰਥੀਆਂ ਵੱਲੋਂ ਇਨਾਂ ਖੋਜ ਪੇਪਰਾਂ ਵਿੱਚ ਪੰਜਾਬੀ ਮਾਂ ਬੋਲੀ ਨੂੰ ਉਤਸ਼ਾਹਿਤ ਕਰਨ ਦੇ ਨਾਲ਼-ਨਾਲ਼ ਚਿੰਤਾਵਾਂ ਨੂੰ ਵੀ ਪ੍ਰਗਟ ਕੀਤਾ ਗਿਆ। ਪੰਜਾਬੀ ਬੋਲੀ ਨੂੰ ਲੈ ਕੇ ਜੋ ਸਭ ਤੋਂ ਵੱਧ ਚਿੰਤਾ ਪ੍ਰਗਟ ਕੀਤੀ ਗਈ ਉਹ ਸੀ ਪੰਜਾਬੀ ਬੋਲੀ ਵਿੱਚ ਹਿੰਦੀ ਸ਼ਬਦਾਂ ਦਾ ਰਲ਼ਗੱਡ ਹੋ ਜਾਣਾ ਤੇ ਦਿਨ ਪ੍ਰਤੀ ਦਿਨ ਪੱਛਮੀ ਭਾਸ਼ਾ ਦੀ ਸ਼ਮੂਲੀਅਤ ਦਾ ਵਧਣਾ ਹੈ। ਇਸ ਗੋਸ਼ਟੀ ਵਿੱਚ ਜਿੱਥੇ ਪੰਜਾਬੀ ਸਾਹਿਤ ਤੇ ਬੋਲੀ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ ਉੱਥੇ ਹੀ ਪੰਜਾਬੀ ਬੋਲੀ ਤੇ ਧਾਰਮਿਕ ਖੇਤਰਾਂ ਵਿੱਚ ਨਵੇਂ ਸੰਕਲਪਾਂ ਨੂੰ ਉਜਾਗਰ ਕਰਨ ਦੀ ਗੱਲ ਕੀਤੀ ਗਈ ਤਾਂ ਜੋ ਪੰਜਾਬੀ ਬੋਲੀ ਨੂੰ ਸਦੀਵੀ ਲੋਕ ਮਨਾਂ ਦਾ ਭਾਗ ਬਣਾਇਆ ਜਾਵੇ।

## ਕਾਂਗਰਸ ਦਾ ਮੁੜ...

ਤਦ ਭਾਰਤ ਦੀ ਸਭ ਤੋਂ ਗਾਥਾਮਈ ਪਾਰਟੀ ਦੀ ਕਮਾਂਡ ਪੰਜਵੀਂ ਪੀੜ੍ਹੀ ਦੇ ਵੰਸ਼ਵਾਦੀਆਂ ਦੇ ਹੱਥਾਂ ਵਿੱਚ ਸੌਂਪਣਾ ਵਾਕਈ ਇੱਕ ਸਮੱਸਿਆ ਹੈ। ਜਦੋਂ ਸਿਆਸੀ ਸੂਝ-ਬੂਝ ਦੀ ਬਜਾਏ ਅਣਕਮਾਇਆ ਵਿਸ਼ੇਸ਼ਾਧਿਕਾਰ ਮਿਲ ਜਾਂਦਾ ਹੈ ਤਾਂ ਇਹ ਕਿਸੇ ਗੰਭੀਰ ਕਮਜ਼ੋਰੀ ਦੀ ਬਜਾਏ ਘਾਤਕ ਰੋਗ ਬਣ ਜਾਂਦਾ ਹੈ। ਗਾਂਧੀ ਲਾਣਾ ਆਪਣੇ ਚਮਚਿਆਂ ਵਿੱਚ ਘਿਰਿਆ ਰਹਿੰਦਾ ਹੈ ਤੇ ਇਸ ਨੂੰ ਰਤਾ ਸਮਝ ਨਹੀਂ ਹੈ ਕਿ ਇੱਕੀਵੀਂ ਸਦੀ ਦੇ ਭਾਰਤੀ ਅਸਲ ਵਿੱਚ ਕਿਵੇਂ ਸੋਚਦੇ ਹਨ। ਲੇਖਕ ਆਤਿਸ਼ ਤਾਸੀਰ ਨੇ ਬਹੁਤ ਤਿੱਖੇ ਢੰਗ ਨਾਲ਼ ਰਾਹੁਲ ਗਾਂਧੀ ਦਾ ਖ਼ਾਕਾ ਵਾਹੁੰਦਿਆਂ ਉਸ ਨੂੰ ਇੱਕ ਅਜਿਹਾ ਸਾਧਾਰਨ ਬੁੱਧੀ ਸ਼ਖ਼ਸ ਕਰਾਰ ਦਿੱਤਾ ਸੀ ਜਿਸ ਨੂੰ ਸਿਖਾਉਣਾ ਨਾਮੁਮਕਿਨ ਹੁੰਦਾ ਹੈ, ਉਹ ਸਿਆਸਤ ਦੇ ਬਿਲਕੁਲ ਵੀ ਫਿੱਟ ਨਹੀਂ ਹੈ ਤੇ ਵਾਰ-ਵਾਰ ਆਪਣੇ ਪਿਤਾ, ਦਾਦੀ ਅਤੇ ਨਾਨੇ ਦਾ ਜ਼ਿਕਰ ਕਰਦਾ ਰਹਿੰਦਾ ਹੈ।

ਪਤਾ ਨਹੀਂ ਕਿ ਉਹ ਜਾਣਦੇ ਹਨ ਜਾਂ ਨਹੀਂ ਜਾਂ ਕੋਈ ਸੂਝ ਹੈ ਵੀ ਜਾਂ ਨਹੀਂ ਕਿ ਗਾਂਧੀ ਪਰਿਵਾਰ ਹਿੰਦੂਤਵੀ ਸੱਤਾਵਾਦ ਦਾ ਸਰਗਰਮ ਤਾਬਿਆਦਾਰ ਬਣ ਚੁੱਕਿਆ ਹੈ। ਉਨਾਂ (ਗਾਂਧੀ ਲਾਣਾ) ਦੇ ਵਿਦਾ ਹੋਣ ਦੀ ਸੂਰਤ ਵਿੱਚ ਜੇ ਕਾਂਗਰਸ ਵਿੱਚ ਜਾਹ ਜਾਂਦੀਏ ਫੁੱਟ ਵੀ ਪੈ ਜਾਂਦੀ ਹੈ ਤਾਂ ਵੀ ਉਨਾਂ ਦੀ ਥਾਂ ਕੋਈ ਅਜਿਹਾ ਸ਼ਖ਼ਸ ਸਾਹਮਣੇ ਆ ਜਾਵੇਗਾ ਜਿਸ ਦੀ ਸਿਆਸੀ ਭਰੋਸੇਯੋਗਤਾ ਤਾਂ ਵਡੇਰੀ ਹੋਵੇਗੀ। ਤਦ ਸਾਡੇ ਵਰਗੇ ਹਿੰਦੂਤਵ ਦਾ ਵਿਰੋਧ ਕਰਨ ਵਾਲੇ ਬਹੁਤ ਸਾਰੇ ਲੋਕਾਂ ਨੂੰ ਸੋਚਣ, ਜੱਦੋ-ਜਹਿਦ ਕਰਨ ਅਤੇ ਮੌਜੂਦਾ ਖ਼ੌਫ਼ਨਾਕ ਸਮਿਆਂ ਨਾਲ਼ੋਂ ਭਾਰਤ ਲਈ ਕੋਈ ਚੰਗੇਰਾ ਭਵਿੱਖ ਤਲਾਸ਼ਣ ਲਈ ਮੋਕਲੀ ਜਗਾ ਮੁਅੱਸਰ ਹੋ ਸਕੇਗੀ।

## ਲਾਈਫ਼ਸਟਾਈਲ ਵਿੱਚ...

ਪਾਸਤਾ

ਪਾਸਤਾ ਸੌਸ, ਕਰੀਮ, ਪਨੀਰ ਤੇ ਮੱਖਣ ਤੋਂ ਬਣਾਇਆ ਜਾਂਦਾ ਹੈ। ਇਸ ’ਚ ਬਹੁਤ ਜ਼ਿਆਦਾ ਮਾਤਰਾ ਵਿੱਚ ਕੈਲੋਰੀਜ਼, ਕਾਰਬੋਹਾਈਡ੍ਰੇਟਸ ਹੁੰਦਾ ਹੈ। ਇਹ ਮੈਦੇ ਤੋਂ ਬਣਾਇਆ ਜਾਂਦਾ ਹੈ। ਨਾਲ਼ ਹੀ ਇਹ ਮੋਟਾਪੇ ਦਾ ਕਾਰਨ ਵੀ ਬਣਦਾ ਹੈ। ਜੇ ਤੁਹਾਨੂੰ ਸ਼ੂਗਰ ਹੈ ਤਾਂ ਪਾਸਤਾ ਨਾ ਖਾਓ

ਆਲੂ

ਆਲੂ ਵਿੱਚ ਕੈਲੋਰੀਜ਼, ਕਾਰਬੋਹਾਈਡ੍ਰੇਟਜ਼, ਫ਼ੈਟਜ਼, ਪ੍ਰੋਟੀਨ ਤੇ ਫ਼ਾਈਬਰ ਹੁੰਦਾ ਹੈ। ਇਸ ਵਿੱਚ ਉੱਚ ਗਲਾਈਸੈਮਿਕ ਇੰਡੈਕਸ ਹੁੰਦਾ ਹੈ, ਜੋ ਸ਼ੂਗਰ ਦੇ ਮਰੀਜ਼ਾਂ ਲਈ ਠੀਕ ਨਹੀਂ ਹੁੰਦਾ। ਆਲੂ ਖਾਣ ਨਾਲ਼ ਸਰੀਰ ਦਾ ਬਲੱਡ ਸ਼ੂਗਰ ਲੈਵਲ ਵਧਦਾ ਹੈ, ਇਸ ਲਈ ਇਸ ਤੋਂ ਦੂਰ ਰਹਿਣਾ ਚਾਹੀਦਾ ਹੈ।

ਚੌਲ਼

ਇੱਕ ਅਧਿਐਨ ’ਚ ਪਾਇਆ ਗਿਆ ਹੈ ਕਿ ਜਿਹੜੇ ਲੋਕ ਚਿੱਟੇ ਚੌਲ਼ ਖਾਂਦੇ ਹਨ ਉਨਾਂ ਵਿੱਚ ਟਾਈਪ-2 ਡਾਇਬਟੀਜ਼ ਹੋਣ ਦਾ ਖ਼ਤਰਾ ਬਹੁਤ ਜ਼ਿਆਦਾ ਹੁੰਦਾ ਹੈ। ਇਸ ਲਈ ਜੇਕਰ ਤੁਸੀਂ ਪ੍ਰੀ-ਡਾਇਬੀਟੀਜ਼ ਹੋ ਤਾਂ ਤੁਹਾਨੂੰ ਚੌਲ਼ ਨਹੀਂ ਖਾਣੇ ਚਾਹੀਦੇ। ਚਿੱਟੇ ਚੌਲ਼ਾਂ ’ਚ ਉੱਚ ਗਲਾਈਸੈਮਿਕ ਇੰਡੈਕਸ ਹੁੰਦਾ ਹੈ, ਜੋ ਸਰੀਰ ਦੇ ਬਲੱਡ ਸ਼ੂਗਰ ਦੇ ਪੱਧਰ ਨੂੰ ਵਧਾ ਸਕਦਾ ਹੈ।

ਚਿੱਟੀ ਬਰੈੱਡ

ਚਿੱਟੀ ਬਰੈੱਡ ਰਿਫ਼ਾਇੰਡ ਸਟਾਰਚ ਨਾਲ਼ ਭਰੀ ਸਮੱਗਰੀ ਤੋਂ ਬਣਾਈ ਜਾਂਦੀ ਹੈ। ਇਹ ਚੀਜ਼ਾਂ ਸ਼ੂਗਰ ਦੀ ਤਰਾਂ ਕੰਮ ਕਰਦੀਆਂ ਹਨ ਤੇ ਬਹੁਤ ਜਲਦੀ ਪਚ ਜਾਂਦੀਆਂ ਹਨ। ਇਸ ਨਾਲ਼ ਸਰੀਰ ਦਾ ਬਲੱਡ ਸ਼ੂਗਰ ਲੈਵਲ ਵਧ ਸਕਦਾ ਹੈ। ਚਿੱਟੀ ਬਰੈੱਡ ’ਚ ਉੱਚ ਗਲਾਈਸੈਮਿਕ ਇੰਡੈਕਸ ਹੁੰਦਾ ਹੈ।

## ਚੰਨੀ ਨੇ 5 ਮਿੰਟ...

**ਹੈਲੀਕਾਪਟਰ ਦੀ ਸਵਾਰੀ ਵੀ ਸਿਰਫ਼ 5 ਮਿੰਟ ਲਈ**

16 ਨਵੰਬਰ, 2021 ਨੂੰ ਲੁਧਿਆਣਾ ਤੋਂ ਲੁਧਿਆਣਾ ਸ਼ਹਿਰ ਤੱਕ ਦੇ ਸਫ਼ਰ ਲਈ ਹੈਲੀਕਾਪਟਰ ਦੀ ਵਰਤੋਂ ਕੀਤੀ ਗਈ ਸੀ, ਜਦਕਿ 15 ਅਕਤੂਬਰ, 2021 ਨੂੰ ਵੀ ਬਠਿੰਡਾ ਸ਼ਹਿਰ ਤੋਂ ਬਠਿੰਡਾ ਦੇ ਗਿਆਨੀ ਜ਼ੈਲ ਸਿੰਘ ਕਾਲਜ ਤੱਕ ਦੇ ਸਫ਼ਰ ਲਈ 5 ਮਿੰਟ ਲਈ ਹੈਲੀਕਾਪਟਰ ਦੀ ਵਰਤੋਂ ਕੀਤੀ ਗਈ ਸੀ।

ਇਸੇ ਤਰਾਂ 16 ਦਸੰਬਰ 2021 ਨੂੰ ਲੁਧਿਆਣਾ ਤੋਂ ਲੁਧਿਆਣਾ ਲਈ ਸਿਰਫ਼ 5 ਮਿੰਟ ਲਈ ਹੈਲੀਕਾਪਟਰ ਉਡਾਇਆ ਗਿਆ ਸੀ। ਇਹ ਦੋ ਵਾਰ ਕੀਤਾ ਗਿਆ ਸੀ।

26 ਦਸੰਬਰ 2021 ਨੂੰ, ਹੈਲੀਕਾਪਟਰ ਨੇ ਮਾਨਪੁਰ ਤੋਂ ਫਤਿਹਗੜ ਅਤੇ ਫਤਿਹਗੜ ਤੋਂ ਮਾਨਪੁਰ ਲਈ ਸਿਰਫ 5-5 ਮਿੰਟ ਲਈ ਉਡਾਣ ਭਰੀ ਸੀ। ਅਜਿਹਾ ਇੱਕ ਜਾਂ ਦੋ ਵਾਰ ਨਹੀਂ ਕੀਤਾ ਗਿਆ, ਪਰ ਹੈਲੀਕਾਪਟਰ ਦੀ ਲਾਗ ਬੁੱਕ ਵਿੱਚ ਅਜਿਹੀਆਂ ਕਈ ਐਂਟਰੀਆਂ ਹਨ, ਜਿਨਾਂ ਵਿੱਚ ਹੈਲੀਕਾਪਟਰ ਦੀ ਵਰਤੋਂ 5 ਮਿੰਟ ਅਤੇ 10 ਮਿੰਟ ਤੱਕ ਕੀਤੀ ਗਈ ਸੀ।

## ਪੰਜਾਬੀ ਪੱਤਰਕਾਰੀ, ...

ਮੈਂ ਮੰਨਦਾ ਹਾਂ ਕਿ ਅਖ਼ਬਾਰੀ ਦੁਨੀਆ ਦਾ ਤਕਨੀਕੀ ਕੰਮਕਾਰ ਬਹੁਤ ਤੇਜ਼ੀ ਨਾਲ਼ ਚੱਲਦਾ ਹੈ ਅਤੇ ਉੱਥੇ ਸਮਾਂ ਬਹੁਤ ਥੋੜਾ ਹੁੰਦਾ ਹੈ ਪਰ ਇਸ ਤਕਨੀਕੀ ਨੁਕਤੇ ਕਰਕੇ ਅਸੀਂ ਆਪਣੀ ਬੋਲੀ ਦਾ ਕਿੰਨਾ ਨੁਕਸਾਨ ਕਰ ਰਹੇ ਹਾਂ ਇਸ ਬਾਰੇ ਸਾਨੂੰ ਸੁਚੇਤ ਹੋਣ ਦੀ ਲੋੜ ਹੈ। ਇਹ ਨਹੀਂ ਹੈ ਕਿ ਪੰਜਾਬੀ ਮੀਡੀਆ ਨਾਲ਼ ਜੁੜੇ ਹੋਏ ਲੋਕ ਪੰਜਾਬੀ ਵਿਰੋਧੀ ਹਨ। ਉਨਾਂ ਦੀ ਸਮੱਸਿਆ ਇਹ ਹੈ ਕਿ ਉਨਾਂ ਨੂੰ ਆਪਣੀ ਬੋਲੀ ਦੀ ਤਾਕਤ ਬਾਰੇ ਹੀ ਨਹੀਂ ਪਤਾ। ਉਨਾਂ ਨੂੰ ਇਹ ਅਹਿਸਾਸ ਨਹੀਂ ਕਿ ਪੰਜਾਬੀ ਕਿੰਨੀਆਂ ਵੱਡੀਆਂ ਸਲਤਨਤਾ ਨੂੰ ਹਿਲਾਉਣ ਦੀ ਤਾਕਤ ਰੱਖਦੀ ਹੈ।

ਪੰਜਾਬੀ ਵਾਂਗ ਹੀ ਭੋਜਪੁਰੀ ਭਾਰਤ ਦੀ ਇੱਕ ਭਾਸ਼ਾ ਹੈ। ਉਸ ਦਾ ਵੀ ਬਹੁਤ ਲੰਬੇ ਸਮੇਂ ਤੋਂ ਹਿੰਦੀਕਰਨ ਕਰਨ ਦੇ ਯਤਨ ਹੋ ਰਹੇ ਹਨ। ਭਾਰਤੀ ਬੋਲੀਆਂ ਦੇ ਹਿੰਦੀਕਰਨ ਦੇ ਯਤਨਾਂ ਦਾ ਸਭ ਤੋਂ ਵੱਡਾ ਸੇਕ ਭੋਜਪੁਰੀ ਅਤੇ ਮੈਥਿਲੀ ਨੂੰ ਝੱਲਣਾਂ ਪੈ ਰਿਹਾ ਹੈ। ਪਰ ਇਸ ਵੱਡੇ ਹਮਲੇ ਦੇ ਬਾਵਜੂਦ ਭੋਜਪੁਰੀ ਸਾਹਿਤਕਾਰਾਂ ਅਤੇ ਗੀਤਕਾਰਾਂ ਵਿੱਚੋਂ ਆਪਣੀ ਬੋਲੀ ਦੀ ਤਾਕਤ ਬਾਰੇ ਸਵੈ-ਚੇਤਨਤਾ ਅਤੇ ਸਵੈ-ਮਾਣ ਖ਼ਤਮ ਨਹੀਂ ਹੋਇਆ। ਉਹ ਅੱਜ ਵੀ ਇਸ ਬੋਲੀ ਨੂੰ ਆਪਣੀ ਨਿਆਰੀ ਹੋਂਦ ਦੀ ਲੜਾਈ ਦੇ ਨਜ਼ਰੀਏ ਨਾਲ਼ ਪ੍ਰਚਾਰ ਰਹੇ ਹਨ।

ਹੁਣੇ ਜਿਹੇ ਉੱਤਰ ਪ੍ਰਦੇਸ਼ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਸੰਦਰਭ ਵਿੱਚ ਇੱਕ ਭੋਜਪੁਰੀ ਗਾਇਕਾ ਦੇ ਕੁਝ ਗੀਤ ਤਤਕਾਲੀ ਸਰਕਾਰ ਦੀਆਂ ਨਾਕਾਮੀਆਂ ਦੇ ਬਖੀਏ ਉਧੇੜਣ ਵਾਲੇ ਸਨ, ਜੋ ਬਹੁਤ ਚਰਚਿਤ ਹੋਏ। ਉਸ ਗਾਇਕਾ ਨੇ ਇੱਕ ਟੈਲੀਵਿਜ਼ਨ ਚੈਨਲ ਨਾਲ਼ ਮੁਲਾਕਾਤ ਵੇਲੇ ਭੋਜਪੁਰੀ ਬੋਲਣ ਵਾਲਿਆਂ ਨੂੰ ਅਹਿਸਾਸ ਕਰਵਾਇਆ ਕਿ ਸਾਡੀ ਬੋਲੀ ਵੱਡਿਆਂ-ਵੱਡਿਆਂ ਦੇ ਤਖ਼ਤ ਹਿਲਾਉਣ ਦੀ ਸਮਰੱਥਾ ਰੱਖਦੀ ਹੈ, ਇਸ ਤੇ ਸਾਨੂੰ ਮਾਣ ਕਰਨਾ ਚਾਹੀਦਾ ਹੈ।

ਪੰਜਾਬੀ ਬੋਲੀ ਦੇ ਵਿਕਾਸ ਅਤੇ ਇਸ ਦੀ ਨਿਆਰੀ ਹੋਂਦ ਅਤੇ ਹਸਤੀ ਨੂੰ ਇਸ ਨਜ਼ਰੀਏ ਤੋਂ ਦੇਖਣ ਅਤੇ ਸਮਝਣ ਦੀ ਲੋੜ ਹੈ। ਇਤਿਹਾਸ ਭੁਲਾ ਦੇਣ ਦੇ ਖ਼ਿਲਾਫ਼ ਯਾਦ ਰੱਖਣ ਦੀ ਜੰਗ ਹੁੰਦੀ ਹੈ। ਜਿਹੜੀਆਂ ਕੌਮਾਂ ਹਰ ਨਵੇਂ ਦਿਨ ਇਸ ਜੰਗ ਦੇ ਮੈਦਾਨ ਵਿੱਚ ਸੁਚੇਤ ਹੋ ਕੇ ਉੱਤਰਦੀਆਂ ਹਨ, ਲੱਖਾਂ ਯਤਨਾਂ ਦੇ ਬਾਵਜੂਦ ਉਨਾਂ ਦੀ ਬੋਲੀ ਨੂੰ ਕੋਈ ਬਾਹਰੀ ਤਾਕਤ ਖ਼ਤਮ ਨਹੀਂ ਕਰ ਸਕਦੀ।

ਲੋੜ ਆਪਣੀ ਬੋਲੀ ਬਾਰੇ ਸਵੈ-ਚੇਤਨਤਾ ਅਤੇ ਸਵੈਮਾਣ ਦੀ ਹੈ।

## ਜੰਮੂ ਕਸ਼ਮੀਰ ਵਿੱਚ...

ਆਮ ਨਾਗਰਿਕਾਂ ਦਾ ਜ਼ਿਕਰ ਕਰਦਿਆਂ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੁਰੱਖਿਆ ਬਲਾਂ ਅਤੇ ਅਤਿਵਾਦੀਆਂ ਦਰਮਿਆਨ ਟਕਰਾਅ ਕਰਕੇ ਲੋਕ ਦਹਿਸ਼ਤਜ਼ਦਾ ਹਨ ਅਤੇ ਹਰ ਸਮੇਂ ਦਬਾਅ ਹੇਠ ਰਹਿਣ ਲਈ ਮਜਬੂਰ ਹਨ।

ਮੀਡੀਆ ’ਤੇ ਦਬਾਅ ਬਣਾਉਣ ਦਾ ਇੱਕ ਤਰੀਕਾ ਆਰਥਿਕ ਤੌਰ ’ਤੇ ਸਹਾਇਤਾ ਬੰਦ ਕਰਨ ਵਾਲਾ ਹੁੰਦਾ ਹੈ। ਜੰਮੂ-ਕਸ਼ਮੀਰ ਪ੍ਰਸ਼ਾਸਨ ਦੇ ਲੋਕ ਸੰਪਰਕ ਵਿਭਾਗ ਦੀ ਨੀਤੀ ਦੀ ਅਣਦੇਖੀ ਕਰਕੇ ਜੰਮੂ ਦੇ 26 ਅਤੇ ਕਸ਼ਮੀਰ ਦੇ 17 ਅਖ਼ਬਾਰਾਂ ਦੇ ਇਸ਼ਤਿਹਾਰ ਕੋਈ ਨਾ ਕੋਈ ਬਹਾਨਾ ਲਗਾ ਕੇ ਰੋਕੇ ਹੋਏ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ਼ਤਿਹਾਰਾਂ ਸੰਬੰਧੀ ਨੀਤੀ ਨੂੰ ਮੁੜ ਪੜਤਾਲ ਕਰਦਿਆਂ ਦਰੁਸਤ ਕਰਨਾ ਚਾਹੀਦਾ ਹੈ ਤੇ ਪੱਤਰਕਾਰਾਂ ਦੀ ਐਕਰੀਡੀਸ਼ਨ ਦੇ ਮੁੱਦੇ ਹੱਲ ਕਰਨ ਦੀ ਲੋੜ ਹੈ। ਇਸ ਉੱਤੇ ਵੀ 31 ਮਾਰਚ 2020 ਤੋਂ ਰੋਕ ਲਗਾਏ ਹੋਣ ਦੀ ਗੱਲ ਸਾਹਮਣੇ ਆਈ ਹੈ। ਸ਼ਨਾਖ਼ਤੀ ਕਾਰਡ ਪੱਤਰਕਾਰਾਂ ਦੇ ਕੰਮ ਕਰਨ ਲਈ ਜ਼ਰੂਰੀ ਮੰਨਿਆ ਜਾਂਦਾ ਹੈ। ਇਸ ਪੂਰੇ ਮਾਮਲੇ ਨੂੰ ਸੰਵਿਧਾਨ ਦੇ ਅੰਦਰ ਵਿਚਾਰ ਪ੍ਰਗਟਾਵੇ ਦੀ ਅਜ਼ਾਦੀ ਦੇ ਬੁਨਿਆਦੀ ਅਧਿਕਾਰ ਦੀ ਰੌਸ਼ਨੀ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਸਰਕਾਰ ਜਾਂ ਪ੍ਰਸ਼ਾਸਨ ਨੂੰ ਸੰਵਿਧਾਨ ਦੀ ਉਲੰਘਣਾ ਕਰਨ ਦੀ ਇਜਾਜ਼ਤ ਕਿਸੇ ਵੀ ਸੂਰਤ ਵਿੱਚ ਨਹੀਂ ਦਿੱਤੀ ਜਾ ਸਕਦੀ।

## ਆਮ ਆਦਮੀ ਪਾਰਟੀ ਦੇ...

ਮੈਂ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾ ਉਨਾਂ (ਆਪ) ਨੂੰ ਖੁਸ਼ਹਾਲ ਪੰਜਾਬ ਬਣਾਉਣ ਦੀ ਹਿੰਮਤ ਦੇਵੇ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ‘ਅੱਜ ਪੰਜਾਬ ਲਈ ਵੱਡਾ ਦਿਨ ਹੈ। ਨਵੀਂ ਉਮੀਦ ਦੀ ਇਸ ਸੁਨਹਿਰੀ ਸਵੇਰ ਵਿੱਚ ਅੱਜ ਸਾਰੇ ਪੰਜਾਬ ਨੇ ਇੱਕਠੇ ਹੋ ਕੇ ਇੱਕ ਖੁਸ਼ਹਾਲ ਪੰਜਾਬ ਬਣਾਉਣ ਦਾ ਪ੍ਰਣ ਲਿਆ ਹੈ। ਕੇਜਰੀਵਾਲ ਦੀ ਧਰਮ ਪਤਨੀ ਸੁਨੀਤਾ ਕੇਜਰੀਵਾਲ ਵੀ ਸਮਾਗਮ ਵਿਚ ਪੁੱਜੇ।ਪੰਜਾਬ ਦੇ ਐਡਵੋਕੇਟ ਜਨਰਲ ਦੇ ਅਹੁਦੇ ਲਈ ਸਭ ਤੋਂ ਅੱਗੇ ਚੱਲ ਰਹੇ ਅਨਮੋਲ ਰਤਨ ਸਿੱਧੂ ਸਮਾਗਮ ਵਿਚ ਪੁੱਜੇ।ਕਾਂਗਰਸ ਦੇ ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ, ਅਮਰ ਨੂਰੀ ਤੇ ਗੁਰਦਾਸ ਮਾਨ ਵੀ ਸਹੁੰ ਚੁੱਕ ਸਮਾਗਮ ਵਿਚ ਪੁੱਜੇ।

**ਨਵਾਂ ਮੰਤਰੀ ਮੰਡਲ 19 ਨੂੰ ਚੁੱਕ ਸਕਦਾ ਹੈ ਸਹੁੰ**

ਸ੍ਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਹੁਣ ਨਵੀਂ ਕੈਬਨਿਟ ਬਣਾਉਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਸਹੁੰ ਚੁੱਕ ਸਮਾਗਮ ਪੰਜਾਬ ਰਾਜ ਭਵਨ ਵਿਖੇ ਹਾਲ ਵਿੱਚ ਬਣੇ ਗੁਰੂ ਨਾਨਕ ਦੇਵ ਆਡੀਟੋਰੀਅਮ ਵਿੱਚ ਹੋਵੇਗਾ। ਸਮਾਗਮ 19 ਮਾਰਚ ਨੂੰ ਹੋਣ ਦੀ ਸੰਭਾਵਨਾ ਹੈ। ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ 2 ਮਾਰਚ ਨੂੰ 20 ਕਰੋੜ ਰੁਪਏ ਨਾਲ ਬਣੀ ਇਸ ਇਮਾਰਤ ਦਾ ਉਦਘਾਟਨ ਕੀਤਾ ਸੀ। ਆਡੀਟੋਰੀਅਮ ਵਿੱਚ 500 ਤੋਂ 600 ਲੋਕਾਂ ਦੇ ਬੈਠਣ ਦੀ ਸਮਰਥਾ ਹੈ। ਬਾਹਰਲੇ ਲਾਅਨ ਵਿੱਚ ਵੀ 1500 ਤੋਂ ਦੋ ਹਜ਼ਾਰ ਲੋਕ ਇਕੱਠੇ ਹੋ ਸਕਦੇ ਹਨ। 19 ਮਾਰਚ ਨੂੰ ਰਾਜ ਭਵਨ ਵਿੱਚ ਹੋਣ ਵਾਲੇ ਸਹੁੰ ਚੁੱਕ ਸਮਾਗਮ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ।

## ਪੰਜਾਬ ਵਿੱਚ ਆਪ...

ਜੋ ਸਾਰੇ ਹੀ ਦੇਸ਼ ਤੋਂ ਵੱਧ ਹੈ। ਖੇਤੀ ਖੇਤਰ ਦੇ ਸਰਵੇ ਵਿੱਚ ਇਹ ਰਿਪੋਰਟਾਂ ਆਈਆਂ ਹਨ ਕਿ ਜਿਹੜੇ ਘਰਾਂ ਵਿੱਚੋਂ ਕਿਰਸਾਨੀ ਦੇ ਨਾਲ਼-ਨਾਲ਼ ਘਰ ਦੇ ਵਿਅਕਤੀ ਹੋਰ ਪੇਸ਼ਿਆਂ ਵਿੱਚ ਲੱਗੇ ਹੋਏ ਹਨ, ਉਨਾਂ ਸਿਰ ਕਰਜ਼ਾ ਵੀ ਨਹੀਂ ਅਤੇ ਉਨਾਂ ਦੀ ਖੇਤੀ ਉਪਜ ਵੀ ਜ਼ਿਆਦਾ ਹੈ। ਪੰਜਾਬ ਵਿੱਚ ਪੇਸ਼ੇਵਰ ਵਿਭਿੰਨਤਾ ਵਧਾਉਣ ’ਤੇ ਖ਼ਾਸ ਜ਼ੋਰ ਦੇਣਾ ਚਾਹੀਦਾ ਹੈ। ਪਿੰਡਾਂ ਵਿੱਚ ਖੇਤੀ ਆਧਾਰਿਤ ਉਦਯੋਗਾਂ ਨਾਲ਼ ਹਰ ਖੇਤਰ ਤੋਂ ਮਿਲਣ ਵਾਲੇ ਕੱਚੇ ਮਾਲ ’ਤੇ ਆਧਾਰਿਤ ਖੇਤਰੀ ਯੋਜਨਾਵਾਂ ਰਾਹੀਂ ਹੋਰ ਪੇਸ਼ਿਆਂ ਨੂੰ ਹਰ ਖੇਤਰ ਵਿੱਚ ਵਿਕਸਿਤ ਕਰਨਾ ਵੀ ਪੰਜਾਬ ਸਰਕਾਰ ਦੇ ਆਉਣ ਵਾਲੇ ਸਮੇਂ ਦੇ ਜ਼ਰੂਰੀ ਫ਼ਰਜ਼ਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਖੇਤੀ ’ਤੇ ਲੱਗੀ ਵਸੋਂ ਦੀ ਆਮਦਨ ਗ਼ੈਰ-ਖੇਤੀ ਵਸੋਂ ਤੋਂ ਕਿਤੇ ਘੱਟ ਹੈ। 50 ਫ਼ੀਸਦੀ ਖੇਤੀ ’ਤੇ ਲੱਗੀ ਵਸੋਂ ਸੂਬੇ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਸਿਰਫ਼ 28 ਫ਼ੀਸਦੀ ਹਿੱਸਾ ਪਾਉਂਦੀ ਹੈ, ਜਿਸ ਵਿੱਚ 9 ਫ਼ੀਸਦੀ ਡੇਅਰੀ ਦੀ ਆਮਦਨ ਵੀ ਸ਼ਾਮਲ ਹੈ ਜਦੋਂ ਕਿ ਬਾਕੀ 50 ਫ਼ੀਸਦੀ ਗ਼ੈਰ-ਖੇਤੀ ਵਸੋਂ ਦੇ ਹਿੱਸੇ 72 ਫ਼ੀਸਦੀ ਜਾਂ ਖੇਤੀ ਦੀ ਔਸਤ ਆਮਦਨ ਤੋਂ 2 ਗੁਣਾ ਤੋਂ ਵੀ ਕਿਤੇ ਜ਼ਿਆਦਾ ਆਮਦਨੀ ਦਾ ਹਿੱਸਾ ਆਉਂਦਾ ਹੈ। ਇਸ ਲਈ ਖੇਤੀ ਵਾਲੀ ਵਸੋਂ ਨੂੰ ਹੋਰ ਪੇਸ਼ਿਆਂ ਵੱਲ ਬਦਲਣਾ ਸਰਕਾਰ ਦੀ ਯੋਜਨਾ ਦੀ ਤਰਜੀਹ ਬਣਨੀ ਚਾਹੀਦੀ ਹੈ। ਲੋਕ ਕਲਿਆਣਕਾਰੀ ਦੇਸ਼ਾਂ ਜਿਵੇਂ ਯੂਰਪ, ਅਮਰੀਕਾ ਅਤੇ ਆਸਟ੍ਰੇਲੀਆ ਆਦਿ ਦੇ ਵਿਕਸਿਤ ਦੇਸ਼ਾਂ ਵਿੱਚ ਮਨੁੱਖੀ ਅਧਿਕਾਰਾਂ ਅਤੇ ਉੱਥੇ ਮਿਲਦੀ ਸਮਾਜਿਕ ਸੁਰੱਖਿਆ ਦੀ ਦੁਨੀਆ ਭਰ ਵਿੱਚ ਮਿਸਾਲ ਦਿੱਤੀ ਜਾਂਦੀ ਹੈ, ਉਸ ਤਰਾਂ ਦੇ ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਸੁਰੱਖਿਆ ਵੱਲ ਵਧਣਾ ਸਰਕਾਰ ਦੀ ਤਰਜੀਹ ਬਣਨੀ ਜ਼ਰੂਰੀ ਹੈ। ਸੜਕ ਦੁਰਘਟਨਾਵਾਂ ਨਿੱਤ ਦਿਨ ਵੱਡੀ ਸਮੱਸਿਆ ਹੋਣ ਕਰਕੇ ਸਕੂਲਾਂ ਦੀ ਪੱਧਰ ’ਤੇ ਟ੍ਰੈਫ਼ਿਕ ਨਿਯਮਾਂ ਦੀ ਜਾਣਕਾਰੀ ਦੇ ਨਾਲ਼-ਨਾਲ਼ ਵਾਤਾਵਰਨ ਨਾਲ਼ ਸੰਬੰਧਿਤ ਵਿਸ਼ਿਆਂ ਨੂੰ ਸਿਲੇਬਸ ਦਾ ਹਿੱਸਾ ਬਣਾਉਣ ਯੋਗ ਹੋਵੇਗਾ। ਭਾਵੇਂ ਕਿ ਇਹ ਸਾਰੀਆਂ ਚੁਣੌਤੀਆਂ ਸਰਕਾਰ ਦੇ ਮੁੱਢਲੇ ਫ਼ਰਜ਼ਾਂ ਦਾ ਹਿੱਸਾ ਹਨ ਪਰ ਫਿਰ ਵੀ ਇਸ ਵਿੱਚ ਵੱਡੀਆਂ ਪ੍ਰਾਪਤੀਆਂ ਕਰਨੀਆਂ ਸਰਕਾਰ ਦੀ ਸਫ਼ਲਤਾ ਦਾ ਸੂਚਕ ਹੋਵੇਗਾ।

ਸਰਕਾਰ ਕਿਸੇ ਵੀ ਪਾਰਟੀ ਦੀ ਬਣੇ, ਕੇਂਦਰ ਵਿੱਚ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਰਾਜ ਅਤੇ ਕੇਂਦਰ ਸਰਕਾਰ ਵਿੱਚ ਤਾਲਮੇਲ, ਪੰਜਾਬ ਸਰਕਾਰ ਦੀ ਸਫ਼ਲਤਾ ਲਈ ਸਹਾਇਕ ਹੋਵੇਗਾ। ਕੇਂਦਰ ਵੱਲੋਂ ਕਈ ਯੋਜਨਾਵਾਂ ਲੋਕ ਭਲਾਈ ਵਾਸਤੇ ਚਲਾਈਆਂ ਜਾਂਦੀਆਂ ਹਨ ਜਿਸ ਵਿੱਚ ਸੂਬੇ ਦੀ ਸਰਕਾਰ ਨੂੰ ਵੀ ਹਿੱਸਾ ਪਾਉਣਾ ਪੈਂਦਾ ਹੈ। ਉਨਾਂ ਯੋਜਨਾਵਾਂ ਦਾ ਪੂਰਾ ਲਾਭ ਲੈਣਾ ਲੋਕ ਹਿਤ ਦੀ ਗੱਲ ਹੈ। ਕੇਂਦਰ ਕੋਲ਼ ਪੰਜਾਬ ਤੋਂ ਕਿਤੇ ਵੱਧ ਸਾਧਨ ਹਨ। ਉਨਾਂ ਸਾਧਨਾਂ ਦੀ ਵਰਤੋਂ ਸਮੁੱਚੇ ਦੇਸ਼ ਲਈ ਕੀਤੀ ਜਾਂਦੀ ਹੈ। ਉਨਾਂ ਸਾਧਨਾਂ ਦਾ ਸੂਬਾ ਤਾਂ ਹੀ ਲਾਭ ਲੈ ਸਕਦਾ ਹੈ ਜੇ ਉਸ ਦਾ ਕੇਂਦਰ ਨਾਲ਼ ਤਾਲਮੇਲ ਠੀਕ ਹੈ। ਪ੍ਰਬੰਧਕੀ ਤੌਰ ’ਤੇ ਕੇਂਦਰ ਅਤੇ ਸੂਬੇ ਦੋਵਾਂ ਦੇ ਸਾਹਮਣੇ ਲੋਕ ਹਿਤ ਹਨ, ਜਿਸ ਲਈ ਦੋਵਾਂ ਦਰਮਿਆਨ ਚੰਗਾ ਤਾਲਮੇਲ ਵੱਡੀ ਮਦਦ ਕਰ ਸਕਦਾ ਹੈ।

## ਬਾਦਲ ਦਲ ਦੀ ਹਾਰ...

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਤੇ ਸੀਨੀਅਰ ਅਕਾਲੀ ਆਗੂ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਹੈ ਕਿ ਜਦੋਂ ਤੱਕ ਲੀਡਰਸ਼ਿਪ ਦੀ ਭਰੋਸੇਯੋਗਤਾ ਬਹਾਲ ਨਹੀਂ ਕੀਤੀ ਜਾਂਦੀ, ਉਦੋਂ ਤੱਕ ਅਕਾਲੀ ਦਲ ਦੀਆਂ ਨੀਤੀਆਂ ਬਦਲਣ ਦੇ ਫ਼ੈਸਲਿਆਂ ਦੇ ਚੰਗੇ ਨਤੀਜੇ ਸਾਹਮਣੇ ਨਹੀਂ ਆਉਣੇ। ਪੰਜੋਲੀ ਨੇ ਕਿਹਾ ਕਿ ਅਕਾਲੀ ਦਲ ਦੀ ਸਰਗਰਮ ਭੂਮਿਕਾ ਤੋਂ ਬਿਨਾਂ ਮੁਲਕ ਅਤੇ ਪੰਜਾਬ ਦੀ ਸਿਆਸਤ ਵਿੱਚੋਂ ਸਿੱਖ ਚੇਤਨਾ ਮਨਫ਼ੀ ਹੋਣ ਨਾਲ਼ ਸਿੱਖਾਂ ਅਤੇ ਪੰਜਾਬੀਆਂ ਦੀ ਵੱਖਰੀ ਪਛਾਣ ਤੇ ਹੋਂਦ ਨੂੰ ਖ਼ਤਰਾ ਖੜਾ ਹੋ ਜਾਣਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਪਾਰਟੀ ਦੇ ਸੰਵਿਧਾਨ ਅਨੁਸਾਰ ਪਾਰਟੀ ਦੇ ਅਹੁਦੇਦਾਰ ਅੰਮ੍ਰਿਤਧਾਰੀ ਹੋਣੇ ਚਾਹੀਦੇ ਹਨ। ਉਨਾਂ ਕਿਹਾ ਕਿ ਪਾਰਟੀ ਨੂੰ ਚੋਣਾਂ ਵਿੱਚ ਹੋਈ ਹਾਰ ’ਤੇ ਮੰਥਨ ਕਰਨਾ ਚਾਹੀਦਾ ਹੈ ਅਤੇ ਜਿਨਾਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ ਹਨ, ਉਨਾਂ ਨੂੰ ਹੁਣ ਘਰ ਬਿਠਾ ਦਿੱਤਾ ਜਾਣਾ ਚਾਹੀਦਾ ਹੈ। ਉਨਾਂ ਕਿਹਾ ਕਿ ਸਿਆਸੀ ਪਰਿਵਾਰਾਂ ਵਿੱਚ ਅਗਲੀ ਪੀੜੀ ਨੂੰ ਟਿਕਟ ਦੇਣ ਸਮੇਂ ਯੋਗਤਾ ਵੀ ਦੇਖੀ ਜਾਣੀ ਚਾਹੀਦੀ ਹੈ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਬਾਦਲ ਦਲ ਦੀ ਹਾਰ ਉੱਪਰ ਵਿਚਾਰ ਪ੍ਰਗਟਾਉਦਿਆਂ ਕਿਹਾ ਕਿ ਬਾਦਲ ਪਰਿਵਾਰ ਦੀ ਹਾਰ ਦਾ ਕਾਰਨ ਉਹਨਾਂ ਦੇ ਪੰਥ ਵਿਰੋਧੀ ਕਰਮ ਹਨ। ਪਾਰਟੀ ਦੇ ਸਿਰਫ਼ ਤਿੰਨ ਉਮੀਦਵਾਰ ਜਿੱਤੇ ਅਤੇ ਵੋਟ ਪ੍ਰਤੀਸ਼ਤ ਘਟ ਕੇ 18.38 ਤੱਕ ਸਿਮਟ ਗਈ ਜੋ ਕਿ ਅਕਾਲੀ ਇਤਿਹਾਸ ਵਿੱਚ ਸ਼ਰਮਨਾਕ ਕਾਂਡ ਹੈ। ਪਾਰਟੀ ਦੇ ਸਰਪ੍ਰਸਤ ਅਤੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਆਪਣੀਆਂ ਸੀਟਾਂ ਨਹੀਂ ਬਚਾ ਸਕੇ। ਅਕਾਲੀ ਦਲ ਬਾਦਲ ਵਿਰੁੱਧ ਪੰਥ ਅੰਦਰ ਪੈਦਾ ਹੋਈ ਨਾਰਾਜ਼ਗੀ ਦਾ ਪ੍ਰਤੱਖ ਪ੍ਰਮਾਣ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਨਸ਼ਾ, ਰੇਤ-ਬੱਜਰੀ, ਕੇਬਲ ਅਤੇ ਵੱਖ-ਵੱਖ ਤਰਾਂ ਦੇ ਹੋਰ ਮਾਫ਼ੀਆ ਦੇ ਮੁੱਦੇ ਅਤੇ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਦੀਆਂ ਪਦਵੀਆਂ ਉੱਤੇ ਮਨਪਸੰਦ ਦੇ ਵਿਅਕਤੀ ਲਗਾਉਣਾ ਪੰਥਕ ਨਾਰਾਜ਼ਗੀ ਦਾ ਆਧਾਰ ਹਨ। ਬਾਬਾ ਬੇਦੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਅਕਾਲ ਚਲਾਣੇ ਦੀ ਸਾਖੀ ਉਦੋਂ ਲਿਖੀ ਗਈ ਸੀ ਜਦੋਂ ਬਾਦਲ ਦਲ ਨੇ ਅਕਾਲੀ ਦਲ ਨੂੰ ਪਰਿਵਾਰਵਾਦ ਨਾਲ਼ ਜੋੜਕੇ ਅਨੰਦਪੁਰ ਮਤੇ ਨੂੰ ਖ਼ਤਮ ਕਰਕੇ ਇਸ ਨੂੰ ਪੰਜਾਬੀ ਪਾਰਟੀ ਸਿਰਜ ਦਿੱਤਾ ਅਤੇ ਆਪਣੇ ਰਾਜ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਦੇ ਜ਼ਿੰਮੇਵਾਰ ਦੋਸ਼ੀਆਂ ਨੂੰ ਸਜ਼ਾ ਨਾ ਦਿਤੀ, ਬਹਿਬਲ ਗੋਲੀ ਕਾਂਡ ਦੇ ਦੋਸ਼ੀ ਮਾਫ਼ ਕੀਤੇ। ਮਨੁੱਖੀ ਅਧਿਕਾਰ ਦਾ ਘਾਣ ਕਰਨ ਵਾਲੇ ਪੁਲਿਸ ਅਫ਼ਸਰਾਂ ਨੂੰ ਤਰੱਕੀਆਂ ਦਿੱਤੀਆਂ, ਕਿਸਾਨ ਵਿਰੋਧੀ ਬਿੱਲਾਂ ਦਾ ਸਮਰਥਨ ਕੀਤਾ। ਉਹਨਾਂ ਕਿਹਾ ਕਿ ਪੰਥਕ ਹਿਤਾਂ ਲਈ ਸ੍ਰੋਮਣੀ ਅਕਾਲੀ ਦਲ ਦੀ ਪੁਨਰ ਉਸਾਰੀ ਜ਼ਰੂਰੀ ਹੈ। ਸ੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਨੂੰ ਬਾਦਲ ਪਰਿਵਾਰ ਦੀ ਗ਼ੁਲਾਮੀ ਵਿੱਚੋਂ ਅਜ਼ਾਦ ਕਰਾਉਣਾ ਜ਼ਰੂਰੀ ਹੈ। ਇਸ ਲਈ ਸਭ ਮਾਈ ਭਾਈ ਨੂੰ ਪੰਥਕ ਹਿਤਾਂ ਲਈ ਸਿਰ ਜੋੜਕੇ ਬੈਠਣ। ਉਹਨਾਂ ਕਿਹਾ ਕਿ ਜੇ ਅਸੀਂ ਇਹ ਸੰਕਟ ਵੇਲਾ ਨਾ ਸੰਭਾਲਿਆ ਤਾਂ ਪੰਜਾਬ ਤੇ ਪੰਥ ਨੂੰ ਹੋਰ ਬੁਰੇ ਦਿਨ ਦੇਖਣੇ ਪੈ ਸਕਦੇ ਹਨ। ਇਸ ਲਈ ਸਭ ਪੰਥਕ ਧਿਰਾਂ ਨੂੰ ਆਪਣੇ ਨਿੱਜੀ ਏਜੰਡੇ ਤਿਆਗ ਕੇ ਪੰਥਕ ਏਕਤਾ ਨੂੰ ਪ੍ਰਮੁੱਖ ਰੱਖਦਿਆਂ ਅਕਾਲੀ ਦਲ ਦੀ ਪੁਨਰ ਉਸਾਰੀ, ਇੱਕ ਪ੍ਰਧਾਨ ਇੱਕ ਪੰਥਕ ਨੀਤੀ ਤਹਿਤ ਇੱਕਤਰ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਜਥੇਦਾਰ ਹਰਪ੍ਰੀਤ ਸਿੰਘ ਦੇ ਬਾਦਲ ਦਲ ਦੇ ਹੱਕ ਵਿੱਚ ਬਿਆਨ ਪੰਥ ਲਈ ਮਹੱਤਵਹੀਣ, ਗੁਰੂ ਗ੍ਰੰਥ ਤੇ ਪੰਥ ਨੂੰ ਟਿੱਚ ਜਾਣਨ ਦੇ ਬਰਾਬਰ ਹੈ। ਪੰਥ ਦਾ ਦਰਜਾ ਜਥੇਦਾਰ ਤੋਂ ਵੱਡਾ ਹੈ। ਜਥੇਦਾਰ ਦਾ ਕਰਮ ਪੰਥ ਦੀ ਪਹਿਰੇਦਾਰੀ ਕਰਨੀ ਹੈ ਨਾ ਕਿ ਬਾਦਲ ਪਰਿਵਾਰ ਦਾ ਮੋਹਰਾ ਤੇ ਗ਼ੁਲਾਮ ਬਣਨਾ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੁੱਖ ਜਥੇਦਾਰ ਪਰਮਿੰਦਰ ਪਾਲ ਸਿੰਘ ਨੇ ਕਿਹਾ ਕਿ ਬਾਦਲ ਦਲ ਨੂੰ ਹਰਾਉਣ ਕਰਕੇ ਜਥੇਦਾਰ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖ ਪੰਥ ਨੂੰ ਬਦਤਮੀਜ਼ ਕਹਿਣਾ ਬਾਦਲ ਪਰਿਵਾਰ ਦੀ ਗ਼ੁਲਾਮੀ ਕਬੂਲਣਾ ਹੈ। ਉਹਨਾਂ ਕਿਹਾ ਕਿ ਬਾਦਲ ਦਲ ਦਾ ਸੱਤਾ ਦਾ ਹੰਕਾਰ, ਪੰਥ ਨੂੰ ਟਿੱਚ ਜਾਣਨਾ ਉਹਨਾਂ ਦੀ ਹਾਰ ਦਾ ਕਾਰਨ ਬਣਿਆ। ਜਥੇਦਾਰ ਖ਼ਾਲਸਾ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਲਿਖਦਿਆਂ ਪੁੱਛਿਆ ਕਿ ਕੀ ਤੁਸੀਂ ਬਾਦਲ ਪਰਿਵਾਰ ਤੋਂ ਪੁੱਛਿਆ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਬਣਾਕੇ ਅਕਾਲੀ ਦਲ ਦਾ ਬੋਲੇ ਰਾਮ ਕਿਉਂ ਕੀਤਾ ? ਅਕਾਲ ਤਖ਼ਤ ਤੋਂ ਪ੍ਰਕਾਸ਼ ਸਿੰਘ ਬਾਦਲ ਦਾ ਫ਼ਖ਼ਰ-ਏ-ਕੌਮ ਦਾ ਸਨਮਾਨ ਕਰਕੇ ਗੁਰੂ ਦੀ ਵਿਰਾਸਤ ਨੂੰ ਢਾਹ ਕਿਉਂ ਲਗਾਈ ਗਈ ? ਤੁਹਾਡੀ ਜ਼ਿੰਮੇਵਾਰੀ ਬਣਦੀ ਸੀ ਕਿ ਇਹ ਖ਼ਿਤਾਬ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ,ਬਹਿਬਲ ਗੋਲੀ ਕਾਂਡ ,ਸੌਦਾ ਸਾਧ ਨਾਲ਼ ਗਠਜੋੜ ਕਾਰਨ ਪੰਥਕ ਹਿੱਤ ਵਿੱਚ ਵਾਪਸ ਲਿਆ ਜਾਂਦਾ। ਉਹਨਾਂ ਕਿਹਾ ਕਿ ਨਿੰਰਕਾਰੀ ਕਾਂਡ ਅੰਮ੍ਰਿਤਸਰ ਵਿੱਚ ਬਾਦਲ ਸਰਕਾਰ ਨੇ ਹੋਣ ਦਿੱਤਾ ਜਿਸ ਕਾਰਨ ਸਿੱਖਾਂ ਨੇ ਲੰਬਾ ਸਮਾਂ ਸੰਤਾਪ ਭੋਗਿਆ। ਜਥੇਦਾਰ ਖ਼ਾਲਸਾ ਨੇ ਜਥੇਦਾਰ ਅਕਾਲ ਤਖ਼ਤ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪੰਥ ਦੀ ਪਹਿਰੇਦਾਰੀ ਨਿਭਾਉਣ, ਜਥੇਦਾਰੀ ਨੂੰ ਬਾਦਲ ਪਰਿਵਾਰ ਦਾ ਵਿੰਗ ਨਾ ਬਣਾਉਣ। ਉਹਨਾਂ ਕਿਹਾ ਕਿ ਅਕਾਲੀ ਦਲ ਦੇ ਅਕਾਲ ਚਲਾਣੇ ਦੀ ਸਾਖੀ ਸਿੱਖ ਪੰਥ ਨੇ ਨਹੀਂ ਲਿਖੀ ।ਬਾਦਲ ਪਰਿਵਾਰ ਨੇ ਲਿਖੀ ਹੈ। ਇਸ ਬਾਰੇ ਜਥੇਦਾਰ ਸਿੱਖ ਪੰਥ ਉੱਪਰ ਝੂਠੇ ਦੋਸ਼ ਨਾ ਲਗਾਉਣ, ਰੱਬੀ ਸੱਚ ਨੂੰ ਅਪਣਾ ਕੇ ਬਾਦਲ ਦਲ ਦੀ ਝੂਠੀ ਸਿਆਸਤ ਦਾ ਨਿਰਣਾ ਕਰਨ। ਉਹਨਾਂ ਜਥੇਦਾਰ ਤੋਂ ਪੁੱਛਿਆ ਕਿ ਖ਼ਾਲਸਾ ਪੰਥ ਇਸ ਕਰਕੇ ਬਦਤਮੀਜ਼ ਹੈ ਕਿ ਖ਼ਾਲਸਾ ਪੰਥ ਨੇ ਹੁਣ ਆਪਣੇ ਵਜੂਦ ਦੇ ਘਾਣ ਕਰਨ ਵਾਲਿਆਂ ਨਾਲ਼ ਉਹੀ ਵਿਹਾਰ ਕੀਤਾ ਜੋ ਗੁਰੂ ਨੂੰ ਧੋਖਾ ਦੇਣ ਵਾਲੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨਾਲ਼ ਵਿਹਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਰੂਪ ਵਿੱਚ ਖ਼ਾਲਸਾ ਪੰਥ ਨੇ ਕੀਤਾ ਤੇ ਕਦੇ ਸਾਡੇ ਪੰਥਕ ਯੋਧਿਆਂ ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਚੜਤ ਸਿੰਘ, ਬਾਬਾ ਜੱਸਾ ਸਿੰਘ ਰਾਮਗੜੀਆ ਨੇ ਅਬਦਾਲੀ ਤੇ ਨਾਦਰਸ਼ਾਹ ਨਾਲ਼ ਕੀਤਾ। ਉਹਨਾਂ ਕਿਹਾ ਕਿ ਇਤਿਹਾਸ ਵਿੱਚ ਪਟਕਥਾ ਖ਼ਾਲਸਾ ਪੰਥ ਵੱਲੋਂ ਲਿਖੀ ਗਈ ਹੈ ਜਿਸ ਤਹਿਤ ਬਾਦਲ ਦਲ ਦਾ ਭੋਗ ਪੈ ਗਿਆ ਹੈ। ਪਰ ਤੁਸੀਂ ਅਰੂੜ ਸਿੰਘ ਹੋਣ ਤੋਂ ਬਚੋ ਜਿਸਨੇ ਜਲਿਆਂ ਵਾਲੇ ਬਾਗ ਦੇ ਦੋਸ਼ੀ ਬੀੜੀ ਪੀਣੇ ਜਰਨਲ ਡਾਇਰ ਨੂੰ ਸਿਰੋਪਾਓ ਦਿੱਤਾ। ਵਾਹਿਗੁਰੂ ਥੋਡੇ ਉੱਪਰ ਮਿਹਰ ਕਰੇ ਤੇ ਤੁਸੀਂ ਬਾਬਾ ਸਾਹਿਬ ਸਿੰਘ ਬੇਦੀ ਤੇ ਅਕਾਲੀ ਫੂਲਾ ਸਿੰਘ ਵਾਲੀ ਭੂਮਿਕਾ ਨਿਭਾ ਸਕੋ। ਉਹਨਾਂ ਕਿਹਾ ਕਿ ਸਮੂਹ ਪੰਥ ਨੂੰ ਜਥੇਬੰਦ ਹੋਣ ਦੀ ਲੋੜ ਹੈ ਤਾਂ ਜੋ ਫ਼ੈਡਰਲ ਪੰਜਾਬ ਪੱਖੀ ਅਕਾਲੀ ਦਲ ਦੀ ਉਸਾਰੀ ਕੀਤੀ ਜਾ ਸਕੇ ਜਿਸ ਦਾ ਮੂੰਹ ਅਨੰਦਪੁਰ ਸਾਹਿਬ ਵੱਲ ਹੋਵੇ ਮਨੋਰਥ ਪੰਜਾਬ ਜੀਉਂਦਾ ਗੁਰਾਂ ਦੇ ਨਾਮ ਹੋਵੇ।

ਕਾਂਗਰਸ ਦੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖਿਆ ਹੈ। ਉਹਨਾਂ ਕਿਹਾ ਕਿ ਮੌਜੂਦਾ ਚੋਣਾਂ ਉਪਰੰਤ ਆਪ ਜੀ ਵੱਲੋਂ ਦਿੱਤਾ ਬਿਆਨ ਦਰਸਾਉਂਦਾ ਹੈ ਕਿ ਪੰਜਾਬ ਅਤੇ ਪੰਥ ਨੂੰ ਬਾਦਲ ਅਕਾਲੀ ਦਲ ਨੇ ਵਿਸਾਰ ਦਿੱਤਾ ਹੈ। ਆਪ ਜੀ ਜਿਸ ਉੱਚੀ ਸੁੱਚੀ ਪਦਵੀ ਉੱਤੇ ਬਿਰਾਜਮਾਨ ਹੋ ,

ਭਲੀ ਭਾਂਤ ਜਾਣੂੰ ਹੁੰਦੇ ਹੋਏ ਇਹ ਤਾਂ ਮੰਨ ਲਿਆ ਕਿ ਬਾਦਲਾਂ ਦਾ ਅਕਾਲੀ ਦਲ ਪੰਥ ਵਿੱਚੋਂ ਨਿਖੜ ਚੁੱਕਾ ਹੈ ਪ੍ਰੰਤੂ ਆਪ ਜੀ ਦੇ ਬਿਆਨ ਵਿੱਚੋਂ ਬਾਦਲਾਂ ਪ੍ਰਤੀ ਸਨੇਹ ਝਲਕਦਾ ਹੈ। ਪਿਛਲੀਆਂ ਅਤੇ ਮੌਜੂਦਾ ਚੋਣਾਂ ਵਿੱਚ ਜਿਸ ਤਰੀਕੇ ਨਾਲ਼ ਸਿੱਖ ਪਰੰਪਰਾਵਾਂ, ਮਰਿਆਦਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨੂੰ ਦਰ ਕਿਨਾਰਾ ਕਰਕੇ ਅਕਾਲੀ ਦਲ ਨੇ ਡੇਰਾ ਸਿਰਸਾ ਦੀ ਬੇਸ਼ਰਮੀ ਨਾਲ਼ ਹਮਾਇਤ ਲਈ ਹੈ ਉਸ ਦਾ ਸਿੱਖ ਸੰਗਤ ਨੇ ਢੁੱਕਵਾਂ ਜਵਾਬ ਦਿੱਤਾ ਹੈ। ਮੇਰੀ ਆਪ ਨੂੰ ਇੱਕ ਵਾਰ ਫਿਰ ਬੇਨਤੀ ਹੈ ਕਿ ਪੰਥ ਨੂੰ ਇੱਕਲੇ ਬਾਦਲਾਂ ਤੱਕ ਨਾ ਸਿਮੇਟੋ। ਜਦੋਂ ਆਪ ਜੀ 1920 ਦੀ ਗੱਲ ਕਰਦੇ ਹੋ ਉਸ ਸਮੇਂ ਜਥੇਦਾਰ ਸਾਹਿਬਾਨ ਨੇ ਸਾਰੇ ਵਰਗਾਂ ਦੇ ਸੂਝਵਾਨ ਜਿਸ ਵਿੱਚ ਰਾਜ ਪੱਖੀ, ਵਿਰੋਧੀ ਧਿਰ, ਸਿੰਘ ਸਭਾਵਾਂ, ਸੰਪਰਦਾਵਾਂ ਚੀਫ਼ ਖ਼ਾਲਸਾ ਦੀਵਾਨ ਸਿੱਖ ਬੁੱਧੀਜੀਵੀਆਂ ਨੂੰ ਨਾਲ਼ ਲੈ ਕੇ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਕੀਤੀ ਸੀ। ਸਿੱਖ ਕੌਮ ਨੂੰ ਬਾਦਲ ਦਲ ਪਿਛਲੇ 50 ਸਾਲ ਤੋਂ ਘੁਣ ਵਾਂਗ ਲੱਗਿਆ ਹੋਇਆ ਸੀ ਜਿਸ ਨੂੰ ਸੰਗਤ ਨੇ ਹੁਣ ਪੰਥ ਵਿੱਚੋਂ ਮਨਫ਼ੀ ਕਰ ਦਿੱਤਾ ਹੈ। ਪੰਥ ਦਾ ਨੁਕਸਾਨ ਬਾਦਲ ਰਾਜ ਦੌਰਾਨ ਹੋਇਆ। ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਘੋਰ ਪਾਪ ਬਾਦਲ ਰਾਜ ਦੌਰਾਨ ਹੋਇਆ। ਪੰਥਕ ਰਵਾਇਤਾਂ ਦਾ ਘਾਣ ਹੋਇਆ। ਆਪ ਨੂੰ ਵਾਹਿਗੁਰੂ ਨੇ ਮੌਕਾ ਬਖ਼ਸ਼ਿਸ਼ ਕੀਤਾ ਹੈ। ਆਪ ਸਮੁੱਚੀ ਕੌਮ ਦੇ ਜਥੇਦਾਰ ਹੋ, ਇਸ ਲਈ ਸਮੁੱਚੀ ਕੌਮ ਦੀ ਅਗਵਾਈ ਆਪ ਦੇ ਹੱਥ ਹੈ।

ਹਵਾਰਾ ਕਮੇਟੀ ਤੇ ਜੱਥਾ ਸਿਰਲਥ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਇੱਥੇ ਇੱਕ ਮੀਟਿੰਗ ਕੀਤੀ। ਇਸ ਦੌਰਾਨ **ਬਾਕੀ ਸਫ਼ਾ 32 ’ਤੇ**

ਹਵਾਰਾ ਕਮੇਟੀ ਦੇ ਪ੍ਰੋ. ਬਲਜਿੰਦਰ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਬਾਦਲ ਅਕਾਲੀ ਦਲ ਦੀ ਵਿਧਾਨ ਸਭਾ ਚੋਣਾਂ ਵਿੱਚ ਹੋਈ ਕਰਾਰੀ ਹਾਰ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਨੂੰ ਖ਼ਤਰਾ ਹੋਣ ਬਾਰੇ ਪ੍ਰਗਟਾਈ ਚਿੰਤਾ ਅਤੇ ਸਮੂਹ ਸਿੱਖਾਂ ਨੂੰ ਸ੍ਰੀ ਅਕਾਲ ਤਖ਼ਤ ਦੀ ਅਗਵਾਈ ਹੇਠ ਇੱਕੱਠੇ ਹੋਣ ਦਾ ਹੋਕਾ ਖੋਖਲਾ ਹੈ। ਉਨਾਂ ਕਿਹਾ ਕਿ ਇਸ ਨਮੋਸ਼ੀ ਪਿੱਛੇ ਤਖ਼ਤਾਂ ਦੇ ਜਥੇਦਾਰ ਵੀ ਜ਼ਿੰਮੇਵਾਰ ਹਨ, ਜੋ ਬਾਦਲਾਂ ਦੇ ਇਸ਼ਾਰੇ 'ਤੇ ਸਿੱਖ ਸਿਧਾਂਤਾਂ ਦੇ ਉਲਟ ਕਾਰਜ ਕਰਦੇ ਰਹੇ ਹਨ। ਆਗੂ ਨੇ ਕਿਹਾ ਕਿ ਸਿਆਸੀ ਪਿੜ 'ਚੋਂ ਬਾਦਲ ਪਰਿਵਾਰ ਦੇ ਮਨਫ਼ੀ ਹੋਣ ਮਗਰੋਂ ਸਿੱਖ ਸਿਆਸਤ ਨੂੰ ਮੀਰੀ-ਪੀਰੀ ਦੇ ਸਿਧਾਂਤ ਅਨੁਸਾਰ ਜ਼ਮੀਨੀ ਪੱਧਰ 'ਤੇ ਪੁਨਰ ਸੁਰਜੀਤ ਕੀਤਾ ਜਾਵੇਗਾ। ਉਨਾਂ ਕਿਹਾ ਕਿ 'ਆਪ' ਪਾਰਟੀ ਦੀ ਸਫ਼ਲਤਾ ਪਿੱਛੇ ਮੁੱਖ ਕਾਰਨ ਬਾਦਲ ਦਲ ਤੇ ਕਾਂਗਰਸ ਪ੍ਰਤੀ ਪੰਜਾਬੀਆਂ ਦੀ ਨਿਰਾਸ਼ਾ ਤੇ ਗ਼ੁੱਸਾ ਸੀ। ਉਨਾਂ ਕਿਹਾ ਕਿ ਸਿੱਖਾਂ ਦੀਆਂ ਧਾਰਮਿਕ ਅਤੇ ਸਿਆਸੀ ਸਮੱਸਿਆਵਾਂ ਦੇ ਹੱਲ ਲਈ ਪੰਥਕ ਜਥੇਬੰਦੀਆਂ ਨੂੰ ਖ਼ੁਦ ਯਤਨਸ਼ੀਲ ਹੋਣਾ ਪਵੇਗਾ। ਇਸੇ ਦੌਰਾਨ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਖ਼ਤਮ ਨਹੀਂ ਹੋਇਆ ਅਤੇ ਉਸ ਦੀ ਹੋਂਦ ਨੂੰ ਕੋਈ ਖ਼ਤਰਾ ਨਹੀਂ ਹੈ, ਸਗੋਂ ਲੋਕਾਂ ਨੇ ਬਾਦਲ ਪਰਿਵਾਰ ਨੂੰ ਖ਼ਤਮ ਕੀਤਾ ਹੈ। ਉਨਾਂ ਕਿਹਾ ਕਿ ਜਿਨਾਂ ਪਾਰਟੀਆਂ ਨੇ ਬੇਅਦਬੀ ਮਾਮਲੇ 'ਤੇ ਸਿਆਸਤ ਕੀਤੀ ਸੀ, ਗੁਰੂ ਸਾਹਿਬ ਨੇ ਉਨਾਂ ਨੂੰ ਸਬਕ ਸਿਖਾ ਦਿੱਤਾ ਹੈ।

ਦਲ ਖ਼ਾਲਸਾ ਵੱਲੋਂ ਵਿਧਾਨ ਸਭਾ ਚੋਣਾਂ ਵਿੱਚ ਕਰਾਰੀ ਹਾਰ ਦਾ ਸਾਹਮਣਾ ਕਰਨ ਵਾਲੇ ਅਕਾਲੀ ਦਲ ਦੇ ਸਰਪ੍ਰਸਤ ਤੇ ਪੰਜ ਵਾਰ ਮੁੱਖ ਮੰਤਰੀ ਰਹਿ ਚੁੱਕੇ ਸ: ਪ੍ਰਕਾਸ਼ ਸਿੰਘ ਬਾਦਲ ਪਾਸੋਂ ਪੰਥ ਰਤਨ ਵਾਪਸ ਲੈਣ ਦੀ ਮੰਗ ਕੀਤੀ ਗਈ ਹੈ। ਦਲ ਖ਼ਾਲਸਾ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ 5 ਦਸੰਬਰ 2011 ਨੂੰ ਸ: ਬਾਦਲ ਨੂੰ ਪੰਥ ਰਤਨ ਦੀ ਉਪਾਧੀ ਦਿੱਤੀ ਗਈ ਸੀ ਅਤੇ ਉਨਾਂ ਦਲ ਖ਼ਾਲਸਾ ਵੱਲੋਂ ਉਸੇ ਦਿਨ ਹੀ ਇਹ ਤੌਖ਼ਲਾ ਪ੍ਰਗਟਾਇਆ ਸੀ ਕਿ ਜੇਕਰ ਇਹ ਸਿਆਸੀ ਆਗੂ ਕਦੇ ਹਾਰ ਜਾਵੇ ਤਾਂ ਇਸ ਉਪਾਧੀ ਦਾ ਕੀ ਮਹੱਤਵ ਰਹਿ ਜਾਏਗਾ। ਉਨਾਂ ਮੰਗ ਕੀਤੀ ਕਿ ਮੌਜੂਦਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਇਸ ਫ਼ੈਸਲੇ ਦੀ ਨਜ਼ਰਸਾਨੀ ਕਰਦਿਆਂ ਪੰਥ ਦੇ ਵਕਾਰੀ ਮਾਣ ਸਨਮਾਨ ਪੰਥ ਰਤਨ ਨੂੰ ਵਾਪਸ ਲੈਣ ਦੀ ਪਹਿਲਕਦਮੀ ਕਰਨ।

